read more on:
www.parwazparkashan.com

ISSN 2321- 4449

# ਕਹਾਣੀ ਧਾਰਾ

42

ਜੁਲਾਈ-ਸਤੰਬਰ,2016

ਮੁੱਲ : 40/-

'KAHANI DHARA'(PUNJABI QUARTERLY) July-Spt.,2016 R.N.I. Regd No. PUN PUN 2006/19971 Year 11 Issue No.42

## ਸਾਡੀਆਂ ਮਹੱਤਵਪੂਰਨ ਪੁਸਤਕਾਂ

ਹਥਲੀ ਪੁਸਤਕ ਰਜਨੀਸ਼ ਦੀ ਗਲਪ ਅਤੇ ਗਲਪ ਚਿੰਤਨ ਬਾਰੇ ਨਿੱਗਰ, ਸੂਖ਼ਮ ਅਤੇ ਗਹਿਰ ਗੰਭੀਰ ਸਿਧਾਂਤਕ ਸਮਝ ਦਾ ਇਕ ਹੋਰ ਪੁਖਤਾ ਪ੍ਰਮਾਣ ਹੈ। ਦਲਿਤ ਚੇਤਨਾ ਸਾਡੇ ਸਮਿਆਂ ਦਾ ਬਹੁਚਰਚਿਤ ਅਤੇ ਅਤਿ ਸੰਵੇਦਨਸ਼ੀਲ ਮੁੱਦਾ ਹੈ ਜਿਸਨੂੰ ਸੰਜੀਦਗੀ ਅਤੇ ਸੁਹਿਰਦਤਾ ਨਾਲ ਮੁਖਾਤਬ ਹੋਣਾ ਬਣਦਾ ਹੈ। ਦਲਿਤ ਕਹਾਣੀ ਦੇ ਇਤਿਹਾਸਕ ਪੈਰਾਡਾਈਮ, ਦਲਿਤ ਕਹਾਣੀ ਦੀ ਪ੍ਰਕਿਰਤੀ ਤੇ ਵਿਧੀ ਦੇ ਮਹੀਨ ਵਿਸ਼ਲੇਸ਼ਣ ਦੇ ਨਾਲ ਨਾਲ ਦਲਿਤ ਪਛਾਣ ਅਤੇ ਦਲਿਤ ਰਾਜਨੀਤੀ ਦੇ ਵੱਖ ਵੱਖ ਮੁੱਦਿਆਂ ਪਹਿਲੂਆਂ ਤੇ ਭਖਵੀਂ ਸੁਨਿਸ਼ਚਿਤ ਅਤੇ ਤਰਕਸੰਗਤ ਬਹਿਸ ਇਸ ਪੁਸਤਕ ਦੀ ਪ੍ਰਾਪਤੀ ਹੈ।

ਸਰੂਪ ਸਿਆਲਵੀ ਬਿਰਤਾਂਤ ਤੇ ਵਿਚਰਧਾਰਾ' ਪੰਜਾਬੀ ਦੇ ਇਕਾਗਰਸ਼ੀਲ ਆਲੋਚਕ ਦੀ ਸੰਪਾਦਿਤ ਪੁਸਤਕ ਹੈ। ਸਰੂਪ ਸਿਆਲਵੀ ਅਜੋਕੇ ਦੌਰ ਵਿੱਚ ਅਲਪ ਸਰੋਕਾਰਾਂ ਦੀ ਥਾਵੇਂ ਸਮਾਜ ਦੇ ਵਿਰਾਟ ਸਰੋਕਾਰਾਂ ਬਾਰੇ ਲਿਖਣ ਵਾਲਾ ਸੁਹਿਰਦ ਬਿਰਤਾਂਤਕਾਰ ਹੈ। ਇਹ ਦੁਖਾਂਤ ਹੈ ਕਿ ਹਾਸ਼ੀਆਗਤ ਧਿਰਾਂ ਬਾਰੇ ਰਚਨਾਵਾਂ ਨੂੰ ਹਾਸ਼ੀਆਗਤ ਕੀਤਾ ਜਾ ਰਿਹਾ ਹੈ। ਡਾ. ਸੰਤੋਖ ਲਗਾਤਾਰ ਹਾਸ਼ੀਆਗਤ ਧਿਰ ਅਤੇ ਲਿਖਤ ਨੂੰ ਕੇਂਦਰੀ ਬਹਿਸ ਦਾ ਮੁੱਦਾ ਬਣਾਉਣ ਲਈ ਯਤਨਸ਼ੀਲ ਹੈ। ਇਹ ਇਸ ਕਰਕੇ ਨਹੀਂ ਕਿ ਉਹ ਭਾਵੁਕ ਹੈ ਸਗੋਂ ਇਸ ਕਰਕੇ ਕਿ ਉਹ ਇਸ ਮਸਲੇ ਬਾਰੇ ਸੁਚੇਤ ਹੈ ਤੇ ਪੂਰੇ ਕੌਮਾਂਤਰੀ ਦ੍ਰਿਸ਼ ਵਿੱਚ ਇਸ ਧਿਰ ਤੋਂ ਬਿਨਾ ਗੁਜ਼ਾਰਾ ਸੰਭਵ ਨਹੀਂ ਹੈ। ਸੰਤੋਖ ਆਲੋਚਨਾ ਦੀ ਸਮਾਜਕਤਾ ਖੜ੍ਹੀ ਕਰਕੇ ਉਸਨੂੰ ਵਿਚਾਰਧਾਰਕ ਪ੍ਰਵਚਨ ਬਣਾਉਣ ਦਾ ਇੱਛਕ ਹੈ। ਇਹੋ ਇਸ ਪੁਸਤਕ ਦਾ ਮਹੱਤਵ ਹੈ ਜੋ ਸ਼ਬਦ ਤੋਂ ਕਰਮ ਦਾ ਸਫ਼ਰ ਤਹਿ ਸਕਦਾ ਹੈ। -**ਡਾ. ਸਰਬਜੀਤ ਸਿੰਘ**

ਇਸ ਪੁਸਤਕ ਵਿਚ ਪ੍ਰੋ. ਤਸਨੀਮ ਨੇ ਸਾਹਿਤਕਾਰਾਂ ਪ੍ਰਤੀ ਆਪਣੇ ਵਿਚਾਰ ਦੇਣ ਦੇ ਨਾਲ ਨਾਲ, ਸਾਹਿੱਤਕ ਰਚਨਾਵਾਂ ਬਾਰੇ ਵੀ ਵਿਸਥਾਰ ਨਾਲ ਗੱਲ ਕੀਤੀ ਹੈ। ਸਾਹਿੱਤਕ ਰਚਨਾਵਾਂ ਦੀ ਹੋਂਦ ਬਿਲਕੁਲ ਵੱਖਰੀ ਭਾਂਤ ਦੀ ਹੁੰਦੀ ਹੈ। ਇਨ੍ਹਾਂ ਦਾ ਰਿਸ਼ਤਾ ਸਾਹਿਤਕਾਰ ਦੇ ਜੀਵਨ ਨਾਲ ਜੁੜਦਾ ਵੀ ਹੈ ਅਤੇ ਨਹੀਂ ਵੀ ਜੁੜਦਾ। ਕਈ ਆਲੋਚਕ ਨਾਵਲ ਦੀ ਪਰਖ ਨਾਵਲਕਾਰ ਦੇ ਜੀਵਨ ਬਿਰਤਾਂਤ ਦੇ ਪਿਛੋਕੜ ਵਿਚ ਕਰਦੇ ਹਨ। ਸ਼ਾਇਦ ਪਹਿਲੀ ਵਾਰ, ਪਾਠਕਾਂ ਨੂੰ ਭਰੋਸੇ ਵਿਚ ਲੈ ਕੇ, ਸਾਹਿਤਕਾਰਾਂ ਅਤੇ ਉਹਨਾਂ ਦੀਆਂ ਰਚਨਾਵਾਂ ਵਿਚਲੇ ਸੰਬੰਧਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ।

ਗਲਪ ਆਲੋਚਨਾ ਦੇ ਖੇਤਰ ਵਿਚ ਡਾ. ਨੀਲਮ ਸ਼ਰਮਾ ਦਾ ਸਥਾਪਤ ਨਾਂ ਹੈ। ਉਸ ਨੇ ਸਮਾਜਿਕ ਸਭਿਆਚਾਰਕ ਦੇ ਬਦਲਾਓ ਦੀ ਦ੍ਰਿਸ਼ਟੀ ਤੋਂ ਪੰਜਾਬੀ ਕਹਾਣੀ ਦਾ ਅਧਿਐਨ ਕੀਤਾ ਹੈ।ਪਿਛਲੇ ਪੰਜ-ਛੇ ਦਹਾਕਿਆ ਦੀ ਕਹਾਣੀ ਦਾ ਵਿਸ਼ਲੇਸ਼ਣ ਨੀਲਮ ਸ਼ਰਮਾ ਨੇ ਇਸ ਪੁਸਤਕ ਵਿਚ ਕੀਤਾ ਹੈ। ਦੂਜੀ ਪੁਸਤਕ 'ਚ ਨੀਲਮ ਸ਼ਰਮਾ ਨੇ ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਦਾ ਬਹੁਪੱਖੀ ਅਧਿਐਨ ਕੀਤਾ ਹੈ। ਸਮਾਜ ਦੇ ਯਥਾਰਥ ਨੂੰ ਚਿਤਰਨ ਵਾਲੇ ਅਣਖੀ ਦੀਆਂ ਕਹਾਣੀਆਂ ਦਾ ਬਹੁ ਪੱਖੀ ਵਿਸ਼ਲੇਸ਼ਣ ਕੀਤਾ ਗਿਆ ਹੈ।

ਪਰਵਾਜ਼ ਪ੍ਰਕਾਸ਼ਨ Parwaz Parkashan
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350
E.mail: parwazparkashan@gmail.com
Mob. 94170-64350

# ਕਨੇਡੀਅਨ ਪੰਜਾਬੀ ਕਹਾਣੀ ਤੇ ਸਾਹਿਤ

## ਵਿਸ਼ੇਸ਼ ਅੰਕ

*ਜੁਲਾਈ-ਸਤੰਬਰ,2016 ਅੰਕ :42*

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਜੂਨ, 2016)

## ਤਰਤੀਬ

ਸੰਪਾਦਕੀ: ਕਨੇਡਾ ਦਾ ਪੰਜਾਬੀ ਸਾਹਿਤ-3

**ਕਹਾਣੀਆਂ:**
- ਮਨੀ ਗੇਮ / -ਬਲਬੀਰ ਸੰਘੇੜਾ-5
- ਸੁਰਖੀ ਦੀ ਕਥਾ ਕੱਲ ਨੂੰ / - ਅ. ਚਾਹਲ-17
- ਮੁਰਗਾਬੀਆਂ / -ਗੁਰਮੀਤ ਪਨਾਗ-24
- ਤੇਰੇ ਬਿਨਾ ਮੈਂ...! /- ਸੁਰਜੀਤ ਕੌਰ-38

**ਆਲੋਚਨਾ ਲੇਖ:**
- ਕਨੇਡਾ ਦੀ ਕਥਾ ਵਿਭਿੰਨ ਪਸਾਰਾਂ ਦੇ ਪ੍ਰਸੰਗ ਵਿੱਚ /-ਪ੍ਰੋ. ਕੁਲਦੀਪ ਸੋਢੀ-49
- ਕਨੇਡਾ ਦੀ ਕਹਾਣੀ ਦਾ ਕਲਾਤਮਕ ਪ੍ਰਤੱਖਣ ਅਤੇ ਸੰਚਾਰ /-ਡਾ. ਮਨਦੀਪ ਕੌਰ-53
- ਪਰਵਾਸੀ ਪੰਜਾਬੀ ਸ਼ਨਾਖਤਾਂ ਦੇ ਨਵੇਂ ਅੰਤਰ-ਸੱਭਿਆਚਾਰਕ ਪਾਸਾਰ/-ਸਿਮਰਜੀਤ ਕੌਰ-57
- ਪਰਵਾਸੀ ਪੰਜਾਬੀ ਕਹਾਣੀ : ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ/ - ਕਾਰਜ ਸਿੰਘ-62
- ਪਰਵਾਸੀ ਜੀਵਨ ਅੰਦਰਲੀ ਦੁਵਿਧਾ ਤੇ ਦਵੰਧ ਦੀ ਪੇਸ਼ਕਾਰੀ: ਝੁਮਕੇ / - ਡਾ. ਸੰਤੋਖ ਸਿੰਘ -66

'ਮਨ ਮੌਸਮ ਦੀ ਰੰਗਤ' ਦੇ ਵੱਖ-ਵੱਖ ਸਰੋਕਾਰ/ -ਡਾ. ਗੁਰਪ੍ਰੀਤ ਸਿੰਘ-72

**ਮੁਲਾਕਾਤ:**
- 'ਮੈਂ ਸਨਮਾਨਾਂ ਦੀ ਜੁਗਾੜਬੰਦੀ ਤੋਂ ਦੂਰ ਰਹਿਣਾ ਚਾਹੁੰਦਾ'-ਪਾਲ ਢਿੱਲੋਂ-76
- 'ਮੈਂ ਆਪਣੀਆਂ ਕਹਾਣੀਆਂ ਵਿਚ ਔਰਤ ਦੀ ਹੋਣੀ ਅਤੇ ਹੋਂਦ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ'- ਬਲਬੀਰ ਕੌਰ ਸੰਘੇੜਾ-82

ਲੇਖ : ਨੈਤਿਕ ਸਿੱਖਿਆ/-ਅਜਾਇਬ ਚੱਠਾ-88
ਇਸ ਅੰਕ ਦਾ ਸ਼ਾਇਰ : ਅੰਮ੍ਰਿਤ ਦੀਵਾਨਾ-90
ਕਨੇਡਾ ਦੀ ਯਾਤਰਾ/- ਭਗਵੰਤ ਰਸੂਲਪੁਰੀ-96

Titel :Tribal Painting ;By Durgabai Vyam,Bhopal

**ਸੰਪਾਦਕੀ**

# ਕਨੇਡਾ ਦਾ ਪੰਜਾਬੀ ਸਾਹਿਤ

ਪੰਜਾਬ ਦੀ ਧਰਤੀ ਤੋਂ ਰੋਟੀ-ਰੋਜੀ ਅਤੇ ਰੋਜ਼ਗਾਰ ਦੀ ਤਲਾਸ਼ ਲਈ ਪਰਵਾਸ ਹੋ ਕੇ ਪੰਜਾਬੀ ਲੋਕ ਹੋਰਨਾਂ ਦੇਸ਼ਾਂ ਦੇ ਨਾਲ-ਨਾਲ ਕਨੇਡਾ ਵਿਚ ਵੀ ਗਏ। ਕਨੇਡਾ ਦੀਆਂ ਸਹੂਲਤਾਂ ਤੇ ਖੁਸ਼ਹਾਲੀ ਵੇਖ ਕੇ ਪੰਜਾਬੀਆਂ ਨੇ ਸਥਾਈ ਵਾਸ ਕਰ ਲਿਆ। ਇਨ੍ਹਾਂ ਵਿਚੋਂ ਕੁੱਝ ਸਾਹਿਤਕਾਰ, ਸਮਾਜ ਵਿਗਿਆਨੀ, ਕਲਾਕਾਰ ਵੀ ਸਨ। ਉਨ੍ਹਾਂ ਨੇ ਜੋ ਸਾਹਿਤ ਰਚਿਆ ਉਸ ਦੀ ਪਛਾਣ ਪਰਵਾਸੀ ਸਾਹਿਤ ਵਜੋਂ ਹੋਣ ਲਗ ਪਈ।

ਇਨ੍ਹਾਂ ਪੰਜਾਬੀਆਂ ਦੀ ਆਪਣੀ ਲੈਂਗੂਏਜ ਸੀ, ਆਪਣੀ ਬੋਲੀ ਸੀ, ਆਪਣਾ ਸੱਭਿਆਚਾਰ ਤੇ ਸਮਾਜਿਕ ਸਮਝ ਸੀ। ਜਦੋਂ ਵੀ ਇਕ ਪੀੜ੍ਹੀ ਪਰਵਾਸ ਕਰਦੀ ਹੈ ਤਾਂ ਉਹ ਉਥੋਂ ਦੀ ਲੈਂਗੂਏਜ ਤੇ ਸਭਿਆਚਾਰ ਤੋਂ ਵਿੱਥ ਬਣਾ ਕੇ ਰਹਿੰਦੀ ਹੈ। ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦੀ ਟੱਕਰ ਕਨੇਡਾ ਦੇ ਮਲਟੀ ਸਭਿਆਚਾਰ ਨਾਲ ਹੋਣੀ ਸੁਭਾਵਿਕ ਸੀ। ਇਹ ਪੀੜ੍ਹੀ ਆਪਣੀ ਜਗੀਰੂ ਪਿਛੋਕੜ ਕਾਰਨ ਆਪਣੇ ਪਿਤਾ ਪੁਰਖੀ ਸਭਿਆਚਾਰ ਨਾਲ ਵੱਧ ਜੁੜੀ ਹੋਈ ਸੀ ਜਿਸ ਕਰਨ ਇਹ ਵਧੇਰੇ ਤਣਾਓ ਵਿਚ ਰਹਿਣ ਲੱਗ ਪਈ। ਕਨੇਡਾ ਦਾ ਜਿਹੜਾ ਮੁਢਲਾ ਸਾਹਿਤ ਪੈਦਾ ਹੋਇਆ ਉਹ ਦੋ ਸਭਿਆਚਾਰਾ ਦੇ ਟਕਰਾਓ ਤੋਂ ਪੈਦਾ ਹੋਇਆ। ਦੂਜੀ ਪੀੜ੍ਹੀ ਦੇ ਪੈਦਾ ਹੋਣ ਨਾਲ ਸਭਿਆਚਾਰਕ ਰਲੇਵਾ ਹੁੰਦਾ ਹੈ। ਪਹਿਲੀ ਪੀੜ੍ਹੀ ਦੀਆਂ ਵੱਖਰੀ ਕਿਸਮ ਦੀਆਂ ਸਮੱਸਿਆਵਾ ਹੁੰਦੀਆਂ ਹਨ ਦੂਜੀ ਪੀੜ੍ਹੀ ਦੀਆਂ ਵੱਖਰੀ ਕਿਸਮ ਦੀਆਂ ਤੇ ਤੀਜੀ ਪੀੜ੍ਹੀ ਦੀਆਂ ਆਪਣੀ ਕਿਸਮ ਦੀਆਂ ਸਮੱਸਿਆਵਾ ਹੁੰਦੀਆਂ ਹਨ। ਇਨ੍ਹਾਂ ਦੀ ਆਪਸੀ ਸਾਂਝ ਤੇ ਕੰਟਾਡਕਸ਼ਨ ਨੂੰ ਪੇਸ਼ ਕਰਦਾ ਜੋ ਸਾਹਿਤ ਪੈਦਾ ਹੁੰਦਾ ਹੈ ਉਹ ਸਮੇਂ ਨਾਲ ਬਦਲਦਾ ਰਹਿੰਦਾ ਹੈ। ਕਨੇਡਾ ਦੀ ਕਹਾਣੀ ਤੇ ਨਾਵਲ ਨੂੰ ਅਸੀਂ ਇਸੇ ਪੱਖ ਤੋਂ ਜੇ ਦੇਖੀਏ ਤਾਂ ਸਾਨੂੰ ਪਰਵਾਸੀ ਪਾਤਰਾ ਦੇ ਵਿਹਾਰ ਦੀ ਸਮਝ ਆਉਂਦੀ ਹੈ। ਕਨੇਡਾ ਇਕ ਵੱਖਰਾ ਭੂਗੋਲਿਕ ਖਿੱਤਾ ਹੋਣ ਕਰਕੇ ਇਥੇ ਲਿਖੇ ਸਾਹਿਤ ਦੇ ਵੱਖਰੇ ਵਿਸ਼ੇ ਤੇ ਬਣਤਰ ਬਣਨ ਲੱਗੀ।

ਕਨੇਡਾ 'ਚ ਲਿਖੀ ਗਈ ਮੁੱਢਲੀ ਕਹਾਣੀ ਤੇ ਨਾਵਲ 'ਚ ਭੂ-ਹੇਰਵਾ ਵੇਖਣ ਨੂੰ ਮਿਲਦਾ ਹੈ ਪਰ ਅੱਜ ਦੀ ਕਹਾਣੀ 'ਚ ਕਹਾਣੀਕਾਰ ਅੱਜ ਦੇ ਮਸਲੇ ਉਭਾਰ ਰਹੇ ਹਨ। ਤੁਸੀਂ ਹਰਪ੍ਰੀਤ ਸੇਖਾ, ਕੁਲਜੀਤ ਮਾਨ, ਮੇਜਰ ਮਾਂਗਰ, ਅਮਰਜੀਤ ਚਾਹਲ, ਬਲਬੀਰ ਸੰਘੇੜਾ , ਜਰਨੈਲ ਸਿੰਘ ਦੀਆਂ ਕਹਾਣੀਆਂ ਅਤੇ ਜਰਨੈਲ ਸੇਖਾ, ਨਦੀਮ ਪਰਮਾਰ, ਸਾਧੂ ਬਿਨਿੰਗ, ਇਕਬਾਲ ਮਾਹਲ ਦੇ ਨਾਵਲ ਵੇਖ ਸਕਦੇ ਹੋ। ਇਹ ਗਲਪਕਾਰ ਪੰਜਾਬੀ ਤੇ ਉਥੋਂ ਦੇ ਸਭਿਆਚਾਰਕ ਟਕਰਾਓ ਤੋਂ ਉਤਪਨ ਹੋਈਆਂ ਸਮੱਸਿਆਵਾਂ ਫੜ ਰਹੇ ਸਨ। ਇਨ੍ਹਾਂ ਦੇ ਪਾਤਰ ਬਦਲ ਗਏ ਹਨ ਉਨ੍ਹਾਂ ਦਾ ਵਿਹਾਰ ਬਦਲ ਗਿਆ ਹੈ। ਪਹਿਲਾਂ ਕਹਾਣੀਕਾਰਾਂ ਦੇ ਪਾਤਰ ਉਥੋਂ ਦੇ ਸੱਭਿਆਚਾਰ ਨੂੰ ਨਿੰਦਦੇ ਸਨ, ਗੋਰੀ ਚਮੜੀ ਪ੍ਰਤੀ ਇਕ ਅਜੀਬ ਕਿਸਮ ਦੀ ਖਿੱਚ ਰੱਖਦੇ ਸਨ ਪਰ ਜਦੋਂ ਦੂਜੀ ਪੀੜ੍ਹੀ ਜਵਾਨ ਹੁੰਦੀ ਹੈ, ਇਹ ਪੀੜ੍ਹੀ ਕਨੇਡਾ ਦੇ ਸੱਭਿਆਚਾਰ 'ਚ ਜਵਾਨ ਹੁੰਦੀ ਹੈ ਜਿਸ ਕਾਰਨ ਇਨ੍ਹਾਂ ਦੀ ਫੀਲਿੰਗ ਤੇ ਸੁਭਾਅ ਪੰਜਾਬੀ ਤੋਂ ਆਏ ਮਾਪਿਆ ਤੋਂ ਬਿਲਕੁੱਲ ਵੱਖਰੀ ਕਿਸਮ ਦੀ ਹੁੰਦੀ ਹੈ। ਲੇਖਕ ਪੀੜ੍ਹੀ ਪਾੜੇ ਦੇ ਸੰਕਟ ਦੇ ਨਾਲ ਨਾਲ ਹੁਣ ਇਕ ਪੈਰਲਲ ਸੰਵਾਦ ਰਚਾਉਂਦੇ ਹਨ। ਏਥੇ ਜਨਮੀ ਪੀੜ੍ਹੀ ਦਾ ਸੰਬੰਧ ਸਥਾਨਕ ਸਭਿਆਚਾਰ ਤੇ ਏਥੇ ਰਹਿ ਰਹੇ ਪੰਜਾਬੀ ਲੋਕਾਂ ਦੀ, ਉਨ੍ਹਾਂ ਦੀ ਹਮ ਉਮਰ ਪੀੜ੍ਹੀ ਨਾਲ ਪੈਦਾ ਹੈ। ਇਸ ਨਾਲ ਇਕ ਮਲਟੀ ਕਲਚਰ ਉਤਪੰਨ ਹੁੰਦਾ ਹੈ, ਇਨ੍ਹਾਂ ਵਿਚੋਂ ਕਿਹੋ ਜਿਹੇ ਸੰਕਟ ਤੇ ਟਕਰਾਓ ਪੈਦਾ ਹੁੰਦੇ ਹਨ ਗਲਪਕਾਰਾ ਨੇ ਇਨ੍ਹਾਂ ਨੂੰ ਫੜਿਆ ਹੈ। ਇਸ ਸਬੰਧ ਵਿਚ ਕਨੇਡਾ ਵਿਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ। ਔਰਤ ਆਪਣੇ ਆਪ ਨੂੰ ਹੋਰ ਆਜ਼ਾਦ ਹੋਈ ਮਹਿਸੂਸ



ਕਰਨ ਲੱਗੀ। ਉਹ ਆਪਣੇ ਫ਼ੈਸਲੇ ਖੁਦ ਲੈਣ ਲੱਗ ਪਈ। ਇਸ ਨਾਲ ਔਰਤ-ਮਰਦ ਸੰਬੰਧਾਂ ਦੇ ਨਵੇਂ ਪਸਾਰ ਖੁੱਲ੍ਹਣ ਲੱਗ ਪਏ। ਭਾਵੇਂ ਕਿ ਪਰਵਾਸੀ ਪੰਜਾਬੀ ਸਾਹਿਤ ਦਾ ਪਹਿਲਾ ਸਥਾਨ ਬਰਤਾਨੀਆ ਸੀ ਪਰ ਹੁਣ ਇਹ ਕੇਂਦਰ ਕਨੇਡਾ ਦੀ ਧਰਤੀ ਬਣ ਗਿਆ ਹੈ। 'ਮਲਟੀ ਕਲਚਰਲ ਸਮਾਜ' ਕਨੇਡਾ ਦੀ ਇਕ ਹੋਰ ਵਿਲੱਖਣਤਾ ਹੈ। ਇਸ ਸਮਾਜ ਦੇ ਅੰਦਰੂਨੀ ਤੇ ਬਾਹਰੀ ਅਨੇਕਾਂ ਅੰਤਰ ਵਿਰੋਧ ਹਨ। ਅਨੇਕਾਂ ਭ੍ਰਾਂਤੀਆਂ ਹਨ। ਜਿਨ੍ਹਾਂ ਨੂੰ ਇਥੋਂ ਦੇ ਗਲਪਕਾਰ ਫੜ ਰਹੇ ਹਨ। ਦੂਜਾ ਨਸਲੀ ਵਿਤਕਰੇ ਦਾ ਕਨੇਡਾ ਵਿਚ ਉਹ ਰੂਪ ਵੇਖਣ ਨੂੰ ਨਹੀਂ ਮਿਲਦਾ ਜਿਹੜਾ ਰੂਪ ਬਰਤਾਨੀਆਂ ਵਿਚ ਵੇਖਣ ਨੂੰ ਮਿਲਦਾ ਹੈ। ਜਿਸ ਕਾਰਨ ਨਸਲੀ ਵਿਤਕਰਾ ਕਨੇਡਾ ਦੇ ਗਲਪ ਦਾ ਕੇਂਦਰੀ ਧੁਰਾ ਨਹੀਂ ਬਣ ਸਕਿਆ। ਕਨੇਡਾ ਦੀ ਧਰਤੀ ਸਾਡੀ ਆਪਣੀ ਧਰਤੀ ਹੈ, ਇਸ ਅਭਾਸ ਨਾਲ ਉਨ੍ਹਾਂ ਦਾ ਵਿਹਾਰ ਵੱਖਰੀ ਕਿਸਮ ਦਾ ਹੈ। ਜਿਹੜਾ ਸਾਹਿਤ ਵਿਚ ਵੀ ਵੇਖਣ ਨੂੰ ਮਿਲਦਾ ਹੈ। ਇਹਦੇ ਕਾਰਨ ਪਰਵਾਸ ਨੀਤੀਆਂ ਵਿਚ ਵੇਖੇ ਜਾ ਸਕਦੇ ਹਨ। ਵੈਨਕੂਵਰ ਵਿਚ 1970 ਤੋਂ ਬਾਅਦ ਪੰਜਾਬੀ ਸਾਹਿਤ ਸਭਾ ਬਣਦੀ ਹੈ। ਅਤੇ ਸਾਹਿਤਕ ਰਸਾਲੇ ਹੋਂਦ ਵਿਚ ਆਉਂਦੇ ਹਨ। ਹੁਣ ਪੰਜਾਬੀ ਸਾਹਿਤ ਦੀ ਸਰਗਰਮੀਆਂ ਦਾ ਮੁੱਖ ਕੇਂਦਰ ਸਰੀ, ਟਰਾਂਟੋ ਅਤੇ ਕੈਲਗਰੀ ਬਣਿਆ ਹੋਇਆ ਹੈ। ਵਿਸ਼ਵ ਪੰਜਾਬੀ ਕਾਨਫਰੰਸਾਂ ਹੋਣ ਲੱਗ ਪਈਆਂ ਹਨ।

ਸਰਕਾਰੀ ਤੌਰ ਤੇ ਬਹੁ-ਸਭਿਆਚਾਰਕ ਭਾਈਚਾਰਕ ਸਾਂਝ ਅਮਲ ਵਿਚ ਲਿਆ ਕੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਤਰੱਕੀ ਲਈ ਕਾਰਜ ਹੋਣ ਲੱਗੇ ਹਨ। ਸਾਡੇ ਕੋਲ ਇਕ ਦਰਜਨ ਪੰਜਾਬੀ ਕਹਾਣੀਕਾਰ ਅਤੇ ਇਕ ਦਰਜਨ ਨਾਵਲਕਾਰ ਮੌਜੂਦ ਹਨ ਜਿਹੜੇ ਗਲਪ ਵਿਚ ਨਵੇਂ ਪਰਵਾਸੀ ਮੁੱਦੇ ਆਪਣੀਆਂ ਰਚਨਾਵਾਂ ਵਿਚ ਲਿਆ ਰਹੇ ਹਨ। ਕਵਿਤਾ ਲਿਖਣ ਵਾਲਿਆਂ ਦੀ ਗਿਣਤੀ ਵੱਧ ਹੈ। ਪੰਜਾਬੀ ਸਾਹਿਤ ਦੀ ਮੁੱਖ ਧਾਰਾ ਵਿਚ ਵੀ ਕਨੇਡਾ ਦੇ ਕਹਾਣੀਕਾਰ ਤੇ ਨਾਵਲਕਾਰਾਂ ਦਾ ਨਾਂ ਪ੍ਰਮੁੱਖਤਾ ਨਾਲ ਲਿਆ ਜਾਂਦਾ ਹੈ। ਪਰਵਾਸੀ ਸ਼ਬਦ ਲੱਗਣ ਨਾਲ ਕੁੱਝ ਲੇਖਕ ਭਾਵੇਂ ਬੇਚੈਨੀ ਮਹਿਸੂਸ ਕਰਦੇ ਹੋਣ ਪਰ ਜਦੋਂ ਸਾਹਿਤ ਦਾ ਵਿਸ਼ਲੇਸ਼ਣ ਹੁੰਦਾ ਹੈ ਤਾਂ ਵੱਖ ਵੱਖ ਕੈਟੇਗਰੀਆਂ ਅਧੀਨ ਹੀ ਹੁੰਦਾ ਹੈ।

'ਕਹਾਣੀ ਧਾਰਾ' ਦੇ ਇਸ ਅੰਕ ਦੀ ਵਿਉਂਤਬੰਦੀ ਕਰ ਰਿਹਾ ਸੀ ਤਾਂ ਉਦੋਂ ਫੈਸਲਾ ਇਹੀ ਸੀ ਕਿ ਕਨੇਡਾ ਦੀ ਪੰਜਾਬੀ ਕਹਾਣੀ ਤੇ ਕੇਂਦਰਤ ਰੱਖਣਾ ਹੈ। ਪਰ ਜਦੋਂ ਤਿਆਰੀ ਆਰੰਭੀ ਤਾਂ ਇਹ ਕਾਰਜ ਕਾਫੀ ਕਠਿਨ ਲੱਗਾ। ਕਨੇਡਾ ਦੀ ਕਹਾਣੀ ਨੂੰ ਸਮਝਣ ਲਈ, ਕਹਾਣੀਕਾਰਾਂ ਨੂੰ 10 ਸਵਾਲਾ ਦਾ ਸਵਾਲਨਾਮਾ ਭੇਜਿਆ ਪਰ ਕਿਸੇ ਨੇ ਹੁੰਗਾਰਾ ਹੀ ਨਾ ਭਰਿਆ। ਵਾਰ ਵਾਰ ਸੁਨੇਹੇ ਭੇਜੇ ਪਰ ਸਫ਼ਲਤਾ ਨਾ ਮਿਲੀ। ਸੰਵਾਦ ਤੋਂ ਸਾਡੇ ਕਹਾਣੀਕਾਰ ਪਤਾ ਨਹੀਂ ਕਿਉਂ ਕੰਨੀ ਕਤਰਾਉਂਦੇ ਹਨ। ਰਚਨਾਕਾਰ ਆਪਣੀ ਰਚਨਾ ਦੀ ਵਕਾਲਤ ਨਹੀਂ ਕਰੇਗਾ ਤਾਂ ਹੋਰ ਕੌਣ ਕਰੇਗਾ? ਖ਼ੈਰ ਅਸੀਂ ਕਾਹਲੀ ਵਿਚ ਪੰਜਾਬ ਤੋਂ ਨੌਜਵਾਨ ਵਕੀਲ ਕਨੇਡਾ ਦੀ ਪੰਜਾਬੀ ਕਹਾਣੀ ਦੀ ਵਕਾਲਤ ਕਰਨ ਲਈ ਖੜੇ ਕੀਤੇ। ਬਈ ਤੁਸੀਂ ਕਨੇਡਾ ਦੇ ਇਨ੍ਹਾਂ ਕਹਾਣੀਕਾਰਾਂ ਦੀ ਵਕਾਲਤ ਕਰੋ ਤਾਂ ਕਿ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਕਚਿਹਰੀ ਵਿਚ ਇਨ੍ਹਾਂ ਦੀਆਂ ਰਚਨਾਵਾਂ ਨਾਲ ਇਨਸਾਫ਼ ਹੋ ਸਕੇ ਕਿ ਇਨ੍ਹਾਂ ਦੀ ਕਹਾਣੀ ਕਿਸ ਕਿਸਮ ਦੀ ਹੈ। ਇਸ ਅੰਕ ਵਿਚ ਅਸੀਂ ਕਹਾਣੀ ਤੋਂ ਇਲਾਵਾ ਹੋਰ ਸਮੱਗਰੀ ਵੀ ਛਾਪ ਰਹੇ ਹਾਂ। ਇਸੇ ਅੰਕ ਵਿਚ ਮੈਂ ਆਪਣੇ ਵਲੋਂ ਲਿਖਿਆ ਸਫ਼ਰਨਾਮਾ 'ਕਨੇਡਾ ਦੀ ਯਾਤਰਾ' ਦੇ ਕੁੱਝ ਅੰਸ਼ ਵੀ ਪ੍ਰਕਾਸ਼ਤ ਕਰਨ ਦਾ ਲਾਹਾ ਲੈ ਰਿਹਾਂ ਹਾਂ। ਕਨੇਡਾ ਦੇ ਬਾਕੀ ਸਾਹਿਤ ਨੂੰ ਅਸੀਂ 'ਕਹਾਣੀ ਧਾਰਾ' ਦੇ ਅਗਲੇ ਅੰਕ ਵਿਚ ਪ੍ਰਕਾਸ਼ਤ ਕਰਾਗੇ। ਸੀਮਤ ਆਰਥਿਕ ਸਰੋਤ ਸਾਨੂੰ ਪਰਚੇ ਦਾ ਅਕਾਰ ਛੋਟਾ ਰੱਖਣ ਲਈ ਮਜਬੂਰ ਕਰਦੇ ਰਹਿੰਦੇ ਹਨ ਪਰ ਐਤਕੀਂ ਫਿਰ ਵੀ 48 ਪੰਨੇ ਵੱਧ ਗਏ ਹਨ।

**-ਭਗਵੰਤ ਰਸੂਲਪੁਰੀ**

## ਕਹਾਣੀ / *ਮਨੀ ਗੇਮ* / -ਬਲਬੀਰ ਸੰਘੇੜਾ

ਮੈਨੂੰ ਤਿੰਨ ਕੁ ਦਿਨ ਹੋਏ ਸਨ ਇਸ ਨਵੇਂ ਡਿਪਾਰਟਮੈਂਟ ਵਿਚ ਸ਼ਿਫ਼ਟ ਹੋਇਆਂ। ਸਵੇਰ ਦੇ ਗਿਆਰਾਂ ਕੁ ਵਜੇ ਦਾ ਵੇਲਾ ਹੋਵੇਗਾ। ਮੇਰਾ ਮੈਨੇਜਰ 'ਹੈਰੀ ਖੁਰਾਨਾ' ਮੇਰੇ ਕੋਲ ਭੱਜਾ-ਭੱਜਾ ਆਇਆ ਅਤੇ ਪੁੱਛਣ ਲੱਗਾ, "ਵੈਂਡੀ ! ਤੇਰੇ ਕੋਲ ਸੌ ਡਾਲਰ ਹੋਣਗੇ?" ਸਟਾਫ਼ ਦੇ ਸਾਰੇ ਬੰਦੇ ਮੈਨੂੰ ਬਿੰਦੀ ਤੋਂ ਵੈਂਡੀ ਸੱਦਣ ਲੱਗ ਪਏ ਸਨ।

ਉਸਦਾ ਇਸ ਤਰ੍ਹਾਂ ਪੁੱਛਣਾ ਮੈਨੂੰ ਜਿਵੇਂ ਅਜੀਬ ਲੱਗਾ। ਮੈਂ ਕਾਹਲ਼ੀ ਦੇਣੀ ਆਪਣੇ ਮਨ ਅੰਦਰ ਝਾਤੀ ਮਾਰੀ, ਮਨ ਟਟੋਲਿਆ ਅਤੇ ਕਈ ਸਵਾਲ ਆਪਣੇ ਆਪ ਤੋਂ ਪੁੱਛੇ, ਅਤੇ ਹੈਰੀ ਦੇ ਪੱਕੇ ਰੰਗ ਵਾਲੇ ਚਿਹਰੇ ਨੂੰ ਘੂਰਿਆ, ਉਸਦੇ ਤੰਬਾਕੂ ਖਾਧੇ ਦੰਦਾਂ ਵੱਲ ਤੱਕਦਿਆਂ ਹੋਇਆਂ ਮੈਂ ਕਈ ਕੁੱਝ ਸੋਚ ਗਈ। ਪੈਸੇ ਮੇਰੇ ਕੋਲ, ਮੇਰੇ ਬਟੂਏ ਦੀ ਨੁੱਕਰ ਨਾਲ਼ ਚਿੰਬੜੇ ਪਏ ਸਨ। ਪਰ ਉਹ ਮੇਰੇ ਕਿਸੇ ਬਿੱਲ ਦੇਣ ਲਈ ਰੱਖੇ ਹੋਏ ਸਨ। ਤੇ ਦੂਜਾ ਮੈਂ ਇਸ ਡਿਪਾਰਟਮੈਂਟ ਵਿਚ ਨਵੀਂ ਆਈ ਸਾਂ। ਮੈਂ ਨਹੀਂ ਸਾਂ ਚਾਹੁੰਦੀ ਕਿ ਬਿਨਾਂ ਜਾਣਿਆਂ ਕੋਈ ਮੁਸੀਬਤ ਆਪਣੇ ਗਲ਼ ਪੁਆ ਲਵਾਂ। ਮੇਰੇ ਮਨ ਵਿਚ ਇਕ ਹੋਰ ਘੰਟੀ ਵੱਜੀ, ਜੇ ਕਰ ਮੈਂ ਪੈਸੇ ਦੇ ਦਿੱਤੇ ਤਾਂ ਮੁੜ ਕੇ ਮੇਰੇ ਕੋਲੋਂ, ਹੈਰੀ ਤੋਂ ਮੰਗ ਵੀ ਨਹੀਂ ਸੀ ਹੋਣੇ। ਆਫ਼ਟਰ ਆਲ, ਉਹ ਮੇਰਾ ਮੈਨੇਜਰ ਸੀ। ਅਜੀਬ ਦੁਬਿਧਾ ਸੀ। ਉਹ ਮੇਰੇ ਵੱਲ ਟੁਕਰ-ਟੁਕਰ ਦੇਖ ਰਿਹਾ ਸੀ। ਉਸਨੇ ਮੇਰੇ ਅੰਦਰਲੀ ਹਲਚਲ ਜ਼ਰੂਰ ਭਾਂਪ ਲਈ ਹੋਵੇਗੀ ਜਾਂ ਇਹ ਮੇਰਾ ਵਹਿਮ ਹੀ ਸੀ।

ਮੈਂ ਉਸ ਵੱਲ ਤੱਕਦਿਆਂ ਹੋਇਆਂ ਆਖਿਆ, "ਸੌਰੀ ਹੈਰੀ, ਅਜ ਤਾਂ ਮੇਰੇ ਕੋਲ ਸਿਰਫ਼ ਵੀਹ ਪੰਝੀ ਡਾਲਰ ਹੀ ਹੋਣਗੇ। ਆਈ ਡਿੱਡ ਨੌਟ ਬਰਿੰਗ ਐਨੀ ਐਕਸਟਰਾ ਮਨੀ ਵਿੱਦ ਮੀ। ਜੇ ਆਖੇ ਤਾਂ ਮੈਂ ਬਿਲਡਿੰਗ ਦੇ ਹੇਠਾਂ ਬੈਂਕ ਤੋਂ ਵਿਦਡਰਾ ਕਰਾ ਲੈਂਦੀ ਹਾਂ।" ਇਹ ਆਖਦਿਆਂ ਹੋਇਆਂ ਵੀ ਮੈਨੂੰ ਜਾਪਿਆ ਜਿਵੇਂ ਹੈਰੀ ਨੇ ਮੇਰੇ ਅੰਦਰਲਾ ਝੂਠ ਫੜ ਲਿਆ ਹੋਵੇ।

"ਨਹੀਂ-ਨਹੀਂ ਉਸਦੀ ਕੋਈ ਲੋੜ ਨਹੀਂ। ਉਹ ਮੈਂ ਵੀ ਕਰਾ ਸਕਦਾ ਹਾਂ। ਡੌਂਟ ਵਰੀ।" ਤੇ ਉਹ ਆਖਦਾ ਹੋਇਆ ਆਪਣੇ ਕਿਉਬੀਕਲ ਨੂੰ ਪਿੱਠ ਦਿੰਦਾ ਭੱਜ ਗਿਆ।

ਮੈਂ ਸੋਚੀਂ ਪੈ ਗਈ, ਕੀ ਇਸਨੂੰ ਸੱਚੀਂ ਪੈਸਿਆ ਦੀ ਲੋੜ ਹੋਵੇਗੀ? ਕੀ ਇਸਨੇ ਮੇਰੇ ਕੋਲੋਂ ਇਸ ਵਾਸਤੇ ਪੈਸੇ ਤਾਂ ਨਹੀਂ ਮੰਗੇ ਕਿ ਇਸਨੇ ਮੈਨੂੰ ਇਸ ਡਿਪਾਰਟਮੈਂਟ ਵਿਚ ਕੰਮ 'ਤੇ ਰੱਖਿਆ ਹੈ? ਆਫਟਰ ਆਲ ਇਹ ਭਾਰਤੀ ਹੈ। ਸਾਡੀ ਭਾਰਤੀਆਂ ਦੀ ਮਾਨਸਿਕਤਾ ਵਿਚ 'ਵੱਢੀ' ਲੈਣ-ਦੇਣ ਨੇ ਘਰ ਕੀਤਾ ਹੋਇਆ ਹੈ। ਦਵਿੰਦਰ ਵੀ ਦੱਸਦਾ ਸੀ ਕਿ ਇੱਥੇ ਆਪਣੇ ਲੋਕ ਅਕਸਰ ਮੈਨੇਜਰ ਜਾਂ ਸੁਪਰਵਾਈਜ਼ਰ ਨੂੰ ਕਦੀ ਵਿਸਕੀ ਦੀ ਬੋਤਲ ਜਾਂ ਔਰਤਾਂ ਨੂੰ ਚੌਕਲੇਟ ਆਦਿ ਦਿੰਦੇ ਰਹਿੰਦੇ ਹਨ। ਅਸੀਂ ਇਨ੍ਹਾਂ ਦੇਸ਼ਾਂ ਵਿਚ ਆ ਕੇ ਵੀ ਗੋਰਿਆਂ-ਕਾਲਿਆਂ ਨੂੰ ਲੈਣ-ਦੇਣ ਦੀਆਂ ਆਦਤਾਂ ਪਾ ਦਿੱਤੀਆਂ ਹਨ। ਜੇ ਕਰ ਸਿੱਧੇ ਨਹੀਂ ਤਾਂ ਅਸਿੱਧੇ ਢੰਗ ਨਾਲ਼ ਵੱਢੀ ਦੇ ਦਿੰਦੇ ਹਾਂ। ਫੇਰ ਆਦਤ ਤਾਂ ਆਖਰ ਆਦਤ ਹੋਈ। ਬੰਦੇ ਦੀ ਨੀਅਤ ਜਿਵੇਂ ਭਰਦੀ ਨਹੀਂ। ਚੰਗਾ ਖਾਂਦੇ-ਪੀਂਦੇ ਦੀ ਨੀਅਤ ਉੱਥੇ ਹੀ ਟਿਕੀ ਰਹਿੰਦੀ ਹੈ। 'ਹੈਰੀ' ਤਾਂ ਫੇਰ ਵੀ ਓਸ ਸਿਸਟਮ ਵਿੱਚੋਂ ਆਇਆ ਹੈ ਜਿੱਥੇ ਭਰਿਸ਼ਟਾਚਾਰ ਦਾ ਬੋਲ ਬਾਲ਼ਾ ਹੈ।

ਮੈਂ ਜਿਵੇਂ ਪਤਾ ਨਹੀਂ ਕੀ ਊਲ-ਜਲੂਲ ਸੋਚ ਰਹੀ ਸਾਂ। ਮੇਰੇ ਸਹਿਕਰਮੀਆਂ ਵੱਲੋਂ 'ਹੈਰੀ' ਦੀ



ਨਿੰਦਿਆ ਨੇ ਸ਼ਾਇਦ ਮੇਰੇ ਅੰਦਰ ਵੀ ਕੋਈ ਅਸਰ ਕਰ ਦਿੱਤਾ ਹੋਵੇਗਾ।

ਮੇਰੇ ਪਿੱਛਲੇ ਡਿਪਾਰਟਮੈਂਟ ਵਿੱਚੋਂ ਸਾਨੂੰ ਕਈ ਕਾਮਿਆਂ ਨੂੰ 'ਲੇਅ ਔਫ' ਕਰ ਦਿੱਤਾ ਗਿਆ ਸੀ। ਮੈਂ 'ਹੈਰੀ ਖੁਰਾਨਾ' ਨੂੰ ਆਪਣੇ ਡਿਪਾਰਟਮੈਂਟ ਵਿਚ ਆਉਂਦੇ ਜਾਂਦੇ ਦੇਖਿਆ ਕਰਦੀ ਸਾਂ। ਕਈ ਵੇਰ ਇਹ ਮੇਰੇ ਕੋਲੋਂ ਕਿਸੇ ਕੰਮ ਦੀ ਪੁੱਛ-ਪੜਤਾਲ ਵੀ ਕਰਨ ਆਉਂਦਾ ਹੁੰਦਾ ਸੀ। ਜਿਸ ਦਿਨ ਮੈਨੂੰ ਮੇਰੇ 'ਲੇਅ ਔਫ' ਦੀ ਖ਼ਬਰ ਮਿਲੀ ਮੈਂ ਉਸੇ ਦਿਨ ਹੈਰੀ ਨੂੰ ਟੈਲੀਫੋਨ ਕਰਕੇ ਪੁੱਛਿਆ ਸੀ ਕਿ, "ਮਿਸਟਰ ਖੁਰਾਨਾ ! ਕੀ ਤੇਰੇ ਡਿਪਾਰਟਮੈਂਟ ਵਿਚ ਕੋਈ ਵੇਕੈਂਸੀ ਹੈ ਜਾਂ ਨਹੀਂ?" ਐਨੀ ਕੁ ਮੇਰੀ ਵਾਕਫ਼ੀਅਤ ਇਸ ਨਾਲ਼ ਪੈ ਗਈ ਸੀ ਕਿ ਮੈਂ ਬੇਝਿਜਕ ਉਸਨੂੰ ਕੋਈ ਸਵਾਲ ਪੁੱਛ ਸਕਾਂ। ਵੈਸੇ ਮੈਂ ਇਸਨੂੰ ਇਸਦੇ ਨਾਂ 'ਹੈਰੀ' ਨਾਲ ਹੀ ਬੁਲਾਇਆ ਕਰਦੀ ਸਾਂ। ਡਿਪਾਰਟਮੈਂਟ ਦੇ ਸਾਰੇ ਕਾਮੇ ਹੀ ਇਕ ਦੂਜੇ ਨੂੰ ਨਾਂ ਨਾਲ਼ ਹੀ ਬੁਲਾਉਂਦੇ ਸਨ। ਮੈਨੂੰ ਇਹ ਕਨੇਡੀਅਨ ਲੋਕਾਂ ਦੀ ਆਦਤ ਬਹੁਤ ਚੰਗੀ ਲਗਦੀ ਸੀ। ਇਹ ਲੋਕ ਖਾਹ-ਮਖਾਹ ਦੇ ਰਿਸ਼ਤੇ ਨਹੀਂ ਸਨ ਗੰਢਦੇ। ਕਿਸੇ ਨੂੰ ਅੰਕਲ ਆਖੋ ਅਤੇ ਕਿਸੇ ਨੂੰ ਆਂਟੀ ਆਖੋ। ਕਿਸੇ ਨੂੰ ਵੀਰਾ ਅਤੇ ਕਿਸੇ ਨੂੰ ਭੈਣ। ਇਹ ਲੋਕ ਉਮਰ ਵਿਚ ਭਾਵੇਂ ਛੋਟੇ ਹੋਣ ਜਾਂ ਵੱਡੇ ਸਭ ਨੂੰ ਨਾਂ ਨਾਲ਼ ਬੁਲਾਉਂਦੇ। ਜਿਸਦਾ ਕਾਰਨ ਉਨ੍ਹਾਂ ਦੀ ਹੋਂਦ ਵੀ ਬਰਕਰਾਰ ਰਹਿੰਦੀ। ਮੈਂ 'ਹੈਰੀ' ਨੂੰ ਜਿਵੇਂ ਆਫ਼ੀਸ਼ੀਅਲ ਮੈਟਰ ਵਾਂਗ ਮਿਸਟਰ 'ਖੁਰਾਨਾ' ਆਖਿਆ ਸੀ।

'ਹੈਰੀ' ਨੇ ਉਸੇ ਵੇਲੇ ਮੈਨੂੰ ਆਖ ਦਿੱਤਾ, "ਵੈਂਡੀ ! ਤੇਰੇ ਡਿਪਾਰਟਮੈਂਟ ਵਾਲੇ ਤਾਂ ਕਮਲ਼ੇ ਹਨ। ਐਨਾ ਚੰਗਾ ਵਰਕਰ ਹੱਥੋਂ ਛੱਡ ਰਹੇ ਐ। ਮੈਂ ਐਸ ਤਰ੍ਹਾਂ ਨਹੀਂ ਕਰਾਂਗਾ। ਮੈਂ ਇਹ ਮੌਕਾ ਹੱਥੋਂ ਨਹੀਂ ਗੁਆਵਾਂਗਾ। ਮੈਂ ਤੈਨੂੰ ਆਪਣੇ ਡਿਪਾਰਟਮੈਂਟ ਵਿਚ ਜ਼ਰੂਰ ਟਰਾਂਸਫਰ ਕਰਵਾ ਲਵਾਂਗਾ। ਤੇ ਫੇਰ ਤੈਨੂੰ ਕੰਮ ਸਿਖਾਉਣ ਦੀ ਲੋੜ ਵੀ ਨਹੀਂ ਪੈਣੀ ਕਿਉਂਕਿ ਤੇਰੇ ਡਿਪਾਰਟਮੈਂਟ ਦੀ ਐਕਸਟੈਂਸ਼ਨ ਹੀ ਹੈ ਮੇਰਾ ਡਿਪਾਰਟਮੈਂਟ। ਮੈਂ ਕਲ ਨੂੰ ਤੁਹਾਡੀ ਬਰਾਂਚ ਵਿਚ ਆ ਰਿਹਾ ਹਾਂ। ਆਪਾਂ ਕੌਫ਼ੀ ਲਈ ਹੇਠਾਂ ਕੈਫੇਟੇਰੀਆ ਵਿਚ ਮਿਲਾਂਗੇ। ਮੈਂ ਨਹੀਂ ਚਾਹੁੰਦਾ ਤੇਰੇ ਮੈਨੇਜਨ 'ਡਗਲਸ' ਨੂੰ ਪਤਾ ਲੱਗੇ। ਜਦੋਂ ਮੈਂ ਤੈਨੂੰ ਹਾਇਰ ਕਰ ਲਵਾਂਗਾ ਤਾਂ ਉਸਨੂੰ ਦੱਸ ਦਿਆਂਗੇ। ਫੇਰ ਰੋਂਦਾ ਰਹੇ ਬੈਠ ਕੇ।" ਤੇ ਉਹ ਹੀਂ-ਹੀਂ ਕਰਕੇ ਹੱਸਿਆ। ਫੋਨ ਰਾਹੀਂ ਵੀ ਮੈਂ ਉਸਦੇ ਸਪਾਰੀ ਖਾਧੇ ਅਤੇ ਤੰਬਾਕੂ ਨਾਲ਼ ਕਾਲ਼ੇ ਹੋਏ ਦੰਦ ਜਿਵੇਂ ਵੇਖ ਸਕਦੀ ਹੋਵਾਂ।

ਮੈਂ ਦੂਜੇ ਦਿਨ ਦੀ ਉਡੀਕ ਕਰਨ ਲੱਗੀ। ਗੱਲੀਂ-ਗੱਲੀਂ ਮੈਂ ਆਪਣੇ ਨਾਲ਼ ਕਈ ਕੰਮ ਕਰਨ ਵਾਲਿਆਂ ਬੰਦਿਆਂ ਨੂੰ ਪੁੱਛਿਆ ਕਿ 'ਹੈਰੀ' ਕਿਸ ਤਰ੍ਹਾਂ ਦਾ ਮੈਨੇਜਰ ਹੈ? ਪਰ ਮੈਨੂੰ ਬਹੁਤਾ ਤਸੱਲੀ ਬਖ਼ਸ਼ ਉੱਤਰ ਨਾ ਮਿਲਿਆ। ਮੈਂ ਵੀ ਉਨ੍ਹਾਂ ਨੂੰ ਕੁਝ ਨਾ ਦੱਸਿਆ। ਕੋਈ ਭੇਦ ਨਾ ਦਿੱਤਾ। ਸੋਚਿਆ, ਇਹ ਮੇਰੀ ਆਪਣੀ ਸਮੱਸਿਆ ਹੈ। ਆਪਣੇ ਘਰ ਦੀ ਵੱਡੀ ਮੌਰਟਗੇਜ਼ ਮੈਂ ਦੇਣੀ ਹੈ। ਮੈਨੂੰ ਕੀ, ਇਹ ਬੰਦਾ ਕਿਸ ਤਰ੍ਹਾਂ ਦਾ ਵੀ ਹੋਵੇ। ਮੈਂ ਤਾਂ ਕੰਮ ਕਰਨਾ ਹੈ। ਐਡੀ ਵੱਡੀ ਕੰਪਨੀ ਵਿਚ ਸੈਂਕੜੇ ਬੰਦੇ ਕੰਮ ਕਰਦੇ ਹਨ। ਮੈਂ ਵੀ ਉਨ੍ਹਾਂ ਵਿੱਚੋਂ ਇਕ ਹੋਵਾਂਗੀ। ਬਾਹਰ ਕੰਮਾਂ ਦੇ ਹਾਲਾਤ ਵੀ ਬਹੁਤੇ ਚੰਗੇ ਨਹੀਂ। ਕੰਮ ਕਿੱਧਰੇ ਮਿਲਦੇ ਨਹੀਂ। ਕਨੇਡਾ ਵਿਚ ਜਿਵੇਂ ਰੀਸੈਸ਼ਨ ਦਾ ਦੌਰ ਚੱਲ ਰਿਹੈ। ਮਹਿੰਗਾਈ ਵਧੀ ਜਾ ਰਹੀ ਐ। ਗੁਜ਼ਾਰੇ ਔਖੇ ਹੋਏ ਪਏ ਐ। ਜਿਹੜੇ ਵੀ ਬੰਦੇ ਚੰਗੇ-ਮਾੜੇ ਕੰਮ 'ਤੇ ਟਿਕੇ ਹੁੰਦੇ ਐ, ਉੱਥੇ ਹੀ ਟਿਕੇ ਰਹਿੰਦੈ।

ਬਾਹਰਲੇ ਦੇਸ਼ਾਂ ਦੇ ਲੋਕਾਂ ਨੇ ਆ ਕੇ ਹੋਰ ਵੀ ਭੱਠਾ ਬਿਠਾਇਆ ਪਿਆ ਸੀ। ਜਿੱਥੇ ਕਾਮਿਆਂ ਨੂੰ ਚੰਗੀ ਤਨਖਾਹ ਮਿਲਦੀ ਸੀ, ਇਸਦੇ ਉਲਟ ਹੁਣ ਬਾਹਰੋਂ ਆਏ ਲੋਕ ਮਿਨੀਮੱਮ ਵੇਜ਼ ਭਾਵ ਘੱਟ ਤਨਖਾਹ 'ਤੇ ਕੰਮ ਕਰੀ ਜਾਂਦੇ। ਜਿਹੜੇ ਪੁਰਾਣੇ ਵਰਕਰ ਸਨ ਉਹ ਵੀ ਦੁੱਗਣੇ ਕੰਮਾਂ ਨਾਲ਼ ਲੱਦ ਦਿੱਤੇ ਜਾਂਦੇ। ਜੇ ਇਕ ਕਾਮੇ ਨੂੰ ਕੰਮ ਤੋਂ ਕੱਢਦੇ ਤਾਂ ਹੋਰ ਕਾਮਾ ਉਸ ਥਾਂ ਰੱਖਣ ਦੀ ਬਜਾਏ ਉਸਦਾ ਕੰਮ ਬਾਕੀ ਕਾਮਿਆਂ ਵਿਚ

ਵੰਡ ਦਿੱਤਾ ਜਾਂਦਾ। ਇਸ ਲਈ ਕੋਈ ਵੀ ਆਪਣਾ ਕੰਮ ਛੱਡ ਕੇ ਨਵਾਂ ਕੰਮ ਨਹੀਂ ਸੀ ਭਾਲ਼ਦਾ। ਤੇ ਮੇਰੀ ਵੀ ਮਜ਼ਬੂਰੀ ਸੀ। ਮੈਨੂੰ ਦੂਜੀ ਵੇਰ ਮੇਰੀ ਫਰਮ ਲੇਅ ਔਫ ਕਰ ਰਹੀ ਸੀ। ਭਲਾ ਕੰਮ ਨਹੀਂ ਤਾਂ ਮੌਰਟਗੇਜ਼ ਕੋਈ ਕਿੱਦਾਂ ਦੇਊ? ਸਭ ਨੂੰ ਇਹੋ ਡਰ ਰਹਿੰਦਾ ਕਿ ਕਿੱਧਰੇ ਬੈਂਕ ਘਰ ਨਾ ਲੈ ਜਾਵੇ। ਇਹੋ ਡਰ ਮੇਰਾ ਸੀ। ਦਵਿੰਦਰ ਇੱਕਲੇ ਦੇ ਸਿਰ 'ਤੇ ਸਾਰੇ ਘਰ ਦਾ ਗੁਜ਼ਾਰਾ ਕਿਵੇਂ ਕਰਾਂਗੇ? ਦੂਜਾ ਮੈਂ ਦਵਿੰਦਰ ਸਿਰ ਹੋਰ ਵੀ ਬੋਝ ਲੱਧ ਦਿੱਤਾ ਸੀ। ਇਹ ਮੇਰੀ ਹੀ ਜ਼ਿੱਦ ਸੀ ਕਿ ਉਹ ਆਪਣਾ ਟੱਬਰ ਕਨੇਡਾ ਮੰਗਵਾ ਲਵੇ। ਉਦੋਂ ਚੰਗੇ ਵੇਲੇ ਸਨ ਅਤੇ ਇੰਮੀਗਰੇਸ਼ਨ ਸੌਖੀ ਮਿਲ ਜਾਂਦੀ ਸੀ। ਦਵਿੰਦਰ ਦੇ ਪਿਤਾ ਜੀ ਦੇ ਤੁਰਨ ਬਾਅਦ ਉਸਦੀ ਮਾਂ ਪਿੰਡ ਇੱਕਲੀ ਰਹਿ ਗਈ ਸੀ ਅਤੇ ਦੋ ਪੁੱਤਰ ਟੀਨੇਜ ਸਨ ਜਿਨ੍ਹਾਂ ਨੂੰ ਸਾਂਭਣ ਵਾਲਾ ਕੋਈ ਹੈ ਨਹੀਂ ਸੀ।

ਦੂਜੇ ਦਿਨ 'ਹੈਰੀ' ਲੰਚ ਤੋਂ ਬਾਅਦ ਮੇਰੇ ਦਫ਼ਤਰ ਆਇਆ। ਤੇਜ਼-ਤੇਜ਼ ਤੁਰਦਾ ਉਹ ਮੈਨੂੰ ਕਹਿਣ ਲੱਗਾ, "ਚੱਲ ਕੌਫ਼ੀ ਨੂੰ ਚੱਲਦੇ ਹਾਂ। ਮੈਂ 'ਡੱਗ' ਨਾਲ਼ ਗੱਲ ਪਹਿਲਾਂ ਹੀ ਕਰ ਲਈ ਹੈ। ਉਹ ਕਹਿੰਦਾ ਹੈ ਕਿ ਉਸਨੇ ਤੈਨੂੰ ਸਿਰਫ਼ ਦੋ-ਤਿੰਨ ਕੁ ਮਹੀਨਿਆਂ ਵਾਸਤੇ ਹੀ ਲੇਅ ਔਫ਼ ਕੀਤਾ ਹੈ। ਮੁੜ ਕੇ ਉਹ ਫੇਰ ਤੈਨੂੰ ਸੱਦ ਲੈਣਗੇ।"

"ਪਰ ਹੈਰੀ! ਇਨ ਦ ਮੀਨ ਟਾਈਮ ਵਿਚ ਮੈਂ ਕੀ ਕਰਾਂਗੀ? ਆਪਣੇ ਬਿੱਲ-ਬੱਤੀਆ ਕਿਵੇਂ ਦਿਆਂਗੀ? ਮੈਨੂੰ ਕੰਮ ਚਾਹੀਦਾ ਹੈ ਤੇ ਉਹ ਵੀ ਹੁਣ। ਫੇਰ ਉਨ੍ਹਾਂ ਦਾ ਕੀ ਭਰੋਸਾ ਹੈ ਕਿ ਦੋ ਮਹੀਨੇ ਲਾਉਣ ਜਾਂ ਛੇ ਮਹੀਨੇ ਲਾਉਣ? ਇਹ ਵੀ ਹੋ ਸਕਦੈ ਕਿ, ਮੈਨੂੰ ਮੁੜ ਕੇ ਸੱਦਣ ਹੀ ਨਾ।"

"ਕੋਈ ਨ੍ਹੀ, ਮੈਨੂੰ ਕੈਫੇਟੇਰੀਆ ਵਿਚ ਮਿਲ। ਫੇਰ ਗੱਲ ਕਰਦੇ ਹਾਂ।" ਆਖਦਾ ਉਹ ਤੇਜ਼ ਕਦਮੀਂ ਵਾਪਸ ਚਲੇ ਗਿਆ। ਮੇਰਾ ਵੀ ਬਰੇਕ ਦਾ ਟਾਈਮ ਹੋਇਆ ਸੀ ਤੇ ਮੈਂ ਕੈਫੇਟੇਰੀਆਂ ਨੂੰ ਉਸਦੇ ਮਗਰ ਚਲੀ ਗਈ। ਉੱਥੇ 'ਹੈਰੀ' ਮੇਰੀ ਉਡੀਕ ਕਰ ਰਿਹਾ ਸੀ। ਅਸੀਂ ਕੌਫ਼ੀ ਲਈ ਅਤੇ ਵਿਹਲੇ ਜਿਹੇ ਥਾਂ ਟੇਬਲ ਦੇਖ ਕੇ ਆ ਬੈਠੇ।

ਮੈਂ ਹੀ ਗੱਲ ਸ਼ੁਰੂ ਕੀਤੀ, "ਹੈਰੀ ਮੈਨੂੰ ਜੌਬ ਚਾਹੀਦੀ ਹੈ। ਉਹ ਵੀ ਪੱਕੀ। ਪਿੱਛਲੇ ਤਿੰਨ ਸਾਲਾਂ ਤੋਂ ਮੈਂ ਏਜੰਸੀ ਰਾਹੀਂ ਕੰਨਟਰੈਕਟ 'ਤੇ ਕੰਮ ਕਰਦੀ ਆ ਰਹੀ ਹਾਂ। ਇਸ ਨਾਲ਼ ਮੈਨੂੰ ਕੋਈ ਬੈਨੀਫਿੱਟ ਨਹੀਂ ਮਿਲਦੇ। ਮੇਰੇ ਬੱਚੇ ਛੋਟੇ ਹਨ। ਉਨ੍ਹਾਂ ਦਾ ਦਵਾ ਦਾਰੂ ਵੀ ਚਾਹੀਦਾ ਹੁੰਦਾ ਹੈ। ਹਾਲੇ ਤਾਂ ਮੇਰੇ ਹਸਬੰਡ ਦੇ ਬੈਨੀਫਿੱਟ ਹੋਣ ਕਾਰਨ ਸਾਡਾ ਸਰੀ ਜਾਂਦਾ ਹੈ ਪਰ ਰੱਬ ਨਾ ਕਰੇ ਜੇ ਕਰ ਮੇਰੇ ਹਸਬੰਡ ਦੀ ਜੌਬ ਚਲੀ ਜਾਵੇ ਤਾਂ ਅਸੀਂ ਕੀ ਕਰਾਂਗੇ? ਡਗਲਸ ਕਹਿੰਦਾ ਹੈ ਕਿ ਅਸੀਂ ਤੈਨੂੰ ਦੋ-ਤਿੰਨ ਮਹੀਨਿਆਂ ਤੱਕ ਮੁੜ ਕੇ ਬੁਲਾ ਲਵਾਂਗੇ। ਪਰ ਹੈਰੀ ਇਨ੍ਹਾਂ ਦੋ ਤਿੰਨ ਮਹੀਨਿਆਂ ਤੱਕ ਮੈਂ ਕੀ ਕਰਾਂਗੀ? ਮੈਂ ਡੱਗ ਨੂੰ ਆਖਿਆ ਕਿ ਜੇ ਦੋ ਤਿੰਨ ਮਹੀਨਿਆਂ ਤੱਕ ਮੈਨੂੰ ਬੁਲਾਉਣਾ ਹੈ ਤਾਂ ਹੁਣ ਹੀ ਕਿਉਂ ਜਾਣ ਦਿੰਦੇ ਹੋ? ਕਹਿਣ ਲੱਗਾ, "ਇਹੋ ਸਾਡਾ ਰੂਲ ਹੈ।" ਸੁਆਹ ਰੂਲ। ਵਰਕਰ ਭਾਵੇਂ ਰੁਲਦੇ ਫਿਰਨ। ਵੱਡੀਆਂ ਕੰਪਨੀਆਂ ਨੂੰ ਕੀ ਕਰਨਾ, ਜੇ ਕਰ ਉਹ ਆਪਣੇ ਕਾਮਿਆਂ ਦੀ ਦੇਖ ਭਾਲ਼ ਵੀ ਨਹੀਂ ਕਰ ਸਕਦੀਆਂ?"

ਹੈਰੀ ਬੈਠਾ ਸੁਣਦਾ ਰਿਹਾ। ਕੌਫ਼ੀ ਨੂੰ ਘੂਰਦਾ ਰਿਹਾ। ਤੇ ਉਹ ਮੇਰੀ ਗੱਲ ਸੁਣ ਕੇ ਕਹਿਣ ਲੱਗਾ, "ਦੇਖ ਬਿੰਦੀ! ਇਹੋ ਇੱਥੋਂ ਦਾ ਸਿਸਟਮ ਹੈ। ਕਾਮਿਆਂ ਦੀ ਭਲਾਈ ਭਲਾ ਕੰਪਨੀ ਕਿਉਂ ਦੇਖੇ? ਉਨ੍ਹਾਂ ਨੇ ਆਪਣਾ ਭਲਾ ਬੁਰਾ ਸੋਚਣਾ ਹੁੰਦਾ ਹੈ। ਫੇਰ ਵੀ, ਤੂੰ ਚੰਗਾ ਕਾਮਾ ਹੈ ਤੇ ਮੈਂ ਤੈਨੂੰ ਆਪਣੇ ਡਿਪਾਰਟਮੈਂਟ ਵਿਚ ਲੈ ਜਾਵਾਂਗਾ। ਤੇਰਾ ਜੌਬ ਸਟੇਟਸ ਵੀ ਇਸਦੇ ਬਰਾਬਰ ਹੀ ਹੋਵੇਗਾ। ਪਰ ਉਹ ਕੰਮ ਇਸਤੋਂ ਵੱਖਰਾ ਹੈ। ਮਿਹਨਤ ਵਾਲਾ ਹੈ। ਭਾਵੇਂ ਕੰਮ ਤੇਰੇ ਵਾਲਾ ਹੀ ਐ ਪਰ ਉਸਦਾ ਪਰੋਸੈਸਿੰਗ ਢੰਗ ਅੱਡ ਹੈ। ਉਹ ਤੂੰ ਦੋ-ਚਾਰ ਦਿਨ



ਵਿਚ ਸਮਝ ਜਾਵੇਂਗੀ।"

"ਮਿਹਨਤ ਤੋਂ ਮੈਂ ਨਹੀਂ ਡਰਦੀ ਹੈਰੀ। ਪਰ ਇਸ ਵੇਲੇ ਮੇਰੀ ਲੋੜ ਕੰਮ ਹੈ। ਬਾਹਰ ਕੰਮ ਮਿਲਦੇ ਵੀ ਨਹੀਂ।"

"ਠੀਕ ਹੈ ਬਿੰਦੀ, ਆਪਣਾ ਰੈਜ਼ਮੇ ਮੈਨੂੰ ਭੇਜ ਦੇ। ਐਂਵੇ ਰਸਮੀ ਤੌਰ ਤੇ ਹੀ ਰੱਖਣ ਦੀ ਲੋੜ ਐ। ਵੈਸੇ ਤੇਰੀ ਜੌਬ ਪੱਕੀ ਰਹੀ। ਯੂ ਆਰ ਹਾਇਰਡ। ਇਹ ਗੱਲ ਤੇਰੇ-ਮੇਰੇ ਦਰਮਿਆਨ ਰਹੀ ਜਦੋਂ ਤੱਕ ਮੈਂ ਸਾਰੀ ਕਾਗਜ਼ੀ ਕਾਰਵਾਈ ਨਹੀਂ ਕਰ ਲੈਂਦਾ। ਮੈਂ ਡੱਗ ਨੂੰ ਅੱਧੀ ਗੱਲ ਦੱਸ ਦਿੱਤੀ ਹੈ ਅਤੇ ਅੱਧੀ ਹੁਣ ਦੱਸ ਦਿਆਂਗਾ। ਜਿਸ ਦਿਨ ਤੇਰੀ ਇਸ ਡਿਪਾਰਟਮੈਂਟ 'ਚੋ ਛੁੱਟੀ ਹੋਵੇਗੀ, ਦੂਜੇ ਦਿਨ ਤੂੰ ਮੇਰੇ ਡਿਪਾਰਟਮੈਂਟ ਨੂੰ ਜੁਆਇਨ ਕਰ ਲਵੀਂ। ਇੰਟਰਵਿਊ ਆਦਿ ਦਾ ਝਮੇਲਾ ਐਂਵੇ ਦਿਖਾਵਾ ਜਿਹਾ ਹੋਵੇਗਾ। ਉਸਦੀ ਲੋੜ ਹੈ ਵੀ ਨਹੀਂ ਕਿਉਂਕਿ ਉਸ ਪਰੋਸੈੱਸ ਵਿਚੀਂ ਤੂੰ ਪਹਿਲਾਂ ਨਿੱਕਲ ਚੁੱਕੀ ਐਂ।"

ਇਸ ਗੱਲ ਤੇ, ਮੈਂ ਖੁਸ਼ ਸਾਂ। ਹੈਰੀ ਖੁਸ਼ ਸੀ। ਪਰ ਡੱਗ ਖੁਸ਼ ਨਹੀਂ ਸੀ। ਡੱਗ ਨੇ ਮੈਨੂੰ ਆਪਣੇ ਦਫ਼ਤਰ ਸੱਦਿਆ ਅਤੇ ਬੜੇ ਲਾਲਚ ਦੇਣ ਦੀ ਕੋਸ਼ਿਸ਼ ਕੀਤੀ। ਕਹਿਣ ਲੱਗਾ, "ਵੈਂਡੀ (ਬਿੰਦੀ) ਹੈਰੀ ਬਹੁਤਾ ਚੰਗਾ ਬੰਦਾ ਨਹੀਂ ਹੈ। ਤੂੰ ਇਸਦੇ ਡਿਪਾਰਟਮੈਂਟ ਵਿਚ ਖੁਸ਼ ਨਹੀਂ ਰਹੇਂਗੀ। ਮੈਂ ਤੈਨੂੰ ਦੋ ਕੁ ਮਹੀਨੇ ਬਾਅਦ ਸੱਦ ਲਵਾਂਗਾ। ਇਹ ਮੇਰਾ ਵਾਅਦਾ ਹੈ ਤੇਰੇ ਨਾਲ਼। ਮੈਂ ਸੁਜੈਸਟ ਕਰਦਾ ਹਾਂ ਕਿ ਤੂੰ ਵੇਟ ਕਰ। ਵੀ ਡੌਂਟ ਵਾਂਟ ਟੂ ਲੂਜ਼ ਯੂ। ਅਸੀਂ ਤੈਨੂੰ ਕਿੱਧਰੇ ਨਹੀਂ ਜਾਣ ਦੇਣ ਲੱਗੇ। ਥੋੜਾ ਜਿਹਾ ਔਖਾ ਵੇਲਾ ਹੈ। ਬੇਅਰ ਵਿੱਦ ਅੱਸ ਪਲੀਜ਼।"

ਮੇਰੀ ਇਕੋ ਜ਼ਿੱਦ। "ਮੈਨੂੰ ਕਿਉਂ ਨਹੀਂ ਰੱਖ ਲੈਂਦੇ। ਮੇਰੀ ਵੀ ਰੋਟੀ ਦਾ ਮਸਲਾ ਹੈ। ਬੱਚੇ ਹਨ, ਮੌਰਟਗੇਜ਼ ਹੈ। ਕਿੱਦਾਂ ਚਲੂ? ਡੱਗ ਮੈਨੂੰ ਹੁਣੇ ਪੱਕੀ ਕਰੋ ਨਹੀਂ ਤਾਂ ਮੈਂ ਚੱਲੀ।"

ਡਗਲਸ ਨੇ ਵੀ ਸੋਚਿਆ ਹੋਣੈ ਕਿ ਕਾਮੇ ਸਾਨੂੰ ਰੂਲ ਨਹੀਂ ਕਰ ਸਕਦੇ। ਜਾਣ ਦਿਉ ਜਿੱਥੇ ਜਾਂਦੀ ਹੈ। ਖਾਵੇ ਖਸਮ ਨੂੰ। ਤੇ ਉਹ ਚੁੱਪ ਕਰ ਗਿਆ।

ਮੈਂ ਖੁਸ਼ ਸਾਂ ਕਿ ਮੇਰੇ ਕੋਲ ਕੰਮ ਹੈ। ਘਰ-ਬੱਚਿਆਂ ਲਈ ਮੁਸ਼ਕਲਾਂ ਪੇਸ਼ ਨਹੀਂ ਆਉਣਗੀਆਂ। ਮੇਰੇ ਖਰਚੇ ਚੱਲਦੇ ਰਹਿਣਗੇ।

ਉਸੇ ਸ਼ੁੱਕਰਵਾਰ ਮੇਰੀ ਛੁੱਟੀ ਮੇਰੇ ਡਿਪਾਰਟਮੈਂਟ ਵਿੱਚੋਂ ਹੋਈ, ਸੋਮਵਾਰ ਮੈਂ 'ਹੈਰੀ' ਦਾ ਡਿਪਾਰਟਮੈਂਟ ਜੁਆਇਨ ਕਰ ਲਿਆ। ਘੱਟੋ-ਘੱਟ ਇਹ ਕੰਪਨੀ ਤਾਂ ਉਹੋ ਹੀ ਸੀ। ਸਿਰਫ਼ ਡਿਪਾਰਟਮੈਂਟ ਵੱਖਰਾ ਸੀ। ਬਰਾਂਚ ਵੱਖਰੀ ਸੀ। ਹੁਣ ਮੈਨੂੰ ਟੋਰਾਂਟੋ ਦੇ ਨੌਰਥ ਯੌਰਕ ਇਲਾਕੇ ਨੂੰ ਨਹੀਂ ਸੀ ਜਾਣਾ ਪੈਣਾ। ਰੀਂਘਦੀਆਂ ਬੱਸਾਂ ਦਾ ਸਫ਼ਰ ਨਹੀਂ ਸੀ ਕਰਨਾ ਪੈਣਾ। ਕਾਲ਼ੇ ਲੋਕਾਂ ਨਾਲ਼ ਭਰੀਆ ਬੱਸਾਂ ਵਿਚ ਨਹੀਂ ਸੀ ਬੈਠਣਾ ਪੈਣਾ। ਹੁਣ ਮੈਂ ਸੱਬ ਵੇਅ ਰਾਹੀਂ ਡਾਊਨ ਟਾਊਨ ਟੋਰਾਂਟੋ ਜਾਣਾ ਸੀ। ਟੋਰਾਂਟੋ ਦੇ ਹਾਈ ਫਾਈ ਇਲਾਕੇ ਵਿਚ। ਸ਼ਹਿਰ ਦਾ ਚਮਕੀਲਾ ਗੜ੍ਹ। ਇਸ ਇਲਾਕੇ ਵਿਚ ਜਿੱਥੇ ਵੱਡੇ ਸਟੋਰ ਸਨ ਉੱਥੇ ਇਹ ਫਾਇਨੈਂਸ ਦਾ ਗੜ੍ਹ ਵੀ ਸੀ। ਸੱਟਾ ਬਜ਼ਾਰ ਵੀ ਸੀ। ਸਭ ਵੱਡੀਆਂ ਬੈਂਕਾਂ, ਇੰਸ਼ੂਰੈਂਸ ਕੰਪਨੀਆਂ। ਗੱਲ ਕੀ ਇੱਥੇ ਹਰ ਦੇਸ਼ ਦਾ ਬੰਦਾ ਤੁਰਿਆ ਫ਼ਿਰਦਾ ਵਿਖਾਈ ਦਿੰਦਾ ਸੀ। ਜਿੱਥੇ ਅਮੀਰ ਲੋਕ ਸਨ ਉੱਥੇ ਗਰੀਬ ਸੱਬ ਵੇਅ ਦੀਆਂ ਪੌੜੀਆ ਉੱਤੇ ਹੱਥ ਅੱਡੀ ਬੈਠੇ ਹੁੰਦੇ। ਸੜਕਾਂ 'ਤੇ ਹੀ ਸਟਾਲ ਲਾ ਕੇ ਲੋਕੀਂ ਚੀਜ਼ਾਂ ਵੇਚਦੇ-ਖਰੀਦਦੇ। ਬੇਘਰੇ ਫੁੱਟਪਾਥ 'ਤੇ ਸੁੱਤੇ ਪਏ ਮਿਲਦੇ। ਨਵੀਂ ਹੀ ਦੁਨੀਆਂ ਸੀ ਇਹ ਸ਼ਹਿਰ। ਕਈ ਵੇਰ ਮੈਨੂੰ ਮਹਿਸੂਸ ਹੁੰਦਾ ਕਿ ਸਾਡੇ ਦੇਸ਼ ਨੂੰ ਐਂਵੇ ਪਛੜਿਆ ਹੋਇਆ ਆਖੀ ਜਾਂਦੇ ਹਨ। ਗਰੀਬ ਲੋਕ ਹਰ ਦੇਸ਼ ਵਿਚ ਹਨ। ਸਿਰਫ਼ ਭਾਲਣ ਵਾਲੀ ਅੱਖ

ਚਾਹੀਦੀ ਹੈ। ਫਰਕ ਇਹ ਹੈ ਕਿ ਅਸੀਂ ਗਰੀਬਾਂ ਨੂੰ ਸਾਂਭਿਆ ਨਹੀਂ ਅਤੇ ਇਹ ਲੋਕ ਉਨ੍ਹਾਂ ਨੂੰ ਵੱਡੀਆ ਬਿਲਡਿੰਗਾਂ ਵਿਚ ਲੁਕੋ ਲੈਂਦੇ ਹਨ। ਇੱਥੇ ਦਿਨ ਨੂੰ ਗਹਿਮਾ ਗਹਿਮੀ ਰੋਟੀ ਕਮਾਉਣ ਵਾਲ਼ਿਆਂ ਦੀ ਹੁੰਦੀ ਅਤੇ ਰਾਤ ਮੌਜ ਮਸਤੀ ਕਰਨ ਵਾਲਿਆਂ ਲਈ ਹੁੰਦੀ। ਰਾਤ ਦੀਆਂ ਰੌਸ਼ਨੀਆ ਵਿਚ ਹਰ ਤਰ੍ਹਾਂ ਦੇ ਵਪਾਰ ਹੁੰਦੇ। ਬੰਦਾ ਦੇਖਦਾ ਰਹਿ ਜਾਂਦਾ।

ਹਾਰਵਰ ਫਰੰਟ ਤੇ ਹਰ ਤਰ੍ਹਾਂ ਦੇ ਮੇਲੇ ਲਗਦੇ। ਫਿਲਮਾਂ ਦੇ ਸ਼ੋਅ ਹੁੰਦੇ। ਨਾਟਕ ਘਰ ਚੱਲਦੇ। ਗੱਲ ਕੀ ਅੱਖਾਂ ਚੁੰਧਿਆ ਜਾਂਦੀਆਂ। ਤੇ ਇਸ ਨਗਰੀ ਵਿਚ ਮੈਂ ਹੁਣ ਕੰਮ ਉੱਤੇ ਜਾਣਾ ਸੀ। ਮੇਰਾ ਦਫ਼ਤਰ ਐਨ ਸ਼ਹਿਰ ਦੇ ਸੈਂਟਰ ਵਿਚ ਸੀ। ਯੰਗ ਐਂਡ ਡੰਡਾਸ ਦੇ ਚੁਰਾਹੇ ਉੱਤੇ। ਬਿਲਡਿੰਗ ਦੀ ਚੌਦਵੀਂ ਮੰਜ਼ਿਲ ਉੱਤੇ। ਜਿੱਥੋਂ ਅੱਧਾ ਸ਼ਹਿਰ ਦਿਖਾਈ ਦਿੰਦਾ ਸੀ।

ਹੈਰੀ ਤੋਂ ਬਿਨਾਂ ਮੈਂ ਇੱਥੇ ਕਿਸੇ ਨੂੰ ਨਹੀਂ ਸਾਂ ਜਾਣਦੀ। ਕਈ ਨਾਂ ਸਨ ਜਿਨ੍ਹਾਂ ਨਾਲ਼ ਮੇਰੀ ਫੋਨ ਰਾਹੀਂ ਗੱਲ ਬਾਤ ਹੁੰਦੀ ਰਹਿੰਦੀ ਸੀ। ਗਾਹਕਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਸਿਲਸਿਲੇ ਵਿਚ। ਪਰ ਚਿਹਰਿਆਂ ਦੀ ਪਛਾਣ ਨਹੀਂ ਸੀ। ਕਈਆ ਨੇ ਮੇਰੇ ਡੈਸਕ ਕੋਲ ਆਕੇ ਆਪਣੀ ਇੰਟਰੋਡੱਕਸ਼ਨ ਦਿੱਤੀ। ਆਵਾਜ਼ ਅਤੇ ਚਿਹਰੇ ਮਿਲਾ ਕੇ ਸਾਡੀ ਜਿਵੇਂ ਸਾਂਝ ਬੱਝਦੀ ਗਈ।

ਮੈਨੂੰ ਦੋ-ਤਿੰਨ ਕੁ ਦਿਨ ਹੀ ਹੋਏ ਸਨ ਇੱਥੇ ਆਇਆਂ ਜਦੋਂ 'ਹੈਰੀ' ਨੇ ਪੈਸਿਆਂ ਬਾਰੇ ਪੁੱਛਿਆ ਸੀ। ਮੈਂ ਉਸਨੂੰ ਤਰੀਕੇ ਨਾਲ਼ ਜਵਾਬ ਦੇ ਦਿੱਤਾ ਸੀ। ਗੱਲ ਆਈ ਗਈ ਹੋ ਗਈ। ਪਰ ਮੇਰੇ ਮਨ ਵਿਚ ਮਧਾਣੀ ਜਿਹੀ ਫਿਰ ਰਹੀ ਸੀ। ਕਈ ਦਿਨ ਮੈਂ ਇਸੇ ਗੱਲ ਬਾਰੇ ਸੋਚਦੀ ਰਹੀ ਸਾਂ। ਘਰ ਆਕੇ ਮੈਂ ਦਵਿੰਦਰ ਨਾਲ਼ ਵੀ ਗੱਲ ਕੀਤੀ। ਉਹ ਕਹਿਣ ਲੱਗਾ, "ਹੈ ਤਾਂ ਅਜ਼ੀਬ ਪਰ ਹੋ ਸਕਦੇ ਉਸਨੂੰ ਸੱਚੀਂ ਲੋੜ ਹੋਵੇ। ਤੂੰ ਜਿਵੇਂ ਉਸਨੂੰ ਕੰਮ ਵਾਸਤੇ ਫੋਨ ਕਰ ਲਿਆ ਤੇ ਉਸੇ ਤਰ੍ਹਾਂ ਲੋੜ ਵੇਲੇ ਉਸਨੇ ਤੈਥੋਂ ਪੈਸੇ ਮੰਗ ਲਏ।"

ਪਰ ਨਹੀਂ, ਮੇਰਾ ਜਿਵੇਂ ਮਨ ਟਿਕ ਨਹੀਂ ਸੀ ਰਿਹਾ। ਅਕਸਰ ਉਹ ਮੇਰਾ ਮੈਨੇਜਰ ਸੀ। ਇਸ ਤਰ੍ਹਾਂ ਕਰਨਾ ਉਸਨੂੰ ਸ਼ੋਭਾ ਨਹੀਂ ਸੀ ਦਿੰਦਾ। ਮੇਰੀ ਮਜ਼ਬੂਰੀ ਇਕ ਨਹੀਂ ਸੀ, ਘਰ, ਬੱਚੇ, ਦਵਿੰਦਰ ਦਾ ਟੱਬਰ ਜਿਹੜਾ ਇੰਡੀਆ ਤੋਂ ਆ ਕੇ ਸਾਡੇ ਕੋਲ ਰਹਿੰਦਾ ਸੀ। ਦਵਿੰਦਰ ਦੇ ਦੋਨੋਂ ਛੋਟੇ ਭਰਾ ਵਿਹਲੜ ਬੈਠੇ ਬੀਅਰ ਡੱਫੀ ਜਾਂਦੇ। ਬੀਜੀ ਘਰ ਪਰਤਦੀ ਨੂੰ, ਮੈਨੂੰ ਸੌ ਕੰਮ ਗਿਣਾ ਦਿੰਦੀ। ਦੋਨੋਂ ਭਰਾ ਨਾ ਕੰਮ ਭਾਲਣ ਜਾਂਦੇ ਅਤੇ ਨਾ ਘਰ ਦਾ ਕੋਈ ਕੰਮ ਕਰਦੇ। ਉਹ ਪੰਜਾਬ ਵਿਚ ਵਿਹਲੇ ਰਹਿਣ ਗਿੱਝ ਗਏ ਸਨ। ਉਨ੍ਹਾਂ ਨੂੰ ਦਵਿੰਦਰ ਨੇ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਇੱਥੇ ਕੰਮ ਕਰਨ ਬਿਨਾਂ ਗੁਜ਼ਾਰਾ ਨਹੀਂ। ਪਰ ਕਿੱਥੇ? ਜੇ ਕਰ ਉਨ੍ਹਾਂ ਦੇ ਕੰਨਾਂ ਉੱਤੇ ਜੂੰ ਸਰਕ ਜਾਵੇ। ਉਨ੍ਹਾਂ ਨੂੰ ਜਿਵੇਂ ਆਪਣੀ ਜ਼ਿੰਦਗੀ ਸੈਟਲ ਕਰਨ ਦਾ ਕੋਈ ਚਾਅ ਨਹੀਂ ਸੀ। ਉਨ੍ਹਾਂ ਵਾਸਤੇ ਵੱਡਾ ਭਰਾ ਕੰਮ ਕਰੀ ਜਾਂਦਾ ਸੀ। ਉਨ੍ਹਾਂ ਨੂੰ ਕੀ ਲੋੜ ਸੀ ਕੰਮ ਕਰਨ ਦੀ। ਛੇ ਮਹੀਨੇ ਹੋ ਗਏ ਸਨ ਇੱਥੇ ਆਇਆਂ। ਉੱਤੋਂ ਬੀਜੀ ਸੱਸ ਵਾਲ਼ਾ ਪੂਰਾ ਰੋਹਬ ਝਾੜਦੀ। ਕਹਿੰਦੀ, "ਲੈ ਮੇਜ ਕੁਰਸੀ 'ਤੇ ਬੈਠਣ ਨਾਲ਼ ਵੀ ਕੋਈ ਥੱਕ ਜਾਂਦਾ ਐ? ਸਾਰਾ ਦਿਨ ਤੂੰ ਬੈਠੀ ਹੀ ਰਹਿੰਦੀ ਐਂ। ਇਹ ਵੀ ਕੋਈ ਕੰਮ ਐ?"

ਸਾਡੀ ਦੋਹਾਂ ਦੀ ਚੰਗੀ ਭਲੀ ਜ਼ਿੰਦਗੀ ਜਿਵੇਂ ਉਲਝ ਕੇ ਰਹਿ ਗਈ। ਸਾਨੂੰ ਦੋਹਾਂ ਨੂੰ ਜਿਵੇਂ ਮਰ-ਮਰ ਕੇ ਕੰਮ ਕਰਨਾ ਪੈਂਦਾ। ਸਕੂਲੋਂ ਆਉਂਦੇ ਬੱਚਿਆਂ ਨੂੰ ਵੀ ਸਨੈਕ ਦੇਣ ਲਈ ਬੀਜੀ ਸੌ ਢੁੱਚਰਾਂ ਕਰਦੀ। ਜਦੋਂ ਮੈਂ ਕੰਮ ਤੋਂ ਪਰਤਦੀ ਤਾਂ ਬੀਜੀ ਦੀ ਇਕੋ ਗੱਲ ਹੁੰਦੀ, "ਤੇਰੀ ਤਾਂ ਬੈਠਣ ਦੀ ਜੌਬ ਐ ਭਾਈ, ਉਹ ਕਿਹੜਾ ਕੰਮ ਹੋਇਆ? ਫੂਨ 'ਤੇ ਲੋਕਾਂ ਨਾਲ਼ ਗੱਲਾਂ ਮਾਰੀ ਜਾਵੋ।" ਤੇ ਉਹ ਟੀਰੀ ਜਿਹੀ ਅੱਖ ਨਾਲ਼ ਦੇਖਦੀ ਹੋਈ ਜਿਵੇਂ ਮੁਸਕਰਾਉਂਦੀ।



ਆਪਣੇ ਹੀ ਖਿਲਾਰੇ ਕੰਡਿਆ ਨਾਲ਼ ਮੈਂ ਪਰੁੰਨ ਹੁੰਦੀ। ਜੇ ਕਰ ਦਵਿੰਦਰ ਕੋਲ ਸ਼ਿਕਾਇਤ ਕਰਦੀ ਤਾਂ ਉਸਦਾ ਉੱਤਰ ਹੁੰਦਾ, "ਤੈਨੂੰ ਹੀ ਚਾਅ ਚੜ੍ਹਿਆ ਸੀ ਟੱਬਰ ਨੂੰ ਮੰਗਾਉਣ ਦਾ। ਹੁਣ ਸਾਂਭ ਲੈ। ਮੈਨੂੰ ਇਨ੍ਹਾਂ ਗੱਲਾਂ ਤੋਂ ਦੂਰ ਹੀ ਰੱਖ।"

ਮੇਰੇ ਦੋਨੋਂ ਦਿਓਰ ਅਠਾਰਾਂ-ਵੀਹ ਵਰ੍ਹਿਆ ਦੀ ਉਮਰ ਦੇ ਹੋ ਗਏ ਸਨ। ਇੰਡੀਆ ਵਿਚ ਵੀ ਪੜ੍ਹੇ ਨਹੀਂ। ਉਨ੍ਹਾਂ ਦੋਹਾਂ ਨੇ ਮਰ-ਖੱਪ ਕੇ ਦਸਵੀਂ ਕੀਤੀ। ਉਹ ਵੀ ਸ਼ਾਇਦ ਵੱਢੀ ਦੇ ਕੇ। ਪੰਜਾਬ ਦੇ ਸਕੂਲਾਂ ਵਿਚ ਹਾਲ ਐਨੇ ਮਾੜੇ ਹੋ ਗਏ ਹਨ, ਕੋਈ ਪੜ੍ਹਦਾ ਹੀ ਨਹੀਂ। ਬੱਚੇ ਤਿਆਰ ਹੋ ਕੇ ਸਕੂਲ ਜ਼ਰੂਰ ਚਲੇ ਜਾਂਦੇ ਹਨ ਤੇ ਸ਼ਾਮ ਨੂੰ ਖੇਡ-ਮੱਲ ਕੇ ਘਰ ਆ ਵੜਦੇ ਹਨ। ਸਰਕਾਰੀ ਸਕੂਲਾਂ ਵਿਚ ਅਧਿਆਪਕ ਹੀ ਨਹੀਂ ਹੁੰਦੇ। ਜੇ ਕਰ ਸਰਕਾਰ ਉਨ੍ਹਾਂ ਨੂੰ ਮਹੀਨਿਆਂ ਵੱਧੀ ਤਨਖਾਹ ਨਹੀਂ ਦਿੰਦੀ ਤਾਂ ਭਲਾ ਅਧਿਆਪਕ ਕਿਉਂ ਆਉਣ ਪੜ੍ਹਾਉਣ? ਹਰ ਇਕ ਦਾ ਰੋਟੀ ਦਾ ਮਸਲਾ ਹੈ। ਪਰਾਈਵੇਟ ਪੜ੍ਹਾਈ ਵੀ ਐਸੀ-ਵੈਸੀ ਹੀ ਚਲਦੀ ਹੈ। ਅੱਧਾ ਵਕਤ ਅਧਿਆਪਕ ਆਉਂਦੇ ਨਹੀਂ। ਮਾਂ-ਬਾਪ ਵੀ ਜਿਵੇਂ ਪੁੱਛਦੇ ਨਹੀਂ ਕਿ ਬੱਚਾ ਕਿਸ ਤਰ੍ਹਾਂ ਪੜ੍ਹ ਰਿਹਾ ਹੈ। ਇਹੋ ਹਾਲ ਦਵਿੰਦਰ ਦੇ ਭਰਾਵਾਂ ਦਾ ਸੀ। ਬੀਜੀ ਇਕੱਲੀ ਸਿਰ ਫ਼ਿਕਰ ਸਨ ਅਤੇ ਉਹ ਦੂਜੇ-ਤੀਜੇ ਦਿਨ ਸਾਨੂੰ ਫੋਨ ਘੁਮਾ ਦਿੰਦੀ।

ਅਸੀਂ ਸੋਚਿਆ ਕਿ ਟੱਬਰ ਨੂੰ ਇੱਥੇ ਮੰਗਵਾ ਲੈਂਦੇ ਹਾਂ। ਸਾਰੇ ਸਾਡੀਆਂ ਅੱਖਾਂ ਸਾਹਵੇਂ ਹੋਣਗੇ। ਦੋਨੋਂ ਮੁੰਡਿਆਂ ਨੂੰ ਮਾੜਾ ਮੋਟਾ ਪੜ੍ਹਣ ਲਾ ਦਿਆਂਗੇ ਜਾਂ ਕੋਈ ਕੋਰਸ ਕਰਵਾ ਕੇ, ਉਹ ਆਪਣੀ ਰੋਟੀ ਕਮਾਉਣ ਜੋਗੇ ਹੋ ਜਾਣਗੇ। ਅਕਸਰ ਕੰਮ ਤਾਂ ਪੜ੍ਹਿਆਂ-ਲਿਖਿਆਂ ਨੂੰ ਨਹੀਂ ਮਿਲਦੇ। ਜੇ ਮੁੰਡੇ ਇੱਥੇ ਕੋਈ ਕੋਰਸ ਕਰ ਲੈਣਗੇ ਤਾਂ ਰੋਟੀ ਕਮਾ ਲੈਣਗੇ। ਪਰ ਇਹ ਦੋਨੋਂ ਦਸਵੀਂ ਕਰਨ ਤੇ ਵੀ ਉਹ ਚਾਰ ਅੱਖਰ ਅੰਗਰੇਜ਼ੀ ਛੱਡਿਆ ਪੰਜਾਬੀ ਦੇ ਵੀ ਔਖੇ ਹੋ ਕੇ ਉਠਾਲਦੇ।

ਮੈਂ ਕੰਮ ਤੋਂ ਆ ਕੇ ਮੁੰਡਿਆਂ ਨੂੰ ਪੁੱਛਦੀ ਕਿ, "ਅੱਜ ਤੁਸੀਂ ਕੀ ਕੀਤਾ?"

ਉਹ ਦੋਨੋਂ ਜਿਵੇਂ ਮੇਰੇ ਵੱਲ ਇਉਂ ਦੇਖਦੇ ਜਿਵੇਂ ਮੈਂ ਕੋਈ ਗੁਨਾਹ ਕਰ ਦਿੱਤਾ ਹੋਵੇ। ਬੀਜੀ ਵੀ ਔਖੀ ਹੋ ਜਾਂਦੀ। ਆਖਦੀ, "ਤੈਨੂੰ ਇਹ ਵਿਹਲੇ ਬੈਠੇ ਫੁੱਟੀ ਅੱਖ ਨ੍ਹੀ ਭਾਉਂਦੇ ਜਿਵੇਂ?"

ਦਵਿੰਦਰ ਮੇਰੇ ਵੱਲ ਟੀਰੀ ਜਿਹੀ ਅੱਖ ਨਾਲ਼ ਝਾਕਦਾ। ਜਿਵੇਂ ਆਖ ਰਿਹਾ ਹੋਵੇ, "ਲੈ-ਲੈ ਪਿੰਨੀਆਂ ਹੁਣ।"

ਜਿੰਨੀ ਮਰਜ਼ੀ ਅਸੀਂ ਦੋਨੋਂ ਕੋਸ਼ਿਸ਼ ਕਰਦੇ ਪਰ ਸਾਡੀ ਕੋਈ ਵਾਹ ਪੇਸ਼ ਨਾ ਜਾਂਦੀ। ਦਾਰੂ ਪੀਣ ਉਹ ਛੋਟੇ ਹੁੰਦੇ ਹੀ ਗਿੱਝ ਗਏ ਸਨ। ਕੋਈ ਰੋਕਣ-ਟੋਕਣ ਵਾਲਾ ਹੈ ਨਹੀਂ ਸੀ। ਬੀਜੀ ਨੂੰ ਤਾਂ ਉਹ ਟਿੱਚ ਕਰਕੇ ਜਾਣਦੇ। ਤੇ ਮੈਨੂੰ ਜਿਵੇਂ ਗੁੱਸਾ ਆ ਰਿਹਾ ਹੁੰਦਾ। ਦਵਿੰਦਰ ਪੱਲਾ ਝਾੜ ਦਿੰਦਾ ਕਿ, "ਤੈਨੂੰ ਹੀ ਚਾਅ ਚੜ੍ਹਿਆ ਹੋਇਆ ਸੀ ਟੱਬਰ ਇਕੱਠਾ ਕਰਨ ਦਾ। ਸਾਂਭ ਲੈ ਹੁਣ।"

ਪੰਜਾਬ ਵਿਚ ਮੁੰਡੇ ਕੁੜੀਆਂ ਜਿਵੇਂ ਨਸ਼ਿਆਂ ਨੇ ਕਿਸੇ ਥਾਂ ਜੋਗੇ ਨਹੀਂ ਰਹਿਣ ਦਿੱਤੇ। ਕੋਈ ਸਰਕਾਰ ਇੱਧਰ ਧਿਆਨ ਨਹੀਂ ਦੇ ਰਹੀ। ਇਹੋ ਕਾਰਨ ਸੀ ਲੋਕ ਆਪਣੇ ਬੱਚੇ ਲੈ ਕੇ ਪ੍ਰਦੇਸਾਂ ਵੱਲ ਨੂੰ ਤੁਰੇ। ਸਾਡੇ ਵਰਗਿਆਂ ਨੇ ਟੱਬਰ ਵੀ ਇਸੇ ਵਾਸਤੇ ਮੰਗਵਾਏ ਕਿ ਘਰ ਬੱਚ ਜਾਣਗੇ। ਪਰ ਨਹੀਂ, ਇਹ ਵੀ ਸ਼ਾਇਦ ਭੁੱਲ ਹੀ ਸੀ। ਬੀਜੀ ਜਦੋਂ ਲੜਦੀ ਤਾਂ ਕਹਿੰਦੀ ਕਿ, "ਤੁਸੀਂ ਸਾਨੂੰ ਆਪਣੇ ਫ਼ਾਇਦੇ ਲਈ ਮੰਗਵਾਇਆ ਹੈ।"

ਬੀਜੀ ਦੀ ਇਹ ਗੱਲ ਵੀ ਕਿਸੇ ਹੱਦ ਤੱਕ ਸਹੀ ਸੀ। ਸਾਨੂੰ ਵੀ ਆਪਣੇ ਬੱਚਿਆਂ ਦੇ ਪਾਲਣ ਦਾ

ਲਾਲਚ ਸੀ ਕਿ ਸਕੂਲੋਂ ਆਉਂਦਿਆ ਨੂੰ ਘਰ ਖੁੱਲ੍ਹਾ ਹੋਵੇਗਾ। ਉਨ੍ਹਾਂ ਦੀ ਦੇਖ ਭਾਲ਼ ਹੁੰਦੀ ਰਹੇਗੀ। ਤੇ ਸਾਨੂੰ ਕੰਮ ਕਰਦਿਆਂ ਨੂੰ ਉਨ੍ਹਾਂ ਦੀ ਚਿੰਤਾ ਨਹੀਂ ਹੋਵੇਗੀ। ਬੱਚੇ ਵੀ ਆਪਣੀ ਦਾਦੀ ਕੋਲ ਹੋਣਗੇ। ਦਾਦੀ ਦਾ ਮੋਹ ਪਿਆਰ ਵੀ ਬੱਚਿਆਂ ਨੂੰ ਮਿਲੇਗਾ। ਜਿਹੜਾ ਬੱਚਿਆਂ ਦਾ ਹੱਕ ਵੀ ਸੀ।

ਪਰ ਸਾਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਸਮੇਂ ਦੀ ਹਵਾ ਨੇ ਰਿਸ਼ਤੇ ਉਹ ਨਹੀਂ ਸਨ ਰਹਿਣ ਦਿੱਤੇ ਜਿਹੜੇ ਅਸੀਂ ਪਿੱਛੇ ਛੱਡ ਕੇ ਆਏ ਸਾਂ। ਰਿਸ਼ਤਿਆ ਵਿਚ ਵੀ ਸਵਾਰਥ ਭਰ ਗਿਆ ਸੀ। ਹਰ ਇਕ ਨੂੰ ਜਿਵੇਂ 'ਮੇਰੀ' ਦੀ ਚਿੰਤਾ ਨੇ ਘੇਰ ਲਿਆ ਸੀ। ਕਨੇਡਾ ਵਿਚ ਹਰ ਪਰਿਵਾਰ ਇਸੇ ਸਥਿਤੀ ਵਿੱਚੀਂ ਜਿਵੇਂ ਨਿੱਕਲ ਰਿਹਾ ਸੀ। ਹਰ ਕੋਈ ਔਖਾ ਹੋ ਕੇ ਆਪਣਾ ਟੱਬਰ ਇੰਡੀਆ ਤੋਂ ਮੰਗਵਾਉਂਦਾ। ਜਦੋਂ ਘਰ ਦੇ ਰਿਸ਼ਤੇਦਾਰ ਕਨੇਡਾ ਪਹੁੰਚ ਜਾਂਦੇ ਤਾਂ ਜਿਵੇਂ ਇੱਥੋਂ ਦੀ ਖੁਲ੍ਹ ਖੇਲ ਦੇਖ ਕੇ, ਪੈਸਾ ਧੇਲਾ ਦੇਖ ਕੇ, ਉਨ੍ਹਾਂ ਦੀਆਂ ਅੱਖਾਂ ਫਿਰ ਜਾਂਦੀਆਂ। ਹਰ ਇਕ ਨੂੰ ਆਪਣਾ ਬੋਝਾ ਖਾਲੀ ਦਿਖਾਈ ਦੇਣ ਲੱਗ ਪੈਂਦਾ। ਉਸ ਬੋਝੇ ਵਿਚ ਪੈਸਿਆਂ ਦੀ ਟੁਣਕਾਰ ਦੀ ਖਿੱਚ ਮਹਿਸੂਸ ਹੋਣ ਲਗਦੀ। ਮੋਹ-ਮਮਤਾ ਜਿਵੇਂ ਕਿੱਧਰੇ ਦੂਰ ਭੱਜ ਜਾਂਦੀ। ਨੂੰਹ-ਪੁੱਤ ਹੱਥੋਂ ਤਨਖਾਹ ਫੜਨ ਦੀ ਲੋਚਾ ਬਿਹਵਲ ਕਰਦੀ। ਉਸ ਵੇਲੇ ਸਭ ਨੂੰ ਚੇਤਾ ਭੁੱਲ ਜਾਂਦਾ ਕਿ ਉਸੇ ਪੈਸੇ ਨੇ ਸਾਰੇ ਕਰਜ਼ੇ ਲਾਹੁਣੇ ਹਨ। ਬਿੱਲ-ਬੱਤੀਆਂ ਦੇਣੀਆਂ ਹਨ ਅਤੇ ਘਰ ਦੇ ਫਰਿੱਜ ਵਿਚ ਫੂਡ ਨੇ ਆਪਣਾ ਥਾਂ ਬਣਾਉਣਾ ਹੈ। ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ।

ਕਨੇਡਾ ਪਹੁੰਚ ਕੇ ਸਾਡੀ ਬੀਜੀ ਨੂੰ ਵੀ ਇਹੋ ਚਿੰਤਾ ਰਹਿੰਦੀ ਕਿ ਸਾਡੀ ਤਨਖਾਹ ਉਸਦੇ ਹੱਥ ਉੱਤੇ ਨਹੀਂ ਧਰੀ ਜਾਂਦੀ। ਉਹ ਵਾਰ-ਵਾਰ ਮਿਹਣੇ ਜਿਹੇ ਮਾਰਦੀ ਆਖਦੀ, "ਮੈਂ ਤੁਹਾਡੇ ਬੱਚਿਆਂ ਨੂੰ ਪਾਲ਼ਦੀ ਹਾਂ। ਇਸ ਅਹਿਸਾਨ ਬਦਲੇ ਮੈਨੂੰ ਕੀ ਫ਼ਾਇਦਾ ਹੈ?"

ਸਾਡੀ ਗੁਆਂਢਣ ਰਤਨੀ ਨਾਲ਼ ਉਹ ਦਿਨ ਨੂੰ ਗੱਲਾਂ ਕਰਦੀ ਰਹਿੰਦੀ। ਤੇ ਰਤਨੀ ਨੇ ਸਾਡੀ ਬੀਜੀ ਨੂੰ ਵੀ ਚੰਗੀਆਂ ਪੱਟੀਆਂ ਪੜ੍ਹਾ ਦਿੱਤੀਆਂ ਸਨ। ਉਹ ਆਪ ਵੀ ਨੂੰਹਾਂ-ਪੁੱਤਰਾਂ ਤੋਂ ਅੱਡ ਹੋ ਕੇ ਸਬਜ਼ੀਆ ਕੱਟਣ ਦਾ ਕੰਮ ਕਰਨ ਲੱਗ ਪਈ ਸੀ। ਉਸੇ ਨੇ ਬੀਜੀ ਨੂੰ ਦੱਸਿਆ ਸੀ ਕਿ, "ਇੱਥੇ ਬੱਚੇ ਸਾਂਭਣ ਵਾਲੀਆਂ ਕਿੰਨੇ ਪੈਸੇ ਲੈਂਦੀਆਂ ਹਨ। ਤੇ ਹੁਣ ਤੂੰ ਤਾਂ ਮੁਫ਼ਤ ਦੀ ਕਾਮੀ ਇਨ੍ਹਾਂ ਨੂੰ ਮਿਲ ਗਈ ਹੈਂ।" ਉਸੇ ਦਿਨ ਦੀ ਸਾਡੀ ਬੀਜੀ ਘਰ ਵਿਚ ਮਨੀ-ਮਨੀ ਕਰਨ ਲੱਗ ਪਈ ਸੀ। ਸਾਡੀ ਬੀਜੀ ਦੀਆਂ ਵੀ ਇਸ ਨਵੀਂ ਮਾਇਆ ਦੀ ਦੁਨੀਆਂ ਵਿਚ ਆਕੇ ਜਿਵੇਂ ਅੱਖਾਂ ਫਿਰਨ ਲੱਗ ਪਈਆਂ ਸਨ। ਉਸਦੇ ਪੋਤਾ-ਪੋਤੀ, ਸਿਰਫ਼ ਸਾਡੇ ਬੱਚੇ ਰਹਿ ਗਏ ਸਨ। ਉਸਦੇ ਅੰਦਰਲੀ ਦਾਦੀ ਦੀ ਥਾਂ ਪੈਸੇ ਨੇ ਮੱਲ ਲਈ ਸੀ।

ਦਵਿੰਦਰ ਇਹ ਜਾਣ ਕੇ ਪਹਿਲਾਂ ਤਾਂ ਦੁਖੀ ਹੋਇਆ। ਫੇਰ ਉਸਨੇ ਆਪਣੇ ਮਨ ਨਾਲ਼ ਸਮਝੌਤਾ ਕਰ ਲਿਆ। ਨਾ ਉਹ ਕਿਸੇ ਨੂੰ ਕੋਈ ਸਵਾਲ ਪੁੱਛਦਾ ਅਤੇ ਨਾ ਕੋਈ ਘਰ ਵਿਚ ਵਿਘਨ ਪੈਂਦਾ। ਪਰ ਮੇਰੀ ਗੱਲ ਹੋਰ ਸੀ। ਮੈਂ ਸਵਾਲ ਵੀ ਪੁੱਛਦੀ ਅਤੇ ਵਿਘਨ ਵੀ ਪੈਂਦਾ। ਮੁੰਡੇ ਮੈਨੂੰ ਜਿਵੇਂ ਅੱਖਾਂ ਅੱਡ ਕੇ ਖਾਣ ਨੂੰ ਆਉਂਦੇ। ਚਾਰ ਜੀਅ ਅਸੀਂ ਅਤੇ ਤਿੰਨ ਜੀਅ ਉਹ। ਭਲਾ ਸੱਤਾਂ ਬੰਦਿਆ ਦਾ ਖਰਚਾ, ਉੱਤੋਂ ਮੌਰਟੇਗੇਜ਼ ਅਤੇ ਘਰ ਦੀਆਂ ਬਿੱਲ-ਬੱਤੀਆਂ। ਅਸੀਂ ਦੋਨੋਂ ਪੈਨੀਆਂ ਗਿਣਦੇ। ਦਵਿੰਦਰ ਨੇ ਘਰ ਵੀ ਵੱਡਾ ਫਸਾ ਲਿਆ ਸੀ। ਕਹਿਣ ਲੱਗਾ, "ਆਪਣੇ ਸਾਰਿਆ ਵਾਸਤੇ ਇਹ ਘਰ ਖੁੱਲ੍ਹਾ ਰਹੂ।" ਇਸੇ ਵਾਸਤੇ ਮੈਨੂੰ ਕੰਮ ਦੀ ਐਨੀ ਲੋੜ ਸੀ। ਪੈਸੇ ਬਿਨਾਂ ਜ਼ਿੰਦਗੀ ਚੱਲਣੀ ਨਹੀਂ ਸੀ। ਮੇਰੀ ਮਜ਼ਬੂਰੀ ਕਾਰਨ ਹੀ ਮੈਂ "ਹੈਰੀ" ਨੂੰ ਫੋਨ ਕਰ ਲਿਆ ਸੀ। ਆਪਣੀ ਜ਼ਮੀਰ ਨੂੰ ਵੀ ਜਿਵੇਂ ਅੰਦਰ ਦੱਬ ਲਿਆ ਸੀ।



ਪੈਸੇ ਮੰਗਣ ਦੀ ਗੱਲ ਤੋਂ ਹਫ਼ਤਾ ਕੁ ਬਾਅਦ ਹੈਰੀ ਆਖਣ ਲੱਗਾ, "ਬਿੰਦੀ ! ਆਪਾਂ ਲੰਚ ਲਈ ਵੀ ਜਾਣਾ ਸੀ"

ਲੰਚ ਲਈ ਗੱਲ ਵੀ ਉਸ ਦਿਨ ਹੋਈ ਸੀ ਜਦੋਂ ਹੈਰੀ ਮੈਨੂੰ ਮੇਰੇ ਦਫ਼ਤਰ ਵਿਚ ਕੌਫ਼ੀ ਨੂੰ ਲੈ ਕੇ ਗਿਆ ਸੀ। ਕਹਿੰਦਾ ਸੀ, "ਕੰਮ 'ਤੇ ਪੱਕੀ ਲੱਗਣ ਤੋਂ ਬਾਅਦ ਆਪਾਂ ਲੰਚ ਕਰਨ ਚੱਲਾਂਗੇ।"

ਮੈਂ ਵੀ "ਸ਼ੂਅਰ" ਆਖ ਦਿੱਤਾ ਸੀ।

ਜਦੋਂ ਉਸਨੇ ਮੈਨੂੰ ਚੇਤਾ ਕਰਾਇਆ ਤਾਂ ਮੈਂ ਵੀ ਆਖਿਆ, "ਜਦੋਂ ਤੇਰਾ ਵਕਤ ਹੋਵੇ, ਉਦੋਂ ਚਲ ਚਲਾਂਗੇ।"

ਉਸਨੇ ਸ਼ੁਕਰਵਾਰ ਦਾ ਦਿਨ ਮੈਨੂੰ ਪੱਕਾ ਕਰਾ ਦਿੱਤਾ। ਮੈਨੂੰ ਇਹ ਵੀ ਪਤਾ ਸੀ ਕਿ ਇਹ ਲੰਚ ਮੇਰੇ ਸਿਰ ਹੈ। ਸਾਡੇ ਲੋਕ ਜੇ ਕਰ ਤੁਹਾਡੀ ਮਦਦ ਕਰਦੇ ਹਨ ਤਾਂ ਉਸਦਾ ਅਹਿਸਾਨ ਵੀ ਜਤਾਉਂਦੇ ਹਨ। ਤੇ ਮੈਂ ਜਿਵੇਂ ਇਸ ਭਾਰ ਤੋਂ ਮੁਕਤ ਹੋਣਾ ਚਾਹੁੰਦੀ ਸਾਂ। ਵੈਸੇ ਵੀ ਮੈਂ ਸੋਚਦੀ ਸਾਂ ਕਿ ਅਸੀਂ ਲੋਕ ਦੂਜੇ ਦੇਸ਼ ਦੀਆਂ ਚੰਗੀਆਂ ਗੱਲਾਂ ਭਾਵੇਂ ਨਾ ਸਿੱਖੀਏ ਪਰ ਹਰ ਬੁਰੀ ਗੱਲ ਜ਼ਰੂਰ ਸਿੱਖ ਲੈਂਦੇ ਹਾਂ ਅਤੇ ਆਪਣੀ ਬੁਰੀ ਆਦਤ ਇਨ੍ਹਾਂ ਲੋਕਾਂ ਨੂੰ ਵੀ ਸਿਖਾ ਦਿੰਦੇ ਹਾਂ। ਤਾਹੀਓਂ ਸਾਡੇ ਲੋਕ ਕੰਮ ਉੱਤੇ ਲੱਗਦੇ ਹੀ ਆਪਣੇ ਮੈਨੇਜਰਾਂ ਦੀ ਚਾਪਲੂਸੀ ਵਿਚ ਰੁੱਝ ਜਾਂਦੇ ਹਨ।

ਮਿੱਥੇ ਸਮੇਂ ਅਨੁਸਾਰ ਅਸੀਂ ਦੋਨੋਂ ਲੰਚ ਲਈ ਚਲੇ ਗਏ। ਸਾਡਾ ਲੰਚ 'ਤੇ ਜਾਣਾ, ਕੁੱਝ ਹੋਰ ਕਾਮਿਆਂ ਦੀਆਂ ਅੱਖਾਂ ਵਿਚ ਬਹੁਤ ਰੜਕਿਆ। ਮੇਰੇ ਨਾਲ਼ ਕੰਮ ਕਰਦੀ ਨੈਂਸੀ ਇਕ ਦਿਨ ਬੋਲੀ, "ਓਹ ! ਤੂੰ ਹੈਰੀ ਦੀ ਫੇਵਰਿਟ ਲਿਸਟ ਵਿਚ ਆ ਗਈ ਫੇਰ।"

ਮੈਨੂੰ ਨੈਂਸੀ ਦੀ ਗੱਲ ਜਿਵੇਂ ਚੰਗੀ ਨਾ ਲੱਗੀ। ਨਾ ਹੀ ਮੈਂ ਇਸਦਾ ਭਾਵ ਸਮਝੀ। ਗੱਲ ਆਈ ਗਈ ਹੋ ਗਈ। ਮੈਂ ਆਪਣਾ ਕੰਮ ਕਰਦੀ ਰਹੀ। ਹਰ ਡਿਪਾਰਟਮੈਂਟ ਵਿਚ ਆਪਣੀ ਡਿਊਟੀ ਸਾਂਭਣ ਵਾਸਤੇ ਕਈ ਕੁਝ ਸਿੱਖਣ ਦੀ ਲੋੜ ਹੁੰਦੀ ਹੈ। ਮੈਂ ਵੀ ਟਰੇਨਿੰਗ ਵਿੱਚੀਂ ਨਿੱਕਲਦੀ ਰਹੀ। ਜਿਉਂ ਮੈਂ ਕੰਮ ਸਿੱਖਦੀ, ਮੇਰੇ ਕੰਮ ਦੀ ਡਿਊਟੀ ਵੀ ਵੱਧਦੀ ਜਾਂਦੀ। ਕਈ ਕਾਮਿਆਂ ਦੀ ਜ਼ਿੰਮੇਵਾਰੀ ਵੀ ਮੇਰੇ ਸਿਰ ਪੈ ਗਈ। ਮੈਂ ਉਨ੍ਹਾਂ ਦਾ ਕੰਮ ਚੈੱਕ ਕਰਦੀ ਅਤੇ ਡੇਟਾ ਸੈਂਟਰ ਨੂੰ ਭੇਜਦੀ।

ਇਹ ਦੇਖਕੇ ਨੈਂਸੀ ਨੂੰ ਈਰਖਾ ਹੋਣ ਲੱਗੀ। ਉਹ ਸੋਚਣ ਲੱਗੀ ਕਿ ਸ਼ਾਇਦ ਮੈਨੂੰ ਪ੍ਰਮੋਸ਼ਨ ਨਾ ਮਿਲ ਜਾਵੇ। ਉਹ ਹੈਰੀ ਨੂੰ ਆਨੇ ਬਹਾਨੇ ਬਾਹਰ ਲਿਜਾਣ ਲੱਗ ਪਈ। ਉਸਨੂੰ ਸ਼ਾਇਦ 'ਹੈਰੀ' ਦੀ ਕਮਜ਼ੋਰੀ ਦਾ ਪਤਾ ਹੋਵੇਗਾ। ਮੈਨੂੰ ਇਸਦਾ ਕੋਈ ਫ਼ਰਕ ਨਾ ਪਿਆ। ਮੈਂ ਆਪਣੇ ਕੰਮ ਨਾਲ਼ ਵਿਹਾਰ ਰੱਖਿਆ।

ਮੇਰੇ ਬਿਨਾਂ ਹਰ ਇਕ ਨੂੰ 'ਹੈਰੀ' ਦੀ ਕਮਜ਼ੋਰੀ ਦਾ ਪਤਾ ਸੀ। 'ਹੈਰੀ' ਦੀ ਕਮਜ਼ੋਰੀ ਪੈਸਾ ਸੀ। ਨੈਂਸੀ ਨੂੰ ਵੀ ਇਸਦਾ ਗਿਆਨ ਸੀ। ਹੋਇਆ ਇਸ ਤਰ੍ਹਾਂ ਨੈਂਸੀ ਨੇ, ਹੈਰੀ ਨਾਲ਼ ਰਲ਼ ਕੇ ਆਪਣੀ ਪ੍ਰਮੋਸ਼ਨ ਸੁਪਰਵਾਈਜ਼ਰ ਦੇ ਤੌਰ 'ਤੇ ਕਰਵਾ ਲਈ। ਮੈਂ ਵੀ ਸੋਚਿਆ ਕਿ ਨੈਂਸੀ ਦਫ਼ਤਰ ਵਿਚ ਬਹੁਤ ਦੇਰ ਤੋਂ ਕੰਮ ਕਰਦੀ ਆ ਰਹੀ ਹੈ, ਤੇ ਉਹ ਡਿਜ਼ਰਵ ਵੀ ਕਰਦੀ ਹੈ। ਗੱਲ ਆਈ ਗਈ ਹੋ ਗਈ। ਸਭ ਨੇ ਨੈਂਸੀ ਨੂੰ ਵਧਾਈ ਦਿੱਤੀ ਤੇ ਮੈਂ ਵੀ ਉਸਨੂੰ ਵਧਾਈ ਦਾ ਕਾਰਡ ਦਿੱਤਾ। ਨੈਂਸੀ ਨੇ ਐਨਕਾਂ ਦੇ ਸ਼ੀਸ਼ਿਆ ਵਿੱਚੀਂ ਤੱਕਦਿਆ ਮੈਨੂੰ "ਥੈਂਕਯੂ" ਆਖਿਆ ਪਰ ਉਸਦੇ ਚਿਹਰੇ ਦੇ ਹਾਵ-ਭਾਵ ਜਿਵੇਂ ਕੁਝ ਹੋਰ ਹੀ ਆਖ ਰਹੇ ਹੋਣ।

ਪ੍ਰਮੋਸ਼ਨ ਤੋਂ ਬਾਅਦ, ਨੈਂਸੀ ਹੈਰੀ ਦੇ ਦਫ਼ਤਰ ਵਿਚ ਬਿਨਾ ਮਤਲਬ ਤੁਰੀ ਰਹਿਣ ਲੱਗੀ। ਇੱਥੋਂ ਤੱਕ ਉਹ ਕਈ ਵੇਰ 'ਹੈਰੀ' ਨਾਲ਼ ਲੰਚ ਉੱਤੇ ਜਾਂਦੀ ਅਤੇ ਲੰਚ ਦਾ ਵਕਤ ਇਕ ਘੰਟੇ ਦੀ ਥਾਂ ਉਹ ਦੋ ਘੰਟਿਆਂ

ਬਾਅਦ ਦੋਨੋਂ ਪਰਤਦੇ। ਜਦੋਂ ਪਰਤਦੇ ਵੀ, ਤਾਂ ਹੈਰੀ ਦੇ ਦਫ਼ਤਰ ਵਿਚੋਂ ਠਹਾਕਿਆਂ ਦੀ ਆਵਾਜ਼ ਸਭ ਨੂੰ ਸੁਣਾਈ ਦਿੰਦੀ। ਸਾਡੇ ਸਾਰੇ ਡਿਪਾਰਟਮੈਂਟ ਦੇ ਬੰਦਿਆਂ ਵਿਚ ਇਸ ਗੱਲ ਦੀ ਚਰਚਾ ਹੋਣ ਲੱਗ ਪਈ। ਸਾਰੇ ਕਾਨਾ ਫੂਸੀ ਜਿਹੇ ਕਰਦੇ ਰਹਿੰਦੇ।

ਹਰ ਸੋਮਵਾਰ, ਸਾਡੇ ਡਿਪਾਰਟਮੈਂਟ ਵਿਚ ਕੋਈ ਨਾ ਕੋਈ ਨਵਾਂ ਬੰਦਾ ਕੰਮ ਉੱਤੇ ਆਣ ਲੱਗਦਾ। ਇਹ ਸਾਰੇ ਬੰਦੇ ਨੈਂਸੀ ਲਗਵਾ ਰਹੀ ਸੀ। ਜਿਹੜੇ ਬੰਦੇ ਨੈਂਸੀ ਨੇ ਕੰਮ ਉੱਤੇ ਲਗਵਾਏ ਸਨ, ਉਹ ਸਭ ਉਸੇ ਦੇ ਹਮਵਤਨੀ ਸਨ। ਉਹ ਕੰਮ ਉੱਤੇ ਲਗਦੇ ਅਤੇ ਨੈਂਸੀ ਦੇ ਸਟਾਫ਼ ਦੇ ਨਾਲ਼ ਮੇਰੇ ਸਟਾਫ਼ ਵਿਚ ਦਾਖਲ ਹੋ ਜਾਂਦੇ। ਮੇਰਾ ਸਾਰਾ ਸਟਾਫ਼ ਅਤੇ ਡਿਪਾਰਟਮੈਂਟ ਨੈਂਸੀ ਦੇ ਲਗਵਾਏ ਹੋਏ ਬੰਦਿਆਂ ਨਾਲ਼ ਭਰ ਗਿਆ। ਜ਼ਾਹਿਰ ਹੈ ਕਿੱਧਰੇ ਨਾ ਕਿੱਧਰੇ ਕੁਝ ਗੜਬੜ ਜ਼ਰੂਰ ਹੋ ਰਹੀ ਸੀ। ਵਿੱਚੋ-ਵਿੱਚੀ ਰੌਲ਼ਾ ਪੈਣ ਲੱਗ ਪਿਆ ਕਿ ਨੈਂਸੀ ਕਾਮਿਆਂ ਤੋਂ ਪੈਸੇ ਲੈਂਦੀ ਹੈ। ਸਾਡੇ ਡਿਪਾਰਟਮੈਂਟ ਵਿਚ ਇਹ ਘੁਸਰ-ਮੁਸਰ ਕਈ ਦਿਨ ਹੁੰਦੀ ਰਹੀ। ਕਈ ਕਹਿੰਦੇ, "ਹਰ ਇਕ ਬੰਦੇ ਤੋਂ ਉਹ ਪੰਜ ਸੌ ਡਾਲਰ ਹੈਰੀ ਨੂੰ ਦੁਆਉਂਦੀ ਹੈ ਅਤੇ ਸੌ-ਦੋ ਸੌ ਆਪਣੇ ਕੋਲ ਰੱਖਦੀ ਹੈ। ਦੋਹਾਂ ਦੀਆ ਪੌਂ ਬਾਰਾਂ। ਇਸ ਗੱਲ ਦਾ ਹੋਰ ਕਿਸੇ ਨੂੰ ਪਤਾ ਵੀ ਨਹੀਂ ਲਗਦਾ।"

ਮੈਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ। ਦੂਜੇ ਡਿਪਾਰਟਮੈਂਟ ਵਾਲੀਆਂ ਕੁੜੀਆ ਮੇਰੇ ਕੋਲੋਂ ਆ ਕੇ ਪੁੱਛਦੀਆਂ। ਜੇ ਕਰ ਮੈਨੂੰ ਕੋਈ ਇਲਮ ਹੁੰਦਾ ਤਾਂ ਹੀ ਮੈਂ ਦੱਸਦੀ। ਮੈਂ ਕੰਮ ਉੱਤੇ ਆਉਂਦੀ, ਆਪਣਾ ਕੰਮ ਕਰਦੀ ਅਤੇ ਘਰ ਨੂੰ ਚਲੀ ਜਾਂਦੀ। ਮੇਰੀਆਂ ਆਪਣੀਆਂ ਘਰੇਲੂ ਸਮੱਸਿਆਵਾਂ ਬਹੁਤ ਸਨ ਜਿਹੜੀਆ ਨਿੱਤ ਪ੍ਰਤੀ ਨਜਿੱਠਣੀਆਂ ਪੈਂਦੀਆਂ। ਬੱਚਿਆਂ ਨੂੰ ਵੀ ਵਕਤ ਮੇਰੇ ਕੋਲੋਂ ਨਾ ਦੇ ਹੁੰਦਾ। ਤੇ ਮੈਂ ਇਨ੍ਹਾਂ ਗੱਲਾਂ ਵੱਲ ਬਹੁਤਾ ਧਿਆਨ ਨਾ ਦਿੱਤਾ।

ਘਰ ਆਉਂਦੀ ਤਾਂ ਬੱਚਿਆਂ ਦੀ ਰੀਂ-ਰੀਂ ਸ਼ੁਰੂ ਹੋ ਜਾਂਦੀ। ਬੀਜੀ ਦੀਆਂ ਸ਼ਿਕਾਇਤਾਂ ਸ਼ੁਰੂ ਹੋ ਜਾਂਦੀਆਂ। ਮੁੰਡਿਆਂ ਦੇ ਔਖੇ ਹੋਏ ਮੂੰਹ ਦੇਖ ਕੇ ਚਿੰਤਾ ਹੁੰਦੀ। ਦੋਨੋਂ ਬੱਚੇ ਦਾਦੀ ਦੀਆਂ ਸ਼ਿਕਾਇਤਾਂ ਲੈ ਕੇ ਬੈਠ ਜਾਂਦੇ। ਆਪਣੇ ਚਾਚਿਆਂ ਦੀਆਂ ਗੱਲਾਂ ਕਰਦੇ ਆਖਦੇ, "ਮੌਮ! ਦੇ ਆਰ ਸੋ ਲੇਜ਼ੀ। ਵਾਈ ਡੌਂਟ ਦੇ ਮੇਕ ਸਮਥਿੰਗ ਦੈਮ ਸੈਲਵਜ਼। ਦੇ ਆਸਕ ਦਾਦੀ ਟੂ ਮੇਕ ਇੱਟ। ਹਾਓ ਲੇਜ਼ੀ? ਦੇ ਵਾਚ ਸਟੁਪਿੱਡ ਇੰਡੀਅਨ ਮੂਵੀਜ਼ ਆਲ ਡੇ। ਸਾਨੂੰ ਟੀ.ਵੀ ਨਹੀਂ ਦੇਖਣ ਦਿੰਦੇ। ਸਾਡੇ ਕਾਰਟੂਨ ਮਿੱਸ ਹੋ ਗਏ।"

ਮੈਂ ਉਨ੍ਹਾਂ ਨੂੰ ਸਮਝਾਉਂਦੀ, "ਉਹ ਇਸ ਕੰਟਰੀ ਵਿੱਚ ਨਵੇਂ ਹਨ। ਵਿਚਾਰੇ ਹੋਰ ਕੀ ਕਰਨ? ਕਿੱਥੇ ਜਾਣ? ਉਨ੍ਹਾਂ ਨੂੰ ਇੰਗਲਿਸ਼ ਨਹੀਂ ਆਉਂਦੀ ਨਾ।"

ਪਰ ਅੰਦਰੋਂ ਮੈਂ ਜਾਣਦੀ ਸਾਂ ਕਿ ਜੋ ਬੱਚੇ ਆਖ ਰਹੇ ਹਨ, ਉਹ ਸਹੀ ਹੈ। ਦਵਿੰਦਰ ਵੀ ਦੋਹਾਂ ਭਰਾਵਾਂ ਨੂੰ ਸਮਝਾ ਚੁੱਕਾ। ਦਵਿੰਦਰ ਨੇ ਕਿਸੇ ਦੇ ਸਟੋਰ 'ਤੇ ਉਨ੍ਹਾਂ ਦੋਹਾਂ ਲਈ ਕੰਮ ਵੀ ਲੱਭ ਦਿੱਤਾ। ਬੰਦੇ ਪੰਜਾਬੀ ਸਨ। ਉਹ ਉਨ੍ਹਾਂ ਨੂੰ ਕੰਮ 'ਤੇ ਰੱਖਣ ਲਈ ਮੰਨ ਗਏ। ਬਾਹਰੋਂ ਆਏ ਮਾਲ ਨੂੰ ਟਰੱਕ ਵਿੱਚੋਂ ਲਾਹੁਣਾ ਸੀ ਅਤੇ ਅੰਦਰ ਰੱਖਣਾ ਸੀ। ਬਾਅਦ ਵਿਚ ਬਕਸੇ ਖੋਲ੍ਹ ਕੇ ਸ਼ੈਲਫਾਂ ਉੱਤੇ ਟਿਕਾਉਣਾ ਸੀ। ਉਹ ਦੋਨੋਂ ਦੋ ਦਿਨ ਨਾ ਕੱਟ ਸਕੇ। ਕਹਿਣ ਲੱਗੇ, "ਇੱਦਾਂ ਦਾ ਕੰਮ ਤਾ ਸਾਡੇ ਨੌਕਰ ਕਰਦੇ ਹੁੰਦੇ ਸੀ।"

ਮੈਨੂੰ ਉਨ੍ਹਾਂ ਦੀ ਇਹ ਗੱਲ ਸੁਣ ਕੇ ਜਿਵੇਂ ਗੁੱਸਾ ਆ ਗਿਆ। ਮੈਂ ਆਖ ਦਿੱਤਾ, "ਇੱਥੇ ਅਸੀਂ ਸਾਰੇ ਹੀ ਨੌਕਰ ਹਾਂ। ਇਹ ਕਨੇਡਾ ਐ। ਇੱਥੇ ਰੋਟੀ ਕੰਮ ਕਰਕੇ ਹੀ ਖਾ ਹੁੰਦੀ ਐ।"

ਇਹ ਗੱਲ ਕਹਿਣ ਦੀ ਦੇਰ ਸੀ ਜਦੋਂ ਨੂੰ ਬੀਜੀ ਮੇਰੇ ਸਿਰ ਉੱਤੇ ਆਣ ਖੜੀ। ਢਾਕਾਂ ਉੱਤੇ ਹੱਥ ਧਰੀ। ਕਹਿਣ ਲੱਗੀ, "ਤੈਨੂੰ ਅਸੀਂ ਹੁਣ ਰੋਟੀ ਖਾਂਦੇ ਵੀ ਚੰਗੇ ਨ੍ਹੀ ਲਗਦੇ? ਹਾਲੇ ਤਾਂ ਮੇਰਾ ਪੁੱਤ ਕਮਾਉਂਦੈ। ਜੇ



ਉਹ ਨਾ ਕਮਾਉਂਦਾ ਹੋਵੇ ਤਾਂ ਤੂੰ ਸਾਨੂੰ ਘਰੋਂ ਹੀ ਕੱਢਵਾ ਮਾਰੇਂ।"

ਮੈਂ ਖੜੀ ਦੇਖਾਂ। ਗੱਲ ਕਿੱਥੇ ਦੀ, ਬੀਜੀ ਨੇ ਕਿੱਥੇ ਲਿਆ ਮਾਰੀ। ਸ਼ੁਰੂ ਹੋ ਗਿਆ ਘਰ ਵਿਚ ਘੜਦੋਲ ਦੁੱਧ। ਦੋਨੋਂ ਮੁੰਡੇ ਅੱਡ ਔਖੇ। ਮੇਰੇ ਜਿਵੇਂ ਸਿਰ ਨੂੰ ਪੈਣ ਆਉਣ। ਕਹਿਣ, "ਭਾਬੀ! ਜੇ ਤੂੰ ਐਨੀ ਔਖੀ ਐਂ, ਸਾਨੂੰ ਮੰਗਾਉਣਾ ਕਾਹਨੂੰ ਸੀ? ਅਸੀਂ ਪਿੰਡ ਚੰਗੇ ਭਲੇ ਸੀ। ਐਥੇ ਕੈਦ ਵਿਚ ਤਾਂ ਨਾ ਰਹਿੰਦੇ। ਤੂੰ ਸਾਡੇ ਉੱਤੇ ਬੰਦਸ਼ਾਂ ਲਾਈ ਰੱਖਦੀ ਐ। ਕਦੀ ਦੱਸਦੀ ਐਂ ਪਾਣੀ ਵਾਲੀ ਟੂਟੀ ਕਿੱਦਾਂ ਛੱਡਣੀ ਐ, ਤੇ ਕਦੀ ਦੱਸਦੀ ਐਂ ਵਾਸ਼ਰੂਮ ਕਿੱਦਾਂ ਸਾਫ਼ ਰੱਖਣੇ ਐ, ਬੈੱਡ ਕਿੱਦਾਂ ਸੁਆਰਨੇ ਐ। ਤੂੰ ਸਾਨੂੰ ਸਮਝਿਆ ਕੀ ਐ? ਕਦੀ ਸਾਨੂੰ ਭਜਾਅ ਦਿੰਦੀ ਐਂ ਆਹ ਫੜ ਲਿਆਓ, ਔਹ ਫੜ ਲਿਆਓ। ਸਾਥੋਂ ਨ੍ਹੀ ਤੇਰੀਆਂ ਬੁੱਤੀਆਂ ਕੀਤੀਆਂ ਜਾਂਦੀਆਂ।" ਛੋਟਾ ਬੋਲਦਾ ਹੋਇਆ ਜਿਵੇਂ ਉੱਲਰ-ਉੱਲਰ ਕੇ ਮੇਰੇ ਵੱਲ ਨੂੰ ਆਵੇ।

ਸ਼ਾਮ ਨੂੰ ਦਵਿੰਦਰ ਘਰ ਆਏ 'ਤੇ ਹੋਰ ਸਿਆਪਾ ਖੜਾ ਕਰਕੇ ਬੈਠ ਗਏ। ਕਹਿਣ, " ਤੇਰੀ ਘਰਵਾਲ਼ੀ ਨੇ ਤਾਂ ਸਾਨੂੰ ਨੌਕਰ ਬਣਾਤਾ। ਸਾਥੋਂ ਨ੍ਹੀ ਇਹਦੀ ਜੀ ਹਜ਼ੂਰੀ ਕਰ ਹੁੰਦੀ। ਸਾਡਾ ਕੋਈ ਇਲਾਜ਼ ਕਰ, ਨਹੀਂ ਤਾਂ ਸਾਨੂੰ ਪਿੰਡ ਨੂੰ ਤੋਰ ਦੇ।"

ਦਵਿੰਦਰ ਮੇਰੇ ਨਾਲ਼ ਔਖਾ। ਆਖੇ, "ਲੈ-ਲੈ ਹੁਣ ਪਿੰਨੀਆਂ। ਤੈਨੂੰ ਬਹੁਤ ਚਾਅ ਚੜ੍ਹਿਆ ਸੀ ਟੱਬਰ ਮੰਗਵਾਉਣ ਦਾ। ਕਹਿੰਦੀ ਸੀ, ਟੱਬਰ ਇਕੱਠਾ ਹੋਜੂ। ਬੀਜੀ ਬੱਚੇ ਸਾਂਭ ਲੂ। ਆਪਾਂ ਕੰਮ ਕਰਾਂਗੇ। ਮੁੰਡੇ ਪੜ੍ਹੇ ਨ੍ਹੀ, ਇੱਥੇ ਕੋਈ ਮਾੜਾ ਮੋਟਾ ਕੰਮ ਕਰਕੇ ਆਪਣੀ ਜ਼ਿੰਦਗੀ ਤੋਰ ਲੈਣਗੇ। ਕਨੇਡਾ ਵਿਚ ਕੋਈ ਭੁੱਖਾ ਨ੍ਹੀ ਮਰਦਾ। ਮਾੜਾ ਮੋਟਾ ਕੰਮ ਕਰਕੇ ਸਾਰੇ ਰੋਟੀ ਕਮਾ-ਖਾ ਸਕਦੇ ਹਨ। ਇੰਡੀਆ ਵਿਚ ਤਾਂ ਊਂ ਹੀ ਡਰੱਗਾਂ ਨੇ ਲੋਕ ਖਾ ਲਏ। ਕੋਈ ਘਰ ਨ੍ਹੀ ਬਚਿਆ। ਜ਼ਮੀਨਾ ਬਚੀਆਂ ਨ੍ਹੀ ਜਿਹਦੇ ਵਿਚ ਕੋਈ ਹੱਲ਼ ਵਾਹ ਲਊ। ਹੁਣ ਤੂੰ ਕਰ ਗੱਲ? ਲੈ-ਲੈ ਸੁਆਦ ਮੰਗਵਾ ਕੇ ਟੱਬਰ ਨੂੰ।" ਤ ਤੇ ਉਹ ਮੇਰੇ ਵੱਲ ਲਾਲ ਅੱਖਾਂ ਕੱਢਦਾ ਫੈਮਿਲੀ ਰੂਮ ਨੂੰ ਤੁਰ ਪਿਆ।

ਮੈਂ ਕਵਿੱਧੀ ਜਿਹੀ ਵਿਚ ਫਸ ਗਈ। ਉੱਧਰ ਘਰ ਚਲਾਉਣ ਨੂੰ ਮੈਨੂੰ 'ਹੈਰੀ' ਵਰਗੇ ਬੰਦੇ ਦੀਆਂ ਮਿੰਤਾ ਕਰਨੀਆ ਪਈਆਂ ਤੇ ਇੱਧਰ ਸੱਸ ਰਾਣੀ ਅਤੇ ਮੇਰੇ ਦੋਨੋਂ ਦਿਓਰ ਅੱਡ ਔਖੇ। ਘਰ ਵਾਲਾ ਵੱਖ ਆਫਰਿਆ ਫਿਰੇ। ਉਸ ਰਾਤ ਕੋਈ ਕਿਸੇ ਨਾਲ਼ ਨਾ ਬੋਲਿਆ। ਮੈਂ ਵੀ ਸਵੇਰੇ ਬੱਚਿਆਂ ਨੂੰ ਤਿਆਰ ਕੀਤਾ, ਆਪ ਤਿਆਰ ਹੋਈ ਅਤੇ ਕੰਮ ਉੱਤੇ ਚਲੀ ਗਈ। ਨਾ ਬੀਜੀ ਬੋਲੀ ਅਤੇ ਨਾ ਉਸ ਨਾਲ਼ ਮੇਰਾ ਬੋਲਣ ਨੂੰ ਜੀਅ ਕੀਤਾ। ਰਿੰਕੂ ਅਤੇ ਪਿੰਕੀ ਕਦੀ ਮੇਰੇ ਵੱਲ ਦੇਖ ਲੈਣ ਤੇ ਕਦੀ ਆਪਣੀ ਦਾਦੀ ਵੱਲ।

ਸਾਡੇ ਦੋ ਚਾਰ ਦਿਨ ਇਸੇ ਤਰ੍ਹਾਂ ਨਿੱਕਲੇ। ਨਾ ਮੈਂ ਪੁੱਛਿਆ ਕਿ ਘਰ ਵਿਚ ਕੀ ਹਾਲ ਐ? ਤੇ ਨਾ ਉਨ੍ਹਾਂ ਨੇ ਦੱਸਿਆ।

ਮੈਂ ਕੰਮ ਉੱਤੇ ਜਾਂਦੀ ਰਹੀ। ਉੱਥੋਂ ਦਾ ਮਹੌਲ ਵੀ ਮੈਨੂੰ ਚੰਗਾ ਨਾ ਲਗਦਾ। ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਹੋ ਕੀ ਰਿਹਾ ਹੈ। ਮੇਰੇ ਸਟਾਫ਼ ਵਿਚ ਦਿਨੋ ਦਿਨ ਵਾਧਾ ਹੋਈ ਜਾ ਰਿਹਾ ਸੀ। ਸ੍ਰੀ ਲੰਕਨ ਮੁੰਡੇ ਕੁੜੀਆ ਨਾਲ਼ ਸਾਡਾ ਡਿਪਾਰਟਮੈਂਟ ਭਰੀ ਜਾ ਰਿਹਾ ਸੀ। ਬਾਕੀ ਦੇ ਡਿਪਾਰਟਮੈਂਟ ਆਪੋ ਵਿੱਚੀਂ ਗੱਲਾਂ ਕਰਦੇ ਕਿ, 'ਐਹ ਗੱਲ ਅਜ਼ੀਬ ਲਗਦੀ ਹੈ ਕਿ ਕਿਸੇ ਹੋਰ ਕਮਿਊਨਿਟੀ ਦਾ ਬੰਦਾ ਕੰਮ ਉੱਤੇ ਨਹੀਂ ਲੱਗ ਰਿਹਾ।' ਸੋਚਦੀ ਮੈਂ ਵੀ ਸਾਂ ਪਰ ਮੈਂ ਘਰ ਦੀ ਸਮੱਸਿਆ ਕਾਰਨ ਬਹੁਤੀ ਗੰਭੀਰਤਾ ਨਾਲ਼ ਨਹੀਂ ਸਾਂ ਲੈਂਦੀ।

ਜਦੋਂ ਹਫ਼ਤਾ ਕੁ ਬੀਤਿਆ, ਕੰਮ ਤੋਂ ਘਰ ਪਰਤਦਿਆਂ ਮੈਂ ਦੇਖਿਆ, ਬੀਜੀ ਬੜੇ ਖ਼ੁਸ਼ੀ ਦੇ ਰੌਂਅ ਵਿਚ ਸੀ। ਮੈਨੂੰ ਵੀ ਬਹੁਤ ਖੁਸ਼ ਹੋਕੇ ਬੋਲੀ ਅਤੇ ਚਾਹ ਪਾਣੀ ਵੀ ਪੁੱਛਿਆ। ਮੇਰਾ ਅੰਦਰ ਜਿਵੇਂ ਡਰਨ ਲੱਗਾ ਕਿ

ਇਹ ਕਿਸੇ ਹੋਰ ਬਿਪਤਾ ਦਾ ਸੰਕੇਤ ਤਾਂ ਨਹੀਂ। ਮੇਰਾ ਛੋਟਾ ਦਿਓਰ ਅੰਦਰੋਂ ਨਿੱਕਲਿਆ ਅਤੇ ਆਉਂਦਾ ਹੀ ਬੋਲਿਆ, "ਲੈ ਭਾਬੀ ! ਤੇਰਾ ਭਾਰ ਵੀ ਹੌਲ਼ਾ ਕਰ ਹੀ ਦੇਣੈ।"

ਮੈਂ ਉਸਦੇ ਮੂੰਹ ਵੱਲ ਦੇਖਾਂ। ਪਰ ਪੁੱਛਣ ਦਾ ਮੇਰਾ ਜੇਰਾ ਨਾ ਪਵੇ।

"ਦੇਖਦੀ ਕੀ ਐਂ? ਮੈਂ ਕੰਮ ਉੱਤੇ ਲੱਗ ਗਿਆਂ। ਮੈਂ ਵੀ ਸੋਚਿਆ ਕਿ ਕੰਮ ਕਰੂੰਗਾ ਤਾਂ ਬੀਬੀ ਵੀ ਸੌਖੀ ਹੋਜੂ। ਬੀਬੀ ਨੂੰ ਕਿਸੇ ਦੀਆਂ ਗੱਲਾਂ ਵੀ ਨਾ ਸੁਣਨੀਆਂ ਪੈਣਗੀਆਂ।" ਉਸਨੇ ਜਿਵੇਂ ਮੈਨੂੰ ਨਿਹੋਰਾ ਜਿਹਾ ਵੀ ਮਾਰਿਆ।

ਮੈਂ ਉਸਨੂੰ ਵਧਾਈ ਦਿੱਤੀ ਅਤੇ ਉਸਦੀ ਅਖੀਰਲੀ ਗੱਲ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਸੋਚਿਆ ਕਾਹਨੂੰ ਹੋਰ ਕੋਈ ਬਿਪਤਾ ਖੜੀ ਕਰਨੀ ਹੈ। ਇਹ ਸੋਚਦਿਆਂ ਹੋਇਆਂ ਮੈਂ ਆਪਣੇ ਕੱਪੜੇ ਬਦਲਣ ਆਪਣੇ ਕਮਰੇ ਨੂੰ ਚਲੀ ਗਈ। ਘਰ ਵਿਚ ਸਭ ਸੁੱਖ ਸਾਂਦ ਹੋ ਗਈ। ਬੀਜੀ ਖੁਸ਼ ਰਿਹਾ ਕਰੇ। ਇਕ ਮੁੰਡਾ ਕੰਮ 'ਤੇ ਚਲਿਆ ਜਾਇਆ ਕਰੇ ਤੇ ਦੂਜਾ ਵੀ ਕੰਮ ਟੋਲਣ ਦੇ ਆਹਰੇ ਲੱਗ ਗਿਆ। ਦਵਿੰਦਰ ਵੀ ਕਹਿਣ ਲੱਗਾ, "ਚਲੋ ! ਥੋੜੀ ਜਿਹੀ ਹਲਚਲ ਤਾਂ ਹੋਈ। ਘੱਟੋ-ਘੱਟ ਆਪਣਾ ਆਪ ਹੀ ਚੱਕੂਗੇ। ਮੇਰੀ ਸਿਰ ਦਰਦੀ ਮੁਕੂ।"

ਮਹੀਨਾ ਖੰਡ ਸਾਡਾ ਇਸੇ ਤਰ੍ਹਾਂ ਨਿੱਕਲ ਗਿਆ। ਮੈਂ ਆਪਣੇ ਕੰਮ ਵਲ ਧਿਆਨ ਦੇਣ ਲੱਗ ਪਈ। ਮੇਰਾ ਕੰਮ ਦਿਨੋਂ ਦਿਨ ਵਧੀ ਜਾ ਰਿਹਾ ਸੀ। ਮੈਂ ਹਰ ਰੋਜ਼ ਥੱਕੀ-ਟੁੱਟੀ ਘਰ ਵੜਦੀ। ਬੱਚਿਆਂ ਨਾਲ਼ ਵੀ ਦੋ ਪਲ ਬਿਤਾਉਣ ਦੇ ਨਾ ਮਿਲਦੇ। ਘਰ ਆ ਕੇ ਰੋਟੀ-ਪਾਣੀ ਕਰਦਿਆਂ ਅੱਠ ਨੌਂ ਵੱਜ ਜਾਂਦੇ। ਜਦੋਂ ਨੂੰ ਜਿਸਮ ਥੱਕ ਟੁੱਟ ਚੂਰ ਹੋ ਜਾਂਦਾ। ਪਰ ਫੇਰ ਵੀ ਘਰ ਵਿਚ ਸ਼ਾਂਤੀ ਰਹੀ।

ਦੋ ਕੁ ਹਫ਼ਤੀਂ ਮੇਰਾ ਦੂਜਾ ਦਿਓਰ ਵੀ ਕੰਮ ਉੱਤੇ ਜਾ ਲੱਗਾ। ਅਸੀਂ ਸੋਚਿਆ, ਚਲੋ ਇਹ ਦੋਨੋਂ ਬਿਜ਼ੀ ਰਹਿਣਗੇ। ਆਪਣੀ ਕਮਾਈ ਕਰਨਗੇ ਅਤੇ ਆਪਣੇ ਖਰਚੇ ਵੀ ਚੁੱਕਣਗੇ।

ਮੌਸਮ ਬਦਲ ਗਿਆ ਸੀ। ਠੰਢ ਨੇ ਪੈਰ ਪਸਾਰ ਲਏ ਸਨ। ਸਨੋਅ ਵੀ ਅਗੇਤੀ ਜਿਹੀ ਪੈਣ ਲੱਗ ਪਈ ਸੀ। ਤੇ ਮੇਰੀ ਪਿੰਕੀ ਨੂੰ ਸਰਦੀ ਲੱਗ ਕੇ ਬੁਖਾਰ ਹੋ ਗਿਆ। ਖੰਘ ਨਾਲ਼ ਬੁਰਾ ਹਾਲ। ਰੀਂ-ਰੀਂ ਕਰਦੀ ਪਿੰਕੀ ਜਿਵੇਂ ਮੇਰੇ ਨਾਲ਼ ਚਿੰਬੜੀ ਜਾਵੇ। ਬੀਜੀ ਆਖੇ, "ਭਾਈ ਐਦਾਂ ਦੀ ਹਾਲਤ ਵਿਚ ਮੈਂ ਕੁੜੀ ਨੂੰ ਨਹੀਂ ਰੱਖ ਸਕਦੀ। ਆਪੇ ਸਾਂਭੋ ਆਪਣੇ ਨਿਆਣੇ। ਮੈਂ ਕਿਹੜੀ ਇਨ੍ਹਾਂ ਦੀ ਆਇਆ ਲੱਗੀ ਹੋਈ ਹਾਂ। ਤੁਹਾਨੂੰ ਕੰਮਾਂ ਤੋਂ ਤਨਖਾਹ ਮਿਲਦੈ ਐ ਤੇ ਮੈਂ ਸਾਰਾ ਦਿਨ ਸਿਰ ਖਪਾਈ ਕਰਦੀ ਹਾਂ, ਇਸਦਾ ਮੈਨੂੰ ਕੀ ਮਿਲਦੈ?"

ਮੈਂ ਖੜੀ ਉਸਦੇ ਮੂੰਹ ਵੱਲ ਤੱਕਾਂ। ਸੋਚਾਂ, ਇਹ ਰਿਸ਼ਤੇ ਕਦੋਂ ਬਦਲ ਗਏ? ਕਦੋਂ ਦਾਦੀ, ਆਇਆ ਬਣ ਗਈ? ਤੇ ਸਾਡੀ ਬੀਜੀ ਵੀ ਹੁਣ ਸਾਥੋਂ ਤਨਖਾਹ ਦੀ ਉਡੀਕ ਕਰਨ ਲੱਗ ਪਈ ਸੀ। ਮਨ ਦੇ ਕਿਸੇ ਕੋਨੇ ਵਿਚ ਜਿਵੇਂ ਕੱਚ ਵਾਂਗ ਕੁੱਝ ਟੁੱਟ ਗਿਆ। ਮੈਂ ਫੇਰ ਵੀ ਨਾ ਬੋਲੀ ਅਤੇ ਨਾ ਹੀ ਦਵਿੰਦਰ ਨੇ ਕੁਝ ਕਿਹਾ।

ਮੈਂ ਪਿੰਕੀ ਨੂੰ ਡਾਕਟਰ ਦੇ ਲੈ ਕੇ ਗਈ। ਜਦੋਂ ਵਾਪਸ ਪਰਤੀ ਤਾਂ ਬੀਜੀ ਨੇ ਮੈਨੂੰ ਖ਼ਬਰ ਸੁਣਾ ਦਿੱਤੀ, "ਲੈ ਭਾਈ ! ਹੁਣ ਤੁਸੀਂ ਆਪਣੇ ਨਿਆਣੇ ਸਾਂਭੋ। ਮੈਂ ਵੀ ਰਤਨੀ ਦੇ ਨਾਲ਼ ਕੰਮ 'ਤੇ ਜਾਇਆ ਕਰਨੈ।"

ਮੈਂ ਖੜੀ ਦੇਖਾਂ। ਝੂਠੀ ਜਿਹੀ ਮੁਸਕਾਨ ਲਿਆ ਕੇ ਉਨ੍ਹਾਂ ਨੂੰ ਆਖਿਆ, "ਬੀਜੀ ! ਤੁਹਾਨੂੰ ਕੰਮ ਕਰਨ ਦੀ ਕੀ ਲੋੜ ਐ। ਤੁਹਾਡੇ ਤਿੰਨੋ ਪੁੱਤ ਕੰਮ ਕਰਦੇ ਐ। ਤੇ ਫੇਰ ਮੈਂ ਵੀ ਕੰਮ ਕਰਦੀ ਹਾਂ। ਤੁਹਾਡੇ ਆਰਾਮ ਦਾ ਵਕਤ ਹੈ।"

ਬੀਜੀ ਨਿਹੋਰੇ ਵਾਂਗ ਬੋਲੀ, "ਹਾਹੋ ! ਮੈਨੂੰ ਆਰਾਮ ਤਾਂ ਤੂੰ ਬਹੁਤ ਕਰਾਤਾ। ਸਾਰਾ ਦਿਨ ਤੇਰੇ ਨਿਆਣੇ ਮੇਰਾ ਸਿਰ ਖਪਾ ਦਿੰਦੇ ਐ। ਭਾਈ ਬਾਹਰ ਜਾਊਂ, ਕਿਸੇ ਨੂੰ ਮਿਲੂੰ ਗਿਲੂੰਗੀ। ਚਾਰ ਪੈਸੇ ਵੀ ਆ



ਜਾਣਗੇ ਖਰਚਣ ਲਈ। ਪੁੱਤਾਂ ਅੱਗੇ ਹੱਥ ਨਾ ਅੱਡਣਾ ਪਊ।"

ਬੀਜੀ ਦੀ ਇਸ ਗੱਲ ਨਾਲ਼ ਮੇਰੇ ਕੋਲ ਕੁਝ ਕਹਿਣ ਲਈ ਬੱਚਿਆ ਹੀ ਨਹੀਂ ਸੀ। ਮੇਰੇ ਦੁਆਲੇ ਮਾਇਆ ਦਾ ਜਾਲ਼ ਵਿਛਿਆ ਪਿਆ ਸੀ। ਕਦੀ ਮੈਂ ਬੀਜੀ ਵੱਲ ਦੇਖਾਂ ਤੇ ਕਦੀ ਮੈਂ 'ਹੈਰੀ' ਬਾਰੇ ਸੋਚਾਂ। ਮੇਰੇ ਟੈਲੀਫੋਨ ਦੀ ਘੰਟੀ ਖੜਕੀ। ਡਗਲੱਸ ਫੋਨ 'ਤੇ ਸੀ। ਮੈਂ ਹੈਲੋ ਆਖੀ। ਡਗਲੱਸ ਰਾਜ਼ੀ ਖੁਸ਼ੀ ਤੋਂ ਬਾਅਦ ਬੋਲਿਆ, "ਵੈਂਡੀ ! ਡਿੱਡ ਹੈਰੀ ਐਵਰ ਆਸਕ ਯੂ ਫਾਰ ਐਨੀ ਮਨੀ?"

ਮੇਰੀ ਜਿਵੇਂ ਰੂਹ ਕੰਬ ਗਈ। ਸੋਚਾਂ ਕਿ ਡਗਲੱਸ ਨੂੰ ਕਿਵੇਂ ਪਤਾ ਲੱਗਾ? ਹੁਣ ਮੈਂ ਕੀ ਆਖਾਂ? ਸੱਚ ਜਾਂ ਝੂਠ? ਸੋਚਦਿਆ ਹੋਇਆਂ, ਜੱਕੋ-ਤੱਕੀ ਵਿਚ ਆਖਿਆ ਗਿਆ, "ਨੋ ਡਗਲੱਸ।"

"ਅੱਛਾ? ਚੰਗਾ ਹੋਇਆ। ਵਰਨਾ ਤੂੰ ਵੀ ਕਿਸੇ ਮੁਸੀਬਤ ਵਿਚ ਪੈ ਜਾਣਾ ਸੀ।" ਡਗਲਸ ਨੇ ਆਖਿਆ।

"ਉਹ ਕਿਵੇਂ?" ਮੈਂ ਡਰਦਿਆਂ ਹੋਇਆ ਪੁੱਛਿਆ।

"ਉਹ ਇਸ ਤਰ੍ਹਾਂ ਕਿ ਹੈਰੀ ਕਈਆਂ ਤੋਂ ਪੈਸੇ ਲੈ ਰਿਹਾ ਸੀ ਕੰਮ ਉੱਤੇ ਲਗਵਾਉਣ ਲਈ। ਅਸੀਂ ਕਿੰਨੇ ਚਿਰ ਤੋਂ ਉਸ ਉੱਤੇ ਨਜ਼ਰ ਰੱਖੀ ਹੋਈ ਸੀ ਪਰ ਉਹ ਫੜ ਨਹੀਂ ਸੀ ਹੋ ਰਿਹਾ। ਇਸੇ ਵਾਸਤੇ ਮੈਂ ਤੈਨੂੰ ਕਿਹਾ ਸੀ ਕਿ ਉਹ ਬਹੁਤਾ ਚੰਗਾ ਬੰਦਾ ਨਹੀਂ ਹੈ। ਹੁਣ ਅਸੀਂ ਉਸਨੂੰ ਰੰਗੇ ਹੱਥੀ ਫੜ ਲਿਆ ਹੈ। ਸਾਡੀ ਸਕਿਉਰਿਟੀ ਨੇ ਉਸਨੂੰ ਬਿਲਡਿੰਗ ਦੇ ਅੰਦਰ ਵੀ ਨਹੀਂ ਵੜਣ ਦਿੱਤਾ। ਤੂੰ ਖਿਆਲ ਰੱਖੀਂ। ਕੋਈ ਐਸੀ ਗੱਲ ਤੇਰੇ ਜ਼ਿਹਨ ਵਿਚ ਆਵੇ ਤਾਂ ਤੂੰ, ਮੈਨੂੰ ਜ਼ਰੂਰ ਦੱਸੀਂ। ਓ.ਕੇ. ਟੇਕ ਕੇਅਰ। ਬਾਈ।"

ਉਹ ਸਭ ਕੁਝ ਆਖਦਾ ਹੋਇਆ ਫੋਨ ਦੀ ਸੰਘੀ ਨੱਪਦਾ ਚਲੇ ਗਿਆ। ਮੈਂ ਬੈਠੀ ਸੋਚਾਂ ਕਦੀ ਆਪਣੇ ਬਾਰੇ, ਕਦੀ ਹੈਰੀ ਬਾਰੇ ਅਤੇ ਕਦੀ ਆਪਣੇ ਪਰਿਵਾਰ ਦੇ ਜੀਆਂ ਬਾਰੇ। ਸਾਰੀ ਪੈਸੇ ਦੀ ਖੇਡ ਸੀ। ਕੋਈ ਕਿਸੇ ਦਾ ਸਕਾ ਨਹੀਂ ਸੀ। ਮੈਨੂੰ ਜਾਪਿਆ ਜਿਵੇਂ ਪਿੰਕੀ ਅਤੇ ਰਿੰਕੂ ਵੀ ਉਸੇ ਖੇਡ ਦਾ ਹਿੱਸਾ ਬਣ ਰਹੇ ਹੋਣ। ਇਹ ਸੋਚਦਿਆਂ ਹੋਇਆਂ ਮੈਂ ਪਿੰਕੀ ਨੂੰ ਘੁੱਟ ਕੇ ਨਾਲ਼ ਲਾ ਲਿਆ।

**Balbir Sanghera**
1266, ROPER DRIVE, MILTON, ONTARIO
L 9 T 6 E 6, CANADA, Ph. 905-878-6499



# ਕਹਾਣੀ / ਸੁਰਖੀ ਦੀ ਕਥਾ ਕੱਲ ਨੂੰ / - ਅਮਰਜੀਤ ਚਾਹਲ

"ਗਲ ਅਸਲ ਵਿੱਚ ਇੰਞ ਹੋਈ।"

"ਕੁੜੀ ਨੇ ਇੱਕ ਕੱਸਵਾਂ ਥੱਪੜ ਮੁੰਡੇ ਦੇ ਮੂੰਹ ਉਪਰ ਮਾਰਿਆ। ਠੀਕ ਉਸ ਸਮੇਂ ਹੀ ਦੂਰ ਕਿੱਧਰੇ ਬੋਲ ਗੂੰਜਿਆ, ਜੋ ਬੋਲੇ... ਏ...ਸੋ...।" ਮਹਾਂਰਾਜ ਮੁਕਰਾਏ ਅਤੇ ਸੰਗਤ ਦਾ ਪ੍ਰਤੀਕਰਮ ਜਾਨਣ ਲਈ,ਇਕ ਦ੍ਰਿਸ਼ਟੀ ਸੰਗਤ ਉਪਰ ਸਿੱਟੀ।

" ਮੈਂ ਲੇਟ ਹੋ ਗਿਆ... ਮੈਂ ਲੇਟ ਹੋ ਗਿਆ...।" ਕੂਕਦਾ ਹੋਇਆ ਬੀਰਇੰਦਰ ਦੌੜ ਪਿਆ। ਉਸ ਦੇ ਦੌੜੇ ਜਾਂਦਿਆਂ ਰਾਹ ਦੀ ਭੁੱਬਲ ਉੱਡਣੀ ਸ਼ੁਰੂ ਹੋ ਗਈ। ਘਬਰਾਕੇ ਅੰਬਰੀ ਨੇ ਨੱਠੇ ਜਾਂਦੇ ਬੀਰਇੰਦਰ ਵੱਲ ਦੇਖਿਆ। ਦੂੜ..ਰ ਦੌੜਾ ਜਾਂਦਾ ਉਹ ਇੱਕ ਬਿੰਦੂ ਲੱਗ ਰਿਹਾ ਸੀ। ਫਿਰ ਉਹ ਧੂੜ ਦਾ ਵਰੋਲਾ ਜਿਹਾ ਬਣ ਗਿਆ। ਪਰ ਉਸ ਦੇ ਪੈਰ ਨਜ਼ਰ ਆ ਰਹੇ ਸਨ। ਭਾਰੇ -ਭਾਰੇ ਪੱਧਰੇ ਪੈਰ। ਉਸ ਦਾ ਹਰ ਕਦਮ ਜਦ ਰਾਹ ਦੀ ਭੁੱਬਲ ਵਿੱਚ ਵੱਜਦਾ ਤਾਂ ਉਪਰ ਨੂੰ ਧੂੜ ਦਾ ਇੱਕ ਵਰੋਲਾ ਉੱਠਦਾ।

ਘਬਰਾ ਕੇ ਅੰਬਰੀ ਨੇ ਸੋਚਿਆ, ਹੁਣ ਉਹ ਕੀ ਕਰੇ? ਕਿਤੇ ਇੰਦਾ ਮੈਨੂੰ ਸਰਾਪ ਤੇ ਨਹੀਂ ਦੇ ਦੇਵੇਗਾ? ਫਿਰ ਬਿਨਾ ਕੁਝ ਹੋਰ ਸੋਚਿਆਂ ਅੰਬਰੀ ਵੀ 'ਵਾਜਾਂ ਮਾਰਦੀ ਹੋਈ ਉਸ ਦੇ ਪਿੱਛੇ ਦੌੜ ਪਈ।

"ਇੰਦਰੇ...ਮੇਰੇ ਇੰਦਰ...ਉਏ ਇੰਦਰਾ... ਕੁੱਤਿਆ,ਕਿਉਂ ਮੈਨੂੰ ਖਫਾਉਣ ਲੱਗਾਂ! ਮੇਰੇ ਤਿੱੜਕੇ ਹੋਏ ਕੰਙਣਾ, ਹੁਣ ਰੁਕ ਵੀ ਜਾ।"

ਆਪਣੀ ਦੌੜ ਦੀ ਗਤੀ ਨੂੰ ਘਟਾਉਣ ਲਈ ਬੀਰਇੰਦਰ ਨੇ ਉਪਰ ਨੂੰ ਹੱਥ ਚੁਕਕੇ ਫਿਰ ਅੱਗੇ ਨੂੰ ਕਰ ਲਏ ਜਿਵੇਂ ਹਵਾ ਨੂੰ ਧੱਕ ਰਿਹਾ ਹੋਵੇ। ਉਸ ਦੀ ਰਫ਼ਤਾਰ ਕੁਝ ਕੁ ਘੱਟ ਗਈ। ਉਸ ਨੇ ਰੁਕਣ ਲਈ ਇੱਕ ਪਿੱਪਲ ਦੇ ਵੱਡੇ ਸਾਰੇ ਟਾਹਣੇ ਨੂੰ ਹੱਥ ਪਾਇਆ ਤਾਂ ਟਾਹਣਾਂ ਤਿੱੜ-ਤਿੱੜ ਕਰਦਾ ਟੁਟ ਗਿਆ ਅਤੇ ਪਿੱਪਲ ਵੀ ਜੜ੍ਹਾਂ ਤੱਕ ਹਿੱਲ ਗਿਆ। ਟੁਟੇ ਹੋਏ ਟਾਹਣੇ ਨੂੰ ਦੇਖਕੇ ਉਹ ਵੀ ਘਬਰਾ ਗਿਆ। ਬੀਰਇੰਦਰ ਨੂੰ ਜਾਪਿਆ, ਹੁਣ ਪਿੱਪਲ ਉਸ ਨੂੰ ਸਰਾਪ ਦੇਵੇਗਾ।

ਪਿੱਪਲ ਨੇ ਉਸ ਦੇ ਪਸੀਨਾ ਆਏ ਮੁਖ ਨੂੰ ਆਪਣੇ ਪੱਤਿਆਂ ਨਾਲ ਪੂਝ ਕੇ ਕਿਹਾ, "ਡਰ ਨਾ। ਤੈਂ ਕੋਈ ਜਾਣ-ਬੁੱਝਕੇ ਮੈਨੂੰ ਨਹੀਂ ਨੁਕਸਾਨਿਆ। ਇਸ ਨੂੰ ਜ਼ਮੀਨ ਵਿੱਚ ਗੱਡ ਦੇ, ਇਹ ਹਰਾ ਹੋ ਜਾਵੇਗਾ। ਇੱਕ ਹੋਰ ਪਿੱਪਲ ਪੈਦਾ ਹੋਵੇਗਾ।"

ਟੁਟੇ ਹੋਏ ਟਾਹਣੇ ਨੂੰ ਜ਼ਮੀਨ ਵਿੱਚ ਲਾਉਂਦਿਆਂ ਬੀਰਇੰਦਰ ਨੇ ਅੰਬਰੀ ਨੂੰ ਪੁੱਛਿਆ, "ਤੂੰ ਨਰਾਜ਼ ਤਾਂ ਨਹੀਂ ਮੇਰੇ ਨਾਲ। ਮੈਥੋਂ ਪਾਪ ਹੋ ਗਿਆ। ਮੈਂ ਪਿੱਪਲ ਨੁਕਸਾਨ ਤਾ।"

"ਪਿਤਾ ਸਮਾਨ ਹੈ ਪਿੱਪਲ ਦੇਵਤਾ।" ਸਾਹੋ-ਸਾਹ ਹੋਈ ਬੈਠਣ ਲੱਗੀ ਅੰਬਰੀ ਨੇ ਬਰਫ ਨੂੰ ਪਰ੍ਹਾਂ ਨੂੰ ਧੱਕਿਆ ਤਾਂ ਹੇਠੋਂ ਕੂਲ੍ਹਾ ਕੱਕਾ ਰੇਤਾ ਨਿਕਲ ਆਇਆ। "ਦੇਖ,ਦੇਖ! ਇਸ 'ਤੇ ਕੀ ਆਫਤ ਆਈ ਹੈ।" ਉਸ ਨੇ ਬੀਰਇੰਦਰ ਦਾ ਹੱਥ ਫੜ੍ਹਕੇ ਆਪਣੇ ਸੀਨੇ ਉਪਰ ਰੱਖ ਲਿਆ।

ਉਸ ਦੇ ਮਿੱਟੀ-ਘੱਟੇ ਵਾਲੇ ਪੈਰਾਂ ਨੂੰ ਚੁੰਮਕੇ ਬੀਰਇੰਦਰ ਨੇ ਫਿਰ ਪੁੱਛਿਆ, "ਪਰ... ਤੂੰ...ਮੇਰੇ ਨਾਲ ਨਰਾਜ਼ ਤੇ ਨਈਂ ?"

ਅੰਬਰੀ ਦਾ ਤੌਖਲਾ ਦੂਰ ਹੋ ਗਿਆ। ਉਹ ਬੋਲੀ, "ਤੂੰ ਘੋੜਾ...ਤੂੰ ਖੋਤਾ...ਤੂੰ ਉੱਲੂ...ਤੂੰ ਕੁੱਤਾ...ਤੂੰ



ਸੂਰ, ਜਾ ਮੈਂ ਨਈਂ ਤੇਰੇ ਨਾਲ ਬੋਲਦੀ।" ਉਹ ਬੜੇ ਆਰਾਮ ਨਾਲ ਬਰਫ ਵਿੱਚਕਾਰ ਕੱਕੇ ਰੇਤੇ ਉਪਰ ਲੇਟ ਗਈ। ਬੀਰਇੰਦਰ ਉਪਰਾਮਤਾ ਜਿਹੀ ਨਾਲ ਉੱਠ ਖੜ੍ਹਾ ਹੋਇਆ। ਉਸ ਨੇ ਦੇਖਿਆ ਅੰਬਰੀ ਇਉਂ ਲੱਗ ਰਹੀ ਹੈ ਜਿਵੇਂ ਲੰਮੀ - ਚੌੜੀ ਚਿੱਟੀ ਚਾਦਰ ਉਪਰ ਸੁਰਖ ਗੁਲਾਬ ਦਾ ਫੁੱਲ ਪਿਆ ਹੋਵੇ। ਉਸ ਦੇ ਮੂੰਹ ਵਿੱਚੋਂ ਭਾਫ਼ ਨਿਕਲ - ਨਿਕਲ ਕੇ ਅਸਮਾਨ ਵਿੱਚ ਬੱਦਲ ਬਣ ਰਹੇ ਹਨ। ਇਹ ਨਜ਼ਾਰਾ ਦੇਖਕੇ ਬੀਰਇੰਦਰ ਮੁਸਕਰਾਇਆ। ਮੁਸਕਰਾਉਣ ਨਾਲ ਉਸ ਦੇ ਅੰਦਰੋਂ ਪਾਪ ਦਾ ਆਭਾਵ ਖਤਮ ਹੋ ਗਿਆ। ਅੰਬਰੀ ਨੇ ਉਸ ਵੱਲ ਨੂੰ ਪਾਸਾ ਪਰਤਿਆ। ਕੂਹਣੀ ਜ਼ਮੀਨ ਉਪਰ ਲਾਕੇ ਅਤੇ ਬਾਂਹ ਖੜ੍ਹੀ ਕਰਕੇ ਉਸ ਨੇ ਹਥੇਲੀ ਉਪਰ ਆਪਣਾ ਸਿਰ ਟਿਕਾ ਲਿਆ। ਫਿਰ ਉਹ ਮੁਸਕਰਾਈ ਤਾਂ ਬਰਫ ਦੀ ਚਿੱਟੀ ਚਾਦਰ ਵਿੱਚੋਂ ਰੰਗ-ਬਰੰਗੇ ਫੁੱਲ ਨਿਕਲ ਆਏ। ਵੱਖੀ ਭਾਰ ਪਈ ਨੇ ਆਪਣੀ ਸੱਜੀ ਲੱਤ ਹੇਠਾਂ-ਉਪਰ ਨੂੰ ਹਿਲਾਉਣੀ ਸ਼ੁਰੂ ਕਰ ਦਿੱਤੀ। ਉਸ ਦੇ ਖੱਬੇ ਪੈਰ ਨਾਲ ਖਹਿਕੇ ਲੰਘਦਾ ਨਦੀ ਦਾ ਪਾਣੀ ਕੁਲ੍ਹ-ਕੁਲ੍ਹ ਕਰਕੇ ਗੁਣ-ਗੁਣਾਉਣ ਲੱਗਾ। ਇਹ ਨਜ਼ਾਰਾ ਦੇਖਕੇ ਚੰਦਰਮਾ ਹੱਸਿਆ। ਉਸ ਦੇ ਚਿੱਟੇ ਦੰਦ ਨਾਲ ਸੂਰਜ ਦੀ ਭਟਕਦੀ ਹੋਈ ਇੱਕ ਕਿਰਨ ਟਕਰਾ ਕੇ ਬਰਫ ਦੇ ਕਣ ਉਪਰ ਪਈ। ਉਹ ਕਣ ਤਾਰਾ ਬਣ ਚਮਕਣ ਲੱਗਾ। ਬੀਰਇੰਦਰ ਨੇ ਮੌਕਾ ਸੰਭਾਲਦਿਆਂ, ਉਹ ਤਾਰਾ ਆਪਣੀ ਤਰਜ਼ਨੀ ਉਂਗਲ ਦੇ ਪੋਟੇ ਨਾਲ ਚੁੱਕਕੇ ਅੰਬਰੀ ਦੇ ਮੱਥੇ ਉਪਰ ਜੜ੍ਹ ਦਿੱਤਾ। ਉਹ ਬਹੁਤ ਖੁਸ਼ ਹੋਈ। ਅੰਬਰੀ ਨੇ ਆਪਣੇ ਮਿੱਟੀ-ਘੱਟੇ ਵਾਲੇ ਪੈਰ ਆਪਸ ਵਿੱਚ ਮਾਰਕੇ ਝਾੜੇ। ਇੱਕ ਪੈਰ ਉਸ ਨੇ ਬੜੀ ਅਦਾ ਨਾਲ ਬੀਰਇੰਦਰ ਨੂੰ ਚੁੰਮਣ ਲਈ ਦੇ ਦਿੱਤਾ। ਬੀਰਇੰਦਰ ਨੇ ਆਪਣੇ ਹੋਂਠਾ ਨੂੰ ਪੈਰ ਦੀ ਕੋਠੀ ਉਪਰ ਰੱਖਕੇ, ਪੈਰ ਪਲੋਸਿਆ। ਠੀਕ, ਉਸ ਸਮੇਂ ਹੀ ਅੰਬਰੀ ਨੇ ਆਪਣਾ ਪੈਰ ਛੁਡਾਕੇ ਉਸ ਦੀ ਹਿੱਕ ਵਿੱਚ ਮਾਰਿਆ ਅਤੇ ਬੋਲੀ, "ਬੱਸ! ਬੱਸ!! ਪੈਰ ਚੁੰਮਣ ਲਈ ਦਿੱਤਾ ਸੀ, ਨਾ ਕੇ ਕਬਜ਼ਾ ਕਰਨ ਲਈ"। ਫਿਰ ਬੀਰਇੰਦਰ ਦੇ ਚੇਹਰੇ ਦੇ ਹਾਵ-ਭਾਵ ਤਾੜਕੇ, ਬੜੇ ਹੁਕਮਰਾਨ ਅੰਦਾਜ਼ 'ਚ ਬੋਲੀ, "ਉਰ੍ਹਾਂ ਹੋ, ਮੈਂ ਤੇਰੀਆਂ ਅੱਖਾਂ ਵਿੱਚ ਆਪਣੇ ਮੱਥੇ ਉਪਰ ਚਮਕਦਾ ਹੋਇਆ ਤਾਰਾ ਦੇਖ ਲਵਾਂ।"

ਉਹ ਆਕੜ ਗਿਆ। ਕੁਝ ਹਿੱਕ ਵਿੱਚ ਵੱਜੇ ਪੈਰ ਦਾ ਹਿਰਖ ਵੀ ਸੀ। ਉਹ ਬੋਲਿਆ, "ਨਹੀਂ, ਮੈਂ ਨਹੀਂ ਦੇਖਣ ਦਿੰਦਾ।" ਉਹ ਪਲ ਕੁ ਅੰਬਰੀ ਦਾ ਪ੍ਰਤੀਕਰਮ ਜਾਣਨ ਲਈ ਰੁਕਿਆ,"ਸਿਰਫ ਮੈਂ ਹੀ ਤੇਰੇ ਮੱਥੇ ਉਪਰ ਜੜ੍ਹਿਆ ਚਮਕਦਾ ਤਾਰਾ ਦੇਖ ਸਕਦਾਂ, ਤੂੰ ਨਹੀਂ।"

"ਠੀਕ ਐ!" ਅੰਬਰੀ ਨੇ ਹਿਰਖ ਨਾਲ ਡਰਾਵਾ ਦਿੱਤਾ। "ਮੈਂ ਤਾਰਾ ਹੀ ਪੂਝ ਦਿਆਂਗੀ।"

"ਮੈਂ ਹੋਰ ਜੜ੍ਹ ਦਿਆਂਗਾ।" ਉਹ ਕੁਝ ਕੁ ਲਾਚੜ ਗਿਆ।

"ਮੈਂ ਉਹ ਵੀ ਪੂਝ ਦਿਆਂਗੀ, ਫੇਰ?" ਉਹ ਕੁਝ ਕੁ ਅਧੀਰ ਹੋ ਗਈ ਸੀ। ਉਸ ਦੇ ਸ਼ਬਦਾਂ ਤੋਂ ਨਹੀਂ, ਆਵਾਜ਼ ਤੋਂ ਬੀਰਇੰਦਰ ਜਾਣ ਗਿਆ ਸੀ।

"ਜੜ੍ਹੀ ਹੋਈ ਚੀਜ਼ ਉਖੇੜੀ ਜਾ ਸਕਦੀ ਹੈ। ਪੂੰਝਣ ਨਾਲ ਮਿਟਾਈ ਨਹੀਂ ਜਾ ਸਕਦੀ।" ਉਹ ਰੁਕਿਆ,ਆਸੇ-ਪਾਸੇ ਨੂੰ ਹਲਕਾ-ਹਲਕਾ ਸਿਰ ਹਿਲਾਉਂਦਾ ਹੋਇਆ, ਆਪਣੀ ਹੋ ਰਹੀ ਜਿੱਤ ਨੂੰ ਕਿਆਸਦਾ ਬੋਲਿਆ, "ਹੁਣ ਕੀ ਕਰੇਂਗੀ, ਮੇਰੀਏ ਵੱਛੇਰੀਏ ?" ਉਹ ਪੂਰਾ ਪ੍ਰਸੰਨ ਸੀ।

"ਪੂੰਝੀ ਵੀ ਜਾ ਸਕਦੀ ਹੈ।" ਉਸ ਨੇ ਰਿੱਛ ਵਾਂਗ ਮੂੰਹ ਉਪਰ ਨੂੰ ਚੁੱਕ ਕੇ ਰਿੱਛ ਦੀ ਆਵਾਜ਼ ਦੀ ਨਕਲ ਲਾ ਕੇ ਬੀਰਇੰਦਰ ਨੂੰ ਜਤਾਇਆ ਮੈਂ, ਤੈਨੂੰ ਕੀ ਸਮਝਦੀ ਹਾਂ।

"ਸੋਚ ਲੈ! ਤਾਰਾ ਹੈ। ਜਿਨ੍ਹਾਂ ਪੂਝੇਂਗੀ,ਓਨਾਂ ਹੋਰ ਚਮਕੇਗਾ।"

ਅੰਬਰੀ ਚੁੱਪ ਕਰ ਗਈ। ਸੋਚਣ ਲੱਗੀ ਕੇਹੀ ਬੇਵੱਸੀ ਹੈ। ਮੈਂ ਆਪਣੇ ਮੱਥੇ ਉਪਰ ਜੜ੍ਹੇ ਤਾਰੇ ਦੀ ਚਮਕ

ਖੁਦ ਨਹੀਂ ਦੇਖ ਸਕਦੀ। ਤਦ ਉਸ ਨੂੰ ਝੀਲ ਦਾ ਖਿਆਲ ਆਇਆ। ਉਸ ਦੀ ਦਿਲਗੀਰਤਾ ਖ਼ੁਸ਼ੀ ਵਿੱਚ ਬਦਲ ਗਈ। ਉਹ ਬੜੀ ਅਦਾ ਨਾਲ ਉੱਠੀ। ਬੋਦਿਆਂ ਤੋਂ ਬੀਰਇੰਦਰ ਨੂੰ ਫੜ੍ਹਕੇ ਬੋਲੀ, "ਮੇਰੇ ਭਾਲੂ ਤੂੰ ਇੱਥੇ ਬੈਠ, ਮੈਂ ਚਲੀ।"

"ਕਿੱਥੇ?" ਬੀਰਇੰਦਰ ਆਪਣੇ ਪਿਆਰ ਨਾਲ ਪੱਟ ਹੋ ਰਹੇ ਬੋਦਿਆਂ ਤੋਂ ਖ਼ੁਸ਼ ਸੀ।

"ਝੀਲ ਦੇ ਕਿਨਾਰੇ,ਉਸ ਦੇ ਨਿਤਰੇ ਪਾਣੀ ਵਿੱਚ ਆਪਣੇ ਮੱਥੇ 'ਤੇ ਚਮਕਦਾ ਤਾਰਾ ਦੇਖਣ"।

"ਝੀਲ ਦੇ ਪਾਣੀ ਨੂੰ ਮੈਂ ਏਨੀ ਜ਼ੋਰ ਦੀ ਰਿੱੜਕ ਦੇਵਾਂਗਾ ਕਿ ਉਸ ਵਿੱਚਲੇ ਜੀਵ-ਜੰਤੂ ਤੈਨੂੰ ਸਰਾਪ ਦੇ ਦੇਣਗੇ।"

"ਕਿਉਂ, ਮੈਨੂੰ ਕਿਉਂ ?"

"ਤੇਰੇ ਕਾਰਨ ਹੀ ਉਨ੍ਹਾਂ ਉਪਰ ਇਹ ਆਫਤ ਆਉਣੀ ਹੈ।"

"ਤੂੰ ਬਲ੍ਹਾ ਖ਼ੁਸ਼ ਹੋ। ਮੈਂ ਆਪਣੀ ਮੁਸਕਰਾਹਟ ਨਾਲ ਪਾਣੀ ਨੂੰ ਸ਼ਾਂਤ ਕਰ ਦੇਵਾਂਗੀ।"

"ਪਾਣੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਮੈਂ ਤੇਰੀ ਮੁਸਕਰਾਹੱਟ ਨੂੰ ਓਕ ਬਣਾਕੇ ਪੀ ਜਾਵਾਂਗਾ।"

"ਤੂੰ ਇਉਂ ਨਹੀਂ ਕਰ ਸਕਦਾ!"

"ਕਿਉਂ ਨਹੀਂ ਕਰ ਸਕਦਾ? ਤੇਰੇ ਲਈ ਮੈਂ ਕੁਝ ਵੀ ਕਰ ਸਕਦਾਂ।"

"ਝੂਠ।"

"ਸੱਚ।"

"ਫਿਰ ਮੁਕਰੀ ਨਾ।"

ਅੰਬਰੀ ਨੇ ਆਪਣੇ ਲੱਕ ਨਾਲ ਬੰਨੀ ਚੀਤੇ ਦੀ ਖੱਲ ਵਿੱਚੋਂ ਇੱਕ ਤੇਜ਼ ਕਟਾਰ ਵਰਗੀ ਹੱਡੀ ਕੱਢਕੇ ਆਪਣੇ ਸੀਨੇ ਉਪਰ ਚੀਰਾ ਦੇਣ ਲੱਗੀ ਤਾਂ ਉਸ ਨੂੰ ਬੀਰਇੰਦਰ ਨੇ ਰੋਕ ਦਿੱਤਾ ਅਤੇ ਬੋਲਿਆ, "ਜੇ ਮੁਕਰਾਂ ਤਾਂ ਇਸ ਨਾਲ ਮੇਰਾ ਮਾਸ ਵੱਢਕੇ ਆਪਣੇ ਕੁੱਤੇ ਨੂੰ ਪਾ ਦੇਈਂ। ਪਰ ਇੱਕ ਸ਼ਰਤ ਹੈ"।

"ਕੀ ?"

"ਪਹਿਲਾਂ ਆਪਣੀ ਬੱਗਲ ਹੇਠੋਂ ਇੱਕ ਚੁੰਮਣ ਲੈ ਲੈਣਦੇ।"

"ਨਹੀਂ, ਕੋਈ ਹੋਰ ਦੱਸ।"

"ਚਲ ਤੂੰ ਹੀ ਦੱਸ ਫਿਰ ਬਦਲੇ ਵਿੱਚ ਕੀ ਦੇਵੇਂਗੀ ?"

"ਦੱਸਾਂ ?"

"ਹਾਂ, ਦੱਸ"।

"ਉਹ ਜੋ ਮੇਰੀ ਚੋਲ੍ਹੀ ਹੈ ਨਾ, ਯੂਜ਼ ਦੇ ਚਮੜੇ ਦੀ..."। ਅੰਬਰੀ ਉਦਾਸ ਹੋ ਗਈ। ...ਉਹ ਪਾਟ ਗਈ ਹੈ। ਪਰ ਉਸ ਦਾ ਕੁਝ ਹਿੱਸਾ ਠੀਕ ਹੈ।"

"ਹਾਂ,ਫਿਰ।"

"ਉਹ ਮੈਨੂੰ ਬਹੁਤ ਪਸੰਦ ਸੀ। ਉਸ ਦੇ ਠੀਕ ਹਿੱਸੇ ਦਾ ਤੇਰੇ ਲਈ ਰੁਮਾਲ ਬਣਾ ਦਿਆਂਗੀ।"

"ਹਾਂ, ਇਹ ਠੀਕ ਹੈ"। ਬੀਰਇੰਦਰ ਖ਼ੁਸ਼ ਸੀ ਕਿ ਉਸ ਨੂੰ ਰੁਮਾਲ ਮਿਲਣਾ ਹੈ। ਅੰਬਰੀ ਦਾ ਪਿਆਰ।"

"ਲੈ ਹੁਣ ਆਪਣੇ ਇਸ ਸਮਝੌਤੇ ਦੀ ਖ਼ੁਸ਼ੀ ਵਿੱਚ ਮੇਰੀ ਅਨਾਮਿਕਾ ਉਂਗਲ ਦਾ ਨੌਂਹ ਕੱਟ ਲੈ।"

ਅੰਬਰੀ ਨੇ ਆਪਣਾ ਸੱਜਾ ਹੱਥ ਬੜੇ ਮਾਣ ਨਾਲ ਬੀਰਇੰਦਰ ਵੱਲ ਇੰਝ ਵਧਾ ਦਿੱਤਾ ਜਿਵੇਂ ਕਿ



ਕੋਈ ਹੀਰਾ ਪੇਸ਼ ਕਰਨ ਲੱਗੀ ਹੋਵੇ। ਜਦ ਉਹ ਹੱਥ ਫੜਨ ਲੱਗਾ ਤਾਂ ਅੰਬਰੀ ਨੇ ਹੱਥ ਨੂੰ ਪਿਛਾਂਹ ਖਿੱਚ ਲਿਆ, "ਦੇਖ ਲੈ! ਮੈਂ ਕਦੇ ਕਿਸੇ ਨੂੰ ਆਪਣਾ ਨੌਂਹ ਨਹੀਂ ਦਿੱਤਾ। ਕਈ ਵੱਡੇ-ਵੱਡੇ ਦੇਵਤੇ ਮੇਰੀ ਪੂਜਾ ਵੀ ਕਰ ਹਟੇ ਹਨ। ਮੇਰੇ ਇੱਕ ਨੌਂਹ ਲਈ ਤਰਲੇ ਕਰਦੇ ਸਨ। ਉਹਨਾਂ ਆਪਣੇ ਤਾਜ਼ ਵਿੱਚ ਜੜ੍ਹਨਾ ਸੀ।" ਅੰਬਰੀ ਨੇ ਬੜੇ ਤ੍ਰਿਸਕਾਰ ਨਾਲ ਕਿਹਾ,"ਦੁਰਕਾਰਤਾ ਮੈਂ ਉਹਨਾਂ ਨੂੰ।"

ਜਦ ਬੀਰਇੰਦਰ ਆਪਣੇ ਦੰਦਾਂ ਨਾਲ ਉਸ ਦੀ ਅਨਾਮਿਕਾ ਉਂਗਲ ਦਾ ਨੌਂਹ ਕੱਟ ਰਿਹਾ ਸੀ ਤਾਂ ਅੰਬਰੀ ਨੇ ਬੜੇ ਲਾਡ ਨਾਲ ਉਸ ਦੇ ਵਾਲਾਂ ਨੂੰ ਪਲੋਸਦੀ ਨੇ ਪੁੱਛਿਆ ਸੀ।

"ਤੂੰ ਕਦੇ ਕਪਾਲਮੋਚਨ ਗਿਆਂ ? ਜੇ ਨਹੀਂ ਗਿਆ ਤਾਂ ਆਪਾਂ 'ਕੱਠੇ ਚੱਲਾਂਗੇ। ਪਰ ਜਾਣ ਤੋਂ ਪਹਿਲਾਂ ਮੈਂ ਚਾਹੁੰਦੀ ਹਾਂ ,ਤੂੰ ਮੇਰੇ ਨੌਂਹ ਨਾਲ ਆਪਣੇ ਦੰਦਾਂ 'ਚੋਂ ਮਾਸ ਦੀਆਂ ਫਸੀਆਂ ਬੋਟੀਆਂ ਕੱਢ ਲਵੇਂ। ਨਾਲੇ ਕਰੇੜਾ ਲਾਹ ਲਵੇਂ। ਤੂੰ ਗੰਦਾ ਬਹੁਤ ਏਂ। ਆਪਣੇ ਕਈ ਰਿਸ਼ੀ ਤੇਰੇ ਨਾਲੋਂ ਵੀ ਵੱਧ ਗੰਦੇ ਸਨ। ਉਸ ਨੇ ਬੀਰਇੰਦਰ ਦਾ ਕੰਨ ਫੜ੍ਹਕੇ ਮਰੋੜਿਆ, "ਮੇਰੇ ਗੰਦੇ ਦੇਵਤਾ, ਤੈਨੂੰ ਸਿਰਫ ਨੌਂਹ ਕੱਟਣ ਲਈ ਹੀ ਕਿਹਾ ਸੀ, ਨਾ ਕਿ ਉਂਗਲ ਉਪਰ ਦੰਦੀਆਂ ਵੱਢਣ ਲਈ।" ਇਸ ਖਿਚਾ- ਧੂਹੀ ਵਿੱਚ ਬੀਰਇੰਦਰ ਨੇ ਉਸ ਦੇ ਹੱਥ ਦੀ ਤਲੀ ਦਾ ਚੁੰਮਣ ਲੈ ਲਿਆ ਸੀ। ਥੋੜੀ ਜਿਹੀ ਧੱਕੇ-ਮੁੱਕੀ ਤੋਂ ਬਾਅਦ ਉਹਨਾਂ ਦਾ ਝਗੜਾ ਹੁੰਦਾ-ਹੁੰਦਾ ਟਲ ਗਿਆ। ਬੀਰਇੰਦਰ ਚੌਂਕੜੀ ਮਾਰਕੇ ਬੈਠ ਗਿਆ। ਉਸ ਨੇ ਅੰਬਰੀ ਨੂੰ ਸਮਝਾਇਆ, ਜਦ ਮੇਰੀਆਂ ਅੱਖਾਂ ਵਿੱਚ ਤੱਕ ਰਹੀ ਹੋਵੇਂਗੀ ਤਾਂ ਬੋਲਣਾ ਨਹੀਂ। ਤੇਰੇ ਬੋਲਣ ਨਾਲ ਮੈਂ ਸਹਿਜ ਅਵਸਥਾ ਵਿੱਚ ਆ ਜਾਵਾਂਗਾ। ਤੇਰੇ ਇੱਕ ਵਾਰ ਅੱਖ ਝਮਕਣ ਨਾਲ ਕਈ ਸਦੀਆਂ ਪਲਟ ਜਾਣਗੀਆਂ।

ਉਹ ਸਹਿਮਤ ਹੋ ਗਈ ਤੇ ਚੁਪ-ਚਾਪ ਬੀਰਇੰਦਰ ਦੀਆਂ ਅੱਖਾਂ ਵਿੱਚ ਤੱਕਣ ਲੱਗੀ। ਅੱਖਾਂ ਵਿੱਚ ਉਸ ਨੇ ਪਿਛਲੀਆਂ ਕਈ ਸਦੀਆਂ ਦਾ ਵਿਕਾਸ ਦੇਖਿਆ। ਜਾਨਵਰ ਤੋਂ ਆਦਮੀ ਅਤੇ ਆਦਮੀ ਤੋਂ ਜਾਨਵਰ ਬਣਨ ਦੀ ਕਹਾਣੀ ਉਸ ਦੀਆਂ ਅੱਖਾਂ ਅੱਗੋਂ ਦੀ ਲੰਘ ਗਈ। ਉਸ ਦੇ ਮੱਥੇ ਦਾ ਤਾਰਾ ਇਕਸਾਰ ਨਹੀਂ ਸੀ ਚਮਕ ਰਿਹਾ। ਉਸ ਨੇ ਬੀਰਇੰਦਰ ਨੂੰ ਤਯਾਕਾ ਦੇ ਪੇਟ ਅੰਦਰ ਤਯਾਕ ਬਣਿਆ ਦੇਖਿਆ। ਉਸ ਦੀ ਚੀਕ ਨਿੱਕਲ ਗਈ। ਬੀਰਇੰਦਰ ਨੇ ਸਹਿਜ ਅਵਸਥਾ ਵਿੱਚ ਹੋਣ ਲਈ ਆਪਣੇ ਮੂੰਹ ਉਪਰ ਹੱਥ ਫੇਰਿਆ। ਉਸ ਨੇ ਪਿਆਰ ਨਾਲ ਅੰਬਰੀ ਨੂੰ ਆਪਣੇ ਸੀਨੇ ਨਾਲ ਲਾਕੇ ਪੁੱਛਿਆ, "ਕੀ ਗਲ ਡਰ ਗਈ ਸੀ?"

ਉਸ ਦੀ ਛਾਤੀ 'ਚ ਮੂੰਹ ਛੁਪਾਕੇ ਅੰਬਰੀ ਨੇ 'ਹਾਂ' 'ਚ ਸਿਰ ਹਿਲਾਇਆ ਅਤੇ ਬੋਲੀ,"ਬਹੁਤ ਅਜੀਬ ਸੀ।"

"ਕੀ ਅਜੀਬ ਸੀ ?"

"ਸਭ ਕੁਝ।" ਅੰਬਰੀ ਦੱਸਣ ਲੱਗੀ, "ਆਪਾਂ ਸਾਰੇ – ਸਣੇ ਆਪਣੇ ਮਾਪਿਆਂ ਦੇ ਕਲਯੁਗ ਵਿੱਚ ਰਹਿ ਰਹੇ ਹਾਂ। ਕਲਯੁਗ ਵਿੱਚ ਹੀ ਇੱਕ ਦੇਸ਼ ਦਾ ਨਾਂ ਭਾਰਤ ਹੈ। ਭਾਰਤ ਵਿੱਚੋਂ ਆਪਾਂ ਨੂੰ ਕਲਯੁੱਗੀ ਯਮਦੂਤ ਕੱਢ ਦੇਂਦੇ ਹਨ, ਅਤੇ ਪ੍ਰਚਾਰ ਕਰਦੇ ਹਨ ਕਿ ਅਸੀਂ ਆਪਣੀ ਮਰਜ਼ੀ ਨਾਲ ਉੱਥੋਂ ਚਲੇ ਗਏ ਹਾਂ। ਆਪਾਂ ਘੁੰਮਦੇ – ਘਮਾਉਂਦੇ ਕਨੇਡਾ ਨਾਂ ਦੀ ਧਰਤੀ ਉਪਰ ਰਹਿਣ ਲੱਗ ਪੈਂਦੇ ਹਾਂ। ਇੱਥੇ ਹੀ ਆਪਾਂ – ਆਪਣਾ ਘਰ ਬਣਾ ਲੈਂਦੇ ਹਾਂ। ਪਰ ਸਾਨੂੰ ਭਾਰਤ ਨਹੀਂ ਭੁੱਲਦਾ। ਉਸ ਨਾਲ ਆਪਣਾ ਨਾਤਾ ਅਸੀਂ ਕਿਸੇ ਨਾ ਕਿਸੇ ਬਹਾਨੇ ਬਣਾਈ ਰੱਖਦੇ ਹਾਂ। ਇਹ ਵੀ ਬਨਵਾਸ ਦੀ ਕੜੀ ਦੀ ਹੀ ਇੱਕ ਕਹਾਣੀ ਹੈ।

ਬੀਰਇੰਦਰ ਮੁਸਕਰਾਉਂਦਾ ਹੋਇਆ ਉਸ ਦੀ ਗਲ ਸੁਣ ਰਿਹਾ ਸੀ।

"ਆਪਣੇ ਘਰ ਕੁਝ ਲੋਕ ਆਉਂਦੇ ਹਨ। ਆਪਣੀ ਧੀ ਪੌਨਿਕਾ ਨੂੰ ਦੇਖਣ। ਉਹ ਵਿਆਹੁਣਯੋਗ ਹੈ। ਉਸ ਨੇ ਇਮਾਰਤ ਉਸਾਰੀ ਦੇ ਇਲਮ ਦੀ ਵਾਕਫੀਅਤ ਪੂਰੀ ਕਰ ਲਈ ਹੈ। ਆਪਾਂ ਸਾਰੇ ਬਹੁਤ ਖੁਸ਼ ਹਾਂ। ਆਏ ਹੋਏ ਪ੍ਰਾਉਣਿਆਂ ਵਿੱਚੋਂ ਇੱਕ ਬਜ਼ੁਰਗ ਸਤਿਯੁੱਗ ਦੀ ਕਥਾ ਸੁਣਾਉਂਦਾ ਹੈ। ਉਸ ਨੇ ਆਪਣੇ ਬਾਪੂ ਜੀ ਹੋਰਾਂ ਵੱਲ ਹੱਥ ਕਰਕੇ ਕਿਹਾ, ਮੈਨੂੰ ਜਾਪਦਾ ਇਹ ਪੁਰਸ਼ ਵੀ ਉਸ ਬਰਾਤ ਵਿੱਚ ਸ਼ਾਮਲ ਸਨ। ਬਾਹਰ ਗਏ ਲੋਕ ਆਪਣੇ ਪਿੱਛਲੇ ਮੁਲਖ ਨਾਲ ਨਾਤਾ ਜੋੜੀ ਰੱਖਣ ਦੇ ਇਰਾਦੇ ਨਾਲ ਅਤੇ ਕੁਝ ਲਾਲਚ ਵੱਸ, ਭਾਰਤ 'ਚ ਆਪਣੇ ਬੱਚਿਆਂ ਦਾ ਵਿਆਹ ਕਰਨ ਜਾਂਦੇ ਹਨ।"

"ਮੈਂ ਤੁਹਾਨੂੰ ਆਵਾਜ਼ ਮਾਰੀ, ਬਿਲੂ—ਬਿਲੂ। ਤੁਸੀਂ ਮੇਰੇ ਨਾਲ ਔਖੇ ਜਿਹੇ ਬੋਲੇ ਅਤੇ ਕਿਹਾ,ਮੈਂ ਬਿਲੂ ਨਹੀਂ ਬੀਰਇੰਦਰ ਹਾਂ।"

"ਇਹ ਝਗੜਨ ਦਾ ਸਮਾਂ ਨਹੀਂ। ਜਾਉ, ਬਾਪੂ ਜੀ ਨੂੰ ਲੈ ਆਉ। ਉਹਨਾਂ ਦਾ ਟਾਇਮ ਹੋ ਗਿਆ।"

"ਬਾਪੂ ਜੀ !" ਅਚੰਭੇ 'ਚ ਤੁਹਾਡਾ ਮੂੰਹ ਖੁਲ੍ਹਾ ਹੀ ਰਹਿ ਗਿਆ।

"ਛੇਤੀ ਕਰੋ। ਉਹਨਾਂ ਨੂੰ ਆਵਾਜ਼ ਮਾਰੋ।"

ਮੈਨੂੰ ਹੱਥਾਂ-ਪੈਰਾਂ ਦੀ ਪਈ ਹੋਈ ਸੀ। ਘੜੀ ਦੀਆਂ ਸੂਈਆਂ ਦੀ ਰਫ਼ਤਾਰ ਜਿਵੇਂ ਕਿ ਹੋਰ ਵੀ ਜ਼ਿਆਦਾ ਤੇਜ਼ ਹੋ ਗਈ ਹੋਵੇ। ਮੇਰਾ ਵੱਸ ਚੱਲਦਾ ਤਾਂ ਮੈਂ ਬਾਪੂ ਜੀ ਨੂੰ ਧੂਹ ਲਿਆਉਂਦੀ। ਉਹ ਲੋਕ ਲਾਲਚੀ ਸਨ। ਮੈਨੂੰ ਉਹਨਾਂ ਦੀਆਂ ਗੱਲਾਂ ਤੋਂ ਪਤਾ ਲੱਗ ਗਿਆ ਸੀ। ਨਹੀਂ ਤਾਂ ਉਹਨਾਂ ਨੂੰ ਕੀ ਲੋੜ ਸੀ, ਸਤਿਯੁੱਗ ਦੀ ਗਲ ਕਰਨ ਦੀ।

"ਲਉ ਜੀ, ਮੁੰਡੇ ਦੀ ਬਰਾਤ ਢੁੱਕੀ। ਕੁੜੀ ਵਾਲਿਆਂ ਬਰਾਤ ਦੀ ਬੜੀ ਪੁੱਜਕੇ ਸੇਵਾ ਕੀਤੀ। ਪਰ ਰੱਫੜ ਪੈ ਗਿਆ। ਬਰਾਤ ਵਿੱਚ ਕੁਝ ਭਾਰਤੀ ਯਮਦੂਤ ਮਨੁਖੀ ਬਾਣੇ ਵਿੱਚ ਸਨ। ਮੁੰਡੇ ਦੇ ਪਿਉ ਦਾ ਉਹਨਾਂ ਨਾਲ ਉੱਠਣ-ਬੈਠਣ ਸੀ। ਮੁੰਡੇ ਦਾ ਪਿਉ ਜਦ ਭਾਰਤ ਰਹਿੰਦਾ ਸੀ ਤਾਂ 'ਦੈਂਤ' ਦੇ ਨਾਂ ਨਾਲ ਮਸ਼ਹੂਰ ਸੀ। ਮਨੁਖੀ ਲਹੂ ਪੀਣਾ ਦੈਂਤ। ਉਹ ਕਹਿਣ, ਅਸੀਂ ਮੀਟ-ਸ਼ਰਾਬ ਨਾਲ ਬਰਾਤ ਦੀ 'ਸੇਵਾ' ਕਰਾਉਣੀ ਹੈ। ਕੁੜੀ ਵਾਲੇ ਸਨ ਪੱਕੇ ਸਾਕਾਹਾਰੀ। ਮਾਸ ਨਾ ਮੱਛੀ - ਆਂਡਾ। ਉਨ੍ਹਾਂ ਖਾਣਾ ਤਾਂ ਦੂਰ ਰਿਹਾ, ਹੱਥ ਤੱਕ ਨਾ ਲਾਇਆ। ਆਪਣੇ ਮਸ਼ਹੂਰ ਐ ਕਿ ਬਈ ਜੇ ਇੱਕ ਬਾਰ ਕੁੱਤੇ ਦੇ ਮੂੰਹ ਨੂੰ ਮਨੁੱਖਾ ਖੂਨ ਲੱਗ ਜਾਵੇ ਤਾਂ ਫਿਰ ਉਸ ਨੂੰ ਮਾਰਨਾ ਹੀ ਪੈਂਦਾ। ਨਹੀਂ ਤਾਂ ਉਹ ਬਾਰ-ਬਾਰ ਵੱਢਣ ਪੈਂਦਾ। ਫਿਰ ਇਹ ਤਾਂ ਮਨੁਖੀ ਲਹੂ ਪੀਣਾ ਦੈਂਤ ਸੀ। ਮਨੁਖੀ ਬਾਣੇ 'ਚ ਦੈਂਤ ਤੇ ਯਮਦੂਤ ਇਕੱਠੇ ਹੋਕੇ ਬਰਾਤੀ ਬਣ ਗਏ। ਆਪਣੇ ਨਾਲ ਬਰਾਤ ਵਿੱਚ ਉਹਨਾਂ ਕੁਝ ਅਣਭੋਲ ਲੋਕ ਵੀ ਰਲਾ ਲਏ। ਲੋਕ ਖਾਣ-ਪੀਣ ਦੇ ਲਾਲਚ ਕਾਰਨ ਬਹੁਤਾ ਨਹੀਂ ਸੋਚਦੇ।"

ਉਹ ਇੱਕ ਪਲ ਲਈ ਰੁਕਿਆ। ਗੁੜ ਪਾਕੇ ਕਸੀਦੇ ਪਾਣੀ ਦਾ ਗਲਾਸ ਖਾਲੀ ਕੀਤਾ। ਮੱਛੀ ਦਾ ਤਲਿਆ ਟੁਕੜਾ ਮੂੰਹ 'ਚ ਪਾਇਆ ਤੇ ਬੋਲਿਆ, "ਉਹ ਸਮੇਂ ਚੰਗੇ ਸਨ। ਪਿੰਡ ਦੇ ਲੋਕ, ਪਿੰਡ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਦੇ ਸਨ। ਪਿੰਡ ਵਿੱਚ ਕਿਸੇ ਦੇ ਵੀ ਘਰ ਕੋਈ 'ਦਿਨ-ਸ਼ੁਧ' ਹੋਣਾ, ਸਾਰਾ ਪਿੰਡ ਉਸ ਦੀ ਮੱਦਦ ਕਰਦਾ ਸੀ। ਕਿਸੇ ਨੇ 'ਦਿਨ-ਸ਼ੁਧ ਵਾਲੇ ਘਰ' ਦੁਧ ਲੈ ਜਾਣਾ, ਕਿਸੇ ਨੇ ਘਿਉ, ਭਾਂਡੇ-ਟੀਂਡੇ, ਮੰਜੇ-ਬਿਸਤਰੇ 'ਕੱਠੇ ਕਰ ਲੈਣੇ। ਸਾਰਾ ਪਿੰਡ ਇੱਕ-ਮੁਠ ਹੋ ਜਾਂਦਾ ਸੀ। ਇੱਕ ਘਰ ਦੀ ਨਹੀਂ ਬਲਕਿ ਸਾਰੇ ਪਿੰਡ ਦੀ ਧੀ - ਭੈਣ ਦਾ ਕਾਰਜ ਸਮਝਦੇ ਸਨ। ਇਸ ਵਾਰ ਵੀ ਇੰਝ ਹੀ ਹੋਇਆ। ਪਿੰਡ ਦੇ ਘਰਾਂ ਦੇ ਮੋਢੀਆਂ ਦੇ ਸਿਰ ਇੱਕਠੇ ਹੋਏ। ਗਲ ਵਿੱਚ ਪਰਨਾ ਪਾਕੇ, ਹੱਥ ਜੋੜਕੇ ਸਾਰਾ ਪਿੰਡ ਮੁਖੀ ਦੇ ਪਿੱਛੇ ਖੜ੍ਹ ਗਿਆ। ਮੁਖੀ ਨੇ ਆਪਣੇ ਸਿਰ ਤੋਂ ਪੱਗ ਲਾਹਕੇ 'ਦੈਂਤ' ਦੇ ਪੈਰਾਂ ਉਪਰ ਰੱਖਕੇ ਬੇਨਤੀ ਕੀਤੀ।



"ਹੇ ! ਸਾਬ੍ਹ ਜੀਓ, ਸਾਡੇ ਪਿੰਡ ਉਪਰ ਕਿਰਪਾ ਕਰੋ। ਸਾਡੇ ਪਿੰਡ ਵਿੱਚ ਇੱਕ ਹੀ ਕੁੱਕੜ-ਕੁੱਕੜੀ ਹਨ ਜੀ। ਦੋਵੇਂ ਬੜੇ ਸਾਊ ਹਨ। ਵਿਆਹ ਵੀ ਉਹਨਾਂ ਦਾ ਨਵਾਂ-ਨਵਾਂ ਹੋਇਆ ਹੈ। ਅਜੇ ਉਹਨਾਂ ਨੇ ਚੂਚੇ ਵੀ ਨਹੀਂ ਕੱਢੇ। ਕੁੱਕੜ ਸਵੇਰ ਨੂੰ ਜਦ ਬਾਂਗ ਦਿੰਦਾ ਹੈ ਤਾਂ ਦਿਨ ਚੜ੍ਹਨ ਦਾ ਪਤਾ ਲੱਗ ਜਾਂਦਾ ਹੈ। ਦੇਖੋ ਜੀ, ਬੱਦਲਵਾਈ ਹੋਵੇ ਤਾਂ ਕਿਨ੍ਹਾਂ ਔਖਾ ਹੈ। ਸਾਨੂੰ ਤਾਂ ਦਿਨ ਚੜ੍ਹੇ ਦਾ ਪਤਾ ਹੀ ਨਾ ਲੱਗੇ। ਮੁਖੀ ਨੇ ਹੋਰ ਵੀ ਬਹੁਤ ਸਾਰੀਆਂ ਪਿੰਡ ਦੀਆਂ ਮਜ਼ਬੂਰੀਆਂ ਦੱਸੀਆਂ ਕਿ ਉਹਨਾਂ ਲਈ ਕੁੱਕੜ-ਕੁਕੜੀ ਕਿਉਂ ਜਰੂਰੀ ਹਨ।"

"ਕਬੂਤਰ ਅਤੇ ਹੋਰ ਕਈ ਪਰਿੰਦੇ ਚੁਪ-ਚੁਪੀਤੇ ਪ੍ਰਵਾਸ ਨੂੰ ਉਡਾਰੀ ਮਾਰ ਗਏ। ਦੇਖਦਿਆਂ ਹੀ ਦੇਖਦਿਆਂ ਪਿੰਡ ਸੱਖਣਾ ਜਿਹਾ ਹੋ ਗਿਆ। ਪਰ ਬਾਹਰੋਂ ਆਏ ਬਰਾਤੀ ਸਾਹਬ ਲੋਕ ਟੱਸ ਤੋਂ ਮੱਸ ਨਾ ਹੋਏ। ਉਹਨਾਂ ਦਾ ਹੱਠ ਦੇਖਕੇ ਪਿੰਡ ਦੇ ਬੱਕਰੇ-ਬੱਕਰੀਆਂ ਵੀ ਮਿਆਂਕਣੋਂ ਹੱਟ ਗਏ ਸਨ। ਉਹ ਚਾਹੁੰਦੇ ਸਨ,ਇਹ ਬਲਾ ਕੁੱਕੜ 'ਤੇ ਹੀ ਟਲ ਜਾਵੇ"। ਸਤਿਯੁਗ ਦੇ ਕਥਾਕਾਰ ਨੇ ਇਸ਼ਾਰਾ ਕੀਤਾ ਕਿ ਉਸ ਨੂੰ ਗੁੜ ਪਾਕੇ ਕਸੀਦਿਆ ਪਾਣੀ, ਹੋਰ ਦਿੱਤਾ ਜਾਵੇ।

ਮਹਾਂਰਾਜ ਮੁਸਕਰਾਏ, ਉਨ੍ਹਾਂ ਨੇ ਸੰਗਤ ਉਪਰ ਆਪਣੇ ਪ੍ਰਵਚਨਾ ਦੇ ਜਾਦੂ ਦਾ ਅਸਰ ਨਿਹਾਰਿਆ। ਫਿਰ ਸ਼ੁਰੂ ਹੋ ਗਏ।

"ਉਹ ਸਮੇਂ ਚੰਗੇ ਸਨ"। ਉਸ ਨੇ ਘੁਟ ਭਰਿਆ। "ਉਹਨੀਂ ਵੇਲੀਂ ਜਾਨਵਰ, ਪੰਛੀ-ਪਰਿੰਦੇ ਸਭ ਗੱਲਾਂ ਕਰਦੇ ਹੁੰਦੇ ਸਨ। ਇਕ-ਦੂਜੇ ਦੇ ਦੁਖ-ਸੁਖ ਦੇ ਸਾਂਝੀਦਾਰ ਸਨ। ਕੁਰਬਾਨੀ ਦਾ ਜਜ਼ਬਾ ਸੀ ਉਹਨਾਂ ਵਿੱਚ। ਜਦ ਕੁੱਕੜ ਨੂੰ ਪਤਾ ਲੱਗਾ ਕਿ ਪਿੰਡ ਉਪਰ ਭੀੜ ਬਣੀ ਹੈ ਤਾਂ ਉਸ ਨੇ ਮਿੰਟ ਨ੍ਹੀਂ ਲਾਇਆ। ਕੁਕੜੀ ਨੂੰ ਸਮਝਾਉਣ ਲੱਗਾ, "ਦੇਖ ਭਾਗਵਾਨੇ, ਹੁਣ ਪਿੰਡ ਦੀ ਇੱਜ਼ਤ ਦਾ ਸੁਆਲ ਬਣ ਗਿਆ। ਪਿੰਡ ਦੀ ਧੀ ਦਾ ਵਿਆਹ ਇਸ ਨਿਗੁਣੀ ਜਿਹੀ ਗਲ ਖੁਣੋਂ ਰੁਕ ਜਾਏ। ਬੜੀ ਸ਼ਰਮ ਦੀ ਗਲ ਐ। ਉਮਰ ਤਾਂ ਉਂਝ ਵੀ ਬੀਤ ਹੀ ਜਾਣੀ ਹੈ। ਜੇਕਰ ਮੇਰੀ ਬਲੀ ਦਿੱਤੀਆਂ ਪਿੰਡ ਦੀ ਸ਼ਾਨੋਂ-ਸ਼ੌਕਤ ਕਾਇਮ ਰਹੇ ਤਾਂ ਤੂੰ ਆਪ ਸੋਚ, ਮੇਰੇ ਨਾਲੋਂ ਵੱਡੇ ਭਾਗਾਂ ਵਾਲਾ ਹੋਰ ਕੌਣ ਹੋ ਸਕਦਾ ! ਢਾਡੀ ਮੇਰੀਆਂ ਵਾਰਾਂ ਗਾਇਆ ਕਰਨਗੇ। ਲੋਕ ਤੈਨੂੰ ਪੂਜਣਗੇ।" ਕਹਿੰਦੇ ਹਨ, ਫਿਰ ਕੁੱਕੜ ਹੱਸਦਾ-ਹੱਸਦਾ ਬਲੀ ਦੇਣ ਤੁਰ ਗਿਆ। ਤੁਰਿਆ ਜਾਂਦਾ ਉਹ ਗਾ ਰਿਹਾ ਸੀ, "ਸਈਓ ਨੀਂ, ਮੈਂ ਇੱਕ ਦੈਂਤ ਯਾਰ ਬਣਾਇਆ। ਮੱਛੀ ਖਾਵੇ ਤੇ ਬੀਅਰ ਮੰਗੇ, ਠਰਾ ਪਿਲਾਕੇ ਚੁਪ ਕਰਾਇਆ। ਚੁਪ ਹੋਇਆ ਤਾਂ ਡੁਸਕਣ ਲੱਗਾ, ਗ਼ਜ਼ਲ ਸੁਣਾਕੇ ਚੁਪ ਕਰਾਇਆ। ਮਨ ਕਰੇ ਇਸ ਦੀਆਂ ਬੱਖੀਆਂ ਖੁਲ੍ਹਾਂ, ਨਾ ਮਨਾ ਨਾ ਮਨ ਨੂੰ ਸਮਝਾਇਆ"।

ਇਹ ਸ਼ਬਦ ਮਹਾਂਰਾਜ ਦੇ ਬਾਲਕਿਆਂ ਦਾ ਮਨ ਪਸੰਦ ਸੀ। ਉਨ੍ਹਾਂ ਨੇ ਢੋਲਕੀਆਂ ਛੈਣੇ ਖੜਕਾ ਕੇ ਖ਼ੂਬ ਰੰਗ ਬੰਨਿਆ, "ਮੱਛੀ ਖਾਵੇ ਤੇ ਬੀਅਰ ਮੰਗੇ - ਠਰਾ ਪਿਲਾਕੇ ਚੁਪ ਕਰਾਇਆ, ਠਰਾ ਪਿਲਾਕੇ ਚੁਪ ਕਰਾਇਆ।"

"ਕੁੱਕੜੀ ਖੁੱਡੇ ਵਿੱਚ ਬੰਦ ਕੀਤੀ ਹੋਈ ਸੀ। ਉਸ ਉਪਰ ਲੋਕਾਂ ਨੇ ਠੀਕਰੀ ਪਹਿਰਾ ਲਾ ਦਿੱਤਾ ਕਿ ਕਿਤੇ ਆਪਣੇ ਆਪ ਨੂੰ ਕੁਝ ਕਰ ਨਾ ਬੈਠੇ। ਉਸ ਨੇ ਆਪਣੇ ਖੰਭ ਪੁਟ-ਪੁਟਕੇ ਖੁੱਡਾ ਭਰ ਦਿੱਤਾ। ਉਹ ਬਹੁਤ ਕਲਪੀ। ਲੋਕਾਂ ਨੂੰ ਡਰ ਸੀ ਕਿ ਕਿਤੇ ਗੁੱਸੇ ਵਿੱਚ ਆਈ ਹੋਈ ਉਹ ਬਰਾਤੀ ਸਾਹਬ ਲੋਕਾਂ ਉਪਰ ਨਾ ਝੱਪਟ ਪਏ। ਜਦ ਬਰਾਤੀ, ਸਾਹਬ ਲੋਕਾਂ ਦੇ ਖੱਟੇ ਡਿਕਾਰਾਂ ਨਾਲ ਸਾਰੇ ਪਿੰਡ ਵਿੱਚ ਬਦਬੂ ਫੈਲ ਗਈ ਤਾਂ ਕੁੱਕੜੀ ਨੇ ਸਰਾਪ ਦੇ ਦਿੱਤਾ। ਜਿਸ-ਜਿਸ ਨੇ ਮੇਰੇ ਕੁੱਕੜ ਨੂੰ ਨੋਚ-ਨੋਚ ਖਾਧਾ, ਹੁਣ ਮੇਰੀ ਥਾਂ ਉਹ ਅੰਡੇ ਦੇਣਗੇ।"

"ਸਤਿਯੁਗ ਦਾ ਕਥਾਕਾਰ ਚੁਪ ਕਰ ਗਿਆ। ਕੋਈ ਵੀ ਕੁਸਕ ਨਹੀਂ ਰਿਹਾ ਸੀ। ਸਭ ਨੂੰ ਸਕਤਾ ਮਾਰ ਗਿਆ। ਹਾਂ, ਠੀਕ ਉਸ ਸਮੇਂ ਬਾਪੂ ਜੀ ਉੱਠੇ। ਉਹਨਾਂ ਨੇ ਆਪਣੀਆਂ ਦੋਵੇਂ ਬਾਹਾਂ ਅਤੇ ਹੱਥ ਪਾਸਿਆਂ ਨੂੰ ਫੈਲਾਏ ਅਤੇ ਜਿਵੇਂ ਦੱਖਣੀ ਭਾਰਤ ਦੀਆਂ ਨਰਤਕੀਆਂ, ਨਾਚ ਦੀ ਮੁਦਰਾ ਵਿੱਚ ਖੜ੍ਹਦੀਆਂ ਹਨ, ਉਸ ਤਰ੍ਹਾਂ ਖੜ੍ਹ ਗਏ। ਉਨ੍ਹਾਂ ਦੀ ਪੱਗ ਦਾ ਫੁਰਲਾ ਪੈਲ ਪਾਉਂਦੇ ਮੋਰ ਦੇ ਖੰਭਾਂ ਵਾਂਗ ਫੈਲ ਗਿਆ। ਉਹਨਾਂ ਆਪਣੀਆਂ ਅੱਖਾਂ ਨੂੰ ਆਸੇ-ਪਾਸੇ ਨੂੰ ਘੁੰਮਾਇਆ। ਉਨ੍ਹਾਂ ਦੇ ਚੇਹਰੇ ਉਪਰ ਨੂਰ ਆ ਗਿਆ। ਆਪਣੇ ਪੈਰਾਂ ਵੱਲ ਦੇਖਿਆ। ਉਹ ਕੁੱਕੜ ਦੇ ਪੰਜਿਆਂ ਵਰਗੇ ਹੋ ਗਏ ਸਨ। ਤੁਰਦੇ ਸਮੇਂ ਆਪਣੀ ਧੋਣ ਨੂੰ ਕੁੱਕੜ ਦੀ ਗਰਦਣ ਦੀ ਤਰ੍ਹਾਂ ਲੰਮੀ - ਛੋਟੀ ਕਰਦੇ ਹੋਏ ਉਹ ਮਹਿਮਾਨਾਂ ਦੇ ਵਿਚਕਾਰ ਆ ਕੇ ਵਿੰਗੇ-ਟੇਢੇ ਹੋ ਕੇ ਕੁੱਕੜਨੁਮਾ ਨਾਚ ਨੱਚਣ ਲੱਗ ਪਏ। ਉਂਝ ਹੀ ਨੱਚਦੇ-ਨੱਚਦੇ ਉਹ ਖਲਾਜਿਟ 'ਚ ਵੜ੍ਹ ਗਏ।"

"ਸਤਿਯੁਗ ਦੇ ਕਥਾਕਾਰ ਪਤਵੰਤੇ ਸੱਜਣ ਜੀ ਨੇ ਪੁੱਛਿਆ, 'ਚੜ੍ਹਦੇ ਮਹੀਨੇ ਇਹ ਸੋਨੇ ਦਾ ਅੰਡਾ ਦਿੰਦੇ ਹਨ ਕਿ ਚਾਂਦੀ ਦਾ ? ਬਾਪੂ ਜੀ ਨੂੰ ਕਨੇਡਾ ਵਿੱਚ ਆਇਆਂ ਨੂੰ ਹਜੇ ਬਹੁਤਾ ਚਿਰ ਨਹੀਂ ਸੀ ਹੋਇਆ। ਇਸ ਲਈ ਉਹ ਸੋਨੇ ਦਾ ਅੰਡਾ ਨਹੀਂ ਸਨ ਦੇ ਸਕਦੇ। ਵਿਚਾਰੀ ਪੌਨਿਕਾ।"

"ਉਨ੍ਹਾਂ ਨੇ ਪੌਨਿਕਾ ਦਾ ਰਿਸ਼ਤਾ ਠੁਕਰਾ ਦਿੱਤਾ। ਘਬਰਾ ਕੇ ਮੇਰੀ ਚੀਕ ਨਿਕਲ ਗਈ।"

"ਬੀਰਇੰਦਰ ਜ਼ੋਰ ਦੀ ਹੱਸਿਆ। ਤੈਂ ਇਸ ਕਾਰਨ ਹੀ ਤਾਂ ਮੇਰੇ ਥੱਪੜ ਮਾਰਿਆ ਸੀ। ਜਦ ਮੈਂ ਉਨ੍ਹਾਂ ਦੇ ਪਿੱਛੇ ਦੌੜਿਆ, ਤੂੰ ਘਬਰਾ ਗਈ। ਇਹਨਾਂ ਲੋਕਾਂ ਨੇ ਧਰਤੀ ਉਪਰ ਬਹੁਤ ਨਰਕ ਪਾਇਆ ਹੋਇਆ ਹੈ। ਹੁਣ ਇਹ ਬ੍ਰਹਿਮੰਡ ਦੀਆਂ ਹੋਰ ਧਰਤੀਆਂ ਉਪਰ ਵੀ ਆਪਣਾ ਨਰਕ ਫੈਲਾਉਣਾ ਚਾਹੁੰਦੇ ਹਨ। ਇਸ ਕਾਰਨ ਹੀ ਇਹ ਬ੍ਰਹਿਮੰਡ ਵੱਲ ਨੂੰ ਆਪਣਾ ਮੂੰਹ ਚੁੱਕ ਕੇ ਤੁਰ ਪਏ ਹਨ। ਆ, ਆਪਾਂ ਆਪਣਾ ਬ੍ਰਹਿਮੰਡ ਬਚਾਈਏ।"

"ਕਹਿੰਦੇ ਹਨ, ਰਾਤ ਨੂੰ ਅਸਮਾਨ ਵਿੱਚ ਜੋ ਗਊਆਂ ਦਾ ਰਾਹ ਜਾਂ ਜੋ ਆਕਾਸ਼ ਗੰਗਾ ਹੈ। ਉਹ ਅਸਲ ਵਿੱਚ ਅੰਬਰੀ ਅਤੇ ਬੀਰਇੰਦਰ ਦੇ ਦੌੜੇ ਜਾਂਦਿਆਂ ਦੇ ਪੈਰਾਂ ਦੀ ਧੂੜ ਹੈ। ਛੜਿਆਂ ਦਾ ਰਾਹ ਉਸ ਨੂੰ ਲੋਕ ਮਖੌਲ ਨਾਲ ਕਹਿ ਦਿੰਦੇ ਹਨ। ਜੇਕਰ ਤੁਸੀਂ ਤੜਕੇ ਦੇ ਚਾਰ ਵਜੇ, ਸਾਫ ਦਿਲ ਨਾਲ ਇਸ਼ਨਾਨ ਕਰਕੇ, ਗੌਹ ਨਾਲ ਦੇਖੋਗੇ ਤਾਂ ਉਹ ਤੁਹਾਨੂੰ ਦੌੜੇ ਜਾਂਦੇ ਦਿੱਸ ਪੈਣਗੇ। ਮਨ ਸਾਫ਼ ਹੋਣਾ ਚਾਹੀਦਾ, ਭਾਈ। ਇਹ ਬਹੁਤ ਜਰੂਰੀ ਹੈ। ਜੇ ਉਹਨਾਂ ਦੇ ਦਰਸ਼ਨ ਹੋ ਜਾਣ ਤਾਂ ਤੁਹਾਡੇ ਬੱਚਿਆਂ ਦੇ ਰਿਸ਼ਤੇ ਮਨਚਾਹੀ ਜਗਾਹ ਹੋ ਜਾਣ ਦੇ ਪ੍ਰਤੀਕ ਸਮਝੋ। 'ਮਹਾਂਰਾਜ' ਜੀ ਨੇ ਮੁਸਕਰਾ ਕੇ ਸੰਗਤ ਵੱਲ ਦੇਖਿਆ।"

"ਇਹ ਸੀ ਬਿੰਦੀ ਦੀ ਕਥਾ ਜੋ ਔਰਤਾਂ ਮੱਥੇ ਉਪਰ ਲਾਉਂਦੀਆਂ ਹਨ। ਕੱਲ ਨੂੰ ਭਗਤ ਜਨੋਂ ਸੁਰਖੀ ਦੀ ਕਥਾ ਕਰਾਂਗੇ ਜੋ ਹੋਠਾਂ ਉਪਰ ਲਾਈ ਜਾਂਦੀ ਹੈ।" ਉਹਨਾਂ ਨੇ ਹੱਥ ਜੋੜਕੇ ਮੱਥੇ ਨੂੰ ਲਾਏ, ਸੀਸ ਨਿਵਾਕੇ ਆਪਣੇ ਸਰੋਤਿਆਂ ਨੂੰ ਨਮਸਕਾਰ ਕੀਤੀ ਅਤੇ ਵਿਸ਼ਰਾਮ ਲਈ ਉੱਠ ਖੜੇ ਹੋਏ। ਸੰਗਤ ਵੀ ਉਹਨਾਂ ਦੇ ਸਤਿਕਾਰ 'ਚ ਉੱਠ ਖੜੋਤੀ।

ਉਨ੍ਹਾਂ ਨੇ ਦੇਖਿਆ, ਇਸ ਆਧੁਨਿਕ ਸ਼ਹਿਰ ਦੇ 'ਪਵਿੱਤਰ' ਅਸਥਾਨ ਉਪਰ ਮੇਰੇ ਪ੍ਰਵਚਨ ਸੁਣ ਕੇ ਗਿਆਨੀ, ਵਿਗਿਆਨੀ, ਖੋਜੀ, ਪ੍ਰੋ. ਅਤੇ ਨੇਤਾ ਜਨ ਮੁਗਧ ਹੋ ਗਏ ਹਨ।

Add. 11252 Dumbarton Road, Surrey, B.C. V3R0W9, Canada
Ph. 604-825-9240



## ਕਹਾਣੀ / ਮੁਰਗਾਬੀਆਂ / - ਗੁਰਮੀਤ ਪਨਾਗ

ਟੋਮਾ ਮੇਰੇ 'ਥਰਿੱਫ਼ਟ ਸਟੋਰ 'ਤੇ ਅਕਸਰ ਸਸਤੀਆਂ ਅਤੇ ਬਚੀਆਂ ਖੁਚੀਆਂ ਟੀ ਸ਼ਰਟਾਂ ਖਰੀਦਣ ਆਉਂਦੀ। ਪਤਾ ਨਹੀਂ ਉਸ ਨਾਲ ਕਿਹੜੀ ਸਾਂਝ ਪੈ ਗਈ ਸੀ ਕਿ ਸਾਡੀਆਂ ਗੱਲਾਂ ਦੀ ਲੜੀ ਉਦੋਂ ਤੱਕ ਨਾ ਟੁੱਟਦੀ, ਜਦੋਂ ਤੱਕ ਅਗਲਾ ਗ੍ਰਾਹਕ ਨਾ ਆ ਜਾਂਦਾ ... ਤੇ ਕੱਲ੍ਹ ਤਾਂ ਉਹ ਮੈਨੂੰ ਆਪਣੇ ਘਰ ਆਉਣ ਦਾ ਸੱਦਾ ਵੀ ਦੇ ਗਈ।

ਮੈਂ ਕਾਰ ਉਹਦੇ ਘਰ ਵਾਲੀ ਜਾਂਦੀ ਸੜਕ ਤੇ ਪਾ ਲਈ ਤੇ ਮੈਨੂੰ ਮਨ-ਭਾਉਂਦੇ ਕੁਦਰਤੀ ਦ੍ਰਿਸ਼ ਦਿੱਸਣ ਲੱਗੇ। ਚਾਰ ਚੁਫੇਰਾ ਖੂਬਸੂਰਤ ਅਤੇ ਸ਼ਾਂਤਮਈ। ਨੀਲਾ ਆਕਾਸ਼ ਅਤੇ ਠੰਡੀ ਮਿੱਠੀ ਹਵਾ ਦੇ ਬੁੱਲੇ। ਮੋਟੇ ਮੋਟੇ ਤਣਿਆਂ ਵਾਲੇ ਬਹੁਤ ਹੀ ਉੱਚੇ ਚੀਲ੍ਹ ਦੇ ਦਰੱਖ਼ਤ, ਉਨ੍ਹਾਂ ਚੋਂ ਝਾਤੀ ਮਾਰਦਾ ਸੂਰਜ ਅਤੇ ਨਿੱਖਰੀ ਨਿੱਖਰੀ ਨਿੱਘੀ ਸਵੇਰ।

ਅੱਗੇ ਜਾ ਕੇ ਫਾਰਮ ਹਾਊਸ ਅਤੇ ਵਿਸ਼ਾਲ ਹਰੇ ਕਚੂਰ ਖੇਤ। ਕਿਤੇ ਘੋੜੇ ਧੁੱਪ ਸੇਕ ਰਹੇ, ਕਿਤੇ ਅਮਰੀਕਨ ਗਾਈਆਂ ਮਸਤੀ ਕਰਦੀਆਂ ਨਜ਼ਰ ਆਈਆਂ। ਮੇਰੀ ਕਾਰ ਮੱਕੀ ਦੇ ਖੇਤਾਂ ਵਿਚਾਲੇ ਵਿਛੀਆਂ ਸੜਕਾਂ, ਲਹਿਰਾਉਂਦੇ ਦਰੱਖ਼ਤਾਂ ਤੇ ਵਿਸ਼ਾਲ ਜੰਗਲ ਦੇ ਕੋਲੋਂ ਲੰਘਦੀ 'ਰਿਜ਼ਰਵ ਏਰੀਏ ਵਿੱਚ ਦਾਖ਼ਲ ਹੋਈ ਤਾਂ ਮੇਰਾ ਮਨ ਉਸ ਇਲਾਕੇ ਦੀ ਤੁਲਨਾ ਕਨੇਡਾ ਦੇ ਸ਼ਹਿਰੀ ਘਰਾਂ ਨਾਲ ਕਰਣ ਲੱਗਾ। ਪਰ ਅੱਗੇ ਜਾ ਕੇ ਬਹੁਤ ਹੀ ਛੋਟੇ ਛੋਟੇ ਘਰ ਵੇਖ ਕੇ ਮੈਂ ਚੌਂਕੀ, 'ਆਹ ਕੀ? ਕਈ ਥਾਂ ਤਾਂ ਬੱਸਾਂ ਜਿਹੀਆਂ ਨੂੰ ਹੀ ਜ਼ਮੀਨ 'ਚ ਗੱਡਿਆ ਹੋਇਐ। ਟੁੱਟਿਆ ਭੱਜਿਆ ਸਮਾਨ ਵੀ ਕਿੰਨਾ ਖਿਲਰਿਆ ਪਿਐ ... ਸੋ, ਇਹ ਨੇ ਰੈੱਡ ਇੰਡੀਅਨਾਂ ਦੇ ਘਰ!

ਮੇਰੀ ਕਾਰ ਬੱਜਰੀ ਵਾਲੀ ਸੜਕ ਤੋਂ ਹੋ ਕੇ ਟੋਮਾ ਦੇ ਘਰ ਸਾਹਮਣੇ ਆ ਕੇ ਖੜੀ ਹੋਈ ਤਾਂ ਉਹ ਪਿਛਲੇ ਦਰਵਾਜ਼ੇ ਵਿਚੋਂ ਹੀ ਅੰਦਰ ਨੂੰ ਦੌੜੀ ਤੇ ਮੂਹਰਲਾ ਦਰਵਾਜ਼ਾ ਖੋਲ੍ਹ ਸਾਹਮਣੇ ਆ ਖੜੀ ਹੋਈ। ਉਸਨੇ 'ਜੀ ਆਇਆਂ ਆਖਿਆ ਅਤੇ ਮੈਂ ਇਕਦਮ ਐਲਾਨ ਕਰ ਦਿੱਤਾ, "ਲੈ ਆ ਗਈ ਆਂ, ਅੱਜ ਸਾਰਾ ਦਿਨ ਤੇਰੇ ਕੋਲ ਰਹਾਂਗੀ ਤੇ ਤੇਰਾ ਰੀਜ਼ਰਵ ਇਲਾਕਾ ਵੀ ਵੇਖਾਂਗੀ!"

"ਮੈਂ ਵੀ ਸਵੇਰ ਦਾ ਤੇਰਾ ਇੰਤਜ਼ਾਰ ਹੀ ਕਰ ਰਹੀ ਸੀ!"

"ਤੇਰਾ ਓਗੀਮਾ ਨਹੀਂ ਦਿਸਦਾ?"

"ਉਹ ਨਾਲ ਲਗਦੇ ਸ਼ਹਿਰ ਦੀ ਇਕ ਦੀ ਵਰਕਸ਼ੌਪ ਵਿਚ 'ਨਾਈਟ ਵਾਚ ਦੀ ਜੌਬ ਕਰਦਾ ਏ, ਇੱਥੋਂ ਥੋੜ੍ਹੀ ਦੂਰ ਪੈਂਦਾ ... ਪਰ ਆਉਂਦਾ ਹੀ ਹੋਵੇਗਾ!" ਉਹ ਗੱਲ ਕਰਦੀ ਕਿਚਨ ਵੱਲ ਮੁੜੀ ਅਤੇ ਕੌਫ਼ੀ ਬਣਾਉਣ ਲੱਗ ਪਈ। ਉਸੇ ਸਮੇਂ ਇੱਕ ਮਿੱਟੀ 'ਚ ਲੱਥਪੱਥ ਪੁਰਾਣੀ ਵੈਨ ਡਰਾਈਵੇਅ ਵਿਚ ਆ ਰੁਕੀ ਤਾਂ ਮੈਂ ਖੁਸ਼ ਹੋ ਕੇ ਕਿਹਾ, "ਲੈ ਆ ਗਿਆ ਓਗੀਮਾ।"

ਉਹ ਸਿੱਧਾ ਮੇਰੇ ਕੋਲ ਆਇਆ, ਦਿਲ ਖੋਲ੍ਹ ਕੇ ਮੇਰਾ ਸਵਾਗਤ ਕੀਤਾ ਅਤੇ ਫਿਰ ਧੁਲੇ ਕਪੜੇ ਤੇ ਤੌਲੀਆ ਲੈ ਕੇ ਬਾਹਰ ਚਲਾ ਗਿਆ। ਮੈਂ ਪੁੱਛਿਆ, "ਟੋਮਾ ਤੁਹਾਨੂੰ ਨਹਾਉਣ ਧੋਣ ਲਈ ਘਰੋਂ ਬਾਹਰ ਜਾਣਾ ਪੈਂਦਾ ਹੈ?"

"ਹਾਂ। ਅਸੀਂ ਤਾਂ ਬਾਥਰੂਮ ਵੀ ਪਿਛਲੇ ਆਊਟ ਹਾਊਸ ਹੀ ਜਾਂਦੇ ਹਾਂ। ਪੀਣ ਵਾਲਾ ਪਾਣੀ ਵੀ ਬਾਹਰੋਂ ਹੀ ਭਰ ਕੇ ਲਿਆਈਦਾ ਏ।"

ਏਨੇ ਨੂੰ ਸੱਤ ਅਤੇ ਅੱਠ ਕੁ ਸਾਲ ਦੇ ਦੋ ਬੱਚੇ ਮੇਰੇ ਕੋਲ ਆਏ ਤਾਂ ਮੈਂ ਉਨ੍ਹਾਂ ਨੂੰ ਬਾਂਹਾਂ ਚ ਭਰ ਲਿਆ। ਲਾਲ ਭੂਰੇ ਚਿਹਰੇ, ਸਿਰ ਦੇ ਸੰਘਣੇ ਕਾਲੇ ਵਾਲ, ਉਹ ਬੱਚੇ ਮੈਨੂੰ ਇੰਝ ਲੱਗੇ ਜਿਵੇਂ ਦੋ ਕੁਦਰਤੀ ਫੁੱਲ ਹੋਣ ! ਮਾਨਵੀ ਫੁੱਲ !

ਉਹ ਰਸੋਈ ਵਿਚ ਵੜਦੇ ਸਾਰ ਚਹਿਕਣ ਲੱਗੇ, "ਅੱਜ ਹੈਮ ਤੇ ਸੌਸੇਜ ਮੰਮਾਂ !"

"ਹਾਂ, ਤੁਹਾਡਾ ਪਿਉ ਲੈ ਕੇ ਆਇਆ !"

ਬੱਚੇ ਖੁਸ਼ੀ ਨਾਲ ਨੱਚਣ ਲੱਗੇ।

ਟੋਮਾ ਨੇ ਫਰੈਂਚ ਫਰਾਈਆਂ ਬਣਾ ਕੇ ਨਾਲ ਕੌਫ਼ੀ ਦਾ ਕੱਪ ਵੀ ਮੇਰੇ ਅੱਗੇ ਰੱਖ ਦਿੱਤਾ ਅਤੇ ਬੋਲੀ, "ਵੇਖ ਲੈ, ਐਬੋਰਿਜਨਲ ਲੋਕ ਤਾਂ ਇਹੀ ਕੁਝ ਖਾਕੇ ਗੁਜ਼ਾਰਾ ਕਰਦੇ ਨੇ !"

"ਟੋਮਾ ! ਤੁਹਾਡੇ ਕਿੰਨੇ ਕੁ ਨਾਂ ਐ, ਕਦੇ ਮੈਂ ਕਿਸੇ ਨੂੰ ਰੈੱਡ ਇੰਡੀਅਨ ਕਹਿੰਦੇ ਸੁਣਿਐ, ਕਦੇ ਨੇਟਿਵ ਤੇ ਹੁਣ ਤੂੰ ਆਹ ਐਬੋਰਿਜਨਲ ਸ਼ਬਦ ਵਰਤ ਰਹੀ ਏਂ...?"

"ਜਦੋਂ ਕਿਸੇ ਨੂੰ ਹਾਸ਼ੀਏ 'ਤੇ ਧੱਕਣਾ ਹੋਵੇ ਤਾਂ ਉਸਦੀ ਪਛਾਣ ਦੇ ਨਾਲ ਨਾਲ ਨਾਂ ਨੂੰ ਵੀ ਤਾਂ ਧੁੰਦਲਾ ਕਰਨਾ ਪੈਂਦੈ। ਏਨੇ ਨਾਂ ਰੱਖ ਦਿਉ ਬਈ ਸੱਚ ਦਾ ਪਤਾ ਈ ਨਾ ਲੱਗੇ।" ਗੰਭੀਰ ਹੁੰਦੀ ਹੁੰਦੀ ਟੋਮਾ ਰਤਾ ਕੁ ਮੁਸਕਰਾਈ ਅਤੇ ਸੋਫ਼ੇ ਤੇ ਬੈਠਦੀ ਬੈਠਦੀ, ਆਪਣਾ ਪੇਟ ਫੜ ਕੇ ਖੜੀ ਹੋ ਗਈ, "ਬੇਬੀ ਅੰਦਰ ਲੱਤਾਂ ਮਾਰ ਰਿਹੈ ... ਬੈਠਣ ਨਹੀਂ ਦੇਵੇਗਾ ... ਚਲੋ, ਖੜ ਕੇ ਗੱਲ ਕਰਦੀ ਆਂ।" ਉਹ ਮੈਨੂੰ ਬਹੁਤ ਕੁਝ ਦੱਸਣਾ ਚਾਹੁੰਦੀ ਸੀ ਤੇ ਮੈਂ ਜਾਣਨਾ ਚਾਹੁੰਦੀ ਸੀ।

"ਕਨੇਡਾ ਅੱਜ ਹਰ ਮੁਲਕ ਦੇ ਲੋਕਾਂ ਨੂੰ ਅਪਣੇ ਅੰਦਰ ਸਮੋਈ ਬੈਠਾ ਹੈ। ਪੰਜ ਸੌ ਸਾਲ ਪਹਿਲਾਂ, ਅਜਿਹਾ ਨਹੀਂ ਸੀ। ਜਦ ਗੋਰਿਆਂ ਨੇ ਇਹ ਧਰਤੀ ਖੋਜੀ, ਉਦੋਂ ਇੱਥੇ ਸਿਰਫ਼ ਅਸੀਂ ਹੀ ਸਾਂ। ਅਸੀਂ ਤਾਂ ਕੋਈ ਚੌਦਾਂ ਹਜ਼ਾਰ ਸਾਲ ਤੋਂ ਇੱਥੇ ਰਹਿ ਰਹੇ ਹਾਂ, ਤੇ ਸਾਡੇ ਵੱਡੇ ਵਡੇਰੇ ਤਾਂ ਇਹ ਵੀ ਮੰਨਦੇ ਨੇ ਕਿ ਸ੍ਰਿਸ਼ਟੀ ਦੇ ਬਣਨ ਤੋਂ ਹੀ ਅਸੀਂ ਇੱਥੇ ਸਾਂ। ਪਰ ਚਲੋ, ਬਹੁਤੀ ਦੂਰ ਨਾ ਜਾਈਏ ... ਪੰਜ ਸੌ ਸਾਲ ਪਹਿਲਾਂ ਤਾਂ ਸਾਡੇ ਕਬੀਲੇ ਹੀ ਇੱਥੋਂ ਦੇ ਬਸ਼ਿੰਦੇ ਸਨ, ਸਾਡੀਆਂ ਤਰਵੰਜਾ ਬੋਲੀਆਂ। ਸਾਡੇ ਪੁਰਖੇ ਮੱਧ ਏਸ਼ੀਆ ਤੋਂ ਉਦੋਂ ਅਮਰੀਕਾ ਕਨੇਡਾ ਪੁੱਜੇ ਜਦੋਂ ਇਹ ਦੋਨੋਂ ਮਹਾਂਦੀਪਾਂ ਦੀ ਧਰਤੀ ਇੱਕ ਥਾਂ ਤੇ ਜੁੜੀ ਹੋਈ ਸੀ ਤੇ ਖ਼ਾਨਾ ਬਦੋਸ਼ ਤੁਰਦੇ ਫਿਰਦੇ ਦੂਰ ਦੂਰ ਨਿਕਲ ਜਾਂਦੇ ..." ਉਹ ਗੱਲਬਾਤ ਦਾ ਮੁੱਦਾ ਬਦਲ ਕੇ ਫਿਰ ਬੋਲੀ, "ਅੱਛਾ ਮੈਂ ਬਰਤਨ ਧੋ ਦਿਆਂ, ਫੇਰ ਆਪਾਂ ਘੁੰਮਣ ਵੀ ਜਾਣੈ ਤੇ ਲੌਂਡਰੀ ਵੀ ਕਰਨੀ ਐ।"

"ਮੈਂ ਧੋ ਦਿੰਨੀ ਆਂ ਬਰਤਨ ... ਤੂੰ ਧੋਣ ਵਾਲੇ ਕਪੜੇ ਇਕੱਠੇ ਕਰ ਲੈ ..."

ਮੈਂ ਜ਼ਬਰਦਸਤੀ ਉਹਦੇ ਹੱਥ ਚੋਂ ਕੱਪ ਲੈ ਕੇ ਧੋਣੇ ਸ਼ੁਰੂ ਕਰ ਦਿੱਤੇ ਤਾਂ ਉਹਨੇ ਕਪੜਿਆਂ ਦੇ ਬੈਗ ਕਾਰ ਵਿਚ ਸੁੱਟ ਕੇ ਬੱਚਿਆਂ ਨੂੰ ਵੀ ਪਿਛਲੀ ਸੀਟ ਤੇ ਬਿਠਾ ਦਿੱਤਾ।

ਉੱਥੇ ਪਹੁੰਚ ਕੇ ਲਾਂਡਰੋਮੈਟ ਦੀਆਂ ਮਸ਼ੀਨਾਂ ਵਿਚ ਪੈਸੇ ਪਾ ਕੇ ਕਪੜੇ ਤੁੰਨੇ ਤੇ ਉਹਨਾਂ ਨੂੰ ਚਾਲੂ ਕਰ ਕੇ ਅਸੀਂ ਨਾਲ ਲੱਗਦੀ ਲਾਇਬ੍ਰੇਰੀ ਵੱਲ ਨੂੰ ਹੋ ਤੁਰੀਆਂ। ਲਾਇਬ੍ਰੇਰੀ ਦੇ ਅੰਦਰੋਂ ਪੰਝੀ ਕੁ ਸਾਲ ਦਾ ਇਕ ਮੁੰਡਾ ਨਿਕਲਿਆ। ਮੰਗੋਲੀਅਨ ਨੈਣ-ਨਕਸ਼। ਸੰਵਾਰ ਕੇ ਗੁੱਤਾਂ ਕਰਕੇ ਛਾਤੀ 'ਤੇ ਸੁੱਟੀਆਂ ਹੋਈਆਂ। ਪੀਲੀ ਮਿੱਟੀ ਵਰਗਾ ਰੰਗ। ਹੱਥ ਵਿਚ ਕਿਤਾਬ ਸੀ। ਸਾਨੂੰ ਦੇਖ ਕੇ ਉਸਨੇ ਬੜੇ ਉਤਸ਼ਾਹ ਨਾਲ ਟੋਮਾ ਨੂੰ ਆਪਣੀ ਬੋਲੀ ਵਿਚ ਕੁਝ ਕਿਹਾ। ਜਵਾਬ ਵਿਚ ਟੋਮਾ ਨੇ ਵੀ ਚਹਿਕ ਕੇ ਕੁਝ ਕਿਹਾ ਅਤੇ ਕੌਫ਼ੀ ਸ਼ਾਪ ਵੱਲ



ਨੂੰ ਇਸ਼ਾਰਾ ਕੀਤਾ। ਉਹ ਨੌਜਵਾਨ ਕੌਫ਼ੀ ਸ਼ਾਪ ਨੂੰ ਹਿਰਨ ਵਾਂਗ ਚੁੰਗੀਆਂ ਭਰਦਾ ਤੁਰ ਗਿਆ ਤਾਂ ਟੋਮਾ ਮੈਨੂੰ ਉਹਦੇ ਬਾਰੇ ਦੱਸਣ ਲੱਗੀ:

"ਇਹ ਮੇਰਾ ਚਾਚਾ ਓਲੋਵਨ ਏ। ਛੋਟੇ ਹੁੰਦਿਆਂ ਤੋਂ ਹੀ ਦਾਰੂ ਪੀਣ ਲੱਗ ਗਿਆ। ਸਾਡੇ ਰਿਜ਼ਰਵ 'ਚ ਕਿਹੜਾ ਕੋਈ ਬਿਜ਼ਨਸ ਨੇ, ਲੋਕਾਂ ਕੋਲ ਜੇਬਾਂ ਵੀ ਨਹੀਂ ... ਇਹਨੂੰ ਲਿਸਟਰੀਨ ਮਿਲ ਜਾਵੇ ਜਾਂ ਲਾਈਸੌਲ ਜਾਂ ਖੰਘ ਦੀ ਦੁਆਈ ... ਕੁਝ ਨੀ ਸੀ ਛੱਡਦਾ। ਪੁਲਿਸ ਅਕਸਰ ਇਹਨੂੰ ਫੜ ਕੇ ਲੈ ਜਾਂਦੀ, ਰਾਤ ਰੱਖ ਕੇ ਅਗਲੇ ਦਿਨ ਛੱਡ ਦਿੰਦੀ। ਕੁੱਟ ਮਾਰ ਵੀ ਕਰਦੀ। ਮੈਂ ਇਹਨੂੰ ਘਰ ਲੈ ਜਾਂਦੀ ਸਾਂ। ਕਈ ਕਈ ਹਫਤੇ ਰੱਖਦੀ ਸੀ ਆਪਣੇ ਕੋਲ, ਪਰ ਜਿਉਂ ਹੀ ਉਹਨੂੰ ਪੀਣ ਦਾ ਦੌਰਾ ਪੈਂਦਾ ਫੇਰ ਗਾਇਬ ਹੋ ਜਾਂਦਾ। ਹੋਰ ਕੋਈ ਮੂੰਹ ਲਾ ਕੇ ਰਾਜ਼ੀ ਨਹੀਂ ਸੀ। ਫਿਰ ਇਕ ਦਿਨ ਸ਼ਰਾਬ ਨਾਲ ਟੁੰਨ ਹੋਏ ਨੂੰ ਮੈਂ ਬਾਹਰੋ ਚੁੱਕ ਕੇ ਲਿਆਈ। ਸਵੇਰ ਨੂੰ ਸੁਰਤ ਆਈ ਤਾਂ ਮੈਂ ਕਿਹਾ ਬਈ ਜੇ ਤੂੰ ਆਪਣੀਆਂ ਆਦਤਾਂ ਨਹੀਂ ਛੱਡੇਂਗਾ, ਤਾਂ ਮੈ ਵੀ ਤੈਨੂੰ ਨੀ ਬੁਲਾਉਣਾ। ਬੜਾ ਚਿਰ ਸਮਝਾਉਂਦੀ ਰਹੀ। ਫਿਰ ਮੈਂ ਇਹਨੂੰ ਲਾਇਬ੍ਰੇਰੀ ਲੈ ਕੇ ਆਈ। ਆਪਣੇ ਲੋਕਾਂ ਬਾਰੇ ਉਹਨੂੰ ਇਕ ਦੋ ਕਿਤਾਬਾਂ ਪੜ੍ਹਨ ਨੂੰ ਲੈ ਕੇ ਦਿੱਤੀਆਂ। ਕਿਤਾਬਾਂ ਦਾ ਅਜਿਹਾ ਜਾਦੂ ਇਸ 'ਤੇ ਐਸਾ ਚਲਿਆ ਕਿ ਸਭ ਕੁਝ ਛੱਡ ਛਡਾ ਕੇ ਪੜ੍ਹਦਾ ਈ ਰਹਿੰਦਾ। ਇਹਨੂੰ ਮੈਂ ਕਿਤੇ ਨੌਕਰੀ ਦੀ ਦੱਸ ਪਾਈ ਸੀ। ਹੁਣ ਦੱਸਦਾ ਸੀ ਕਿ ਨੌਕਰੀ ਮਿਲ ਗਈ ਐ। ਉਹ ਆਪਾਂ ਨੂੰ ਪਾਰਟੀ ਦੇਣਾ ਚਾਹੁੰਦਾ ਸੀ। ਮੈਂ ਕਿਹਾ ਅੱਜ ਕੌਫ਼ੀ ਨਾਲ ਹੀ ਸਾਰ ਦੇ।"

ਟੋਮਾ ਨੇ ਲਾਇਬ੍ਰੇਰੀ ਵਿਚੋਂ ਕਿਤਾਬ ਲਈ ਅਤੇ ਅਸੀਂ ਲੌਂਡਰੀ ਵਿਚ ਵਾਪਿਸ ਆ ਗਈਆਂ। ਚਾਚਾ ਓਲੋਵਨ ਵੀ ਕੌਫ਼ੀ ਲੈ ਕੇ ਸਾਡੇ ਮਗਰ ਪਹੁੰਚ ਗਿਆ। ਫਿਰ ਖੜੇ ਖੜੇ ਹੀ ਗੱਲਾਂ ਚੱਲ ਪਈਆਂ ਤਾਂ ਓਲੋਵਨ ਨੇ ਦੱਸਿਆ ਕਿ ਅਗਲੇ ਹਫ਼ਤੇ ਪੰਜਾਹ ਕੁ ਕਿਲੋਮੀਟਰ ਉਤਰ ਵੱਲ 'ਪਾਓ ਵਾਓ' ਕਰਕੇ ਨੇਟਿਵ ਮੇਲਾ ਲੱਗਣਾ ਹੈ ਤੇ ਸੰਨ ਡਾਂਸ ਵੀ ਹੋਣਾ ਹੈ।

"ਟੋਮਾ ! ਸੰਨ ਡਾਂਸ ਤਾਂ ਮੈਂ ਜ਼ਰੂਰ ਦੇਖਣੈ ! ਉੱਥੇ ਤੁਹਾਡੇ ਕਲਚਰ ਬਾਰੇ ਹੋਰ ਵੀ ਕਿੰਨਾ ਕੁਝ ਦੇਖਣ ਨੂੰ ਮਿਲੇਗਾ।" ਮੈਂ ਬੜੇ ਚਾਅ ਨਾਲ ਕਿਹਾ।

"ਜ਼ਰੂਰ। ਇਸ ਨੇਟਿਵ ਕਲਚਰ ਨੂੰ ਸਾਡੇ ਲੋਕ ਪਿਛਲੇ ਪੰਜਾਹ ਕੁ ਸਾਲਾਂ ਤੋਂ ਮੁੜ ਜ਼ਿੰਦਾ ਕਰਨ ਦੀ ਕੋਸ਼ਿਸ ਕਰ ਰਹੇ ਹਨ ... ਸਾਡਾ ਤਾਂ ਸਭ ਕੁਝ ਖੁੱਸ ਚੁੱਕਾ ਸੀ ਧਰਮ, ਵਿਰਸਾ, ਬੋਲੀ ਸਭ ਗੋਰੀ ਨਸਲ ਨੇ ਨਸ਼ਟ ਕਰ ਦਿੱਤੇ ਸਨ। ਸਾਨੂੰ ਆਪਣੇ 'ਚ ਮਿਲਾਉਣ ਦੀ ਹਰ ਸਿਰਤੋੜ ਕੋਸ਼ਿਸ਼ ਕੀਤੀ, ਲੜਾਈਆਂ ਲੜੀਆਂ ਗਈਆਂ ... ਕੁੱਲ ਮਿਲਾ ਕੇ ਸਾਰੇ ਯੂਰਪ ਤੇ ਨੌਰਥ ਅਮਰੀਕਾ 'ਚ ਸੌ ਮਿਲੀਅਨ ਤੋਂ ਵੀ ਵੱਧ ਨੇਟਿਵ ਮਾਰ ਮੁਕਾਏ ... ਹੁਣ ਤਾਂ ਬਹੁਤੀ ਗੋਰਿਆਂ ਨਾਲ ਮਿਕਸ ਰੇਸ ਹੀ ਹੈ ਜੋ ਮੇਲੇ 'ਤੇ ਵੀ ਵੇਖਣ ਨੂੰ ਮਿਲੇਗੀ।"

ਕਪੜੇ ਧੋਣ ਤੇ ਸੁਕਾਉਣ ਤੋਂ ਬਾਅਦ ਅਸੀਂ ਪਲਾਸਟਿਕ ਦੇ ਬੈਗਾਂ ਵਿਚ ਪਾਏ। ਜਿਉਂ ਹੀ ਟੋਮਾ ਬੈਗ ਚੁੱਕ ਕੇ ਕਾਰ ਚ ਰੱਖਣ ਲੱਗੀ, ਓਲੋਵਨ ਨੇ ਉਹਦੇ ਹੱਥੋਂ ਫੜ ਲਏ, "ਤੇਰੀ ਹਾਲਤ ਨੀ ਭਾਰ ਚੁੱਕਣ ਵਾਲੀ !" ਉਹਨੇ ਖੁਸ਼ੀ ਦੇ ਇਜ਼ਹਾਰ ਕਰਦਿਆਂ ਬੈਗ ਕਾਰ ਚ ਰੱਖ ਦਿੱਤੇ।

ਘਰ ਨੂੰ ਮੁੜਦਿਆਂ ਟੋਮਾ ਨੇ ਦੁੱਧ ਖਰੀਦਣ ਲਈ ਵਰਾਇਟੀ ਸਟੋਰ ਦੇ ਸਾਹਮਣੇ ਕਾਰ ਖੜੀ ਕੀਤੀ ਤੇ ਅਸੀਂ ਅੰਦਰ ਵੜਨ ਲੱਗੀਆਂ ਤਾਂ ਮੇਰੀ ਨਜ਼ਰ ਸਟੋਰ ਦੇ ਬਾਹਰ ਕੂੜੇਦਾਨ ਕੋਲ ਬੈਠੇ ਇੱਕ ਆਦਮੀ ਤੇ ਪਈ ਤਾਂ ਉਹ ਬੋਲਿਆ, "ਹਾਦਿਸ ਨਿਤਸੇ ਲੀ ਸਿਟਾਂ?"

"ਇਹ ਤੈਨੂੰ ਪੁੱਛ ਰਿਹੈ ਕਿ ਤੂੰ ਕਿੱਥੋਂ ਆਈ ਐਂ?" ਟੋਮਾ ਨੇ ਦੱਸਿਆ।

ਉਸ ਵੱਲੋਂ ਹਟ ਕੇ ਟੋਮਾ ਨੇ ਅੱਖ ਦੇ ਇਸ਼ਾਰੇ ਨਾਲ ਸਾਹਮਣੇ ਦੀਵਾਰ 'ਤੇ ਲਿਖ ਕੇ ਲਗਾਇਆ ਪੜ੍ਹਣ ਨੂੰ ਕਿਹਾ, 'ਲਿਸਟਰੀਨ ਅਤੇ ਲਾਈਸੌਲ ਲਈ ਕੈਸ਼ੀਅਰ ਨੂੰ ਪੁੱਛੋ।' ਤੇ ਉਹ ਸ਼ਬਦ ਆਪ ਉਚਾਰਨ ਮਗਰੋਂ ਮੈਨੂੰ ਦੱਸਿਆ, "ਇਹ ਚੀਜ਼ਾਂ ਛੁਪਾ ਕੇ ਰੱਖੀਆਂ ਜਾਂਦੀਆਂ। ਬਾਹਰ ਬੈਠਾ ਬੰਦਾ ਵੀ ਇਹੀ ਭਾਲਦਾ ਸੀ ਕਿ ਕੋਈ ਉਹਨੂੰ ਇਹ ਖਰੀਦ ਕੇ ਦੇਵੇ ਕਿਉਂਕਿ ਉਹਦਾ ਇਸ ਸਟੋਰ 'ਚ ਵੜਨਾ ਮਨ੍ਹਾ ਹੈ। ਹੁਣ ਮੈਂ ਚਾਚੇ ਓਲੋਵਨ ਦੀ ਡਿਊਟੀ ਲਾਈ ਐ ਬਈ ਇਸ ਸਿਰ ਸੜੇ ਨੂੰ ਵੀ ਬੰਦਾ ਬਣਾਵੇ। ਉਹ ਇਹਨੂੰ ਸਮਝਾਊਗਾ। ਕੀ ਪਤਾ, ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜ ਈ ਜਾਵੇ।" ਉਹਨੇ ਸਵੈ-ਮਾਣ ਨਾਲ ਕਿਹਾ।

ਅਸੀਂ ਸਟੋਰ ਦੇ ਅੰਦਰ ਲੰਘ ਆਈਆਂ ਤਾਂ ਟੋਮਾ ਨੇ ਕੈਸ਼ ਰਜਿਸਟਰ 'ਤੇ ਖੜੀ ਔਰਤ ਨੂੰ ਪੁੱਛਿਆ, "ਤੁਸੀਂ ਅਗਲੇ ਹਫਤੇ ਹੋਣ ਵਾਲੇ ਸੰਨ ਡਾਂਸ ਬਾਰੇ ਕੁਝ ਸੁਣਿਐ, ਕਿੱਥੇ ਹੋਣਾ ਏ?"

ਉਹਨੇ ਮੂੰਹ ਜਿਹਾ ਬਣਾਇਆ ਤੇ ਬੜੀ ਲਾਪਰਵਾਹੀ ਨਾਲ ਬੋਲੀ, "ਹੋਣੈ ਏਥੇ ਹੀ ਕਿਤੇ ... ਪੱਕਾ ਪਤਾ ਨੀ ਮੈਨੂੰ। ਕਿੰਨੇ ਹੀ ਗੋਰੇ ਵੀ ਅੱਜ ਕੱਲ੍ਹ ਸਾਡਾ ਪਹਿਰਾਵਾ ਪਾ ਕੇ ਇਨ੍ਹਾਂ ਮੇਲਿਆਂ 'ਚ ਫਿਰਦੇ ਨੇ ... ਫੇਰ ਭਲਾ ਉਹ ਇੰਡੀਅਨ ਬਣ ਜਾਣਗੇ? ਕੀ ਅਸੀਂ ਗੋਰੇ ਬਣ ਗਏ? ਕਿੰਨਾ ਜ਼ੋਰ ਲਗਾਇਐ ਇਹਨਾਂ ਨੇ ... ਰੈਜ਼ੀਡੈਂਸ਼ੀਅਲ ਸਕੂਲਾਂ 'ਚ ਸਾਡੇ ਨਿਆਣੇ ਚੁੱਕ ਕੇ ਪਾ ਦਿੱਤੇ ... ਗੋਰਾ ਬੰਦਾ ਤਾਂ ਸੋਚਦੈ ਬਈ ਉਹ ਕੁਝ ਵੀ ਬਣ ਸਕਦੈ, ਅਫ਼ਰੀਕਨ ਤੇ ਚੀਨਾ ਵੀ ਬਣਨ ਨੂੰ ਫਿਰਦੈ। ਤੂੰ ਪਰਸੋਂ ਰੇਡੀਓ 'ਤੇ ਨਹੀਂ ਸੁਣਿਆ ਆਪਣੀ ਕੁੜੀ ਨੂੰ? ਰੋ ਰੋ ਕੇ ਦੱਸ ਰਹੀ ਸੀ ਕਿ ਉਸਦੇ ਪੜਦਾਦੇ ਦੇ ਪਰਕੇ ਕੋਟ ਦਾ ਡਿਜ਼ਾਈਨ ਕਿਸੇ ਗੋਰੇ ਡਿਜ਼ਾਈਨਰ ਨੇ ਚੁਰਾ ਲਿਆ ਤੇ ਇੱਕ ਇੱਕ ਸਵੈਟਰ ਅੱਠ-ਅੱਠ ਸੌ ਡਾਲਰ ਤੋਂ ਵੀ ਉੱਪਰ ਦਾ ਵਿਕ ਰਿਹੈ।"

"ਮੇਰੀ ਮਹਿਮਾਨ ਤਾਂ ਟੋਰਾਂਟੋ ਤੋਂ ਆਈ ਐ, ਇਹਨੂੰ ਆਪਣਾ ਰਿਜ਼ਰਵ ਦਿਖਾਉਣਾ।"

"ਸ਼ੋਅਰ, ਗੁੱਡ ਲੱਕ!" ਉਹ ਔਰਤ ਖੁਸ਼ ਹੋ ਕੇ ਬੋਲੀ।

ਫਿਰ ਵਾਪਸੀ ਦੇ ਸਾਰੇ ਰਸਤੇ ਮੈਂ ਇਹ ਸੋਚਦੀ ਗਈ ਕਿ ਠੀਕ ਹੀ ਤਾਂ ਕਹਿ ਰਹੀ ਸੀ ਉਹ ਔਰਤ: ਅਖ਼ਬਾਰਾਂ ਵਿਚ ਵੀ ਤਾਂ ਕਈ ਵਾਰ ਪੜ੍ਹਿਐ ਕਿ ਵੱਡੇ ਸ਼ਹਿਰਾਂ 'ਚ ਉਹਨਾਂ ਦੀਆਂ ਜੜ੍ਹੀਆਂ ਬੂਟੀਆਂ ਤੋਂ ਇਲਾਜ਼ ਦੇ ਤਰੀਕਿਆਂ ਬਾਰੇ ਨੇਟਿਵਾਂ ਤੋਂ ਹੀ ਸੂਹ ਲੈ ਕੇ ਗੋਰੇ ਕਿਤਾਬਾਂ ਛਪਵਾਈ ਬੈਠੇ ਨੇ। ਬੜੀਆਂ ਮਹਿੰਗੀਆਂ ਵਿਕਦੀਆਂ ਨੇ ਉਹ ਕਿਤਾਬਾਂ ... ਸੂਹ ਦੇਣ ਵਾਲੇ ਨੇਟਿਵਾਂ ਦਾ ਤਾਂ ਉਹਨਾਂ ਵਿਚ ਕਿਤੇ ਨਾਮ ਨਿਸ਼ਾਨ ਤੱਕ ਵੀ ਨਹੀਂ ਹੁੰਦਾ।

ਵਾਪਸ ਪਰਤੀਆਂ ਤਾਂ ਓਗੀਮਾ ਦੇਸੀ ਤਰੀਕੇ ਦਾ ਸ਼ਰਬਤ ਬਣਾ ਕੇ ਸਾਡਾ ਇੰਤਜ਼ਾਰ ਕਰ ਰਿਹਾ ਸੀ। ਸਾਨੂੰ ਦੇਖ ਕੇ ਬੋਲਿਆ, "ਮੈਨੂੰ ਪਤਾ ਸੀ ਗਰਮੀ ਨੇ ਸਾਹ-ਸੂਤ ਲੈਣਾ। ਇਸ ਘਰੇਲੂ ਨੁਸਖੇ ਦਾ ਕਮਾਲ ਦੇਖਣਾ, ਇਕ ਇਕ ਗਲਾਸ ਨਾਲ ਹੀ ਥਕਾਵਟ ਲਹਿ ਜਾਏਗੀ।"

ਸ਼ਰਬਤ ਪੀ ਕੇ ਟੋਮਾ ਬੋਲੀ, "ਚੱਲ ਤੈਨੂੰ ਲੀਟਾ ਭੂਆ ਨੂੰ ਵੀ ਮਿਲਾ ਲਿਆਵਾਂ।"

"ਮੈਂ ਘੜੀ ਭਰ ਹੋਰ ਸੌਂ ਲੈਂਦਾ ਹਾਂ, ਫਿਰ ਰਾਤ ਭਰ ਜਾਗਣਾ ਹੈ।" ਓਗੀਮਾ ਬੋਲਿਆ।

ਲੀਟਾ ਦੇ ਘਰ ਪਹੁੰਚੀਆਂ ਤਾਂ ਉਸਨੂੰ ਮਹਿਮਾਨ ਦੇਖ ਕੇ ਜਿਵੇਂ ਚਾਅ ਹੀ ਚੜ੍ਹ ਗਿਆ। ਉਹ ਸਾਨੂੰ ਮੇਪਲ ਦੇ ਦਰਖ਼ਤ ਹੇਠ ਪਈਆਂ ਸਾਦਾ ਜਿਹੀਆਂ ਕੁਰਸੀਆਂ 'ਤੇ ਬਿਠਾ ਕੇ ਖਾਣ-ਪੀਣ ਬਾਰੇ ਪੁੱਛਣ ਲੱਗੀ ਪਰ ਟੋਮਾ ਨੇ ਮਨ੍ਹਾ ਕਰ ਦਿੱਤਾ, "ਜਾਣ ਵੇਲੇ ਸਹੀ।" ਫਿਰ ਟੋਮਾ ਨੇ ਮੇਰੇ ਵੱਲ ਦੇਖਦੇ ਕਿਹਾ, "ਲੀਟਾ ਭੂਆ ਕਈ ਤਰ੍ਹਾਂ ਦੇ ਦੇਸੀ ਰਸਾਇਣ ਬਣਾਉਣ ਦੀਆਂ 'ਰੈਸਪੀਆਂ' ਜਾਣਦੀ ਐ। ਜਾਣ ਵੇਲੇ ਇਕ ਇਕ ਕੱਪ



ਪੀਵਾਂਗੀਆਂ। ਬੜੇ ਹੀ ਪੌਸ਼ਟਿਕ ਤੇ ਸਵਾਦੀ ਹੁੰਦੇ ਨੇ ਭੂਆ ਦੇ ਮੂਲਵਾਸੀ ਟੌਨਿਕ!" ਆਪਣੀ ਤਾਰੀਫ ਸੁਣ ਕੇ ਲੀਟਾ ਖੁਸ਼ੀ ਨਾਲ ਮਚਲ ਉੱਠੀ।

ਫਿਰ ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ ਮੈਂ ਲੀਟਾ ਨੂੰ ਪੁੱਛ ਹੀ ਲਿਆ, "ਇਹ ਯੂਰਪੀਅਨ ਸੈਟਲਰਜ਼ ਭਲਾ ਕੌਣ ਸਨ?"

"ਗੱਲ ਤਾਂ ਬਹੁਤ ਲੰਮੀ ਹੋ ਜਾਵੇਗੀ ਪਰ ਆਪਣੀ ਇੱਕ ਲੋਕ-ਕਥਾ ਦੇ ਹਵਾਲੇ ਨਾਲ ਥੋੜ੍ਹਾ ਸਮਝਾਉਣ ਦੀ ਕੋਸ਼ਿਸ਼ ਕਰਾਂਗੀ: ਭਲਿਆਂ ਵੇਲਿਆਂ 'ਚ ਜਦੋਂ ਪਸ਼ੂ, ਪੰਛੀ ਤੇ ਇਨਸਾਨ ਇੱਕ ਦੂਜੇ ਦੀ ਬੋਲੀ ਸਮਝਦੇ ਸੀ ਤਾਂ ਇੱਕ ਲੂਮੜੀ ਰੋਜ਼ ਤਲਾਅ 'ਤੇ ਆਇਆ ਕਰੇ, ਆਪਣਾ ਫ਼ਰ ਵਾਲਾ ਕੋਟ ਪਾ ਕੇ ਪਾਣੀ 'ਚ ਆਪਣਾ ਅਕਸ ਦੇਖ ਕੇ ਬਹੁਤ ਖੁਸ਼ ਹੋ ਜਾਇਆ ਕਰੇ।"

ਲੀਟਾ ਨੇ ਸਹਿਜ ਚਾਲੇ ਗੱਲ ਅੱਗੇ ਤੋਰੀ: "ਇੱਕ ਦਿਨ ਉਹਦੀ ਨਜ਼ਰ ਤੈਰਦੀਆਂ ਮੁਰਗਾਬੀਆਂ ਦੇ ਟੋਲੇ 'ਤੇ ਪਈ ਜਿਹੜੀਆਂ ਗੀਤ ਗਾ ਰਹੀਆਂ ਸੀ ਤੇ ਮਸਤੀ 'ਚ ਨੱਚ ਰਹੀਆਂ ਸਨ। ਉਹਨਾਂ ਦੇ ਸੋਨੇ ਰੰਗੇ ਖੰਭ ਚਮਚਮ ਕਰਦੇ ਤੇ ਲਿਸ਼ਕਾਰੇ ਮਾਰਦੇ। ਉਹਨਾਂ ਦੇ ਗੀਤ ਵਾਤਾਵਰਣ ਵਿਚ ਇਕਸੁਰਤਾ ਪੈਦਾ ਕਰਦੇ। ਉਹਨਾਂ ਦਾ ਨਾਚ ਸ਼ਾਂਤੀ ਤੇ ਕੁਦਰਤ ਨਾਲ ਲੈਅ-ਬੱਧਤਾ ਦੀ ਬਾਤ ਪਾਉਂਦਾ। ਉਹਨਾਂ ਦਾ ਗੋਲ ਚੱਕਰ 'ਚ ਘੁੰਮਣਾ ਧਰਤੀ ਮਾਂ ਨੂੰ ਸਿਜਦਾ ਕਰਦਾ। ਲੂਮੜੀ ਦਾ ਲਾਲਚ ਜਾਗਿਆ। ਉਹ ਉੱਠੀ ਤੇ ਉਹਨਾਂ ਕੋਲ ਪਹੁੰਚ ਬੋਲੀ:

"ਸਖੀਓ! ਤੁਹਾਡੇ ਖੰਭ ਤਾਂ ਬੱਸ ਕਮਾਲ ਦੇ ਹੀ ਨੇ... ਮੈਨੂੰ ਇੱਕ ਖੰਭ ਚਾਹੀਦੈ ਤਾਂ ਕਿ ਮੈਂ ਆਪਣੇ ਕੰਨ 'ਤੇ ਟੰਗ ਲਵਾਂ, ਮੇਰੇ ਕੋਟ ਨਾਲ ਸੋਹਣਾ ਲੱਗੂ।"

"ਕੋਈ ਨੀ ਚਲੋ ਇੱਕ ਖੰਭ ਦਾ ਕੀ ਐ ... ਪਰ ਸੰਭਾਲ ਕੇ ਰੱਖੀਂ। ਸਾਨੂੰ ਆਪਣੇ ਖੰਭ ਬਹੁਤ ਪਿਆਰੇ ਨੇ।" ਭੋਲੀਆਂ ਮੁਰਗਾਬੀਆਂ 'ਚੋਂ ਇੱਕ ਬੋਲੀ।

"ਖੰਭ ਲੈ ਕੇ ਲੂਮੜੀ ਭੱਜੀ ਭੱਜੀ ਜੰਗਲ 'ਚ ਗਈ। ਜਾਨਵਰਾਂ ਨੂੰ ਰੋਕ ਰੋਕ ਕੇ ਪੁੱਛਣ ਲੱਗੀ, "ਮੈਂ ਅੱਜ ਸੋਹਣੀ ਲੱਗਦੀ ਆਂ?"

ਇੱਕ ਰਿੱਛ ਨੇ ਤਾਂ ਉਹਦੇ ਮੂੰਹ 'ਤੇ ਹੀ ਕਹਿ ਮਾਰਿਆ, "ਇੱਕ ਕੰਨ 'ਤੇ ਖੰਭ ਟੰਗ ਕੇ ਸੁਦੈਣ ਜਿਹੀ ਲੱਗਦੀ ਐਂ ... ਜਾਂ ਤਾਂ ਦੂਜੇ ਕੰਨ 'ਤੇ ਵੀ ਹੋਵੇ।"

ਉਹ ਭੱਜੀ ਭੱਜੀ ਫੇਰ ਮੁਰਗਾਬੀਆਂ ਕੋਲ ਗਈ ਤੇ ਬੋਲੀ, "ਭੈਣੋ! ਹੈ ਤਾਂ ਮੁਸ਼ਕਿਲ ਹੀ ... ਜੇ ਇੱਕ ਖੰਭ ਹੋਰ ਦੇ ਦਿਓ, ਤਾਂ ਤੁਹਾਡੀ ਬੜੀ ਮਿਹਰਬਾਨੀ!"

"ਇੱਕ ਹੋਰ? ਨਾ ਬਈ ਨਾ ... ਆਪਣੇ ਖੰਭ ਪੁੱਟ ਕੇ ਦੇਣੇ ਬੜੇ ਔਖੇ ਨੇ ... ਚਲੋ, ਆਈ ਨੂੰ ਜੁਆਬ ਨੀ ਦਿੰਦੇ, ਮੁੜ ਕੇ ਨਾ ਮੰਗਣ ਆਈਂ।"

"ਨਹੀਂ, ਮੈਂ ਕੋਈ ਐਨੀ ਬੇਸ਼ਰਮ ਆਂ ਬਈ ਤੁਰੀ ਹੀ ਰਹਾਂਗੀ।" ਕਹਿ ਲੂਮੜੀ ਮਟਕਦੀ ਜੰਗਲ ਵੱਲ ਨੂੰ ਹੋਈ।

"ਹੁਣ ਦੇਖੋ ਤਾਂ ਕਿਵੇਂ ਲੱਗਦੇ ਨੇ ..."

ਜਾਨਵਰਾਂ ਦੇ ਟੋਲੇ 'ਚ ਕੁਝ ਦੇਰ ਚੁੱਪੀ ਛਾ ਗਈ ਫੇਰ ਮੋਰ ਬੋਲਿਆ, "ਬਈ ਕਹਿੰਦੇ ਕਹਾਉਂਦਿਆਂ ਕੋਲ ਤਾਂ ਇਹੋ ਜਿਹੇ ਖੰਭ ਹੁੰਦੇ ਨੇ ... ਜਦ ਮਰਜ਼ੀ ਖਿਲਾਰ ਲਓ ਤੇ ਨੱਚਣ ਲੱਗ ਜਾਓ ... ਮਨ ਚਾਹੇ

ਉਡਾਰੀ ਮਾਰੋ ... ਦੁਨੀਆਂ ਵੀ ਦੇਖ ਕੇ ਅਸ਼ ਅਸ਼ ਕਰ ਉੱਠਦੀ ਐ।”

ਮੋਰ ਨੇ ਪੈਲ ਪਾ ਕੇ ਦਿਖਾਈ ਤਾਂ ਲੂਮੜੀ ਉਦਾਸ ਹੋ ਗਈ। ਉਹ ਵੀ ਮੋਰ ਵਰਗੀ ਬਣਨਾ ਚਾਹੁੰਦੀ ਸੀ। ਆਪ-ਮੁਹਾਰੇ ਹੀ ਉਹਦੇ ਪੈਰ ਤਲਾਅ ਵੱਲ ਨੂੰ ਨਿਕਲ ਤੁਰੇ। ਜਦੋਂ ਮੁਰਗਾਬੀਆਂ ਨੇ ਉਹਨੂੰ ਸਾਹਮਣੇ ਖੜੀ ਦੇਖਿਆ ਤਾਂ ਉਹਨਾਂ ਆਪ ਹੀ ਉੱਚੀ ਜਿਹੀ ਆਵਾਜ਼ ਚ ਪੁੱਛਿਆ, “ਕਿਤੇ ਤੂੰ ਹੁਣ ਹੋਰ ਖੰਭ ਮੰਗਣ ਤਾਂ ਨੀ ਆ ਗਈ? ਅਸੀਂ ਨੀ ਦੇਣੇ ... ਚਾਹੇ ਗੁੱਸੇ ਹੋ ਜਾਂ ਰਾਜ਼ੀ, ਸਾਨੂੰ ਕੋਈ ਪ੍ਰਵਾਹ ਨਹੀਂ।”

“ਨਹੀਂ, ਨਹੀਂ, ਖੰਭ ਤਾਂ ਮੈਂ ਕੀ ਕਰਨੇ ਨੇ, ਮੈਂ ਤਾਂ ਤੁਹਾਡੇ ਨਾਲ ਇੱਕ ਜ਼ਰੂਰੀ ਗੱਲ ਕਰਨ ਆਈ ਆਂ। ਦੇਖੋ! ਮੈਂ ਕੁਝ ਇਨਸਾਨਾਂ ਨੂੰ ਗੱਲਾਂ ਕਰਦੇ ਸੁਣਿਐ ਕਿ ਉਹ ਤੁਹਾਡੇ ਸਾਰੇ ਖੰਭ ਨੋਚ ਲੈਣਗੇ ਤੇ ਤੁਹਾਨੂੰ ਰਿੰਨ੍ਹ ਕੇ ਖਾ ਲੈਣਗੇ।”

“ਹੈਂ? ਪਰ... ਪਰ ਕਿਉਂ? ਕੌਣ ਗਾਏਗਾ ਉਹਨਾਂ ਲਈ ਫੇਰ? ਅਸੀਂ ਉਹਨਾਂ ਦਾ ਕੀ ਵਿਗਾੜਿਐ? ਨਾਲੇ ਇਨਸਾਨ ਤਾਂ ਮੁਰਗਾਬੀਆਂ ਨੀ ਖਾਂਦੇ।”

“ਤੁਹਾਨੂੰ ਕੀ ਪਤਾ ਉਹ ਕੀ ਕੀ ਖਾ ਜਾਂਦੇ ਨੇ। ਜੇ ਤੁਸੀਂ ਮੈਨੂੰ ਆਪਣੇ ਅੱਧੇ ਖੰਭ ਦੇ ਦਿਓ ਤਾਂ ਮੈਂ ਉਹਨਾਂ ਨੂੰ ਖਿਲਾਰ ਕੇ ਇੱਧਰ ਉੱਧਰ ਘੁੰਮਦੀ ਰਹੂੰ ਤੇ ਉਹ ਤੁਹਾਡਾ ਨਹੀਂ ਮੇਰਾ ਪਿੱਛਾ ਕਰਨਗੇ ਕਿ ਮੁਰਗਾਬੀ ਜਾ ਰਹੀ ਐ ਤੇ ਮੈਂ ਤਾਂ ਉਹਨਾਂ ਦੇ ਹੱਥ ਆਉਣ ਵਾਲੀ ਹੀ ਨਹੀਂ ... ਤੇ ਬਾਕੀ ਅੱਧੇ ਖੰਭ ਤਾਂ ਤੁਹਾਡੇ ਕੋਲ ਹੀ ਨੇ ਨਾ ... ਮੈਂ ਕਿਹੜਾ ਸਾਰੇ ਮੰਗ ਰਹੀ ਆਂ, ਮੈਂ ਤਾਂ ਤੁਹਾਡੇ ਫ਼ਾਇਦੇ ਦੀ ਹੀ ਸੋਚ ਰਹੀ ਹਾਂ।”

“ਇੱਕਦਮ ਕੁਝ ਨਹੀਂ ਕਿਹਾ ਜਾ ਸਕਦਾ ... ਕੱਲ੍ਹ ਤੱਕ ਸੋਚ ਵਿਚਾਰ ਕਰਾਂਗੇ।” ਨਿਰਾਸ਼ਾ ’ਚ ਘਿਰੀਆਂ ਮੁਰਗਾਬੀਆਂ ਮੁੜ ਤਲਾਅ ’ਚ ਚਲੀਆਂ ਗਈਆਂ ਤੇ ਅਗਲੇ ਦਿਨ ਲੂਮੜੀ ਤਾਂ ਪਹਿਲਾਂ ਹੀ ਉਹਨਾਂ ਦੀ ਇੰਤਜ਼ਾਰ ’ਚ ਬੈਠੀ ਸੀ।

“ਆਪਣੇ ਅੱਧੇ ਖੰਭ ਤੈਨੂੰ ਦੇ ਤਾਂ ਦਿਆਂਗੇ, ਪਰ ਅਸੀਂ ਉਨ੍ਹਾਂ ਤੋਂ ਬਿਨਾਂ ਨਾ ਤਾਂ ਚੰਗੀ ਤਰ੍ਹਾਂ ਤੈਰ ਸਕਣਾ ਏ ਤੇ ਨਾ ਹੀ ਉੱਡ ... ਇਹ ਬੜੀ ਬਿਪਤਾ ਦੀ ਘੜੀ ਐ, ਹੋਰ ਚਾਰਾ ਵੀ ਕੋਈ ਨਹੀਂ?”

“ਮੈਂ ਜੁ ਹਾਂ, ਤੁਹਾਡਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।” ਲੂਮੜੀ ਨੇ ਖੰਭ ਆਪਣੀ ਪਿੱਠ ’ਚ ਲਗਾਉਂਦਿਆਂ ਕਿਹਾ।

“ਇਹ ਤਾਂ ਸਾਡੇ ਨਾਲ ਹੋਈ ... ਅਸੀਂ ਤਾਂ ਆਪਣੇ ਕਬੀਲਿਆਂ ’ਚ ਕੁਦਰਤ ਨਾਲ ਇੱਕਮਿਕ ਹੋ ਕੇ ਰਹਿਣ ਵਾਲੇ ਸਾਂ। ਕੁਦਰਤੀ ਸਰੋਤ ਸਾਡੇ ਵਾਸਤੇ ਪ੍ਰਮਾਤਮਾ ਵੱਲੋਂ ਭੇਂਟ ਕੀਤਾ ਨਜ਼ਰਾਨਾ ਤੇ ਅਸੀਂ ਕੁਦਰਤ ਦੀ ਪਵਿੱਤਰਤਾ ’ਚ ਯਕੀਨ ਕਰਨ ਵਾਲੇ ਪ੍ਰਾਣੀ।” ਲੀਟਾ ਨੇ ਆਪਣੇ ਦੋਨੋਂ ਹੱਥ ਆਕਾਸ਼ ਵੱਲ ਉਲਾਰ ਕੇ ਗੱਲ ਜਾਰੀ ਰੱਖੀ:

“ਸ਼ਿਕਾਰ ਵੀ ਓਨਾ ਹੀ ਕਰਨਾ ਜਿੰਨਾ ਕੁ ਖਪਤ ਹੋ ਸਕੇ। ਜਾਨਵਰ ਦੇ ਸਰੀਰ ਦਾ ਕੋਈ ਵੀ ਹਿੱਸਾ ਜ਼ਾਇਆ ਨਾ ਕਰਨਾ ... ਖੱਲ ਤੋਂ ਕੱਪੜੇ, ਖਾਣ ਨੂੰ ਮੀਟ, ਦੰਦਾਂ-ਹੱਡੀਆਂ ਤੋਂ ਗਹਿਣੇ ਤੇ ਘਰੇਲੂ ਔਜ਼ਾਰ ਬਣਾਉਣੇ। ਸ਼ਿਕਾਰ ਕਰਨਾ ਤੇ ਮੱਛੀ ਪਕੜਨਾ ਹੀ ਜਾਣਦੇ ਸਨ ਸਾਡੇ ਪੁਰਖੇ ... ਕੁਦਰਤ ਨਾਲ ਰੂਹਾਨੀ ਤੰਦਾਂ ਬੜੀਆਂ ਪੀਡੀਆਂ ਸਨ ਉਹਨਾਂ ਦੀਆਂ। ਜਦੋਂ ਕੱਕਰੀਲੀਆਂ ਯੱਖ ਠੰਢੀਆਂ ਤੇਜ਼ ਹਵਾਵਾਂ ਤੇ ਭਾਰੀ ਬਰਫ਼ਬਾਰੀ ਦੇ ਤੂਫ਼ਾਨ ਚੱਲਦੇ ਤਾਂ ਅਸੀਂ ਆਪਣਾ ਬੋਰੀ ਬਿਸਤਰਾ ਗੋਲ ਕਰਕੇ ਸੁਖਾਵੇਂ ਹਾਲਾਤਾਂ ਨੂੰ ਲੱਭਦੇ ਕਿਤੇ ਹੋਰ ਵੱਸ ਜਾਂਦੇ। ਕੁਦਰਤ ਨੇ ਤਾਂ ਆਪਣੀ ਹਰ ਰਚਨਾ ਦੀ ਕੁੰਜ ਝਾੜ ਕੇ ਉਸ ਵਿੱਚ ਨਵੇਂ ਰੰਗ



ਭਰਨੇ ਹੁੰਦੇ ਹਨ। ਉਸ ਦਾ ਵਿਰੋਧ ਕਰਕੇ ਤਾਂ ਮਨੁੱਖ ਦੁੱਖ ਹੀ ਭੋਗੇਗਾ ਨਾ? ਪਰ ਗੋਰਿਆਂ ਦੀਆਂ ਤਾਂ ਸਾਡੇ ਕੁਦਰਤੀ ਸੋਮਿਆਂ ਨੂੰ ਦੇਖ ਅੱਖਾਂ ਹੀ ਅੱਡੀਆਂ ਰਹਿ ਗਈਆਂ।” ਲੀਟਾ ਆਪਣੇ ਰਉਂ ’ਚ ਬੋਲਦੀ ਗਈ, “ਲੂਮੜੀ ਇੱਕ ਵਾਰ ਫੇਰ ਮੁਰਗਾਬੀਆਂ ਕੋਲ ਗਈ। ਰੋਣ ਧੋਣ ਦਾ ਡਰਾਮਾ ਕਰਦੀ ਉਹ ਬੋਲੀ: “ਮੈਂ ਤਾਂ ਸੁੱਤੀ ਪਈ ਸੀ ਜਦੋਂ ਦੋ ਤਿੰਨ ਬੰਦਿਆਂ ਨੇ ਮੇਰੇ ’ਤੇ ਹਮਲਾ ਕਰ ਕੇ ਮੇਰੇ ਖੰਭ ਚੁਰਾ ਲਏ ... ਮੈਂ ਕੀ ਕਰਦੀ? ਆਪਾਂ ਹੁਣ ਇਹਨਾਂ ਇਨਸਾਨਾਂ ਦਾ ਟਾਕਰਾ ਕਰਾਂਗੇ। ਮੈਂ ਵੀ ਥੋਡੇ ਨਾਲ ਹੀ ਖੜੀ ਆਂ।”

“ਮੁਰਗਾਬੀਆਂ ਨੇ ਡਰਦੇ ਮਾਰੇ ਉਡਣ ਦੀ ਕੋਸ਼ਿਸ਼ ਕੀਤੀਓ ਹੋਣੀ ਐ, ਪਰ ਕਿੱਥੇ ਉੱਡ ਹੋਣਾ ਸੀ ... ਨਾ ਹੀ ਤੈਰ ਸਕਦੀਆਂ ਸੀ। ਆਪਣੀ ਹੀ ਜ਼ਮੀਨ ਤੋਂ ਕੋਈ ਕਿੱਥੇ ਭੱਜ ਜਾਏਗਾ ਭਲਾ?” ਮੈਂ ਹਮਦਰਦੀ ਪ੍ਰਗਟ ਕੀਤੀ ਤਾਂ ਲੀਟਾ ਨੇ ਕਰਾਂਤੀਕਾਰੀ ਸਮਾਜਿਕ ਵਰਕਰਾਂ ਵਾਂਗੂ ਖੜੇ ਹੋ ਕੇ ਹੋਰ ਵੀ ਰਵਾਨਗੀ ਤੇ ਜੋਸ਼ ਨਾਲ ਬੋਲਣਾ ਸ਼ੁਰੂ ਕਰ ਦਿੱਤਾ:

“ਲਾਲਸਾ ਨੇ ਕੀ ਕੀ ਨਹੀਂ ਕਰਵਾਇਆ ਇਨਸਾਨ ਤੋਂ? ਸਾਡੀ ਸ਼ਾਂਤਮਈ ਕੌਮ ਨੂੰ ਕਿਵੇਂ ਇੱਕ ਪਲੈਨ ਤਹਿਤ ਨਸ਼ਟ ਕੀਤਾ। ਸਾਡਾ ਕੱਚਾ ਮਾਲ ਜਿਵੇਂ ਜਾਨਵਰਾਂ ਦੀਆਂ ਖੱਲਾਂ, ਲੱਕੜ, ਖਣਿਜ ਤੇ ਮੱਛੀਆਂ ਦੇ ਜਹਾਜ਼ ਭਰ ਕੇ ਵਾਪਸ ਯੌਰਪ ਲਿਜਾਂਦੇ ਰਹੇ ... ਉਹ ਕਿਹੜੀ ਮੰਦਭਾਗੀ ਘੜੀ ਸੀ ਜਦੋਂ ਕੋਲੰਬਸ ਇੰਡੀਆ ਲੱਭਣ ਤੁਰਿਆ ਤੇ ਭੁੱਲ-ਭੁਲੇਖੇ ਸਾਡੀ ਧਰਤੀ ’ਤੇ ਪਹੁੰਚ ਗਿਆ। ਉਹਨੇ ਤਾਂ ਸੋਚਿਆ ਕਿ ਇਹੀ ਇੰਡੀਆ ਹੈ। ਤਾਂ ਹੀ ਸਾਡਾ ਨਾਂ ਵੀ ਇੰਡੀਅਨ ਪੈ ਗਿਆ। ਕੋਲੰਬਸ ਦਾ ਤਾਂ ਨਾਂ ਵੀ ਅਸੀਂ ਅਪਣੀ ਜ਼ੁਬਾਨ ’ਤੇ ਨਹੀਂ ਲਿਆਉਂਦੇ ... ਈਵਲ! ਪਿਓਰ ਈਵਲ!! ਹਿਟਲਰ ਤੋਂ ਵੀ ਵੱਡਾ ਕਾਤਿਲ਼ ... ਆਉਂਦਿਆਂ ਹੀ ਬੇਸ਼ੁਮਾਰ ਨੇਟਿਵ ਗੁਲਾਮ ਬਣਾ ਕੇ ਸਪੇਨ ਭੇਜ ਦਿੱਤੇ। ਉੱਥੇ ਉਹਨਾਂ ਨੂੰ ਜ਼ਬਰਦਸਤੀ ਇਸਾਈ ਬਣਾਇਆ ਗਿਆ। ਅਖੇ, ਤੁਹਾਨੂੰ ਜੰਗਲੀਪੁਣੇ ’ਚੋਂ ਕੱਢ ਕੇ ਦੁਨੀਆਂ ਦੇ ਹਾਣ ਦੇ ਬਣਾਉਣੈ ... ਬਲੱਡੀ ਟੈਰਰਿਸਟ ... ਫੇਰ ਆਇਆ ਯੂਰਪ ਤੋਂ ਕੰਬਲਾਂ ਦਾ ਭਰਿਆ ਜਹਾਜ਼ ਜਿਸ ’ਚ ਪਹਿਲਾਂ ਹੀ ਚੇਚਕ ਦਾ ਬੈਕਟੀਰੀਆ ਧੂੜਿਆ ਗਿਆ ਸੀ। ਨੇਟਿਵ ਤਾਂ ਬਿਮਾਰੀ ਨਾਲ ਮੱਖੀਆਂ ਦੀ ਤਰ੍ਹਾਂ ਮਰ ਮਰ ਕੇ ਡਿੱਗਣ ਲੱਗੇ। ਪਰ ਦੇਖ ਲਓ, ਅਸੀਂ ਫੇਰ ਵੀ ਜ਼ਿੰਦਾ ਹਾਂ, ਸਾਡੀ ਹੋਂਦ ਨੂੰ ਮਿਟਾਉਣਾ ਐਨਾ ਸੌਖਾ ਨਹੀਂ।”

ਮੈਨੂੰ ਆਪਣੇ ਦਾਦੇ ਦੀ ਉਹ ਕਹਾਵਤ ਯਾਦ ਆ ਗਈ ਕਿ “ਮਨੂ ਸਾਡੀ ਦਾਤਰੀ ਅਸੀਂ ਮਨੂ ਦੇ ਸੋਏ, ਜਿਉਂ ਜਿਉਂ ਮਨੂ ਵੱਢਦਾ ਅਸੀਂ ਦੂਣ ਸਵਾਏ ਹੋਏ।”

“ਸਾਡੇ ਲਈ ਸ਼ਰਾਬਾਂ ਦੇ ਭਰੇ ਜਹਾਜ਼ ਆਏ। ਹੌਲੀ ਹੌਲੀ ਸਾਨੂੰ ਆਪਣੇ ਹੁਨਰ ਭੁੱਲਦੇ ਗਏ ਕਿਉਂਕਿ ਸਾਡੀਆਂ ਮੀਲਾਂ ’ਚ ਫੈਲੀਆਂ ਝੀਲਾਂ ਤੇ ਜੰਗਲਾਂ ’ਤੇ ਗੋਰਿਆਂ ਦਾ ਕਬਜ਼ਾ ਹੋ ਗਿਆ। ਸ਼ੁਰੂ ’ਚ ਲੜਾਈਆਂ ਵੀ ਲੜੀਆਂ, ਸਾਡੇ ਯੋਧੇ ਲੱਖਾਂ ਦੀ ਗਿਣਤੀ ’ਚ ਗੋਰਿਆਂ ਨਾਲ ਲੜਦੇ ਮਾਰੇ ਗਏ ਪਰ ਦੁਸ਼ਮਨਾਂ ਕੋਲ ਟੈਕਨੌਲੋਜੀ ਤੇ ਲੂਮੜੀ ਵਾਲੀ ਚਲਾਕੀ ਸੀ ਜੋ ਸਾਡੇ ਕੋਲ ਕਿੱਥੇ ਸੀ? ਅਸੀਂ ਧੀਮੀ ਮੌਤ ਮਰਨ ਲੱਗੇ ਪਰ ਹੁਣ ਦੁਬਾਰਾ ਖੜੇ ਹੋ ਕੇ ਦਿਖਾਵਾਂਗੇ।”

“ਇਤਿਹਾਸ ਦੀ ਸਭ ਤੋਂ ਵੱਡੀ ਨਸਲਕੁਸ਼ੀ ਸਾਡੇ ਨਾਲ ਹੋਈ। ਦੁਨੀਆਂ ਦੇ ਹਰ ਮੁਲਕ ਵਿੱਚ ਦਸ ਕਰੋੜ ਨੇਟਿਵਾਂ ਨੂੰ ਖ਼ਤਮ ਕਰ ਦਿੱਤਾ ਗਿਆ। ਪਿਛਲੇ ਦੋ ਤਿੰਨ ਦਹਾਕਿਆਂ ਵਿਚ ਹੀ ਸਾਡੀਆਂ ਢਾਈ ਸੌ ਤੋਂ ਵੀ ਜ਼ਿਆਦਾ ਕੁੜੀਆਂ ਅਗਵਾ ਹੋਈਆਂ ਜਿਨ੍ਹਾਂ ਦੇ ਰੇਪ ਹੋਏ, ਕਤਲ ਹੋਏ ਪਰ ਪੁਲਿਸ ਵਲੋਂ ਕੋਈ ਵਿਧੀਵਤ ਪੈਰਵੀ ਨਹੀਂ ਹੋਈ। ਉਦਾਂ ਤਾਂ ਕੁੱਤਾ ਬਿੱਲੀ ਮਾਰਨ ਤੇ ਵੀ ਸਜ਼ਾ ਹੋ ਜਾਂਦੀ ਏ।” ਟੋਮਾਂ ਦੀਆਂ ਸਿਸਕੀਆਂ ਉੱਚੀਆਂ ਹੋਣ ਲੱਗੀਆਂ ਅਤੇ ਨਾਲ ਹੀ ਲੀਟਾ ਦੀਆਂ ਧਾਹਾਂ ਨਿਕਲ ਗਈਆਂ।

ਸਾਰਾ ਵਾਤਾਵਰਣ ਸੋਗਮਈ ਅਤੇ ਉਦਾਸ ਹੋ ਗਿਆ। ਇਕ ਅਸਹਿ ਜਿਹੇ ਬੋਝ ਨਾਲ ਮੇਰਾ ਦਿਲ ਡੁੱਬਦਾ ਜਾ ਰਿਹਾ ਸੀ।

ਟੋਮਾ ਥੋੜਾ ਚੁੱਪ ਰਹਿ ਕੇ ਬੋਲੀ,

"ਲੀਟਾ ਭੂਆ, ਇਹਨੂੰ ਹਾਲੇ ਤਾਂ ਤੂੰ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਗੱਲ ਨਹੀਂ ਦੱਸੀ ਕਿ ਕਿਵੇਂ ਗੋਰਿਆਂ ਨੇ ਕਾਨੂੰਨਨ ਸਾਡੇ ਭੋਰਾ ਭਰ ਬੱਚਿਆਂ ਨੂੰ ਹੋਸਟਲ ਵਿਚ ਭੇਜਣਾ ਲਾਜ਼ਮੀ ਕੀਤਾ। ਘਰੋਂ ਹੀ ਬੱਚਿਆਂ ਨੂੰ ਚੁੱਕਣ ਆ ਪੈਂਦੇ। ਵਿੱਚ ਵਿਚਾਲੇ ਮਾਂ ਬਾਪ ਨਾਲ ਕੋਈ ਮਿਲਣਾ ਨਹੀਂ ਸੀ ਹੋ ਸਕਦਾ। ਉੱਥੇ ਉਹਨਾਂ ਨੂੰ ਮਾਰਿਆ ਕੁੱਟਿਆ ਜਾਂਦਾ, ਇਸਾਈ ਬਣਾਇਆ ਜਾਂਦਾ। ਉਹਨਾਂ ਦਾ ਸੱਭਿਆਚਾਰ ਬਦਲ ਦਿੱਤਾ ਜਾਂਦਾ। ਯੌਨ ਸ਼ੋਸ਼ਣ ਤਾਂ ਸਿਖਰ 'ਤੇ ਸੀ। ਦਸਵੀਂ ਤੋਂ ਬਾਅਦ ਘਰਾਂ ਨੂੰ ਜਦ ਬੱਚੇ ਮੁੜਦੇ ਤਾਂ ਉਹ ਨੀਮ ਪਾਗਲ ਹੋ ਗਏ ਹੁੰਦੇ।"

"ਹੁਣ ਸਮਝ ਆਈ ਕਿ ਰਿਜ਼ਰਵ ਵਿਚ ਮਾਨਸਿਕ ਰੋਗ ਕਿਉਂ ਜ਼ਿਆਦਾ ਨੇ। ਅੰਕੜਿਆਂ ਦੇ ਹਿਸਾਬ ਦੇ ਨਾਲ ਵੀ ਖ਼ੁਦਕੁਸ਼ੀ ਦੀ ਦਰ ਸਭ ਤੋਂ ਜ਼ਿਆਦਾ ਰਿਜ਼ਰਵ ਏਰੀਏ ਵਿੱਚ ਹੀ ਏ। ਜਦੋਂ ਕਿਸੇ ਕੌਮ ਦਾ ਮਨੋਰਥ ਖੋਹ ਲਿਆ ਜਾਵੇ ਫੇਰ ਹੋਰ ਕੀ ਹੋਊ?" ਮੈਂ ਲੰਮਾ ਸਾਹ ਭਰਿਆ।

"ਸਾਡੇ ਦਿਲਾਂ 'ਚ ਮਘਦੀ ਅੱਗ ਤਾਂ ਸੂਰਜ ਨੂੰ ਵੀ ਸਰੂਰ ਦਿੰਦੀ ਸੀ ਪਰ ਅੱਜ ਕੀ ਹਾਲ ਐ ਸਾਡਾ? ਚਲੋ, ਰਾਹ ਵੀ ਹਨੇਰੇ ਤੋਂ ਚਾਨਣ ਵੱਲ ਜਾ ਸਕਦੇ ਨੇ, ਆਪਣੇ ਮੱਥੇ 'ਚ ਜਗਦੇ ਦੀਵਿਆਂ ਦੇ ਮਿੰਨ੍ਹੇ ਮਿੰਨ੍ਹੇ ਚਾਨਣ ਨਾਲ ਆਪਣੀ ਦੁਨੀਆਂ ਨੂੰ ਫੇਰ ਰੁਸ਼ਨਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ... ਮੈਦਾਨ ਵਿਚ ਵਹਿੰਦੀ ਨਦੀ ਵਾਂਗ ਅਸੀਂ ਤਾਂ ਸ਼ਾਂਤ ਤੇ ਅਡੋਲ ਹੀ ਜੀਣਾ ਚਾਹੁੰਦੇ ਸਾਂ ਪਰ ਸਾਡੇ ਖੋਹੇ ਹੱਕ ਕਦੋਂ ਮਿਲਣਗੇ ਸਾਨੂੰ? ਅਖੇ ਅਸੀਂ ਮਾਫ਼ੀ ਮੰਗਦੇ ਹਾਂ: ਆਪਣੇ ਪੁਰਖਿਆਂ ਦੀਆਂ ਵਧੀਕੀਆਂ ਲਈ ਤੇ ਮੁਆਵਜ਼ਾ ਵੀ ਦੇਣ ਨੂੰ ਤਿਆਰ ਹਾਂ।"

ਲੀਟਾ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਚੁੱਕਾ ਸੀ।

ਅਸੀਂ ਜਦੋਂ ਦੇ ਲੀਟਾ ਦੇ ਘਰ ਆਏ, ਟੋਮਾ ਦੇ ਬੱਚੇ ਉਦੋਂ ਤੋਂ ਹੀ ਬਾਹਰ ਖੇਲ੍ਹ ਰਹੇ ਸਨ। ਚਾਰ ਵਜੇ ਤੱਕ ਉਹ ਭੱਜ ਦੌੜ ਕੇ ਪੂਰੇ ਥੱਕ ਗਏ ਤਾਂ ਅੰਦਰ ਆ ਕੇ ਮਾਂ ਨੂੰ ਤੰਗ ਕਰਨ ਲੱਗੇ ਤੇ ਬਾਰ ਬਾਰ ਕਹੀ ਜਾਣ, "ਅਸੀਂ ਹੁਣ ਘਰ ਜਾਣੈ, ਬਹੁਤ ਭੁੱਖ ਲੱਗੀ ਐ।"

ਲੀਟਾ ਭੂਆ ਨੇ ਬੱਚਿਆਂ ਲਈ ਖਾਣ ਲਈ ਨਿੱਕ-ਸੁੱਕ ਬਣਾਇਆ। ਸਾਡੇ ਵਾਸਤੇ ਰਸਭਰੀ ਦੀ ਸਮੂਥੀ ਬਣਾਈ, ਜੋ ਸੱਚਮੁੱਚ ਏਨੀ ਸਵਾਦ ਸੀ ਕਿ ਪਹਿਲਾਂ ਕਦੇ ਨਹੀਂ ਸੀ ਪੀਤੀ!

ਸ਼ਾਮ ਉਤਰਨ ਲੱਗ ਪਈ ਸੀ। ਘਰ ਆਈਆਂ ਤਾਂ ਓਗੀਮਾ ਕੰਮ 'ਤੇ ਨਿਕਲ ਚੁੱਕਾ ਸੀ। ਅਗਲੇ ਹਫ਼ਤੇ 'ਨੇਟਿਵ ਮੇਲਾ' ਦੇਖਣ ਦਾ ਇਕਰਾਰ ਕਰਕੇ ਮੈਂ ਟੋਮਾ ਨੂੰ 'ਵਿਦਾ' ਕਹੀ। ਲਾਇਬ੍ਰੇਰੀ ਵਿਚੋਂ ਕਢਾਈ ਕਿਤਾਬ ਟੋਮਾ ਨੇ ਪੜ੍ਹਨ ਵਾਸਤੇ ਮੈਨੂੰ ਦੇ ਦਿੱਤੀ ਸੀ। ਘਰ ਤੱਕ ਆਉਂਦੀ ਸਾਰੀ ਵਾਟ ਮੇਰੇ ਦਿਮਾਗ਼ ਵਿਚ ਮੁਰਗਾਬੀਆਂ ਦੀ ਕਹਾਣੀ ਘੁੰਮਦੀ ਰਹੀ।

ਅਗਲੇ ਹਫ਼ਤੇ ਤੱਕ ਮੈਂ ਫਿਰ ਆਪਣੇ ਕੰਮ ਵਿਚ ਰੁਝੀ ਰਹੀ।

ਟੋਮਾ ਇਕ ਵਾਰ ਆ ਕੇ 'ਮੇਲੇ' ਦਾ ਯਾਦ ਕਰਵਾ ਗਈ ਸੀ।

ਇਸ ਦੌਰਾਨ ਮੈਂ ਕਿਤਾਬ ਵੀ ਪੜ੍ਹ ਲਈ। ਨੇਟਿਵਾਂ ਬਾਰੇ ਮੇਰੇ ਜਾਣਕਾਰੀ ਵਿਚ ਵਾਧਾ ਹੋ ਰਿਹਾ ਸੀ।



ਉਹਨਾਂ ਦੀ ਜ਼ਿੰਦਗੀ ਵਿਚ ਹੋਰ ਗਹਿਰਾ ਦੇਖਣ ਦੀ ਮੇਰੀ ਖ਼ਾਹਿਸ਼ ਤੀਬਰ ਹੁੰਦੀ ਜਾ ਰਹੀ ਸੀ। ਅੰਗਰੇਜ਼ਾਂ ਵਲੋਂ ਮੂਲ਼ਵਾਸੀਆਂ ਨਾਲ ਕੀਤੇ ਧੋਖਿਆਂ ਨਾਲ ਭਰੀ ਪਈ ਉਸ ਕਿਤਾਬ ਦਾ ਹਰ ਅੱਖਰ ਜਿਵੇਂ 'ਸ਼ੇਮ ਸ਼ੇਮ' ਕੂਕ ਰਿਹਾ ਹੋਵੇ। ਸੰਨ ਅਠਾਰਾਂ ਸੌ ਤਹਿੱਤਰ ਵਿਚ ਕੀਤੀ ਪਹਿਲੀ ਸੰਧੀ ਦਾ ਮਕਸਦ ਧੋਖੇ ਨਾਲ ਮੂਲ਼ਵਾਸੀਆਂ ਦੀਆਂ ਜ਼ਮੀਨਾਂ ਹੜੱਪਣਾ ਹੀ ਸੀ। ਉਨ੍ਹਾਂ ਨੂੰ ਕਿਹਾ ਗਿਆ ਕਿ ਅਲਬਰਟਾ ਵਿਚ ਵਸੇ ਹੋਏ ਫਰਾਂਸ ਅਤੇ ਸਕੌਟਲੈਂਡ ਤੋਂ ਆਏ ਧਾੜਵੀਆਂ ਨੂੰ ਭਜਾਉਣਾ ਹੈ। ਇਸ ਲਈ ਰਸਤਾ ਚਾਹੀਦਾ ਹੈ। ਰਸਤਾ ਅੰਗਰੇਜ਼ਾਂ ਨੇ ਆਪਣੇ ਨਾਂ ਕਰਵਾ ਲਿਆ।

ਪਰ ਜਦੋਂ ਮੂਲ਼ਵਾਸੀਆਂ ਤੋਂ ਦਸਤਖ਼ਤ ਕਰਵਾਏ ਗਏ ਤਾਂ ਅਸਲੀ ਸੱਚ ਦਾ ਓਹਲਾ ਰੱਖਿਆ ਗਿਆ। ਬਾਦ ਵਿਚ ਖੁਲਾਸਾ ਹੋਇਆ ਕਿ ਸੰਧੀ ਵਿਚ ਤਾਂ 'ਓਜਿਬਵੇਅ ਕਬੀਲੇ ਨੇ ਆਪਣੇ ਅਧਿਕਾਰਾਂ ਦਾ ਸਮਰਪਣ ਕਰ ਦਿੱਤਾ ਸੀ। ਸਰਕਾਰ ਨੇ ਸੰਧੀ ਵਿਚ ਲਿਖੀਆਂ ਮੂਲ਼ਵਾਸੀਆਂ ਪੱਖੀ ਕੁਝ ਸ਼ਰਤਾਂ ਵੀ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਿਵੇਂ ਕਿ ਓਜਿਬਵੇਅ ਕੌਮ ਨੂੰ ਆਪਣੇ ਰਸਮੋ-ਰਿਵਾਜ ਅਤੇ ਰਿਵਾਇਤਾਂ ਬਿਨਾਂ ਕਿਸੇ ਦਖ਼ਲ-ਅੰਦਾਜ਼ੀ ਦੇ ਬਰਕਰਾਰ ਰੱਖਣ ਦਾ ਹੱਕ। ਪਰ ਸੰਧੀ ਦੇ ਛਲਾਵੇ ਵਿਚ ਮੂਲ਼ਵਾਸੀਆਂ ਨੂੰ ਲੁੱਟ-ਪੁੱਟ ਕੇ ਕੱਖੋਂ ਹੌਲੇ ਕਰ ਦਿੱਤਾ ਗਿਆ ਸੀ। ਫਿਰ ਸੰਨ ਅਠਾਰਾਂ ਸੌ ਚੁਹਿੱਤਰ ਵਿਚ ਹੋਏ ਐਗਰੀਮੈਂਟ ਵਿਚ ਲਿਖਿਆ ਸੀ ਕਿ ਇੰਡੀਅਨ ਰਿਜ਼ਰਵ ਦੇ ਆਲੇ ਦੁਆਲੇ ਦੀਆਂ ਝੀਲਾਂ ਦੇ ਪਾਣੀ 'ਤੇ ਹੱਕ ਨੇਟਿਵ ਲੋਕਾਂ ਦੇ ਹੋਣਗੇ ਪਰ ਸੰਨ ਉਨੀਂ ਸੌ ਪੰਦਰਾਂ ਵਿੱਚ ਇਹ ਐਗਰੀਮੈਂਟ ਬਦਲ ਕੇ 'ਪਾਣੀ ਦੇ ਹੱਕ ਨੇਟਿਵ ਲੋਕਾਂ ਦੇ ਨਹੀਂ ਹੋਣਗੇ ਬਣਾ ਦਿੱਤਾ ਗਿਆ ਸੀ।

ਉਹ ਕਿਤਾਬ ਪੜ੍ਹ ਕੇ ਮੇਰੀ ਮੇਲੇ ਵਿਚ ਦਿਲਚਸਪੀ ਹੋਰ ਵੀ ਵਧ ਗਈ ਸੀ ਪਰ ਬੱਚਿਆਂ ਨੇ ਗਰਮੀਆਂ ਦੇ ਕਪੜੇ ਖਰੀਦਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਬੇਟੀ ਨੇ 'ਵਿਨਰਜ਼ ਜਾਣਾ ਸੀ ਅਤੇ ਬੇਟੇ ਨੇ 'ਐੱਚ ਐਂਡ ਐਮ ਸਟੋਰ। ਮੇਰੇ ਮਨ ਵਿਚ ਸੀ ਮੈਂ ਮੇਲਾ ਦੇਖਣ ਸਾਰੇ ਪਰਿਵਾਰ ਨਾਲ ਜਾਵਾਂ। ਬੱਚਿਆਂ ਨੂੰ ਮਨਾਉਣਾ ਮੁਸ਼ਕਲ ਸੀ, ਪਰ ਮੈਂ ਉਹਨਾਂ ਦੀ ਇਕ ਕਮਜ਼ੋਰੀ ਸਮਝਦੀ ਸੀ। ਮੈਂ ਦੋ ਦਿਨ ਪਹਿਲਾਂ ਹੀ ਘਰ ਵਿਚ ਮਾਹੌਲ ਬਣਾਉਣਾ ਸ਼ੁਰੂ ਕਰ ਦਿੱਤਾ ਸੀ, "ਬਈ ਮੈਂ ਨੇਟਿਵਾਂ ਦੇ ਘਰੋਂ ਸ਼ੇਕ ਪੀ ਕੇ ਆਈ ਆਂ, ਏਨਾ ਸਵਾਦ!"

ਬੇਟਾ ਮੇਰੇ ਅੰਦਰਲੀ ਗੱਲ ਸਮਝ ਗਿਆ ਸੀ, "ਮੌਮ, ਤੁਹਾਨੂੰ ਪਤਾ ਹੈ, ਮੈਨੂੰ ਦੁਨੀਆ ਦੇ ਖਾਣੇ ਟੇਸਟ ਕਰਨ ਦਾ ਸ਼ੌਕ ਹੈ। ਲੱਗਦਾ ਹੈ, ਪ੍ਰੋਗਰਾਮ ਤਾਂ ਕੋਈ ਤੁਹਾਡਾ ਹੋਰ ਹੈ, ਪਰ ਸਾਨੂੰ ਨਾਲ ਲਿਜਾਣ ਦੀ ਕੁੰਡੀ ਪਾ ਰਹੇ ਹੋ।" ਉਹ ਹੱਸਣ ਲੱਗਾ ਤਾਂ ਮੈਂ ਕਿਹਾ, "ਅਗਰ ਸ਼ੇਕ ਪਸੰਦ ਨਾ ਆਵੇ ਤਾਂ ਤੁਹਾਨੂੰ ਦੋਨਾਂ ਇਕ ਇਕ ਜੀਨ ਵਾਧੂ ਖਰੀਦ ਕੇ ਦਿਆਂਗੀ।"

ਬੱਚੇ ਮੰਨ ਗਏ ਤਾਂ ਮੇਰੇ ਪਤੀ ਨੇ ਵੀ ਨਾਲ ਜਾਣ ਦੀ ਤਿਆਰੀ ਕਰ ਲਈ।

ਫਿਰ ਮੇਲੇ ਵਾਲੇ ਦਿਨ ਜਦੋਂ ਅਸੀਂ ਟੋਮਾ ਦੇ ਘਰ ਮੂਹਰੇ ਕਾਰ ਰੋਕੀ ਤਾਂ ਜਿਵੇਂ ਸਾਰਾ ਟੱਬਰ ਹੀ ਇੰਤਜ਼ਾਰ ਵਿਚ ਖਲੋਤਾ ਸੀ। ਸਾਫ਼ ਸੁਥਰੇ, ਰੰਗ-ਬਰੰਗੇ ਕਪੜੇ ਪਹਿਨੀ ਬੱਚੇ ਬਹੁਤ ਹੀ ਪਿਆਰੇ ਪਿਆਰੇ ਜਾਪੇ। ਸਾਡਾ ਪੂਰਾ ਪਰਿਵਾਰ ਦੇਖ ਕੇ ਤਾਂ ਉਹਨਾਂ ਦੀਆਂ ਵਾਛਾਂ ਹੀ ਖਿਲਰ ਗਈਆਂ। ਓਗੀਮਾ ਅਤੇ ਟੋਮਾ ਨੇ ਅੱਖਾਂ ਵਿਛਾ ਕੇ ਸਾਡਾ ਸਵਾਗਤ ਕੀਤਾ ... ਤੇ ਲੀਟਾ ਦਾ ਸ਼ੇਕ ਪੀ ਕੇ ਬੱਚਿਆਂ ਦਾ ਵਾਧੂ ਜੀਨ ਲੈਣ ਦਾ ਸੁਪਨਾ ਟੁੱਟ ਗਿਆ।

ਮੇਲੇ ਦਾ ਨਜ਼ਾਰਾ ਦੇਖ ਕੇ ਮੈਂ ਹੱਕੀ ਬੱਕੀ ਰਹਿ ਗਈ। ਇੱਕ ਖੁੱਲ੍ਹੇ ਮੈਦਾਨ ਚ ਕਿੰਨੇ ਹੀ ਛੋਟੇ ਆਕਾਰ ਦੇ ਤਿਕੋਨੇ ਟੈਂਟ ਜਿਹੜੇ ਜਾਨਵਰਾਂ ਦੀਆਂ ਖੱਲਾਂ ਦੇ ਬਣੇ ਹੋਏ ਤੇ ਉੱਪਰ ਪੰਛੀ, ਜਾਨਵਰ ਕਿੰਨੇ ਹੀ ਰੰਗਾਂ

'ਚ ਵਾਹੇ ਹੋਏ। 'ਟੈਪੀ' ਕਹਿੰਦੇ ਸੀ ਉਨ੍ਹਾਂ ਨੂੰ ... ਹਰੇਕ 'ਟੈਪੀ' ਦੇ ਬਾਹਰ 'ਵੁੱਡ-ਸਟੋਵ' ਵਿਚ ਰਾਤ ਦਾ ਖਾਣਾ ਬਣ ਰਿਹਾ ਸੀ। ਘੋੜੇ ਵੀ ਇੱਕ ਪਾਸੇ ਖਾ ਪੀ ਕੇ ਲੇਟੇ ਆਰਾਮ ਕਰ ਰਹੇ ਤੇ ਪਾਲਤੂ ਕੁੱਤੇ ਉਹਨਾਂ ਦੇ ਹੀ ਨੇੜੇ ਤੇੜੇ ਬੈਠੇ ਹੋਏ।

ਸਪੀਕਰ ਵਿਚੋਂ ਆ ਰਹੇ ਗੀਤਾਂ ਦੀ ਆਵਾਜ਼ ਅਤੇ ਭਾਸ਼ਾ ਸਮਝ ਨਹੀਂ ਸੀ ਆ ਰਹੀ। ਪਰ ਸੰਗੀਤਕ ਧੁਨਾਂ ਅਤੇ ਸਾਜ਼-ਬਾਜ਼ ਦਾ ਰਿਦਮ ਸੁਣ ਕੇ ਅੱਡੀ ਆਪ-ਮੁਹਾਰੇ ਨੱਚਣ ਨੂੰ ਉੱਠੀ ਜਾਵੇ। ਜ਼ਰੂਰ ਹੀ ਨੇਟਿਵਾਂ ਦੇ ਰਿਵਾਇਤੀ ਗੀਤ ਹੋਣਗੇ। ਕਾਰ 'ਚੋਂ ਉਤਰ ਕੇ ਅਸੀਂ ਮੇਲੇ ਦੀ ਰੌਣਕ ਵੱਲ ਨੂੰ ਤੁਰ ਪਏ। ਨਿੱਕੀਆਂ-ਨਿੱਕੀਆਂ ਦੁਕਾਨਾਂ 'ਤੇ ਸਮਾਨ ਬੇਤਰਤੀਬੀ ਵਿਚ ਪਿਆ ਸੀ। ਕੋਈ ਫਰੂਟ ਵੇਚ ਰਿਹਾ ਸੀ ਕੋਈ ਘਰ ਦਾ ਬਣਿਆ ਸਜਾਵਟ ਦਾ ਸਾਮਾਨ। ਕਿਸੇ ਨੇ ਘਰ ਦੇ ਬਣਾਏ ਮੋਮ ਦੀਆਂ ਮੋਮਬੱਤੀਆਂ ਸਜਾਈਆਂ ਹੋਈਆਂ ਸਨ।

ਮੈਂ ਖੜੀ ਆਲੇ ਦੁਆਲੇ ਨੂੰ ਨਿਹਾਰ ਰਹੀ ਸਾਂ। ਵਿਚਾਲੇ ਵਾਹੇ ਗੋਲ ਦਾਇਰੇ ਵਿਚ ਇੱਕ ਹਵਨ ਕੁੰਡ ਵਰਗਾ ਪੱਥਰ ਰੱਖਿਆ ਹੋਇਆ ਸੀ ਜਿਸ ਦੇ ਆਲੇ ਦੁਆਲੇ ਦਰੱਖਤਾਂ ਦੀਆਂ ਟਹਿਣੀਆਂ ਬੜੇ ਸਲੀਕੇ ਨਾਲ ਟਿਕਾਈਆਂ ਹੋਈਆਂ ਸਨ। ਔਰਤਾਂ, ਬੱਚੇ ਅਤੇ ਮਰਦ ਦਾਇਰੇ ਵਿਚ ਨੱਚਦੇ ਹੋਏ ਘੁੰਮਦੇ, ਗਾਉਂਦੇ ਅਤੇ ਦਰੱਖਤਾਂ ਦੀਆਂ ਟਹਿਣੀਆਂ ਹੱਥਾਂ 'ਚ ਫੜੀ ਉੱਪਰ ਹੇਠਾਂ ਘੁਮਾਉਂਦੇ। ਆਪਣੇ ਰਿਵਾਇਤੀ ਕਪੜਿਆਂ 'ਚ ਉਨ੍ਹਾਂ ਦੇ ਰਿਸ਼ਟ ਪੁਸ਼ਟ ਜੁੱਸੇ, ਰੰਗ ਬਿਰੰਗੇ ਚੋਲੇ, ਬਹੁ-ਰੰਗੇ ਮਣਕਿਆਂ ਦੀਆਂ ਮਾਲਾ, ਸਿਰਾਂ ਉੱਤੇ ਲੰਬੇ ਖੰਭਾਂ ਵਾਲੀਆਂ ਟੋਪੀਆਂ ਦੇਖ ਕੇ ਲੱਗੇ ਜਿਵੇਂ ਸਮਾਂ ਸਾਹ ਰੋਕ ਕੇ ਖੜ੍ਹੋ ਗਿਆ ਹੋਵੇ।

"ਔਹ ਦੇਖ! ਇੱਕ ਗੋਰਾ ਤੁਰਦਾ ਫਿਰਦਾ ਬਾਜ਼ ਬਣਿਆ ਫਿਰਦਾ ... ਇਹਨੇ ਵੀ ਸਾਡੇ ਕਲਚਰ 'ਤੇ ਕਿਤਾਬ ਲਿਖੀ ਐ, ਬਹੁਤ ਵਿਕੀ ਐ ਉਹ ... ਆਪਣੀ ਲਾਇਬ੍ਰੇਰੀ ਵਿਚ ਵੀ ਹੈ। ਅਗਲੀ ਵਾਰ ਜਦੋਂ ਆਵੇਂ ਤੈਨੂੰ ਇਸ਼ੂ ਕਰਵਾ ਦਿਆਂਗੀ ਪੜ੍ਹਨ ਵਾਸਤੇ।" ਟੋਮਾ ਨੇ ਮੈਨੂੰ ਬਾਂਹੋਂ ਫੜ ਕੇ ਇੱਕ ਪਾਸੇ ਨੂੰ ਖਿੱਚ ਇਸ਼ਾਰਾ ਕੀਤਾ।

ਘੁੰਮਦੀਆਂ ਫਿਰਦੀਆਂ ਅਸੀਂ ਟੋਮਾ ਦੇ ਕਿਸੇ ਰਿਸ਼ਤੇਦਾਰ ਦੇ ਟੈਂਟ ਵਿਚ ਚਲੀਆਂ ਗਈਆਂ। ਪਤਾ ਲੱਗਾ ਕਿ ਉਹ ਭੂਆ ਲੀਟਾ ਦੀ ਹਾਫ਼-ਸਿਸਟਰ ਸੀ, ਵਿਨੋਨਾ। ਵਿਨੋਨਾ ਇਸਾਈ ਧਰਮ 'ਚ ਵੱਡੀ ਹੋਈ ਕਿਉਂਕਿ ਮਾਂ ਇਸਾਈ ਸੀ ਪਰ ਹੁਣ ਉਹ ਆਪਣੀਆਂ ਨੇਟਿਵ ਜੜ੍ਹਾਂ ਵੱਲ ਮੁੜ ਆਈ ਸੀ।

ਅਚਾਨਕ ਗੀਤਾਂ ਦੀ ਆਵਾਜ਼ ਆਉਣੀ ਬੰਦ ਹੋ ਗਈ ਤੇ ਸਪੀਕਰ ਵਿਚ 'ਹੈਲੋ ਹੈਲੋ' ਕਰਨ ਤੋਂ ਬਾਅਦ ਇਕ ਬੰਦਾ ਸਵਾਗਤੀ ਸੁਰ ਵਿਚ ਬੋਲਿਆ, "ਮਿਸਟਰ ਕਮਿਸ਼ਨਰ ਔਫ਼ 'ਰੌਇਲ ਕਮਿਸ਼ਨ ਔਨ ਦ ਨੌਰਦਰੱਨ ਇਨਵਾਇਰਨਮੈਂਟ! ਧੋਖੇ ਨਾਲ ਸਹੀ-ਬੱਧ ਕੀਤੀਆਂ ਸੰਧੀਆਂ ਰਾਹੀਂ, ਸਾਥੋਂ ਹੜੱਪ ਕੀਤੀ ਇਸ ਧਰਤੀ ਉਪਰ ਤੁਹਾਡਾ ਸੁਆਗਤ ਹੈ!"

ਤਾੜੀਆਂ ਦੀ ਆਵਾਜ਼ ਰੁਕਣ 'ਤੇ ਉਹ ਫਿਰ ਸ਼ੁਰੂ ਹੋ ਗਿਆ:

"ਸਾਡੀ ਵੀ ਹਾਰਦਿਕ ਇੱਛਾ ਸੀ ਕਿ ਤੁਹਾਡੇ ਆਉਣ ਦੇ ਚਾਅ ਕਰਦੇ, ਖੁਸ਼ ਹੁੰਦੇ ਤੇ ਭਵਿੱਖ 'ਚ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੇ ਯਤਨ ਕਰਦੇ ... ਪਰ ਇਹ ਸੰਭਵ ਨਹੀਂ। ਅਸੀਂ ਹੁਣ ਅੱਖਾਂ ਮੀਟ ਕੇ ਵਿਸ਼ਵਾਸ ਨਹੀਂ ਕਰ ਸਕਦੇ। ਮੁਰਗਾਬੀਆਂ ਤੇ ਲੂਮੜੀ ਦੀ ਲੋਕ ਕਥਾ ਅਜੇ ਸਾਨੂੰ ਭੁੱਲੀ ਨਹੀਂ। ਮੇਰੀ ਤੁਹਾਨੂੰ ਇਹ ਹੀ ਗੁਜ਼ਾਰਿਸ਼ ਹੈ ਕਿ ਉਹਨਾਂ ਮੁਰਗਾਬੀਆਂ ਦੇ ਮੱਕਾਰੀ ਨਾਲ ਖੋਹੇ ਖੰਭਾਂ ਵਿਚੋਂ ਥੋੜ੍ਹੇ ਬਹੁਤੇ ਤਾਂ ਵਾਪਸ ਕਰੋ।"



ਲੋਕਾਂ ਨੇ ਹੱਥ ਉੱਪਰ ਚੁੱਕ 'ਹੋ ਹੋ ਹੋ ..' ਦੀਆਂ ਆਵਾਜ਼ਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਬੁਲਾਰੇ ਨੇ ਸ਼ਾਂਤ ਹੋਣ ਦਾ ਸੰਕੇਤ ਦਿੱਤਾ ਅਤੇ ਠਰ੍ਹੰਮੇ ਜਿਹੇ ਨਾਲ ਬੋਲਿਆ, "ਅਸੀਂ ਤੁਹਾਡਾ ਫੇਰ ਵੀ ਸੁਆਗਤ ਕਰਦੇ ਹਾਂ ...ਕਿਉਂਕਿ ਸਾਨੂੰ ਵੀ ਹਰੇਕ ਵਾਰ ਉਮੀਦ ਤਾਂ ਹੁੰਦੀ ਹੀ ਹੈ ਕਿ ਸ਼ਾਇਦ ਕੋਈ ਸਾਡੀ ਵੀ ਸੁਣੇਗਾ। ਸਾਡੀ ਵੇਦਨਾ ਤਾਂ ਬਿਆਨ ਤੋਂ ਬਾਹਰ ਹੈ। ਸਾਨੂੰ ਬਾਰ ਬਾਰ ਯੂਰਪੀਅਨਾਂ ਨੇ ਲੁੱਟਿਆ, ਸਾਡੀਆਂ ਜ਼ਮੀਨਾਂ ਨੂੰ ਕਿਹੜਾ ਕਿਸੇ ਕਾਨੂੰਨ ਜਾਂ ਫੌਜ ਦੀ ਸੁਰੱਖਿਆ ਸੀ ... ਕਰਕੇ ਦੇਖੋ ਤਾਂ ਜ਼ਰਾ, ਕਿਸੇ ਹੋਰ ਮੁਲਕ ਦੀ ਜ਼ਮੀਨ 'ਤੇ ਕਬਜ਼ਾ ..."

"ਤੁਸੀਂ ਸਾਡੀ ਧਰਤੀ ਨੂੰ ਸਰਮਾਏਦਾਰ ਸੋਚ ਅਤੇ ਅੰਨ੍ਹੇਂ ਤਕਨੀਕੀ ਵਿਕਾਸ ਨਾਲ ਪਲੀਤ ਕਰ ਕੇ ਰੱਖ ਦਿੱਤਾ। ਸਮੁੰਦਰਾਂ ਦੇ ਪਾਣੀ ਦਾ ਤਾਪਮਾਨ ਦੇਖ ਲਓ ਕਿਵੇਂ ਉੱਪਰ ਜਾ ਰਿਹਾ ਹੈ ਤੇ ਪੋਲਰ ਬੀਅਰ ਮਰ ਰਹੇ ਨੇ। ਮੌਸਮ ਆਪਣੇ ਹੀ ਤਰੀਕੇ ਨਾਲ ਬਦਲ ਰਹੇ ਨੇ। ਬਰਫ਼ ਦਾ ਪੈਣਾ ਤਾਂ ਅਗਲੀਆਂ ਪੀੜ੍ਹੀਆਂ ਨੂੰ ਸ਼ਾਇਦ ਫੋਟੋਆਂ 'ਚ ਹੀ ਦੇਖਣ ਨੂੰ ਮਿਲੇ। ਖੇਤੀ ਯੋਗ ਜ਼ਮੀਨ ਵੀ ਬੰਜਰ ਹੋ ਰਹੀ ਹੈ। ਕੁਦਰਤ ਸਾਨੂੰ ਇੱਕ ਸਬਕ ਸਿਖਾ ਰਹੀ ਹੈ। ਹੁਣ ਆਪਾਂ ਮਿਲ ਕੇ ਹੀ ਕੁਝ ਬਚਾਅ ਕਰ ਸਕਦੇ ਹਾਂ।"

ਏਨੀ ਦੇਰ ਤੱਕ ਅਸੀਂ ਵੀ ਭਾਸ਼ਣ ਵਾਲੀ ਥਾਂ 'ਤੇ ਪਹੁੰਚ ਚੁੱਕੇ ਸਾਂ। ਮੈਂ ਦੇਖਿਆ, ਕਮਿਸ਼ਨਰ ਸਿਰ ਸੁੱਟੀ ਸੁਣ ਰਿਹਾ ਸੀ। ਚਿਹਰੇ 'ਤੇ ਉੱਭਰੀਆਂ ਪਸੀਨੇ ਦੀਆਂ ਬੂੰਦਾਂ ਨੂੰ ਉਹ ਬਾਰ ਬਾਰ ਟਿਸ਼ੂ ਨਾਲ ਪੂੰਝ ਲੈਂਦਾ। ਤਦ ਤੱਕ ਸਿਰ 'ਤੇ ਖੰਭਾਂ ਵਾਲੀ ਟੋਪੀ, ਰੰਗ ਬਿਰੰਗਾ ਚੋਗਾ ਅਤੇ ਹੱਥ ਵਿਚ ਡਾਂਗ ਫੜੀ ਇਕ ਬਜ਼ੁਰਗ ਸਟੇਜ ਕੋਲ ਪਹੁੰਚ ਗਿਆ। ਮਾਈਕ ਉਸਨੂੰ ਫੜ੍ਹਾ ਦਿੱਤਾ ਗਿਆ। ਉਹ ਵੀ ਸਿੱਧਾ ਕਮਿਸ਼ਨਰ ਨੂੰ ਹੀ ਮੁਖਾਤਿਬ ਹੋਇਆ:

"ਸਰ! ਨਸਲਕੁਸ਼ੀ ਲਈ ਜ਼ਰੂਰੀ ਨਹੀਂ ਕਿ ਲੋਕਾਂ ਨੂੰ ਜਰਮਨੀ 'ਚ ਹਿਟਲਰ ਦੇ ਯਹੂਦੀ ਕੈਂਪਾਂ 'ਚ ਹੀ ਪਾਇਆ ਜਾਵੇ। ਬੱਸ, ਮਨੁੱਖ ਤੋਂ ਉਹ ਸਭ ਖੋਹ ਲਵੋ ਜੋ ਉਸ ਦੇ ਜੀਵਨ ਦਾ ਆਧਾਰ ਬਣਦਾ ਹੈ। ਸਾਡੀ ਜ਼ਿੰਦਗੀ ਦਾ ਆਧਾਰ ਤਾਂ ਸਾਡੇ ਕੁਦਰਤੀ ਸੋਮੇ ਹੀ ਸਨ। ਸਾਡੇ ਕਬੀਲੇ ਦੇ ਬਜ਼ੁਰਗ ਸਮੁੱਚੇ ਕਨੇਡਾ 'ਚ ਦੌਰੇ 'ਤੇ ਗਏ ਹੋਏ ਹਨ। ਉਹ ਸਾਰੇ ਰਿਜ਼ਰਵਾਂ 'ਚ ਜਾ ਕੇ ਇਹੀ ਦੱਸਣ ਗਏ ਹਨ ਕਿ ਸ਼ਾਇਦ ਇਹ ਕਮਿਸ਼ਨ ਕੁਝ ਚੰਗਾ ਕਰੇ। ਕੀ ਕਰੋਗੇ ਤੁਸੀਂ ਸਾਡੇ ਹੱਕ ਦੀ ਗੱਲ ਹੁਣ?"

ਕਮਿਸ਼ਨਰ ਮੁਸਕਰਾਇਆ ਤੇ 'ਹਾਂ' ਵਿੱਚ ਸਿਰ ਹਿਲਾ ਕੇ ਜੁਆਬ ਦਿੱਤਾ ਤਾਂ ਬਜ਼ੁਰਗ ਹੋਰ ਵੀ ਵਿਸ਼ਵਾਸ ਭਰੇ ਲਹਿਜੇ ਵਿਚ ਫਿਰ ਬੋਲਿਆ, "ਤੁਹਾਡੇ ਲੀਡਰ ਤਾਂ ਖੋਜਾਂ 'ਤੇ ਬੇਸ਼ੁਮਾਰ ਪੈਸਾ ਖਰਚ ਕਰ ਰਹੇ ਹਨ ਤਾ ਕਿ ਵਾਤਾਵਰਣ ਨੂੰ ਬਚਾਇਆ ਜਾ ਸਕੇ। ਤੁਹਾਡੇ ਕੂੜੇ ਦੇ ਭਰੇ ਲੱਖਾਂ ਟਰੱਕ ਹਰ ਹਫ਼ਤੇ ਕਿੱਥੇ ਲਾਹੇ ਜਾਣ? ਮੌਂਟਰੀਆਲ ਦੇ ਸੇਂਟ ਲਾਰੈਂਸ ਦਰਿਆ 'ਚ ਜਾਂਦੇ ਸੀਵਰੇਜ ਦਾ ਗੰਦ ਅਤੇ ਦਵਾਈਆਂ ਦੇ ਰਸਾਇਣ ਜਲ ਤੇ ਜਨ ਜੀਵਨ ਲਈ ਖਤਰਾ ਬਣੇ ਹੋਏ ਹਨ ਅਤੇ ਇਹੀ ਪਾਣੀ ਮੁੜ ਘਰਾਂ 'ਚ ਜਾਣਾ ਹੈ। ਇਹ ਤੁਹਾਡੇ ਲਈ ਵੀ ਵੱਡੀ ਪਰੇਸ਼ਾਨੀ ਦਾ ਮੁੱਦਾ ਹੈ। ਆਉਣ ਵਾਲੀਆਂ ਪੁਸ਼ਤਾਂ ਦਾ ਸਾਡੇ ਬਾਰੇ ਕੀ ਨਜ਼ਰੀਆ ਹੋਵੇਗਾ?"

ਲੋਕ ਫਿਰ ਰੋਹ 'ਚ ਆਏ ਤੇ 'ਹੋ ਹੋ ਹੋ ..' ਵਰਗੀਆਂ ਚੀਕਾਂ ਮਾਰਨ ਲੱਗੇ।

ਮੈਂ ਹੱਕੀ ਬੱਕੀ ਇਕ ਪਾਸੇ ਖੜੀ ਇਹ ਤਮਾਸ਼ਾ ਵੇਖ ਰਹੀ ਸੀ ਅਤੇ ਸੋਚ ਰਹੀ ਸੀ ਕਿ ਇੰਨਾ ਸੱਚ ਬੋਲ ਲੈਣਾ ਵੀ ਇਨ੍ਹਾਂ ਦੇਸ਼ਾਂ ਵਿਚ ਹੀ ਸੰਭਵ ਹੋ ਸਕਦਾ ਹੈ। ਸਾਡੇ ਦੇਸ਼ ਵਿਚ ਤਾਂ ਸ਼ਾਇਦ ਹੁਣ ਤੱਕ ਪੁਲੀਸ ਗੋਲੀਆਂ ਚਲਾ ਕੇ ਕਈਆਂ ਨੂੰ ਭੁੰਨ ਛੱਡਦੀ। ਫਿਰ ਅਗਲੇ ਹੀ ਪਲ ਮੈਨੂੰ ਖ਼ਿਆਲ ਆਇਆ, ਕਿਤੇ ਏਨਾ ਕੁ ਬੋਲਣ ਦਾ ਹੱਕ ਦੇਣਾ ਵੀ ਧੋਖਾ ਦੇਣ ਦੀ ਲੜੀ ਦਾ ਹੀ ਹਿੱਸਾ ਤਾਂ ਨਹੀਂ? ਕਿ ਇਹਨਾਂ ਨੂੰ ਮਨ ਦਾ

ਗੁਬਾਰ ਕੱਢਣ ਦਾ ਮੌਕਾ ਦੇ ਦਿਉ ਤਾਂ ਕਿ ਉਹ ਗੁਬਾਰ ਕਿਤੇ ਬਗਾਵਤ ਦੀ ਹਨ੍ਹੇਰੀ ਵਿਚ ਨਾ ਬਦਲ ਜਾਵੇ।

ਮੈਂ ਇਸ ਪ੍ਰਕਾਰ ਦਾ ਕਈ ਕੁਝ ਸੋਚ ਰਹੀ ਸਾਂ ਪਰ ਮੇਰੇ ਪਤੀ ਧਿਆਨ ਨਾਲ ਭਾਸ਼ਣ ਸੁਣਦੇ ਹੌਲੀ ਹੌਲੀ ਤਾਲੀਆਂ ਵਜਾ ਰਹੇ ਸਨ। ਉਨ੍ਹਾਂ ਨੇ ਮੇਰੇ ਕੰਨ ਵਿਚ ਕਿਹਾ, "ਬਜ਼ੁਰਗ ਬਹੁਤ ਖਰੀਆਂ ਖਰੀਆਂ ਗੱਲਾਂ ਸੁਣਾ ਰਿਹਾ ਹੈ। ਆਪਣੇ ਸਿੱਧੇ ਅਨੁਭਵ ਵਿਚੋਂ ਬੋਲ ਰਿਹਾ ਹੈ। ਕਮਿਸ਼ਨਰ ਨੂੰ ਭਾਵੇਂ ਇਹ ਗੱਲਾਂ ਖੋਟੀਆਂ ਹੀ ਲਗਦੀਆਂ ਹੋਣ, ਪਰ ਸਿਰ ਉਹ ਵੀ ਸਹਿਮਤੀ ਵਿਚ ਹੀ ਘੁਮਾ ਰਿਹਾ ਹੈ!" ਉਨ੍ਹਾਂ ਦੀ ਗੱਲ ਸੁਣ ਕੇ ਮੈਂ ਖੁਸ਼ ਹੋ ਗਈ।

ਉਧਰ ਬਜ਼ੁਰਗ ਜਿਵੇਂ ਹੁਣ ਕੋਈ ਬਾਤ ਸੁਣਾ ਰਿਹਾ ਸੀ:

"ਮੱਛੀ ਫੜਣ ਦਾ ਧੰਦਾ ਕਦੇ ਸਾਡੇ ਮੁੱਖ ਕਿੱਤਿਆਂ 'ਚੋਂ ਸੀ। ਸਾਡੇ ਲਈ ਫ਼ਿਸ਼ ਪਰੋਸੈੱਸਿੰਗ ਤਾਂ ਕੀ ਲਾਉਣੇ ਸੀ ਜਿਸ ਨਾਲ ਸਾਨੂੰ ਕੰਮ ਮਿਲਦਾ ਤੇ ਅਸੀਂ ਖੁਸ਼ਹਾਲ ਹੁੰਦੇ ਬਲਕਿ ਅਸੀਂ ਤਾਂ ਅਪਣੇ ਪਰਿਵਾਰ ਜੋਗੀ ਵੀ ਮੱਛੀ ਨਹੀਂ ਫੜ ਸਕਦੇ। ਔਜ਼ਾਰ ਜ਼ਬਤ ਕਰ ਲਏ ਜਾਂਦੇ ਹਨ ਤੇ ਉੱਪਰੋਂ ਜੁਰਮਾਨਾ ਅਲੱਗ। ਸਾਨੂੰ ਕੋਟਾ ਸਿਸਟਮ 'ਤੇ ਕਰ ਦਿੱਤਾ ਗਿਆ ਹੈ। ਸਾਡੇ ਨਾਲ ਤਾਂ ਓਹੀ ਹੋਈ: ਕਿ ਇੱਕ ਸ਼ਤੀਰ ਉੱਤੇ ਬੈਠੇ ਨੇਟਿਵ ਨੂੰ ਇੱਕ ਗੋਰਾ ਪੁੱਛਦੈ, 'ਮੈਂ ਵੀ ਇੱਕ ਪਾਸੇ ਬੈਠ ਸਕਦਾਂ? ਉਹਦੇ 'ਹਾਂ ਕਹਿਣ 'ਤੇ ਉਹ ਗੋਰਾ ਖਿਸਕਦਾ ਖਿਸਕਦਾ ਨੇਟਿਵ ਵੱਲ ਨੂੰ ਆਉਂਦਾ ਗਿਆ ਅਤੇ ਆਖਰ ਉਹਨੂੰ ਹੇਠਾਂ ਸੁੱਟ ਕੇ ਕਹਿੰਦਾ, 'ਜਾਹ! ਔਹ ਦੂਰ ਦਰੱਖਤ ਦੀ ਜੜ੍ਹ ਪਈ ਐ, ਉਸ 'ਤੇ ਜਾ ਕੇ ਬੈਠ। ਸਾਡਾ ਰਿਜ਼ਰਵ ਓਹੀ ਜੜ੍ਹ ਹੈ।"

"ਹਾਂ, ਮੱਛੀ ਵਾਲੀ ਗੱਲ ਤੇ ਆਵਾਂ ... ਸਰਕਾਰ ਨੇ ਮੱਛੀਆਂ ਆਪਣੇ ਅਮਰੀਕਾ ਤੋਂ ਆਉਣ ਵਾਲੇ ਸੈਲਾਨੀਆਂ ਲਈ ਰੱਖਣੀਆਂ ਨੇ ਜਿਨ੍ਹਾਂ ਦੀ ਫ਼ਿਸ਼ਿੰਗ ਹੌਬੀ ਹੈ ... ਟੂਰਿਜ਼ਮ ਤੋਂ ਪੈਸਾ ਆਉਂਦਾ ਹੈ। ਨੋਵਾ ਸਕੋਸ਼ੀਆ ਤੇ ਬ੍ਰਿਟਿਸ਼ ਕੋਲੰਬੀਆ ਨੂੰ ਸਰਕਾਰ ਨੇ ਵੱਡੀਆਂ ਵੱਡੀਆਂ ਇੰਡਸਟਰੀਆਂ ਲਗਾ ਕੇ ਦਿੱਤੀਆਂ ਨੇ ਪਰ ਸਾਨੂੰ ਸਰਕਾਰ ਤੋਂ ਕੀ ਮਿਲਦੈ? ਪਰੇਸ਼ਾਨੀ ਤੇ ਠੋਕਰਾਂ। ਵਿਤਕਰਿਆਂ ਦੀ ਅਮਰਵੇਲ ਬਹੁਤ ਸੰਘਣੀ ਹੋ ਗਈ ਹੈ ਸਾਬ੍ਹ।"

ਬਜ਼ੁਰਗ ਕਮਿਸ਼ਨਰ ਦੇ ਖਾਨੇਂ ਚ ਪੂਰੀ ਗੱਲ ਚੰਗੀ ਤਰ੍ਹਾਂ ਪਾ ਦੇਣੀ ਚਾਹੁੰਦਾ ਸੀ, "ਇੱਕ ਹੋਰ ਵੱਡੀ ਚਿੰਤਾ ਦਾ ਵਿਸ਼ਾ ਹੈ ਸਾਡੇ ਲੋਕਾਂ ਕੋਲ ਜਾਨਵਰਾਂ ਦੀ ਖੱਲ ਉਤਾਰਨ ਦਾ ਲਾਇਸੈਂਸ। ਸਰਕਾਰ ਨੇ ਬਹਾਨੇ ਨਾਲ ਟਰੈਪ ਲਾਈਨਾਂ ਨੂੰ ਪਹਿਲਾਂ ਰਜਿਸਟਰ ਕੀਤਾ। ਇੱਕ ਨੇਟਿਵ ਪਰਿਵਾਰ ਨੂੰ ਇੱਕ ਲਾਇਸੈਂਸ ਮਿਲਿਆ। ਹੌਲੀ ਹੌਲੀ ਆਨੇ ਬਹਾਨੇ ਉਹਨਾਂ ਦਾ ਲਾਇਸੈਂਸ ਖੋਹ ਲਿਆ ਜਾਂਦਾ ਹੈ ਤੇ ਅਧਿਕਾਰੀਆਂ ਦੇ ਰਿਸ਼ਤੇਦਾਰਾਂ ਦੇ ਹੱਥ ਆ ਜਾਂਦਾ ਹੈ।"

ਬੱਚੇ ਸਾਡੇ ਨਾਲੋਂ ਅਲੱਗ ਘੁੰਮਣ ਲੱਗੇ। ਮੈਂ, ਮੇਰਾ ਪਤੀ, ਟੋਮਾ ਅਤੇ ਓਗੀਮਾ ਮੇਲੇ ਦੀਆਂ ਰੌਣਕਾਂ ਵਿਚ ਮਸਤ ਹੋਏ ਫਿਰਦੇ ਰਹੇ। ਕਿਸੇ ਬੰਦੇ ਦੇ ਭਾਸ਼ਣ 'ਤੇ ਤਬਸਰਾ ਕਰਦੀ ਟੋਮਾ ਬੋਲੀ, "ਬੇੜਾ ਗਰਕ ਹੋਵੇ ਇਨ੍ਹਾਂ ਦਾ! ਗੋਰੇ ਵਿਦਵਾਨ ਤਾਂ ਇਹ ਵੀ ਭਵਿੱਖਬਾਣੀ ਕਰਦੇ ਸਨ ਕਿ ਅਸੀਂ ਇੱਕ ਮਰ ਰਹੀ ਕੌਮ ਹਾਂ। ਕੁਝ ਹੀ ਸਦੀਆਂ 'ਚ ਸਾਡਾ ਨਾਮੋ ਨਿਸ਼ਾਨ ਮਿਟ ਜਾਵੇਗਾ। ਪਰ ਅਸੀਂ ਵਿਖਾ ਦਿੱਤਾ ਕਿ ਸਾਨੂੰ ਖਤਮ ਕਰਨਾ ਇੰਨਾ ਅਸਾਨ ਨਹੀਂ, ਨਾ ਹੀ ਆਪਣੇ 'ਚ 'ਖ਼ਪਤ ਕਰ ਲੈਣਾ ਏਨਾ ਸੌਖਾ ...।"

ਉਹ ਬੋਲਦੀ ਬੋਲਦੀ ਮੂੰਹ ਤੇ ਹੱਥ ਰੱਖ ਕੇ ਜ਼ਰਾ ਸੋਚਦੀ ਹੈ, ਫੇਰ ਬੋਲਣ ਲਗਦੀ ਹੈ, "ਅਸੀਂ ਵੀ ਤਾਂ ਟੈਕਨੌਲੋਜੀ ਦੀਆਂ ਸਹੂਲਤਾਂ ਦੀ ਵਰਤੋਂ ਕਰਦੇ ਹੀ ਹਾਂ ... ਪਰ ਅਸੀਂ ਮਨੁੱਖਤਾ ਤੇ ਸ੍ਰਿਸ਼ਟੀ ਨਾਲ ਜਿਵੇਂ ਪੇਸ਼ ਆਉਂਦੇ ਹਾਂ, ਉਹ ਸਾਡੇ ਸੱਭਿਆਚਾਰ ਦਾ ਪ੍ਰੇਰਨਾ ਦਾਇਕ ਸਰੋਤ ਹੈ। ਸਮੁੰਦਰ ਪਾਰੋਂ ਆਏ ਗੋਰੇ



ਧਾੜਵੀਆਂ ਨੇ ਤਾਂ ਸਾਡੀ ਜੀਵਨ ਸ਼ੈਲੀ ਦਾ ਵੀ ਕੁਦਰਤ ਨਾਲ ਸੰਘਰਸ਼ ਕਰਵਾ ਦਿੱਤਾ। ਉਹਨਾਂ ਦਾ ਹਰੇਕ ਕੁਦਰਤੀ ਸੋਮੇ ਨੂੰ ਬਹੁਤਾਤ 'ਚ ਵਰਤਣ ਦਾ ਨਤੀਜਾ ਕੀ ਨਿਕਲਿਆ? ਮੀਲਾਂ ਤੱਕ ਫੈਲੀਆਂ ਪੰਜ ਵੱਡੀਆਂ ਝੀਲਾਂ ਦਾ ਪਾਣੀ ਉਦਯੋਗਾਂ ਤੋਂ ਆਏ ਰਸਾਇਣਾਂ ਨਾਲ ਜ਼ਹਿਰ ਬਣਦਾ ਜਾ ਰਿਹਾ ਹੈ। ਜੰਗਲ ਕੱਟੇ ਜਾ ਰਹੇ ਹਨ ਤੇ ਧਰਤੀ ਨੂੰ ਕੰਕਰੀਟ ਤੇ ਐਸ਼ਫਾਲਟ ਨਾਲ ਢੱਕਿਆ ਜਾ ਰਿਹਾ ਹੈ। ਧਰਤੀ 'ਚ ਦੱਬੇ ਪਏ ਤੇਲ ਦੇ ਸੋਮੇ ਖ਼ਤਮ ਹੋਣ ਨੂੰ ਨੇ। ਤੇਲ ਲਈ ਅਮਰੀਕਾ ਕਿਹਨਾਂ ਕਿਹਨਾਂ ਮੁਲਕਾਂ ਨਾਲ ਪੰਗੇ ਪਾਈ ਬੈਠਾ ਹੈ ਤੇ ਉਸ ਦੇ ਨਤੀਜੇ ਸਾਡੀਆਂ ਆਉਣ ਵਾਲੀਆਂ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਭੁਗਤਣਗੀਆਂ।"

ਬੇਟਾ ਅਤੇ ਬੇਟੀ ਜਦੋਂ ਮੁੜੇ ਤਾਂ ਉਹਨਾਂ ਦੇ ਹੱਥ ਵਿਚ ਲਿਫ਼ਾਫ਼ੇ ਸਨ। ਉਹ ਨੇਟਿਵਾਂ ਦੇ ਰਿਵਾਇਤੀ ਕਪੜੇ ਖ਼ਰੀਦ ਕੇ ਲਿਆਏ ਸਨ, "ਮੌਮ, ਦੇਖੋ! ਬੇਟਾ ਖੁਸ਼ੀ ਵਿਚ ਝੂਮ ਰਿਹਾ ਸੀ, ਏਨੇ ਸੋਹਣੇ ਡਿਜ਼ਾਇਨ ਤੇ ਏਨਾ ਸੋਹਣਾ ਕੱਪੜਾ ਐਚ ਐਂਡ ਐਮ ਤੋਂ ਕਿੱਥੇ ਮਿਲਦਾ?"

"ਘਰ ਦਾ ਬੁਣਿਆ ਹੋਇਆ ਹੈ।" ਟੋਮਾ ਨੇ ਖੁਸ਼ੀ ਵਿਚ ਕਿਹਾ।

ਬੇਟੀ ਨੂੰ ਵੱਖ ਵੱਖ ਡਿਜ਼ਾਇਨਾ ਵਾਲੇ ਕਪੜੇ ਖਰੀਦਣ ਦਾ ਸ਼ੌਕ ਹੈ। ਉਸਨੇ ਗਰਮੀਆਂ ਦੇ ਕਪੜਿਆਂ ਨਾਲ ਲਿਫ਼ਾਫ਼ਾ ਭਰ ਲਿਆ ਸੀ। ਉਸ ਵੱਲ ਵੇਖ ਕੇ ਬੇਟਾ ਮਜ਼ਾਕ ਵਿਚ ਬੋਲਿਆ, "ਮੌਮ! ਇਕ ਇਕ ਸ਼ਰਟ ਹੋਰ ਖਰੀਦ ਲਈਏ?" ਮੇਰੇ ਪਤੀ ਵਲੋਂ 'ਹਾਂ' ਦਾ ਇਸ਼ਾਰਾ ਪਾ ਕੇ ਉਹ ਫੇਰ ਭੀੜ ਵਿਚ ਗੁੰਮ ਗਏ।

ਮੈਂ ਟੋਮਾ ਨੂੰ ਦੱਸਿਆ ਤਾਂ ਖੁਸ਼ੀ ਵਿਚ ਉਸਦਾ ਰੰਗ ਹੋਰ ਲਾਲ ਹੋ ਗਿਆ ... ਤੇ ਇਕ ਚਿਹਰਾ ਜਾਣਿਆ-ਪਹਿਚਾਣਿਆ ਜਿਹਾ ਲੱਗਿਆ, ਪਰ ਇਕਦਮ ਯਾਦ ਨਾ ਆਇਆ ਕਿਉਂਕਿ ਉਹ ਝੱਟ ਹੀ ਭੀੜ ਵਿਚ ਗੁਆਚ ਗਿਆ। ਉਹ ਆਪਣੀ ਖੰਭਾਂ ਵਾਲੀ ਟੋਪੀ ਅਤੇ ਚੋਗੇ ਵਿਚ ਸੀ।

'ਸੰਨ ਡਾਂਸ' ਦਾ ਪਿੜ ਬਣਿਆ ਹੋਇਆ ਸੀ। ਹੌਲੀ ਹੌਲੀ ਲੋਕ ਉਸ ਪਾਸੇ ਵੱਲ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਅਸੀਂ ਵੀ ਘੁੰਮਦੇ ਘੁੰਮਾਉਂਦੇ ਓਥੇ ਜਾ ਪੁੱਜੇ। 'ਸੰਨ ਡਾਂਸ' ਦਾ ਨਜ਼ਾਰਾ ਤਾਂ ਦੇਖਿਆਂ ਹੀ ਬਣਦਾ ਸੀ। ਨਿੱਕੀਆਂ ਨਿੱਕੀਆਂ ਆਈਟਮਾਂ ਰਾਹੀਂ ਨੇਟਿਵਾਂ ਨੇ ਆਪਣੀ ਸਦੀਆਂ ਪੁਰਾਣੀ ਜ਼ਿੰਦਗੀ ਦੀਆਂ ਝਲਕੀਆਂ ਸਾਕਾਰ ਕਰਕੇ ਰੱਖ ਦਿੱਤੀਆਂ ਸਨ।

ਸਪੀਕਰ ਵਿਚੋਂ ਕਿਸੇ ਦੀ ਆਵਾਜ਼ ਹਾਲੇ ਵੀ ਸਾਡੇ ਕੰਨੀ ਪੈ ਰਹੀ ਸੀ, "ਸਰ, ਸਾਡਾ ਕੋਈ ਇਰਾਦਾ ਨਹੀਂ ਕਿ ਅਸੀਂ ਇਸ ਸਟੇਜ 'ਤੇ ਖੜੇ ਹੋ ਕੇ ਗੋਰੇ ਸਮਾਜ ਦੀ ਜੀਵਨ ਸ਼ੈਲੀ ਨੂੰ ਨਿੰਦੀਏ ... ਪਰ ਜੇ ਅਸੀਂ ਸਾਰਿਆਂ ਨੇ ਇਸ ਥਾਂ ਰਹਿਣਾ ਹੈ ਤਾਂ ਨੇਟਿਵ ਫਿਲਾਸਫੀ ਹੀ ਵਾਤਾਵਰਣ ਲਈ ਕਲਿਆਣਕਾਰੀ ਸਾਬਤ ਹੋ ਸਕਦੀ ਹੈ। ਅਸੀਂ ਇਸ ਨੂੰ 'ਇੰਡੀਅਨ ਵਿਜ਼ਨ ਵੀ ਕਹਿ ਸਕਦੇ ਹਾਂ। ... ਇਹ 'ਵਿਜ਼ਨ ਬਚਕਾਨੀ ਗੱਲ ਨਹੀਂ। ਸਾਨੂੰ ਵੀ ਪਤਾ ਹੈ ਕਿ ਯੋਰਪ ਵਰਗੀ ਉੱਨਤੀ ਤਾਂ ਅਸੀਂ ਵੀ ਕਰਨੀ ਹੈ ਪਰ ਇਸ ਪਲੈਨਿੰਗ 'ਚ ਸਾਡਾ ਵੀ ਕੋਈ ਯੋਗਦਾਨ ਹੋਵੇ। ... ਜੇ ਜੰਗਲਾਤ ਨਾਲ ਜੁੜੇ ਉਦਯੋਗਾਂ ਦੀ ਹੀ ਗੱਲ ਕਰੀਏ... ਅਸੀਂ ਹਜ਼ਾਰਾਂ ਸਾਲਾਂ ਤੋਂ ਦਰੱਖਤ ਲਗਾਉਂਦੇ ਆਏ, ਕਦੀ ਵੀ ਲੋੜ ਤੋਂ ਜ਼ਿਆਦਾ ਕੱਟ ਕੇ ਉਹਨਾਂ ਨੂੰ ਖਰਾਬ ਨਾ ਕੀਤਾ। ਹੁਣ ਲੱਕੜੀ ਕੱਟਣ ਦੇ ਲਾਇਸੈਂਸ ਵੀ ਪਤਾ ਨਹੀਂ ਕਿਹੜੇ ਕਿਹੜੇ ਲੋਕਾਂ ਕੋਲ ਹਨ। ਪੇਪਰ ਮਿੱਲਾਂ ਚ ਸਭ ਤੋਂ ਜ਼ਿਆਦਾ ਸਾਡੇ ਦਰੱਖਤ ਖਪਦੇ ਹਨ ਤੇ ਸਾਨੂੰ ਉੱਥੇ ਕੰਮ ਤੱਕ ਵੀ ਨਹੀਂ ਮਿਲਦਾ।"

ਮੇਰੇ ਇਕ ਕੰਨ ਵਿੱਚ ਗੀਤ ਸੰਗੀਤ ਗੂੰਜ ਰਿਹਾ ਸੀ, ਦੂਜੇ ਵਿੱਚ ਉਹ ਭਾਸ਼ਣ ਪਰ ਮੇਰੇ ਪਤੀ ਦੇ ਕੰਨਾਂ ਵਿਚ ਸ਼ਾਇਦ ਸਿਰਫ ਭਾਸ਼ਣ! ਉਹ ਲੰਬਾ ਤੇ ਵਿਸਥਾਰ ਸਹਿਤ ਭਾਸ਼ਣ ਵੀ ਇੰਝ ਮੰਤਰ ਮੁਗਧ ਹੋ ਕੇ ਸੁਣ ਰਹੇ ਸਨ ਜਿਵੇਂ ਉਹ ਖੁਦ ਕਮਿਸ਼ਨਰ ਬਣ ਕੇ ਮੂਲ਼ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਤਲਾਸ਼ਣ ਲਈ

ਇਮਾਨਦਾਰੀ ਨਾਲ ਕੰਮ ਕਰਨਾ ਚਾਹੁੰਦੇ ਹੋਣ।

"ਜੇ ਅੱਜ ਸਾਡੇ ਕੋਲ ਕੋਈ ਸੋਲਾਂ ਮਿਲੀਅਨ ਏਕੜ ਜੰਗਲ ਹੈ ਤਾਂ ਇਹਦਾ ਇਹ ਮਤਲਬ ਤਾਂ ਨਹੀਂ ਕਿ ਇਹਨੂੰ 'ਪੇਪਰ ਪਲਪ ਲਈ ਵਰਤਿਆ ਜਾਵੇ। ਨਾ ਤਾਂ ਇਨ੍ਹਾਂ ਮਿੱਲਾਂ ਕੋਲ ਕੋਈ ਸਮਾਜਿਕ ਚੇਤਨਾ, ਤੇ ਨਾ ਹੀ ਕੋਈ ਸਮਾਜਿਕ ਜ਼ਿੰਮੇਵਾਰੀ ਦਾ ਅਹਿਸਾਸ। ਉਹਨਾਂ ਦੇ ਸ਼ੇਅਰਾਂ ਦੀ ਕੀਮਤ ਕਿਵੇਂ ਉੱਪਰ ਜਾ ਸਕਦੀ ਹੈ, ਇਹੀ ਹੈ ਉਹਨਾਂ ਦਾ ਉਦੇਸ਼। ਅਸੀਂ ਤਾਂ ਫ਼ਿਕਰਮੰਦ ਹਾਂ ਕਿ ਤੁਸੀਂ ਕਿਤੇ ਸਰਕਾਰ ਦੀ ਹੋਰ ਮਿੱਲਾਂ ਲਾਉਣ ਦੇ ਸੁਝਾਵ ਨੂੰ 'ਹਾਂ ਨਾ ਕਰ ਦਿਓ। ... ਮਿਸਟਰ ਕਮਿਸ਼ਨਰ! ਲੂਮੜੀ ਇੱਕ ਵਾਰ ਫੇਰ ਬਚੇ ਖੁਚੇ ਖੰਭਾਂ ਵਾਲੀਆਂ ਮੁਰਗਾਬੀਆਂ ਕੋਲ ਆਈ ਹੈ ਤੇ ਕਹਿ ਰਹੀ ਹੈ ਕਿ ਮੈਂ ਤੁਹਾਡੇ ਨਾਲ ਹਾਂ। ਤੁਹਾਡੇ ਫ਼ਾਇਦੇ ਲਈ ਹੀ ਸਭ ਕੁਝ ਕਰਾਂਗੀ। ਪਰ ਮਜ਼ੇ ਦੀ ਗੱਲ ਇਹ ਹੈ ਹੁਣ ਮੁਰਗਾਬੀਆਂ ਇਕੱਲੀਆਂ ਸੰਕਟ ਵਿਚ ਨਹੀਂ, ਸਾਰੀ ਮਨੁੱਖਤਾ ਦਾ ਸੁਆਲ ਪੈਦਾ ਹੋ ਗਿਆ ਹੈ ... ਜੇ ਵਾਤਾਵਰਣ ਬਚਾਉਣਾ ਚਾਹੁੰਦੇ ਹੋ ਤਾਂ ਪਹਿਲਾਂ ਸਾਡੇ ਜੰਗਲਾਂ ਨੂੰ ਬਚਾਓ। ਸਾਡੀ ਜੀਵਨ ਸ਼ੈਲੀ ਨੂੰ ਆਪਣਾ ਕੇ ਕੁਦਰਤ ਦੇ ਨਾਲ ਨੇੜਤਾ ਵਧਾਓ, ਨਹੀਂ ਤਾਂ ਇਕ ਦਿਨ ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ।"

ਬੱਚੇ ਹੋਰ ਲਿਫ਼ਾਫ਼ੇ ਲੈ ਕੇ ਸਾਡੇ ਨਾਲ ਆ ਰਲੇ। ਹਲਕੀ ਹਲਕੀ ਭੁੱਖ ਲੱਗ ਗਈ ਸੀ। ਨੇਟਿਵ ਲੋਕਾਂ ਦਾ ਘਰ ਤੋਂ ਬਣਾ ਕੇ ਲਿਆਂਦਾ ਖਾਣਾ ਇਕ ਦੁਕਾਨ ਤੇ ਵਿਕ ਰਿਹਾ ਸੀ। ਸਾਦਾ ਅਤੇ ਪੌਸ਼ਟਿਕ ਖਾਣਾ, ਅਸੀਂ ਰੱਜ ਕੇ ਖਾਧਾ। ਓਗੀਮਾ ਬਿੱਲ ਦੇਣਾ ਚਾਹੁੰਦਾ ਸੀ, ਬਿਲਕੁੱਲ ਦੇਸੀਆਂ ਵਾਂਗ ਮਹਿਮਾਨ-ਨਿਵਾਜ਼ੀ ਦੇ ਜਜ਼ਬੇ ਦਾ ਇਜ਼ਹਾਰ ਕਰ ਰਿਹਾ ਸੀ, "ਤੁਸੀਂ ਸਾਡੇ ਮਹਿਮਾਨ ਹੋ ਜੀ ...!" ਪਰ ਮੇਰੇ ਪਤੀ ਨੇ ਮੱਲੋ-ਮੱਲੀ ਬਿੱਲ ਚੁੱਕਤਾ ਕਰ ਦਿੱਤਾ।

ਦੁਕਾਨ ਵਿਚੋਂ ਬਾਹਰ ਨਿਕਲਦੇ ਹੀ ਉਹ ਜਾਣਿਆ-ਪਹਿਚਾਣਿਆ ਚਿਹਰਾ ਫਿਰ ਦਿਖਾਈ ਦਿੱਤਾ। ਕੋਲ ਆਇਆ ਤਾਂ ਮੈਂ ਪਹਿਚਾਣ ਲਿਆ। ਚਾਚਾ ਓਲੋਵਨ ਸੀ! ਉਸ ਨੇ ਇਕ ਵੱਡਾ ਸਾਰਾ ਪੈਕਿਟ ਚੁੱਕਿਆ ਹੋਇਆ ਸੀ। ਉਹਨੇ ਟੋਮਾ ਨੂੰ ਕੁਝ ਕਿਹਾ ਤਾਂ ਉਹ ਮੇਰੇ ਵੱਲ ਦੇਖ ਕੇ ਮੁਸਕਰਾਈ, "ਤੁਹਾਨੂੰ ਤੋਹਫ਼ਾ ਦੇਣਾ ਚਾਹੁੰਦਾ ਹੈ, ਕਹਿੰਦਾ ਹੈ ਕਿ ਘਰ ਜਾ ਕੇ ਖੋਲ੍ਹਣਾ!"

"ਥੈਂਕ ਯੂ ਓਲੋਵਨ!" ਮੈਂ ਕਿਹਾ ਤਾਂ ਮੇਰੇ ਪਤੀ ਨੇ ਵੀ ਉਹਦਾ ਧੰਨਵਾਦ ਕੀਤਾ।

ਥਕਾਵਟ ਤਾਂ ਹੋ ਗਈ ਸੀ ਪਰ ਮੇਲੇ ਵਿਚੋਂ ਨਿਕਲਣ ਨੂੰ ਦਿਲ ਨਹੀਂ ਸੀ ਕਰਦਾ।

ਟੋਮਾ ਅਤੇ ਓਗੀਮਾ ਨੂੰ ਭਾਰੇ ਮਨ ਨਾਲ ਅਸੀਂ ਅਲਵਿਦਾ ਆਖਿਆ।

ਕਾਰ ਵਿਚ ਬੈਠ ਕੇ ਅਸੀਂ ਓਲੋਵਨ ਦਾ ਪੈਕਿਟ ਖੋਲ੍ਹਿਆ। ਇਹ ਇਕ ਵੱਡੀ ਸਾਰੀ ਝੀਲ ਵਿੱਚ ਤੈਰਦੀਆਂ ਹੋਈਆਂ ਮੁਰਗਾਬੀਆਂ ਦੀ ਪੇਟਿੰਗ ਸੀ ਜਿਨ੍ਹਾਂ ਦੇ ਸਰੀਰ ਤੇ ਭਰਵੇਂ ਖੰਭ ਉੱਗ ਰਹੇ ਸਨ ...।






## ਕਹਾਣੀ / ਤੇਰੇ ਬਿਨਾ ਮੈਂ...! /- ਸੁਰਜੀਤ ਕੌਰ

ਰੋਜ਼ੀ ਆਪਣੀ ਕਾਰ ਵੱਲ ਨੂੰ ਤੇਜ਼ ਤੇਜ਼ ਤੁਰੀ ਜਾ ਰਹੀ ਹੈ। ਉਹ ਬਹੁਤ ਘਬਰਾਈ ਹੋਈ ਹੈ ਅਤੇ ਭੁੱਲ ਹੀ ਗਈ ਹੈ ਕਿ ਕਾਰ ਪਾਰਕਿੰਗ ਲੌਟ ਦੀ ਕਿਸ ਆਈਲ ਵਿਚ ਖੜੀ ਕੀਤੀ ਸੀ। ਉਹ ਐਧਰ-ਉੱਧਰ ਘੁੰਮ ਰਹੀ ਹੈ। ਪਿੱਛੇ ਕਿਸੇ ਦੇ ਪੈਰਾਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਉਹ ਸੋਚਣ ਲੱਗਦੀ ਹੈ, 'ਹਾਇ ਕੋਈ ਜਾਣੂ ਤਾਂ ਨਹੀਂ ਪਿੱਛੇ ਆ ਰਿਹਾ! ਜੇ ਮੈਨੂੰ ਕਿਸੇ ਰਿਸ਼ਤੇਦਾਰ ਨੇ ਅੰਦਰ ਵੇਖ ਲਿਆ ਹੋਵੇ...? ਹਾਇ! ਜੇ ਕਿਤੇ ਇੱਥੇ ਬਿਅੰਤ ਆ ਜਾਏ? ਪਿੱਛੇ ਮੁੜ ਕੇ ਵੇਖਿਆ ਤਾਂ ਇਕ ਸੁੱਕਾ ਪੱਤਾ ਉਸਦੇ ਪਿੱਛੇ ਪਿੱਛੇ ਖੜ ਖੜ ਕਰਦਾ ਉਡਿਆ ਆ ਰਿਹਾ ਹੈ। ਉਸਨੇ ਸੁਖ ਦਾ ਸਾਹ ਲਿਆ ਤੇ ਸੋਚਾਂ ਵਿਚ ਡੁੱਬ ਗਈ। ਹੁਣ ਉਸਦੀ ਤੋਰ ਹੌਲੀ ਹੋ ਗਈ ਹੈ।

ਭਲਾ ਮੇਰੇ ਅੰਦਰ ਕਿਹੋ ਜਿਹੇ ਡਰ ਬੈਠ ਗਏ ਨੇ?

ਮੈਂ ਅਜਿਹਾ ਵੀ ਕੀ ਕੀਤਾ ਹੈ?

ਮੈ ਕਿਉਂ ਡਰਾਂ?

ਸਾਰੀ ਜ਼ਿੰਦਗੀ ਡਰ ਡਰ ਕੇ ਹੀ ਤਾਂ ਬਿਤਾਈ ਹੈ!

ਆ ਜਾਏ ਜਿਹਨੇ ਆਉਣਾ ਹੈ! ਵੇਖ ਲਵੇ ਜਿਹਨੇ ਵੇਖਣੈ!

ਨਾਲੇ ਬਿਅੰਤ ਵੀ ਵੇਖੇ ਆ ਕੇ ਕਿ ਉਸਤੋਂ ਬਿਨਾ ਵੀ ਮੈਂ...!

ਆਪਣੇ ਨਾਲ ਸਵਾਲ-ਜਵਾਬ ਕਰਦੀ ਅੱਗੇ ਤੁਰੀ ਜਾ ਰਹੀ ਹੈ। 'ਹਾਈ ਹੀਲ ਦੀ ਸੈਂਡਲ ਵਿਚ ਉਸਦੇ ਪੈਰ ਦੁੱਖਣ ਲੱਗੇ ਨੇ। ਉਹ ਆਲੇ ਦੁਆਲੇ ਵੇਖਕੇ ਸੈਂਡਲ ਲਾਹ ਕੇ ਹੱਥ ਵਿਚ ਫ਼ੜ ਲੈਂਦੀ ਹੈ ਤੇ ਬੁੜਬੁੜਾਉਣ ਲਗਦੀ ਹੈ, 'ਹਾਇ ਇਹ ਜੁੱਤੀ ਵੀ ਨਾ! ਇਸ ਚੰਦਰੀ ਨੇ ਵੀ ਤੰਗ ਕਰ ਮਾਰਿਐ...ਜ਼ਰਾ ਜਿਹਾ ਤੁਰਦੀ ਹਾਂ ਤੇ ਇਹ ਤੰਗ ਕਰਨ ਲਗ ਪੈਂਦੀ ਐ...। ਜ਼ਿੰਦਗੀ ਦੀ ਇਹ ਰਾਤ ਤਾਂ ਮੁੱਕਣ ਵਿਚ ਹੀ ਨਹੀਂ ਆ ਰਹੀ! ਜਰਾ ਸੋਚਦੀ ਹੈ ਤੇ ਮੁਸਕੁਰਾਉਂਦੀ ਹੈ 'ਪਰ ਹੁਣ ਤਾਂ ਸ਼ਾਇਦ... ਬੱਸ ਐਵੇਂ ਆਪਣੇ ਆਪ ਨੂੰ ਭੁੱਲੀ ਰਹੀ ਮੈਂ ਸਾਰੀ ਜ਼ਿੰਦਗੀ।

ਬੁੜ ਬੁੜ ਕਰਦੀ ਆਉਂਦੀ ਨੂੰ ਆਖਿਰ ਪਾਰਕਿੰਗ ਲੌਟ ਦੇ ਇਕ ਕੋਨੇ ਵਿਚ ਖੜੀ ਆਪਣੀ ਕਾਰ ਲੱਭ ਹੀ ਪਈ ਹੈ। ਉਹ ਇਕ ਲੰਮਾ ਸਾਹ ਲੈਂਦੀ ਹੈ ਅਤੇ ਦਰਵਾਜ਼ਾ ਖੋਲ੍ਹ ਆਪਣੇ ਆਪ ਨੂੰ ਠਾਹ ਕਰਕੇ ਸਟੀਅਰਿੰਗ ਵ੍ਹੀਲ ਦੇ ਪਿੱਛੇ ਸੁੱਟਦੀ ਹੈ। ਦਰਵਾਜਾ ਬੰਦ ਕਰਕੇ ਹੁਣ ਉਹ ਆਪਣੀ ਮੁੱਠੀ ਵਿਚਲੇ ਲਿਫ਼ਾਫ਼ੇ ਨੂੰ ਖੋਲ੍ਹ ਕੇ ਪੈਸੇ ਗਿਣਦੀ ਹੈ। ਇਕ ਹੋਰ ਲੰਮਾ ਸਾਹ ਭਰਕੇ ਸੀਟ 'ਤੇ ਆਰਾਮ ਨਾਲ ਬੈਠ ਕੇ ਸਿਰ ਪਿੱਛੇ ਨੂੰ ਸੁੱਟ ਕੇ ਅੱਖਾਂ ਬੰਦ ਕਰ ਲੈਂਦੀ ਹੈ।

ਹੁਣ ਰੋਜ਼ੀ ਨੇ ਆਪਣੇ ਵਾਲਾਂ 'ਚੋਂ ਫੁੱਲ, ਹੱਥਾਂ, ਬਾਹਾਂ ਤੇ ਕੰਨਾਂ ਵਿਚੋਂ ਮਸਨੂਈ ਗਹਿਣੇ ਉਤਾਰ ਲਏ ਨੇ... ਗੱਡੀ ਸਟਾਰਟ ਕਰਕੇ ਰੇਸ ਦੱਬੀ ਹੈ ਤੇ ਸੂਈ ਸੱਠਾਂ ਤੇ ਜਾ ਪਹੁੰਚੀ ਹੈ। ਉਹ ਆਪਣੇ ਆਪ ਨੂੰ ਝਿੜਕਣ ਲੱਗੀ ਹੈ, 'ਰੋਜ਼ੀ ਤੂੰ ਕਿਹੜਾ ਹਾਈਵੇਅ ਤੇ ਏਂ...ਪਾਰਕਿੰਗ ਲੌਟ ਹੈ ਡੀਅਰ ਇਹ... ਪਾਰਕਿੰਗ ਲੌਟ...! ਧਿਆਨ ਨਾਲ ਗੱਡੀ ਚਲਾਇਆ ਕਰ ਜਰਾ... ਯਾਦ ਹੈ ਉਸ ਦਿਨ ਪੁਲੀਸ ਵਾਲੇ ਨੇ ਸਪੀਡਿੰਗ ਕਰਦੀ ਨੂੰ ਕਿਵੇਂ ਘੇਰ ਲਿਆ ਸੀ? ਕਿੰਨਾ ਡਰ ਗਈ ਸੀ ਉਸ ਦਿਨ! ਪੁਲੀਸ ਵਾਲਾ ਜਦੋਂ ਖਿੜਕੀ 'ਚੋਂ ਆਕੇ

ਝਾਕਿਆ ਸੀ ਤਾਂ ਕਿੰਨੀ ਸ਼ਰਮਿੰਦੀ ਜਿਹੀ ਹੋ ਗਈ ਸੀ। ਕਿੰਨੀ ਅਣਸੰਵਰੀ ਜਿਹੀ ਲਗਦੀ ਸੀ ... ਵਾਲ ਵੀ ਨਹੀਂ ਸਨ ਵਾਹੇ ਹੋਏ ਚੰਗੀ ਤਰ੍ਹਾਂ ! ਕਿੰਨੀ ਉਲਝਾ ਲਈ ਤੂੰ ਆਪਣੀ ਜ਼ਿੰਦਗੀ ! ਉਹ ਪੁਲੀਸ ਵਾਲਾ ਤਾਂ ਸਾਢੇ ਚਾਰ ਸੌ ਡਾਲਰ ਦੀ ਟਿਕਟ ਫੜਾ ਕੇ ਔਹ ਗਿਆ, ਔਹ ਗਿਆ ! ਤੇਰਾ ਤਾਂ ਕੂੰਡਾ ਕਰ ਗਿਆ ਨਾ ! ਫਿਰ ਸਾਰਾ ਦਿਨ ਇਹੀ ਸੋਚ ਸੋਚ ਰੋਂਦੀ ਰਹੀ ਕਿ ਪੈਸੇ ਕਿਥੋਂ ਆਉਣਗੇ ? ਪੂਰੇ ਇਕ ਹਫਤੇ ਦੀ ਤਨਖਾਹ ਸੀ ਉਹ ਤੇਰੀ । ਗੱਡੀ ਚਲਾਉਣ ਤੋਂ ਪਹਿਲਾਂ ਸੋਚ ਲਿਆ ਕਰ ਨਾ ! ਘਰ ਵੀ ਤਾਂ ਚਲਾਉਣਾ ਹੁੰਦਾ ਹੈ । ਉਹ ਬਿਅੰਤ ਤੂੰ ਮੈਨੂੰ ਜ਼ਿੰਦਗੀ ਦੇ ਕਿਸ ਮੋੜ 'ਤੇ ਲਿਆ ਕੇ ਖੜਾ ਕਰ ਦਿੱਤਾ... !

ਹੁਣ ਰੋਜ਼ੀ ਨੇ ਆਪਣੇ ਕੋਲ ਰੱਖੀ ਪਾਣੀ ਦੀ ਬੋਤਲ 'ਚੋਂ ਪਾਣੀ ਦਾ ਘੁੱਟ ਭਰਿਆ ਅਤੇ ਸੋਚਣ ਲੱਗੀ ਹੈ, 'ਖੈਰ ਅੱਜ ਦੀ ਸ਼ਾਮ ਤਾਂ ਬੜੀ ਵਧੀਆ ਰਹੀ...ਬੱਸ ਜੇ ਇਸੇ ਤਰ੍ਹਾਂ ਕੰਟਰੈਕਟ ਮਿਲਦੇ ਰਹੇ ਤਾਂ ਹੁਣ ਸਭ ਠੀਕ ਹੋ ਜਾਣੈ । ਬੱਚਿਆਂ ਦੀ ਪੜ੍ਹਾਈ ਲਈ ਲਿਆ 25000 ਡਾਲਰ... ਜਿਹਦਾ ਵਿਆਜ ਹੀ ਸੁਰਤ ਮਾਰੀ ਰੱਖਦਾ ਹੈ, ਮੇਰੇ ਹਿਸਾਬ ਨਾਲ ਕੁਝ ਮਹੀਨਿਆਂ 'ਚ ਹੀ ਚੁਕਤਾ ਹੋ ਜਾਏਗਾ। ਮੂਹਰੇ ਆਉਂਦੀ ਕਾਰ ਨੂੰ ਵੇਖ ਕੇ ਉਸਦੀ ਸੋਚ ਨੂੰ ਝਟਕਾ ਵੱਜਾ । ਸਾਹਮਣੇ 'ਸਬਵੇਅ' ਵੇਖ ਕੇ ਕਾਰ ਉਥੇ ਜਾ ਖੜੀ ਕੀਤੀ । ਸੈਂਡਵਿਚ ਖਰੀਦਿਆ ਤੇ ਘਰ ਵੱਲ ਨੂੰ ਤੁਰ ਪਈ।

ਰੋਜ਼ੀ ਘਰ ਦਾ ਤਾਲਾ ਖੋਲ੍ਹ ਕੇ ਅੰਦਰ ਆ ਗਈ ਹੈ। ਖਾਲੀ ਘਰ...! ਉਸ ਦਾ ਦਿਲ ਬੈਠਦਾ ਜਾ ਰਿਹਾ ਹੈ। ਉਹ ਉੱਚੀ ਜਿਹੀ ਘਰ ਨੂੰ ਸੁਣਾ ਕੇ ਚੀਕਦੀ ਹੈ, " ਉਫ਼ ਬਿਅੰਤ ! ਓਹ ਬਿਅੰਤ ਤੂੰ ਵੀ ਬੱਸ...!" ਉਹ ਹੱਥ-ਮੂੰਹ ਧੋਂਦੀ ਹੈ, ਨਾਈਟ ਸੂਟ ਪਾਕੇ ਬੈੱਡ ਤੇ ਬੈਠ ਕੇ ਸੈਂਡਵਿਚ ਖਾਂਦੀ ਹੈ। ਇਕ ਵਾਰ ਫਿਰ ਪਰਸ ਖੋਲ੍ਹ ਕੇ ਪੈਸੇ ਵੇਖਦੀ ਹੈ । ਹੁਣ ਉਹਦੇ ਚਿਹਰੇ 'ਤੇ ਮੁਸਕਾਨ ਖਿੜ ਗਈ ਹੈ। ਆਪਣੇ ਆਪ ਨੂੰ ਝਿੜਕ ਕੇ ਆਖਦੀ ਹੈ, 'ਜੇ ਜੀਉਣਾ ਹੈ ਤਾਂ ਪਿਛਲੀ ਜ਼ਿੰਦਗੀ ਨੂੰ ਭੁੱਲ ਜਾਹ! ਫ਼ੋਨ ਚੁੱਕ ਕੇ ਨੰਬਰ ਦਬਾਉਂਦੀ ਹੈ...

"ਜੈਸਮਿਨ... ਕਿੱਥੇ ਐਂ ਬੇਟੇ !"

'ਮਾਮ ! ਤੁਸੀਂ ਆ ਗਏ ? ਮੈਂ ਮਿਨੀ ਦੇ ਘਰ ਹਾਂ...ਇੱਥੇ ਅਸੀਂ ਸਾਰੇ ਫਰੈਂਡਜ਼ ਮਿਲ ਕੇ ਇਕ ਪ੍ਰੋਜੈਕਟ ਤੇ ਕੰਮ ਕਰ ਰਹੇ ਹਾਂ, ਸ਼ਾਇਦ ਆਉਣ ਲਈ ਦੇਰ ਹੋ ਜਾਏ। ਉਡੀਕਣਾ ਨਹੀਂ, ਸੌਂ ਜਾਣਾ ਤੁਸੀਂ, ਓ ਕੇ !"

"ਅੱਛਾ ! ਓ. ਕੇ. ! ਚੱਲ ਛੇਤੀ ਆ ਜਾਵੀਂ ਘਰ...!"

"ਓ ਕੇ ਮਾਮ, ਆਈ ਵਿਲ...! ਤੁਸੀਂ ਸੌਂ ਜਾਣਾ । ਮੇਰੀ ਫ਼ੀਸ ਦਾ ਇੰਤਜ਼ਾਮ ਹੋਇਆ ਕੋਈ?"

"ਹਾਂ ! ਹਾਂ ! ਹੋ ਗਿਆ...ਹੋ ਗਿਆ... ਐਂਡ ਆਈ ਐਮ ਵੈਰੀ ਹੈਪੀ ਅਬਾਊਟ ਇਟ ! ਘਰ ਆ ਜਾ... ਦੱਸਾਂਗੀ...ਡੋਂਟ ਵਰੀ...ਲਵ ਯੂ ਬੇਬੀ, ਬਾਇ... !"

ਫੋਨ ਬੰਦ ਕਰਕੇ ਦੂਜਾ ਨੰਬਰ ਦੱਬਣ ਲੱਗੀ... 'ਹੈਲੋ ! ਹਾਂ ਬੇਟਾ ਕਿੱਥੇ ਐਂ ?"

"ਮੈਂ ਆਪਣੇ ਦੋਸਤਾਂ ਨਾਲ ਇੱਥੇ ਯੂਬਾ ਸਿਟੀ ਹਾਂ...ਅਸੀਂ ਇਕ ਡਾਕੂਮੈਂਟਰੀ ਬਣਾ ਰਹੇ ਹਾਂ...ਲੇਟ ਹੋ ਜਾਵਾਂਗਾ...ਹੋ ਸਕਦਾ ਰਾਤ ਨੂੰ ਨਾ ਆ ਸਕਾਂ...ਤੁਸੀਂ ਸੌਂ ਜਾਣਾ...ਲਵ ਯੂ ਮਾਮ, ਓ. ਕੇ. ਮਾਮ... ਹੈਵ ਟੂ ਗੋਅ ਨਾਉ...!"

ਰੋਜ਼ੀ ਟੀ. ਵੀ. ਲਗਾ ਲੈਂਦੀ ਹੈ। ਆਪੇ ਅੱਖਾਂ ਬੰਦ ਹੋ ਗਈਆਂ ਹਨ। ਸੋਚਣ ਲਗਦੀ ਹੈ... 'ਕਿੰਨਾ ਫਰਕ ਹੈ ਅੱਜ ਦੇ ਬੱਚਿਆਂ 'ਚ ਅਤੇ ਜਦੋਂ ਅਸੀਂ ਬੱਚੇ ਹੁੰਦੇ ਸਾਂ ...ਕਿੰਨੇ ਆਜ਼ਾਦ ਨੇ ਇਹ ! ਆਪਣੀ ਮਰਜ਼ੀ ਦੇ ਪੂਰੇ ਮਾਲਕ ! ਇਨ੍ਹਾਂ ਨੂੰ ਕੁਝ ਕਹੋ ਤਾਂ ਅੱਗੋ ਹਜ਼ਾਰ ਗੱਲਾਂ ਸੁਣਾਉਂਦੇ ਨੇ- ਕੀ ਕਰਾਉਣਾ ਤੁਸੀਂ



ਮੇਰੇ ਕੋਲੋਂ? ਮੈਂ ਹੁਣ ਅਡਲਟ ਹਾਂ, ਘਰ ਬੈਠ ਕੇ ਕੀ ਕਰਾਂ ? ਮੇਰੀ ਵੀ ਕੋਈ ਜ਼ਿੰਦਗੀ ਹੈ...।

ਉਸਦੇ ਅਚੇਤ ਮਨ ਦੀ ਉਹ ਖਿੜਕੀ ਖੁੱਲ੍ਹ ਗਈ ਜਦੋਂ ਉਹ ਆਪ ਨਿੱਕੀ ਜਿਹੀ ਕੁੜੀ ਹੁੰਦੀ ਸੀ । ਆਪਣੇ ਮਾਂ-ਬਾਪ ਦੀ ਸਭ ਤੋਂ ਛੋਟੀ ਤੇ ਲਾਡਲੀ ਧੀ ! ਬੜੀ ਜ਼ਹੀਨ ! ਸਭ ਦੀ ਪਿਆਰੀ । ਸੰਗੀਤ, ਡਾਂਸ ਤੇ ਫਾਈਨ ਆਰਟਸ ਦੀ ਸ਼ੌਕੀਨ ! ਚੁਲਬੁਲੀ । ਗੱਲਾਂ ਦੀ ਗਲਾਧੜ । ਉੱਚੀ ਉੱਚੀ ਹੱਸਦੀ । ਸੁਹਣੇ ਸੁਹਣੇ ਕਪੜੇ ਪਾਉਣ ਦਾ ਕਿੱਡਾ ਚਾਅ ਸੀ ਉਸਨੂੰ । ਰੋਜ਼ੀ ਨਾਂ ਵੀ ਤਾਂ ਆਪਣਾ ਉਸਨੂੰ ਕਿੰਨਾ ਚੰਗਾ ਚੰਗਾ ਲਗਦਾ ਸੀ - ਸੀ ਵੀ ਤੇ ਉਹ ਨਿਰਾ ਗੁਲਾਬ ਦਾ ਫੁੱਲ ! ਮਾਂ ਹਮੇਸ਼ਾ ਟੋਕਦੀ ਰਹਿੰਦੀ ਸੀ, 'ਬਹੁਤਾ ਨਾ ਸਜਿਆ ਕਰ...ਉੱਚੀ ਉੱਚੀ ਨਾ ਹੱਸਿਆ ਕਰ ।

ਇਹ ਸੋਚ ਕੇ ਰੋਜ਼ੀ ਇਕ ਦਮ ਉਦਾਸ ਹੋ ਗਈ ਹੈ...ਮਨ ਹੀ ਮਨ ਵਿਚ ਆਪਣੀ ਮਾਂ ਨਾਲ ਗੱਲਾਂ ਕਰਣ ਲਗਦੀ ਹੈ... 'ਬੀ ਜੀ ! ਹੁਣ ਹਾਸਾ ਤਾਂ ਆਉਂਦਾ ਹੀ ਨਹੀਂ । ਸਵੇਰੇ ਉੱਠਦੀ ਹਾਂ ਤੇ ਆਪਣੀ ਸ਼ਕਲ ਵੇਖ ਕੇ ਡਰ ਲਗਦੈ । ਸਜਣ ਦਾ ਸ਼ੌਕ ਵੀ ਤਾਂ ਜਾਂਦਾ ਰਿਹਾ ਤੇ ਨਾਲੇ ਸਜਣਾ ਵੀ ਕਿਸ ਲਈ ? ਵਾਲ ਤਾਂ ਅਜੇ ਵੀ ਬਥੇਰੇ ਲੰਮੇ ਨੇ । ਚੱਜ ਨਾਲ ਵਾਹੁਣ ਦਾ ਹੀ ਦਿਲ ਨਹੀਂ ਕਰਦਾ...। ਆਫ਼ਿਸ ਹੀ ਬੜੀ ਦੂਰ ਹੈ । ਪੂਰੇ ਦੋ ਘੰਟੇ ਲਗ ਜਾਂਦੇ ਨੇ ਸਵੇਰੇ ਆਫ਼ਿਸ ਪਹੁੰਚਣ ਨੂੰ । ਜੇ ਕਿਤੇ ਟਰੈਫ਼ਿਕ ਹੋ ਜਾਵੇ ਤਾਂ ਫਿਰ ਤਾਂ ਪਤਾ ਹੀ ਨਹੀਂ ਲਗਦਾ ਕਿ ਕਿੰਨਾ ਕੁ ਸਮਾਂ ਲਗੇਗਾ । ਮਾਂ...ਜ਼ਿੰਦਗੀ ਅਜੀਬ ਜਿਹੀ ਚਾਲੇ ਤੁਰ ਪਈ ਹੈ ! ਰਾਤ ਨੂੰ ਨੀਂਦ ਨਹੀਂ ਆਉਂਦੀ ਤੇ ਸਵੇਰੇ ਜਾਗ ਨਹੀਂ ਹੁੰਦਾ । ਰੋਜ਼ ਘਰੋਂ ਨਿਕਲਣ ਲੱਗੀ ਲੇਟ ਹੋ ਜਾਂਦੀ ਹਾਂ ਤੇ ਬਾਸ ਤੋਂ ਝਿੜਕਾਂ ਖਾਂਦੀ ਹਾਂ। ਅਕਸਰ ਹੀ 'ਕਾਰ ਪੂਲ ਲੇਨ ਵਿਚ ਗੱਡੀ ਚਲਾਉਣੀ ਪੈਂਦੀ ਹੈ। ਕੀ ਕਰਾਂ ! ਮਜਬੂਰੀ ਹੈ 'ਕਾਰ ਪੂਲ ਵਿਚ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਤਾਂ ਨਹੀਂ । ਕੰਮ ਤੇ ਲੇਟ ਗਈ ਤਾਂ ਨੌਕਰੀ ਦੀ ਖੈਰ ਨਹੀਂ। ਜੇ ਨੌਕਰੀ ਛੁੱਟ ਗਈ ਤਾਂ ਬੱਚਿਆਂ ਨੂੰ ਕਿੱਥੋਂ ਖੁਆਵਾਂਗੀ ਮਾਂ ! ਜੇ ਬਿਅੰਤ ਮੇਰੇ ਨਾਲ ਹੁੰਦਾ ਤਾਂ ਹੋਰ ਗੱਲ ਹੋਣੀ ਸੀ... ਪਰ ਲਗਦੈ ਕਿ ਹੁਣ ਦਿਨ ਬਦਲ ਜਾਣਗੇ...।

ਹੁਣ ਰੋਜ਼ੀ ਨੂੰ ਇਕ ਵੇਰ ਫੇਰ ਤੋਂ ਅੱਜ ਦੀ ਸ਼ਾਮ ਚੇਤੇ ਆ ਗਈ ਹੈ... 'ਅਜੇ ਵੀ ਹੈ ਮੇਰੇ ਵਿਚ ਦਮ ! ਅਜੇ ਮੈਂ ਕਾਇਮ ਹਾਂ। ਜੇ ਰਿਸ਼ਤੇਦਾਰਾਂ ਨੂੰ ਪਤਾ ਲਗਦਾ ਹੈ ਤਾਂ ਲਗ ਜਾਵੇ, ਉਹ ਕਿਹੜਾ ਸਾਨੂੰ ਰੋਟੀ ਦੇਣ ਆਉਂਦੇ ਨੇ? ਨਾਲੇ ਸ਼ੁਰੂ ਤੋਂ ਹੀ ਇਹ ਮੇਰਾ ਸਭ ਤੋਂ ਵੱਡਾ ਸ਼ੌਕ ਸੀ... ਇਹ ਵੀ ਤਾਂ ਕੰਮ ਹੀ ਹੈ...ਮਜਬੂਰੀ ਕੀ ਨਹੀਂ ਕਰਵਾ ਦਿੰਦੀ ਬੰਦੇ ਤੋਂ...ਤੇ ਉਹ ਵੀ ਬੱਚਿਆਂ ਦੀ ਖਾਤਿਰ...ਬਿਅੰਤ ਤੋਂ ਬਿਨਾ ਵੀ ਮੈਂ ਸਭ ਕੁਝ ਮੈਨੇਜ ਕਰਨ ਵਿਚ ਕਾਮਯਾਬ ਹੋ ਹੀ ਗਈ ਹਾਂ ਆਖਿਰ...।

ਉਸਨੂੰ ਰਹਿ ਰਹਿ ਕੇ ਆਪਣੀ ਮਾਂ ਚੇਤੇ ਆ ਰਹੀ ਹੈ ਜਿਹੜੀ ਗੱਲ ਗੱਲ ਤੇ ਬਾਊ ਜੀ ਦਾ ਡਰਾਵਾ ਦਿੰਦੀ ਹੁੰਦੀ ਸੀ । ਉਹ ਕਹਿੰਦੀ, " ਅੱਜ ਤਾਂ ਤੂੰ ਕਾਲਜ ਦੀ ਸਟੇਜ 'ਤੇ ਨੱਚਾਰਾਂ ਵਾਲੇ ਕਪੜੇ ਪਾ ਕੇ ਗਾਉਣ ਚਲੀ ਗਈ, ਚਲੋ ਤੇਰੇ ਬਾਊ ਜੀ ਨੂੰ ਨਹੀਂ ਦਸਦੀ, ਪਰ ਅਗਲੀ ਵਾਰੀ ਇਉਂ ਕੀਤਾ ਤਾਂ ਤੈਨੂੰ ਉਹਨਾਂ ਦੇ ਗੁੱਸੇ ਦਾ ਪਤਾ ਹੋਣਾ ਚਾਹੀਦਾ !"

" ਬੀ ਜੀ...ਬਾਊ ਜੀ ਨਹੀਂ ਕਹਿੰਦੇ ਕੁਝ ਮੈਨੂੰ ...ਤੁਸੀਂ ਹੀ ਟੋਕਦੇ ਰਹਿੰਦੇ ਹੋ ਐਵੇਂ ?" ਰੋਜ਼ੀ ਮਾਂ ਨੂੰ ਰੁਆਂਸੀ ਜਿਹੀ ਹੋ ਕੇ ਜਵਾਬ ਦਿੰਦੀ।

" ਚੰਗੇ ਘਰਾਂ ਦੀਆਂ ਕੁੜੀਆਂ ਨਹੀਂ ਲੋਕਾਂ ਸਾਹਮਣੇ ਇੱਦਾਂ ਨੱਚਦੀਆਂ-ਗਾਉਂਦੀਆਂ ਹੁੰਦੀਆਂ। ਜੇ ਕਿਸੇ ਜਾਣ ਪਛਾਣਦੇ ਨੇ ਦੇਖ ਲਿਆ, ਸਾਨੂੰ ਤਾਂ ਚੰਗਾ ਵਰ ਵੀ ਲੱਭਣਾ ਔਖਾ ਹੋਜੂ ਤੇਰੇ ਵਾਸਤੇ।"

ਰੋਜ਼ੀ ਨੇ ਘੜੀ 'ਤੇ ਨਜ਼ਰ ਮਾਰੀ ਤੇ ਰਾਤ ਦਾ ਇਕ ਵੱਜ ਗਿਆ ਹੈ। ਬਾਈ ਵਰ੍ਹਿਆਂ ਦੀ ਧੀ

ਜੈਸਮੀਨ ਤੇ ਚੌਵ੍ਹੀ ਵਰ੍ਹਿਆਂ ਦਾ ਪੁੱਤਰ ਰਾਹੁਲ... ਅਜੇ ਤੱਕ ਘਰ ਨਹੀਂ ਆਏ ।ਰੋਜ਼ੀ ਜਿਵੇਂ ਕੰਧਾਂ ਨੂੰ ਸੁਣਾ ਕੇ ਕਹਿ ਰਹੀ ਹੋਵੇ, 'ਇਸ ਜੈਨਰੇਸ਼ਨ ਨੂੰ ਪਤਾ ਨਹੀਂ ਕੀ ਹੋਇਐ... ਇਹ ਰਾਤਾਂ ਨੂੰ ਜਾਗਦੀ ਹੈ, ਸੜਕਾਂ 'ਤੇ ਘੁੰਮਦੀ ਹੈ ਤੇ ਦਿਨੇ ਸੌਂਦੀ ਹੈ।ਕੋਈ ਡਰ-ਭੈਅ ਹੀ ਨਹੀਂ...ਅਸੀਂ ਸੂਰਜ ਛਿਪੇ ਜੇ ਘਰ ਵੜਦੇ ਸੀ ਤਾਂ ਘਰ ਦੇ ਸੌ ਸਵਾਲ ਕਰਦੇ ਸੀ ।ਇਹ ਤਾਂ ਸਗੋਂ... ਜ਼ਮਾਨਾ ਕਿੰਨਾ ਬਦਲ ਗਿਐ ! ਰੋਜ਼ੀ ਨੇ ਕਰਵਟ ਬਦਲ ਲਈ ਹੈ।

ਰੋਜ਼ੀ ਨੂੰ ਵੀ ਜ਼ਮਾਨੇ ਨਾਲ ਹੀ ਚੱਲਣਾ ਪੈ ਰਿਹਾ ਹੈ।ਉਹ ਬੱਚਿਆਂ ਨੂੰ ਬਾਹਰ ਜਾਣੋਂ ਰੋਕਦੀ ਨਹੀਂ ਕਿਉਂਕਿ ਇੰਝ ਕਰਕੇ ਉਹ ਬੱਚਿਆਂ ਨੂੰ ਹੱਥੋਂ ਗੁਆਉਣਾ ਨਹੀਂ ਚਾਹੁੰਦੀ ।ਪਹਿਲਾਂ ਉਹ ਟੋਕਾ ਟੋਕਾਈ ਕਰਕੇ ਬਿਅੰਤ ਨੂੰ ਤਾਂ ਗੁਆ ਹੀ ਚੁੱਕੀ ਹੈ।ਹੁਣ ਉਸਨੇ ਹਾਲਾਤਾਂ ਨਾਲ ਸਮਝੌਤਾ ਕਰ ਲਿਆ ਹੈ।ਉਹ ਸੋਚ ਲੈਂਦੀ ਹੈ ਕਿ ਉਹਦੇ ਨਾਲ ਤਾਂ ਜੋ ਹੋਣਾ ਸੀ ਹੋ ਗਿਆ, ਬੱਚਿਆਂ ਨਾਲ ਨਹੀਂ ਕੁਝ ਹੋਣ ਦੇਣਾ ।ਉਹ ਉਹਨਾਂ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਲੈਣ ਦਿੰਦੀ ਹੈ।ਇਹੀ ਇਸ ਦੇਸ਼ ਦਾ ਦਸਤੂਰ ਹੈ।ਉਹ ਸਮਝਣ ਲੱਗੀ ਹੈ ਕਿ ਬੱਚੇ ਗਲਤੀਆਂ ਕਰ ਕਰ ਕੇ ਆਪੇ ਸਿੱਖ ਜਾਂਦੇ ਨੇ।ਇਹਨਾਂ ਨੂੰ ਸਪੇਸ ਦੇਣੀ ਬਣਦੀ ਹੈ।

ਰੋਜ਼ੀ ਨੂੰ ਲੱਗਦੈ ਜਿਵੇਂ ਦਰਵਾਜਾ ਖੜਕਿਐ ...ਟੇਡੀ ਹੋ ਕੇ ਵੇਖਦੀ ਹੈ, ਆਇਆ ਤਾਂ ਕੋਈ ਵੀ ਨਹੀਂ।ਉਸਨੂੰ ਲੱਗਿਐ ਕਿ ਸ਼ਾਇਦ ਹਵਾ ਨਾਲ ਦਰਵਾਜਾ ਖੜਕਿਆ ਹੋਣਾ ।ਫਿਰ ਇਕ ਦਮ ਘਬਰਾਕੇ ਸੋਚਦੀ ਹੈ ਕਿ ਕਿਤੇ ਕੋਈ ਚੋਰ ਹੀ ਨਾ ਹੋਵੇ ।ਉਹ ਅਕਸਰ ਸੁਣਦੀ ਰਹਿੰਦੀ ਹੈ ਕਿ ਇੰਡੀਅਨਜ਼ ਦੇ ਘਰਾਂ ਵਿਚ ਬਹੁਤ ਚੋਰੀਆਂ ਹੋ ਰਹੀਆਂ ਹਨ ।'ਪਰ ਇਹ ਇੰਡੀਅਨਜ਼ ਘਰਾਂ 'ਚ ਇੰਨਾ ਸੋਨਾ ਕਿਉਂ ਰੱਖੀ ਛੱਡਦੇ ਨੇ ? ਲਾਕਰਾਂ 'ਚ ਨਹੀਂ ਰੱਖ ਸਕਦੇ ਭਲਾ? ਫੇਰ ਸੁਰਖੁਰੂ ਜਿਹੀ ਹੋ ਕੇ ਆਪਣੇ ਆਪ ਨੂੰ ਕਹਿੰਦੀ ਹੈ...'ਖ਼ੈਰ ਮੇਰੇ ਕੋਲ ਤਾਂ ਕੁਝ ਹੈ ਹੀ ਨਹੀਂ। ਅਚਾਨਕ ਸ਼ਾਮ ਯਾਦ ਆ ਗਈ ਅਤੇ ਸੋਚ ਕੇ ਘਬਰਾ ਗਈ ਕਿ ਕਿਤੇ ਕਿਸੇ ਨੂੰ ਅੱਜ ਵਾਲੇ ਪੈਸਿਆਂ ਦੀ ਸੂਹ ਨਾ ਪੈ ਗਈ ਹੋਵੇ !ਉਸਨੇ ਡਰ ਕੇ ਆਪਣੇ ਉੱਪਰ ਚਾਦਰ ਲੈ ਲਈ ਹੈ।ਰੋਜ਼ੀ ਸੁਭਾਅ ਵਲੋਂ ਹੀ ਡਰਪੋਕ ਸੀ ਪਰ ਹੁਣ ਤਾਂ ਇਕੱਲੀ ਰਹਿ ਰਹਿ ਕੇ ਹੋਰ ਵੀ ਡਰਣ ਲਗ ਪਈ ਹੈ। ਬਿਜਲੀ ਚਮਕਦੀ ਹੈ ਤਾਂ ਉਹ ਥਰ ਥਰ ਕੰਬਣ ਲੱਗਦੀ ਹੈ। ਕੈਲੀਫੋਰਨੀਆ ਦਾ ਬੇ ਏਰੀਆ ਫਾਲਟ ਲਾਈਨ 'ਤੇ ਸਥਿਤ ਹੋਣ ਕਰਕੇ ਇੱਥੇ ਅਕਸਰ ਭੂਚਾਲ ਦੇ ਝਟਕੇ ਆਉਂਦੇ ਰਹਿੰਦੇ ਨੇ ਤੇ ਉਹ ਸਹਿਮ ਜਾਂਦੀ ਹੈ।ਇਹ ਇਕੱਲਤਾ ਵੀ ਤਾਂ ਸਰਾਪ ਹੀ ਹੈ।ਸੋਚਾਂ ਪਿਛਲਖੁਰੀ ਤੁਰ ਪਈਆਂ ਹਨ।

ਮਾਂ ਕਹਿੰਦੀ ਹੁੰਦੀ ਸੀ, "ਕੁੜੀਏ ਇੰਨਾ ਖਰਚਾ ਨਾ ਕਰਿਆ ਕਰ, ਸੰਜਮ ਨਾਲ ਚੱਲੀਦਾ ਹੈ ।ਵਕਤ ਦਾ ਕੁਝ ਪਤਾ ਨਹੀਂ ਹੁੰਦਾ ।ਮਨ ਨੂੰ ਮਾਰੀਦੈ ।ਖਾਹਿਸ਼ਾਂ ਦਾ ਤਾਂ ਕੋਈ ਅੰਤ ਹੀ ਨਹੀਂ ਹੁੰਦਾ ।"

"ਬਸ ਪਤਾ ਹੀ ਨਹੀਂ ਲਗਦਾ ਬੀ ਜੀ !ਬਾਜ਼ਾਰ ਜਾਂਦੀ ਹਾਂ ਤਾਂ ਜੀਅ ਕਰਦੈ ਸਾਰੀ ਦੁਕਾਨ ਹੀ ਖਰੀਦ ਲਵਾਂ !"

ਬਾਊ ਜੀ ਉਸਦੀ ਵਕਾਲਤ ਕਰਦੇ," ਐਮ. ਏ. ਮਿਊਜ਼ਿਕ ਕਰ ਰਹੀ ਹੈ ਸਾਡੀ ਧੀ...ਕਿਹੜਾ ਨਿਆਣੀ ਐ ਹੁਣ ।ਤੈਨੂੰ ਯੂਨੀਵਰਸਿਟੀ ਦੀਆਂ ਕੁੜੀਆਂ ਦਾ ਅਜੇ ਪਤਾ ਨਹੀਂ ਕਿਸ ਤਰ੍ਹਾਂ ਰਹਿੰਦੀਆਂ ਨੇ ।ਚਾਰ ਦਿਨ ਹੋਰ ਹੈ ਆਪਣੇ ਕੋਲ, ਫੇਰ ਆਪਣੇ ਘਰ ਚਲੇ ਜਾਣਾ ਇਹਨੇ !ਧੀਆਂ ਧਨ ਬਿਗਾਨਾ।"

"ਬਾਊ ਜੀ, ਬੀ ਜੀ ਤਾਂ ਬਸ ਹਰ ਵੇਲੇ ਟੋਕਦੇ ਹੀ ਰਹਿੰਦੇ ਨੇ ਮੈਨੂੰ", ਰੋਜ਼ੀ ਨੇ ਬਾਊ ਜੀ ਨੂੰ ਸ਼ਿਕਾਇਤ ਕੀਤੀ ਸੀ।

"ਜਦ ਤੱਕ ਤੇਰਾ ਵਿਆਹ ਨਹੀਂ ਹੋ ਜਾਂਦਾ, ਮੈਂ ਤਾਂ ਇੱਦਾਂ ਦੀ ਹੀ ਰਹੂੰ... ", ਬਾਊ ਜੀ ਤੋਂ ਪਹਿਲਾਂ



ਬੀ ਜੀ ਬੋਲ ਪਏ ਸਨ ।

"ਆਹ ਕੀ...ਪਹਿਲਾਂ ਪੇਕਿਆਂ ਦੇ ਬੰਧਨ ਤੇ ਫਿਰ ਸਹੁਰਿਆਂ ਦੀਆਂ ਜੰ ਬੀ ਜੀ ਨੂੰ ਤਾਂ ਸਾਰੀਆਂ ਗੱਲਾਂ ਦਾ ਹੱਲ ਇੱਕੋ ਹੀ ਲਗਦਾ ਰਹਿੰਦੈ-ਵਿਆਹ ?" ਰੋਜ਼ੀ ਨੇ ਮੂੰਹ ਵਿਚ ਹੀ ਆਖਿਆ ਸੀ।

ਇਕ ਦਿਨ ਰੋਜ਼ੀ ਦੇ ਬਾਊ ਜੀ ਬਾਹਰੋਂ ਬਹੁਤ ਖੁਸ਼ ਖੁਸ਼ ਆਏ ਤੇ ਉਸਦੇ ਮੂਹਰੇ ਅਖਬਾਰ ਦਾ ਮੈਟਰੀਮੋਨੀਅਲਜ਼ ਵਾਲਾ ਪੰਨਾ ਰਖਦਿਆਂ ਆਖਣ ਲਗੇ, "ਬੇਟੇ ਪੜ੍ਹਾਈ ਤੇਰੀ ਖ਼ਤਮ ਹੋ ਗਈ ਏ ਤੇ ਹੁਣ ਤੇਰੇ ਵਿਆਹ ਦੀਆਂ ਵੀ ਤਿਆਰੀਆਂ ਸ਼ੁਰੂ ਕਰੀਏ ।ਇਸ ਪੇਪਰ ਵਿਚੋਂ ਕੋਈ ਮੁੰਡਾ ਪਸੰਦ ਆ ਜਾਵੇ ਤਾਂ ਦਸ ਦੇਵੀਂ।"

ਅਖਬਾਰ ਮੈਟਰੀਮੋਨੀਅਲਜ਼ ਨਾਲ ਭਰਿਆ ਪਿਆ ਸੀ ।ਉਸਨੇ ਉਸ ਪੰਨੇ ਤੇ ਸਰਸਰੀ ਜਿਹੀ ਨਜ਼ਰ ਮਾਰੀ ।ਇਕ ਉਦਾਸੀ ਉਸਦੀਆਂ ਅੱਖਾਂ ਵਿਚੋਂ ਟਪਕ ਪਈ ।ਉਸਨੇ ਆਪਣੇ ਘਰ ਵੱਲ ਬੜੀ ਰੀਝ ਨਾਲ ਵੇਖਿਆ ਤੇ ਇਕ ਹਉਕਾ ਜਿਹਾ ਭਰ ਕੇ ਪੇਪਰ ਹੇਠਾਂ ਰੱਖ ਦਿੱਤਾ ਤੇ ਆਖਿਆ,

'ਬੀ ਜੀ ਜਿਹੜਾ ਤੁਹਾਨੂੰ ਚੰਗਾ ਲਗਦਾ ਹੈ, ਆਪੇ ਵੇਖ ਲਉ ।ਮੈਨੂੰ ਨਹੀਂ ਪਤਾ...।" ਜਵਾਬ ਉਸਨੇ ਮਾਂ ਨੂੰ ਦਿਤਾ ਸੀ ।ਅਗਲੇ ਹੀ ਪਲ ਉਸਦੇ ਖਿਆਲਾਂ 'ਚ ਲਾਲ ਜੋੜੇ 'ਚ ਸਜੀ ਦੁਲਹਨ ਉਸ ਦੇ ਕੁਤਕੁਤਾਰੀਆਂ ਕਰਨ ਲੱਗੀ ਸੀ।ਕਿੰਨੇ ਸੁਪਨੇ !ਕਿੰਨੇ ਚਾਅ !ਉਹ ਆਪਣੀ ਕਲਪਨਾ ਵਿਚ ਉਡ ਰਹੀ ਸੀ...ਵਿਆਹ...ਭਾਵ ਮਨਮਰਜ਼ੀ ਨਾਲ ਜੀਣਾ...ਮਨਪਸੰਦ ਦੇ ਕੱਪੜੇ...ਮਨ ਪਸੰਦ ਦੇ ਗਹਿਣੇ, ਘੁੰਮਣਾ ਫਿਰਨਾ...ਮੌਜ ਮਸਤੀ !ਉਹ ਆਪਣੇ ਆਪ ਨੂੰ ਪਰੀਆਂ ਦੀ ਸ਼ਹਿਜ਼ਾਦੀ ਸਮਝ ਰਹੀ ਸੀ।

ਸਮਾਂ ਖੰਭ ਲਾ ਕੇ ਉੱਡ ਗਿਆ ।ਘਰ ਵਿਚ ਚਹਿਲ ਪਹਿਲ ਹੋਈ ।ਅਖ਼ਬਾਰ 'ਚੋਂ ਲੱਭੇ ਮੁੰਡੇ ਨਾਲ ਰੋਜ਼ੀ ਦਾ ਰਿਸ਼ਤਾ ਹੋ ਗਿਆ। ਸਹੇਲੀਆਂ ਰੋਜ਼ੀ ਨੂੰ ਛੇੜਦੀਆਂ, "ਰੋਜ਼ੀ ਤੇਰੀ ਤਾਂ ਲਾਟਰੀ ਨਿਕਲ ਆਈ... ਕਿਆ ਕਿਸਮਤ ਐ ਯਾਰ ਤੇਰੀ !ਜਿੱਦਾਂ ਦੀ ਤੂੰ ਨਖਰੇ ਵਾਲੀ ਸੀ, ਉੱਦਾਂ ਦੇ ਹੀ ਸਹੁਰੇ ਲੱਭ ਪਏ ਅੱਗੋਂ ਵੀ...ਸੁਣਿਐ ਸਾਡੇ ਜੀਜਾ ਜੀ ਅਫ਼ਰੀਕਾ ਵਿਚ ਬਹੁਤ ਵੱਡਾ ਬਿਜ਼ਨੈੱਸ ਕਰਦੇ ਨੇ...ਹਾਇ ! ਹਾਇ !" ਇਹ ਗੱਲਾਂ ਸੁਣ ਰੋਜ਼ੀ ਕਲਪਨਾ ਵਿਚ ਆਪਣੇ ਸਹੁਰਿਆਂ ਦੇ ਵੱਡੇ ਸਾਰੇ ਘਰ ਵਿਚ ਆਪਣੇ ਆਪ ਨੂੰ ਖੁਸ਼ੀ ਖੁਸ਼ੀ ਘੁੰਮਦਿਆਂ ਵੇਖਦੀ ।

ਇਕੱਲਤਾ ਦੇ ਅਹਿਸਾਸ ਤੋਂ ਬਚਣ ਲਈ ਰੋਜ਼ੀ ਟੀ. ਵੀ. ਚਲਾ ਕੇ ਸੌਂਦੀ ਹੈ।ਟੀ. ਵੀ. ਅਚਾਨਕ ਬੰਦ ਹੋ ਗਿਆ ਹੈ ।ਰੋਜ਼ੀ ਦੇ ਢਿੱਡ ਵਿਚ ਖੋਹ ਜਿਹੀ ਪਈ ਤੇ ਉਹ ਉਠ ਖੜ੍ਹੋਤੀ ਹੈ।ਬੇਧਿਆਨੇ ਹੀ ਲਾਈਟ ਨੂੰ ਹੱਥ ਮਾਰਦੀ ਹੈ।ਉਸਦੇ ਮੂਹੋਂ ਆਪਮੁਹਾਰੇ ਨਿਕਲਿਆ, 'ਉਫ਼ !ਇਸ ਲਾਈਟ ਨੇ ਵੀ ਅੱਜ ਹੀ ਜਾਣਾ ਸੀ...? ਝੁੰਜਲਾ ਕੇ ਮੋਮਬੱਤੀ ਬਾਲਣ ਲਗੀ ।ਅੱਜ ਨੀਂਦ ਵੀ ਨਹੀਂ ਆਉਂਦੀ ।ਸ਼ਾਮ ਵਾਲੇ ਪ੍ਰੋਗਰਾਮ ਦਾ ਹੁਲਾਰਾ ਵੀ ਹੈ ਤੇ ਰਹਿ ਰਹਿ ਕੇ ਸੋਚਾਂ ਦੀ ਬੇੜੀ ਦੇ ਚੱਪੂ ਅਤੀਤ ਦੇ ਸਮੁੰਦਰ ਵਿਚ ਵੀ ਠਿੱਲ ਜਾਂਦੇ ਹਨ...ਜਿਸ ਦਿਨ ਉਹ ਇਸ ਅਪਾਰਟਮੈਂਟ ਵਿਚ ਆਏ ਸਨ, ਉਦੋਂ ਵੀ ਬੱਤੀ ਇਸੇ ਤਰ੍ਹਾਂ ਚਲੀ ਗਈ ਸੀ...ਹਨੇਰਾ ਘੁੱਪ ਸੀ ਇਸ ਅਪਾਰਟਮੈਂਟ ਵਿਚ !ਉਸ ਦਿਨ ਤਾਂ ਉਸ ਕੋਲ ਕੋਈ ਮੋਮਬੱਤੀ ਵੀ ਨਹੀਂ ਸੀ ਬਾਲਣ ਲਈ।

'ਉਦੋਂ ਤੋਂ ਮੈਂ ਆਪ ਹੀ ਬਲਦੀ ਆ ਰਹੀ ਹਾਂ...!

ਦੋ ਨਿੱਕੇ ਨਿੱਕੇ ਬੱਚੇ ਤੇ ਇਕੱਲੀ ਉਹ ...ਇਸ ਓਪਰੇ ਦੇਸ਼ ਦੇ ਓਪਰੇ ਸ਼ਹਿਰ ਦੇ ਇਸ ਅਪਾਰਟਮੈਂਟ ਵਿਚ ।ਭੈਣ- ਭਰਾ ਤਾਂ ਆਪਣੇ ਆਪਣੇ ਪਰਿਵਾਰਾਂ ਵਿਚ ਆਪਣੀ ਜ਼ਿੰਦਗੀ ਵਿਚ ਮਸਤ ਸਨ ।ਕਿਸੇ

ਕੋਲ ਫੋਕੀ ਹਮਦਰਦੀ ਤੋਂ ਸਿਵਾਇ ਇਸ ਪਰਦੇਸ ਵਿਚ ਉਸ ਲਈ ਵਿਹਲ ਹੀ ਕਦੋਂ ਸੀ !ਅਫ਼ਰੀਕਾ ਵਿਚ ਐਡੇ ਵੱਡੇ ਘਰ ਵਿਚ ਰਹਿੰਦੀ ਰਹਿੰਦੀ, ਦੂਜੀ ਮੰਜ਼ਿਲ ਤੇ ਇਕ ਨਿੱਕੇ ਜਿਹੇ ਅਪਾਰਟਮੈਂਟ ਵਿਚ ਰਹਿਣ ਲੱਗੀ ਸੀ ।ਉਹ ਸੋਚਦੀ ਕਿ ਅਸਮਾਨ ਵਿਚ ਉਡਦੀ ਉਡਦੀ ਉਹ ਜ਼ਮੀਨ ਤੇ ਆਸਮਾਨ ਦੇ ਵਿਚਕਾਰ ਇਸ ਛੋਟੇ ਜਿਹੇ ਅਪਾਰਟਮੈਂਟ ਵਿਚ ਟੰਗੀ ਗਈ ਸੀ।ਰਿਸ਼ਤੇਦਾਰਾਂ ਲਈ ਉਹ ਇਕ ਉੱਚੇ ਖਾਨਦਾਨ ਦੇ ਅਮੀਰ ਪਤੀ ਦੀ ਪਤਨੀ ਸੀ ।ਉਹ ਸੋਚਦੇ ਸਨ ਇਸਨੂੰ ਕਿਸ ਗੱਲ ਦਾ ਘਾਟਾ ਹੈ ? ਅਫਰੀਕਾ ਵਰਗੇ ਪੱਛੜੇ ਦੇਸ਼ ‘ਚੋਂ ਕੱਢ ਕੇ ਅਮਰੀਕਾ ਵਰਗੇ ਸਿਰਮੌਰ ਦੇਸ਼ ਵਿਚ ਰੱਖਿਆ ਹੈ ਇਸਨੂੰ, ਇਸਦੇ ਪਤੀ ਨੇ...ਇਸਨੂੰ ਹੋਰ ਚਾਹੀਦਾ ਵੀ ਕੀ ਹੈ।

ਪਰ, ਰੋਜ਼ੀ ਨੇ ਤਾਂ ਕਦੇ ਆਪਣੇ ਘਰ, ਆਪਣੇ ਪਤੀ ਦੇ ਕੋਲ ਰਹਿਣ ਤੋਂ ਸਿਵਾਇ ਕੁਝ ਹੋਰ ਚਾਹਿਆ ਹੀ ਨਹੀਂ ਸੀ ।ਬਿਅੰਤ ਨੂੰ ਹਮੇਸ਼ਾ ਰੋ ਰੋ ਕੇ ਆਖਦੀ ਰਹਿੰਦੀ ਸੀ, “ਪਲੀਜ਼ ਮੈਨੂੰ ਆਪਣੇ ਕੋਲ ਬੁਲਾ ਲਉ, ਇੱਥੇ ਮੈਨੂੰ ਬੜਾ ਡਰ ਲਗਦੈ।ਮੈਂ ਤੁਹਾਡੇ ਬਿਨਾ ਨਹੀਂ ਰਹਿ ਸਕਦੀ।” ਪਰ ਬਿਅੰਤ ਤਾਂ ਫਿਰ ਬਿਅੰਤ ਸੀ ਨਾ, ਉਸਦੀ ਕਦੋਂ ਸੁਣਦਾ ਸੀ ? ਉਹ ਉਸਨੂੰ ਆਖਦਾ,

“ਫਿਰ ਉਹੀ ਅਨਪੜ੍ਹਾਂ ਵਾਲੀ ਗੱਲ ਕਰ ਦਿੰਨੀ ਏਂ ਤੂੰ।ਬੱਚਿਆਂ ਦੇ ਭਵਿੱਖ ਬਾਰੇ ਸੋਚ।ਅਮਰੀਕਾ ਵੱਡੀਆਂ ਸੰਭਾਵਨਾਵਾਂ ਵਾਲੀ ਧਰਤੀ ਹੈ।ਆਪ ਵੀ ਆਪਣੇ ਕਰਿਡੈਂਸ਼ੀਅਲਜ਼ ਇੰਪਰੂਵ ਕਰ ਤੇ ਚੰਗੀ ਨੌਕਰੀ ‘ਤੇ ਲੱਗ ਜਾਹ।ਬੱਚਿਆਂ ਨੂੰ ਵੀ ਚੰਗੀ ਤਾਲੀਮ ਦੇ।ਮੈਂ ਵੀ ਆ ਜਾਵਾਂਗਾ ਆਪਣਾ ਬਿਜ਼ਨੈੱਸ ਸਮੇਟ ਕੇ।”

ਉਹ ਕਦੇ ਮੁੜ ਕੇ ਜਵਾਬ ਤਲਬੀ ਨਾ ਕਰ ਸਕਦੀ ।ਉਹ ਮਨ ਹੀ ਮਨ ਵਿਚ ਬਿਅੰਤ ਨੂੰ ਕਹਿੰਦੀ, ‘ਹਾਇ ਜੇ ਕਦੇ ਤੂੰ ਮੇਰੇ ਦਿਲ ਦੀ ਗੱਲ ਸਮਝ ਸਕਦਾ! ਜ਼ਿੰਦਗੀ ਦੇ ਵੀਹ ਵਰ੍ਹੇ ਬਿਅੰਤ ਦੀ ਇੰਤਜ਼ਾਰ ਕਰਦਿਆਂ ਲੰਘ ਗਏ, ਨਾ ਉਹਦੇ ਕੰਮ ਮੁੱਕੇ ਨਾ ਉਹ ਆਇਆ।ਸੋਚਾਂ ਸੋਚਦੀ ਦੀ ਕਦੋਂ ਅੱਖ ਲੱਗੀ ਪਤਾ ਹੀ ਨਾ ਲੱਗਿਆ।

ਠੱਕ !ਠੱਕ !ਠੱਕ !ਦਰਵਾਜਾ ਖੜਕਿਆ ।ਰੋਜ਼ੀ ਨੇ ਇਹ ਸਮਝ ਕੇ ਕਿ ਬਾਹਰ ਉਸਦਾ ਕੋਈ ਬੱਚਾ ਆਇਆ ਹੈ, ਡਰਦਿਆਂ ਡਰਦਿਆਂ ਬੂਹਾ ਖੋਲ੍ਹ ਦਿੱਤਾ ... ਰੋਜ਼ੀ ਦੇ ਤਾਂ ਜਿਵੇਂ ਪੈਰਾਂ ਹੇਠੋਂ ਜ਼ਮੀਨ ਹੀ ਨਿਕਲ ਗਈ ।ਸਾਹਮਣੇ ਬਿਅੰਤ ਖੜਾ ਸੀ।

“ਤੁਸੀਂ ?” ਉਹ ਅਵਾਕ ਰਹਿ ਗਈ ।ਉਸਦੇ ਮੂੰਹ ਤੇ ਇਕ ਰੰਗ ਆਵੇ, ਇਕ ਜਾਵੇ ।ਉਸਨੇ ਘੁੱਟ ਕੇ ਦਰਵਾਜਾ ਫੜ ਲਿਆ ਤੇ ਚੀਕ ਕੇ ਬੋਲੀ,

“ਤਸੀਂ ..ਹੁਣ... ਇੱਥੇ ਕੀ ਲੈਣ ਆਏ ਓ ?” ਬਸ ਇੰਨਾ ਹੀ ਆਖ ਸਕੀ ਤੇ ਠਾਹ ਕਰਕੇ ਬੂਹਾ ਬੰਦ ਕਰ ਦਿਤਾ ।

ਬੂਹਾ ਫਿਰ ਖੜਕਿਆ ।ਉਹ ਦੜ ਵੱਟ ਕੇ ਲੇਟੀ ਰਹੀ ।ਅਪਾਰਟਮੈਂਟਾਂ ਵਿਚ ਆਵਾਜ਼ ਝੱਟ ਗੂੰਜ ਜਾਂਦੀ ਹੈ ਅਤੇ ਲੋਕਾਂ ਦੀ ਨੀਂਦ ‘ਚ ਵਿਘਨ ਪੈਣ ਤੇ ਲੋਕ ਝੱਟ ਪੁਲੀਸ ਬੁਲਾ ਲੈਂਦੇ ਹਨ ।ਹਾਰ ਕੇ ਉਸਨੇ ਦਰਵਾਜਾ ਖੋਲ ਦਿਤਾ ਤੇ ਬੜੇ ਹੀ ਗੁੱਸੇ ਵਿਚ ਬੋਲੀ,

“ਦੱਸੋ ...? ਹੁਣ ਕੀ ਲੈਣ ਆਏ ਹੋ ਇੱਥੇ ? ਚਲੇ ਜਾਉ ਇੱਥੋਂ?”

“ ਮਾਮ !ਮਾਮ ਕੀ ਹੋਇਆ ਤੁਹਾਨੂੰ !ਅੱਖਾਂ ਖੋਲ੍ਹੋ।ਮੈਂ ਆਈ ਹਾਂ !ਅੱਜ ਫਿਰ ਪਾਪਾ ਦਾ ਸੁਪਨਾ ਦੇਖਣ ਲਗ ਪਏ ਸੀ?”



ਰੋਜ਼ੀ ਨੇ ਅੱਖਾਂ ਖੋਲ੍ਹੀਆਂ ਸਾਹਮਣੇ ਉਸਦੀ ਧੀ ਜੈਸਮੀਨ ਖੜੀ ਹੈ।ਉਹ ਅੱਭੜਵਾਹੀ ਉੱਠੀ ਅਤੇ ਡੌਰ ਭੌਰ ਨਜ਼ਰਾਂ ਨਾਲ ਜੈਸਮੀਨ ਵੱਲ ਵੇਖ ਰਹੀ ਹੈ।ਹੌਲੀ ਜਿਹੀ ਬੋਲੀ,

“ਸੌਰੀ ਬੇਟਾ !ਬੱਸ ਐਵੇਂ ਹੀ... ਆ ਗਈ? ਬੜੀ ਦੇਰ ਹੋ ਗਈ?”

“ਹਾਂ ਜੀ, ਪ੍ਰਾਜੈਕਟ ਲੰਮਾ ਸੀ।ਮਾਂ ਸੱਚੀਂ ਦੱਸੋ ਪੈਸਿਆਂ ਦਾ ਇੰਤਜ਼ਾਮ ਹੋ ਗਿਆ ਨਾ !”

“ਹਾਂ !ਹਾਂ ਹੋ ਗਿਐ !ਫਿਕਰ ਨਾ ਕਰ ਮੈਂ ਹਾਂ ਨਾ ! ...ਜੈਸਮੀਨ ਮੈਂ ਸੋਚਦੀ ਆਂ ਤੂੰ ਵਿਆਹ ਕਰਵਾ ਲੈ ਹੁਣ !”

“ਮਾਮ ਪਲੀਜ...ਤੁਸੀਂ ਵਿਆਹ ਕਰਵਾਕੇ ਕੀ ਖੱਟਿਐ ਜੋ ਮੈਨੂੰ... ਰੋਜ਼ੀ ਦਾ ਜਵਾਬ ਸੁਣਨ ਤੋਂ ਬਿਨਾ ਹੀ ਉਹ ਦੂਜੇ ਕਮਰੇ ਵਿਚ ਚਲੀ ਗਈ ਹੈ।

ਰੋਜ਼ੀ ਕੰਧ ਨਾਲ ਸਰਾਹਣਾ ਲਾਕੇ ਬੈਠ ਗਈ ਹੈ।ਪਾਣੀ ਦੇ ਦੋ ਕੁ ਘੁੱਟ ਭਰ ਕੇ ਸੋਚਾਂ ਦੇ ਸਮੁੰਦਰ ਵਿਚ ਫਿਰ ਗੋਤੇ ਖਾਣ ਲਗੀ ਹੈ।‘ਕਿੰਨਾ ਖੁਸ਼ ਸੀ ਸਾਡਾ ਪਰਿਵਾਰ ਉਸ ਦਿਨ, ਜਿਸ ਦਿਨ ਬਿਅੰਤ ਜੰਞ ਲੈ ਕੇ ਮੈਨੂੰ ਲੈਣ ਆਇਆ ਸੀ ।ਆਪਣੇ ਸੁਪਨਿਆਂ ਦੇ ਰਾਜਕੁਮਾਰ ਨੂੰ ਤੱਕਿਆ ਤਾਂ ਵੱਡੀਆਂ ਵੱਡੀਆਂ ਕੁੰਡੀਆਂ ਮੁੱਛਾਂ ਵਾਲਾ ਰੋਹਬਦਾਰ ਸਰਦਾਰ... ਜਿਵੇਂ ਕਿਸੇ ਪੁਰਾਣੀ ਰਿਆਸਤ ਦਾ ਰਾਜਾ ਹੋਵੇ ।ਪਤਾ ਨਹੀਂ ਉਸਨੂੰ ਵੇਖਕੇ ਉਹ ਖੁਸ਼ ਹੋਈ ਸੀ ਜਾਂ ਹੈਰਾਨ... ਪਰ ਸੋਚਦੀ ਸੀ, ਹਰ ਹਾਲ ਵਿਚ ਨਿਭਾਏਗੀ।

ਵਿਆਹ ਤੋਂ ਪਿੱਛੋਂ ਜਦੋਂ ਰੋਜ਼ੀ ਦਿੱਲੀ ਤੋਂ ਚੰਡੀਗੜ, ਬਿਅੰਤ ਦੇ ਮਹਿਲ ਵਰਗੇ ਘਰ ਵਿਚ ਪਹੁੰਚੀ ਤਾਂ ਉਸਦੀ ਭੈਣ ਤੇ ਮਾਂ ਨੂੰ ਨੌਕਰਾਂ ‘ਤੇ ਰੋਹਬ ਝਾੜਦੀਆਂ, ਫੂੰ ਫੂੰ ਕਰਦੀਆਂ ਫ਼ਿਰਦੀਆਂ ਵੇਖ ਤਾਂ ਜਿਵੇਂ ਉਸਦਾ ਤ੍ਰਾਹ ਹੀ ਨਿਕਲ ਗਿਆ।ਪਰ ਉਸਨੇਂ ਆਪਣੇ ਆਪ ਨਾਲ ਵਾਅਦਾ ਕੀਤਾ ਕਿ ਭਾਵੇਂ ਕੁਝ ਵੀ ਹੋਵੇ ਇਹਨਾਂ ਦਾ ਦਿਲ ਜ਼ਰੂਰ ਜਿੱਤੇਗੀ।

ਇਕ ਦਿਨ ਬਿਅੰਤ ਵਾਸ਼ਰੂਮ ਵਿਚ ਨਹਾਉਣ ਗਿਆ ਪਰ ਉਹ ਤੌਲੀਆ ਲਿਜਾਣਾ ਭੁੱਲ ਗਿਆ ।ਉਸਨੇ ਅੰਦਰੋਂ ਅਵਾਜ਼ ਮਾਰੀ,”ਰੋਜ਼ੀ !”

“ਹਾਂ ਆਈ...!”

ਇਕ ਭਾਰੀ ਭਰਕਮ, ਝਿੜਕ ਵਰਗੀ ਆਵਾਜ਼ ਨੇ ਉਸਨੂੰ ਝੰਜੋੜ ਦਿਤਾ, “ਹਾਂ ਕੀ ਹੁੰਦੈ ? ਨਾ ਅੱਗੇ ‘ਜੀ ਤੇ ਨਾ ਪਿੱਛੇ ‘ਜੀ ।ਉਸ ਦਿਨ ਤੋਂ ਰੋਜ਼ੀ ਨੇ ਹਮੇਸ਼ਾ ਉਸਨੂੰ ‘ਜੀ ਆਈ ਜੀ ਕਹਿਣਾ ਸ਼ੁਰੂ ਕਰ ਦਿਤਾ ਸੀ ।

ਵਿਆਹ ਤੋਂ ਇਕ ਮਹੀਨਾ ਬਾਅਦ ਰੋਜ਼ੀ ਪਤੀ ਨਾਲ ਚੰਡੀਗੜ ਤੋਂ ਨਾਈਜੀਰੀਆ ਚਲੀ ਗਈ । ਉਸਨੂੰ ਥੋੜਾ ਜਿਹਾ ਸੁਖ ਦਾ ਸਾਹ ਆਇਆ ।ਉਹ ਸੋਚਦੀ ਮੈਂ ਜਿਸ ਸਕੂਨ ਦੀ ਤਲਾਸ਼ ਵਿਚ ਸਾਂ ਹੁਣ ਉਹ ਮੈਨੂੰ ਇੱਥੇ ਜ਼ਰੂਰ ਮਿਲੇਗਾ ।ਜਿੰਨਾ ਚਿਰ ਚੰਡੀਗੜ੍ਹ ਰਹੀ, ਬਿਅੰਤ ਆਪਣੀ ਮਾਂ ਤੇ ਭੈਣ ਦਾ ਚਮਚਾ ਬਣਿਆ ਰਹਿੰਦਾ । ਇਸ ਤਰ੍ਹਾਂ ਵਰਤਾਉ ਕਰਦਾ ਜਿਵੇਂ ਉਹ ਉਸਦੀ ਵਹੁਟੀ ਹੀ ਨਾ ਹੋਵੇ, ਕੋਈ ਕਾਮੀ ਰੱਖੀ ਹੋਵੇ ਘਰ ਦੇ ਕੰਮ ਲਈ ।ਸੋਚਦੀ, ਹੁਣ ਤਾਂ ਉਹ ਦੋਵੇਂ ਇਕੱਲੇ ਸਨ।ਹੁਣ ਵੇਖੇਗੀ ਕਿ ਕਿਵੇਂ ਨਹੀਂ ਉਹ ਉਹਦਾ ਬਣਦਾ।

ਆਪਣੇ ਨਾਂ ਦੀ ਤਰ੍ਹਾਂ ਬਿਅੰਤ ਸੀ ਵੀ ਬਿਅੰਤ ਹੀ ।ਖੁੱਲ੍ਹਦਿਲਾ ਤੇ ਦਲੇਰ ।ਮਹਿਫਿਲਾਂ ਦਾ ਸ਼ੌਕੀਨ ।ਨਾਈਜੀਰੀਆਂ ਵਿਚ ਉਹਨਾਂ ਦੇ ਜੰਗਲਿਆਂ ਨਾਲ ਘਿਰੇ ਘਰ ਵਿਚ ਤਿੰਨ ਚਾਰ ਨੌਕਰ ਹਰ ਵੇਲੇ ਰਹਿੰਦੇ ਸਨ ।ਇਕ ਦੋਸਤ ਆਉਂਦਾ ਇਕ ਚਲਾ ਜਾਂਦਾ ।ਸਨ ਤਾਂ ਉਹ ਦੋ ਜਣੇ ਪਰ ਵੱਡੇ ਵੱਡੇ ਪਤੀਲਿਆਂ ਵਿਚ

ਭਾਂਤ ਭਾਂਤ ਦੇ ਖਾਣੇ ਬਣਦੇ ।ਮਹਿਫਿਲਾਂ ਸਜਦੀਆਂ ।ਦੋਸਤ ਉਸਦੇ ਘਰ ਦੀ, ਉਸਦੀਆਂ ਦਾਅਵਤਾਂ ਦੀ ਤੇ ਉਸਦੀ ਖੁੱਲ੍ਹਖਰਚੀ ਦੀ ਰੱਜ ਕੇ ਤਾਰੀਫ਼ ਕਰਦੇ ।ਉਹ ਧਰਤੀ ਤੋਂ ਗਿੱਠ ਗਿੱਠ ਉੱਚਾ ਤੁਰਦਾ ਤੇ ਅਗਲੀ ਵੇਰ ਪਹਿਲਾਂ ਨਾਲੋਂ ਵੀ ਵੱਧ ਉਚੇਚ ਕਰਦਾ ।ਰੋਜ਼ੀ ਬੜੇ ਚਾਅ ਨਾਲ ਘਰ ਸਜਾਉਂਦੀ ।ਆਪ ਖੂਬ ਸੁਹਣੀ ਤਰ੍ਹਾਂ ਤਿਆਰ ਹੁੰਦੀ ਤੇ ਨੀਝ ਨਾਲ ਬਿਅੰਤ ਵੱਲ ਵੇਖਦੀ ।ਬਿਅੰਤ ਦੇ ਮੂੰਹੋਂ ਤਾਰੀਫ਼ ਦਾ ਇਕ ਵੀ ਸ਼ਬਦ ਕਦੇ ਸੁਨਣ ਨੂੰ ਨਾ ਮਿਲਦਾ ।

ਸਮਾਂ ਬੀਤਦਾ ਗਿਆ ਤੇ ਹੁਣ ਉਹ ਬਿਅੰਤ ਦੇ ਸਾਰੇ ਦੋਸਤਾਂ ਨੂੰ ਜਾਨਣ ਲਗ ਪਈ ਸੀ ।ਬਿਅੰਤ ਦੇ ਰੁੱਖੇ ਵਤੀਰੇ ਦੇ ਬਾਵਜੂਦ ਵੀ ਉਹ ਆਪਣੇ ਘਰ ਵਿਚ ਆਪਣੇ ਆਪ ਨੂੰ ਰਾਣੀ ਤੋਂ ਘੱਟ ਨਹੀਂ ਸੀ ਸਮਝਦੀ ।ਬਿਅੰਤ ਨੂੰ ਖੁਸ਼ ਕਰਣ ਲਈ ਉਹ ਵੀ ਉਨ੍ਹਾਂ ਦੀਆਂ ਮਹਿਫਿਲਾਂ ਵਿਚ ਆ ਕੇ ਬੈਠ ਜਾਂਦੀ । ਇਕ ਦਿਨ ਉਸਦੇ ਇਕ ਦੋਸਤ ਨੇ ਕਿਹਾ, "ਭਾਬੀ ਜੀ ਅੱਜ ਤੁਸੀਂ ਵੀ ਸੁਣਾਉ ਕੁਝ...ਸੁਣਿਐ ਤੁਸੀਂ ਮਿਊਜ਼ਿਕ ਦੀ ਮਾਸਟਰ ਕੀਤੀ ਹੈ !" ਤੇ ਉਸਨੇ ਇਹ ਗ਼ਜ਼ਲ ਸੁਣਾ ਕੇ ਹਾਜ਼ਿਰ ਸ੍ਰੋਤਿਆਂ ਤੋਂ ਖੂਬ ਦਾਦ ਹਾਸਿਲ ਕੀਤੀ-

ਰਹਿਤੇ ਥੇ ਕਭੀ ਜਿਨਕੇ ਦਿਲ ਮੇਂ ਹਮ ਜਾਨ ਸੇ ਭੀ ਪਿਆਰੋਂ ਕੀ ਤਰਹਿ
ਬੈਠੇ ਹੈਂ ਉਨ੍ਹੀ ਕੇ ਕੂਚੇ ਮੇਂ ਹਮ ਆਜ ਗੁਨਹਿਗਾਰੋਂ ਕੀ ਤਰਹਿ...

ਉਸ ਦਿਨ ਉਸਨੇ ਸੋਚਿਆ ਸੀ ਕਿ ਬਿਅੰਤ ਨੂੰ ਆਪਣੀ ਬੀਵੀ ਤੇ ਬੜਾ ਮਾਣ ਹੋਵੇਗਾ ।ਜਦੋਂ ਸਾਰੇ ਚਲੇ ਗਏ ਤਾਂ ਬਿਅੰਤ ਨੇ ਰੋਜ਼ੀ ਨੂੰ ਝਿੜਕ ਕੇ ਆਖਿਆ,

"ਮੈਡਮ ਅੱਜ ਲੋਕਾਂ ਵਿਚ ਮੈਨੂੰ ਇਸ ਤਰ੍ਹਾਂ ਜ਼ਲੀਲ ਕਰਨ ਦੀ ਕੀ ਜ਼ਰੂਰਤ ਸੀ ? ਗਾਉਣ ਦਾ ਸ਼ੌਕ ਹੈ ਤਾਂ ਸ਼ਬਦ ਗਾਇਆ ਕਰ।" ਰੋਜ਼ੀ ਹੋਰ ਨਿਰਾਸ ਹੋ ਗਈ। ਬਿਅੰਤ ਦੀਆਂ ਦਾਅਵਤਾਂ ਦਾ ਸਿਲਸਿਲਾ ਵੱਧਦਾ ਦੇਖ ਇਕ ਦਿਨ ਹਿੰਮਤ ਕਰਕੇ ਰੋਜ਼ੀ ਨੇ ਬਿਅੰਤ ਨੂੰ ਕਹਿ ਹੀ ਦਿਤਾ,

"ਜੀ ਕੁਝ ਜਿਆਦਾ ਨਹੀਂ ਹੋ ਗਿਐ ਜੀ ਇਹ ? ਤੁਸੀਂ ਇਸ ਤਰ੍ਹਾਂ ਪੈਸਾ ਬਰਬਾਦ ਕਿਉਂ ਕਰ ਰਹੇ ਹੋ ਇਨ੍ਹਾਂ ਲੋਕਾਂ 'ਤੇ ਜੀ...?"

"ਤੂੰ ਕੀ ਲੈਣੇ ਇਨ੍ਹਾਂ ਗੱਲਾਂ 'ਚੋਂ ? ਤੇਰਾ ਪੈਸਾ ਹੈ ? ਮੇਰਾ ਬਿਜ਼ਨੈੱਸ ਹੈ... ਸੌ ਲੋਕਾਂ ਨੂੰ ਖੁਸ਼ ਕਰਨਾ ਹੁੰਦੈ ਬਿਜ਼ਨੈਸ ਵਿਚ ।ਤੈਨੂੰ ਤਾਂ ਨਹੀਂ ਨਾ ਕਿਸੇ ਗੱਲ ਦਾ ਘਾਟਾ...।"

ਰੋਜ਼ੀ ਨੇ ਧੀਮੀ ਜਿਹੀ ਸੁਰ 'ਚ ਕਿਹਾ,"ਨਹੀਂ ਜੀ ਮੈਂ ਤਾਂ ਬਸ ਐਵੇਂ ਹੀ ਕਹਿ ਦਿਤਾ ਸੀ ਜੀ...ਬੀ ਜੀ ਕਹਿੰਦੇ ਹੁੰਦੇ ਸਨ, ਪੈਸੇ ਦੀ ਕਦਰ ਕਰਨੀ ਚਾਹੀਦੀ ਹੈ।" ਰੋਜ਼ੀ ਨੂੰ ਆਪਣੀ ਮਾਂ ਦੀ ਗੱਲ ਯਾਦ ਆ ਗਈ ਸੀ ।ਫਿਰ ਜਦੋਂ ਵੀ ਉਹ ਬਿਅੰਤ ਨੂੰ ਲੋਕਾਂ ਤੇ ਪੈਸੇ ਲੁਟਾਉਂਦਿਆਂ ਵੇਖਦੀ, ਖੂਨ ਦੇ ਘੁਟ ਪੀ ਲੈਂਦੀ ।ਜਦ ਵੀ ਕਦੇ ਬਿਅੰਤ ਨੂੰ ਵਰਜਦੀ, ਉਹਨਾਂ ਵਿਚ ਲੜਾਈ ਹੋ ਜਾਂਦੀ ।

ਇਕ ਦਿਨ ਬਿਅੰਤ ਨੇ ਇਕ ਹੁਕਮ ਸੁਣਾ ਦਿਤਾ, "ਮੈਨੂੰ ਪਹਿਲਾਂ ਹੀ ਬੜੀ ਟੈਂਸ਼ਨ ਹੈ...ਮੇਰਾ ਬਿਜ਼ਨੈੱਸ ਲੌਸ 'ਚ ਜਾ ਰਿਹੈ... ਉਤੋਂ ਤੂੰ ਮੈਨੂੰ ਸਵਾਲ ਤੇ ਸਵਾਲ ਕਰਦੀ ਰਹਿੰਦੀ ਏਂ... ਬੱਚਿਆਂ ਨੂੰ ਲੈ ਤੇ ਅਮਰੀਕਾ ਚਲੇ ਜਾਹ। ਬੱਚੇ ਉਥੇ ਪੜ੍ਹਣਗੇ ।ਮੈਂ ਮਹੀਨੇ ਦੇ ਮਹੀਨੇ ਖਰਚ ਭੇਜਦਾ ਰਹਾਂਗਾ ।" ਬਿਅੰਤ ਦਾ ਫ਼ਤਵੇ ਵਰਗਾ ਫੁਰਮਾਨ ਸੁਣ ਕੇ ਉਸ ਦਿਨ ਤਾਂ ਰੋਜ਼ੀ ਦੇ ਹਵਾਸਾਂ ਤੇ ਜਿਵੇਂ ਸੁਨਾਮੀ ਹੀ ਚੜ੍ਹ ਆਇਆ ਸੀ ।ਉਸ ਨੇ ਬਥੇਰੇ ਤਰਲੇ ਕੀਤੇ,

"ਦੇਖੋ, ਪਲੀਜ਼ ਇੰਝ ਨਾ ਕਰੋ ਬਿਅੰਤ ।ਮੈਂ ਤੁਹਾਥੋਂ ਬਗੈਰ ਨਹੀਂ ਰਹਿ ਸਕਦੀ ।ਬਿਅੰਤ ਇਸ ਤਰ੍ਹਾਂ



ਆਪਣੇ ਤੋਂ ਦੂਰ ਤਾਂ ਨਾ ਕਰੋ ਸਾਨੂੰ ।ਮੈਂ ਤੁਹਾਥੋਂ ਬਿਨਾ ਜੀਅ ਨਹੀਂ ਸਕਦੀ।" ਪਰ ਉਹ ਫੈਸਲਾ ਕਰ ਚੁੱਕਾ ਸੀ ।ਸਮਾਨ ਬੰਨ ਕੇ ਉਹ ਸਾਰੇ ਕੈਲੀਫੋਰਨੀਆ ਦੇ ਫਰੀਮੌਂਟ ਸ਼ਹਿਰ ਵਿਚ ਪਹੁੰਚ ਗਏ ।ਇਥੇ ਰੋਜ਼ੀ ਦੇ ਭੈਣ ਤੇ ਭਰਾ ਰਹਿੰਦੇ ਸਨ ।ਫੈਮਿਲੀ ਦੇ ਆਧਾਰ ਤੇ ਇਮੀਗਰੇਸ਼ਨ ਦੇ ਸਾਰੇ ਕਾਗਜ- ਪੱਤਰ ਤਿਆਰ ਕੀਤੇ ਗਏ ।ਅਪਾਰਟਮੈਂਟ ਲਿਆ ਗਿਆ ਤੇ ਬੱਚਿਆਂ ਨੂੰ ਸਕੂਲ ਪੜ੍ਹਣੇ ਪਾ ਕੇ ਬਿਅੰਤ ਵਾਪਸ ਅਫ਼ਰੀਕਾ ਚਲਾ ਗਿਆ ।

ਬੱਚੇ ਅਜੀਬ ਜਿਹੇ ਸਵਾਲ ਪੁੱਛਦੇ ਜਿਸਦਾ ਉਸ ਕੋਲ ਕੋਈ ਉੱਤਰ ਨਾ ਹੁੰਦਾ । "ਆਰ ਯੂ ਡਾਈਵੋਰਸਡ ਮੌਮ ?" ਉਹ ਘੁੱਟ ਕੇ ਰਾਹੁਲ ਨੂੰ ਗੱਲ ਨਾਲ ਲਾ ਲੈਂਦੀ ਤੇ ਉਸਦਾ ਗੱਚ ਭਰ ਆਉਂਦਾ ।

" ਆਈ ਡੋਂਟ ਲਾਈਕ ਡੈਡ ।ਹੀ ਇਜ਼ ਨੌਟ ਦਿਅਰ ਫੌਰ ਅੱਸ। ਹੂ ਵਿੱਲ ਡੂ ਫਾਦਰ ਡਾਟਰ ਡਾਂਸ ਵਿਦ ਮੀ? " ਨਿੱਕੀ ਜਿਹੀ ਜੈਸਮੀਨ ਦੇ ਨਿੱਕੇ ਜਿਹੇ ਮਨ ਵਿਚ ਕੁੜੱਤਣ ਦਾ ਬੀਜ ਫੁੱਟਣਾ ਸ਼ੁਰੂ ਹੋ ਗਿਆ ਸੀ।

ਕਿੰਨੇ 'ਫ਼ਾਦਰਸ ਡੇਅ' ਤੇ ਉਨ੍ਹਾਂ ਨੇ ਨਾਟਕ ਕੀਤਾ ਸੀ ਆਪਸ 'ਚ ਹੀ ।'ਚਲੋ ਬਈ ਜੈਸਮੀਨ ਹੈ ਸਾਡਾ ਫ਼ਾਦਰ ਅੱਜ, ਅਸੀਂ ਦੋਨੋਂ ਡੈਡ ਨੂੰ ਡਿਨਰ ਤੇ ਲੈ ਕੇ ਜਾਵਾਂਗੇ ਤੇ ਗਿਫ਼ਟ ਵੀ ਦਿੰਦੇ, ਅਗਲੇ ਸਾਲ ਰਾਹੁਲ ਡੈਡ ਬਣਦਾ...। ਰੋਜ਼ੀ ਬੱਚਿਆਂ ਲਈ ਮਾਂ ਵੀ ਬਣੀ ਤੇ ਬਾਪ ਵੀ ।

ਮਨ ਸੀ ਕਿ ਬਾਰ ਬਾਰ ਬਿਅੰਤ ਵੱਲ ਨੂੰ ਤੁਰ ਪੈਂਦਾ ਸੀ ।'ਉਹ ਵੀ ਕਿਵੇਂ ਰਿਹਾ ਹੋਵੇਗਾ ਇਕੱਲਾ ? ਕੀ ਉਸਨੂੰ ਕਦੇ ਆਪਣੇ ਪਰਿਵਾਰ ਦੀ ਕਮੀ ਮਹਿਸੂਸ ਨਾ ਹੋਈ ਹੋਵੇਗੀ ?

ਛੋਟੇ ਛੋਟੇ ਬੱਚੇ...ਪਹਿਲਾਂ ਤਿੰਨ ਚਾਰ ਮਹੀਨੇ ਪੈਸੇ ਵੀ ਆ ਗਏ ਪਰ ਫਿਰ ਤੰਗੀ ਦਾ ਦੌਰ ਸ਼ੁਰੂ ਹੋ ਗਿਆ ।ਬਿਅੰਤ ਨੂੰ ਫੋਨ ਕਰਦੀ ਤਾਂ ਆਖਦਾ ਕਿ ਅਜੇ ਬਿਜ਼ਨੈਸ ਸਲੋਅ ਹੈ ।ਜ਼ਰਾ ਪਿਕ ਅਪ ਕਰ ਲਵੇ ਤਾਂ ਪੈਸੇ ਭੇਜ ਦਿਆਂਗਾ ।ਰੋਜ਼ੀ ਦਾ ਹਰ ਵਾਰ ਉਹੀ ਤਰਲਾ, "ਤੁਸੀਂ ਐਥੇ ਆ ਜਾਵੋ। ਭਾਂਵੇਂ ਕੋਈ ਕੰਮ ਨਾ ਕਰਨਾ, ਕੰਮ ਮੈਂ ਕਰਾਂਗੀ ।ਤੁਸੀਂ ਸਾਡੇ ਕੋਲ ਰਹੋ ਆ ਕੇ।"

ਰੋਜ਼ੀ ਬਿਅੰਤ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਉਸਦੇ ਗੁੱਸੈਲੇ ਸੁਭਾਅ ਨੂੰ ਸਮਝਦੀ ਸੀ। ਉਹ ਜਾਣਦੀ ਸੀ ਕਿ ਉਸਦੇ ਨਾਲ ਦੇ ਉਸ ਨੂੰ ਖਾ ਰਹੇ ਸਨ ਪਰ ਬਿਅੰਤ 'ਤੇ ਤਾਂ ਮਹਾਨ ਬਨਣ ਦੀ ਧੁਨ ਸਵਾਰ ਰਹਿੰਦੀ ਸੀ।

ਇਕ ਵਾਰੀ ਬਿਅੰਤ ਕੈਲੀਫੋਰਨੀਆ ਆਇਆ ਤੇ ਕਹਿੰਦਾ, 'ਉਥੇ ਬਿਜ਼ਨੈਸ ਸਮੇਟ ਰਿਹਾ ਹਾਂ। ਹਿਸਾਬ-ਕਿਤਾਬ ਕਰਕੇ ਆ ਜਾਵਾਂਗਾ ।"

"ਛੇਤੀ ਆਉਣਾ ਨਹੀਂ ਤਾਂ ਤੁਹਾਡਾ ਗਰੀਨ ਕਾਰਡ ਐਕਸਪਾਇਰ ਹੋ ਜਾਵੇਗਾ।"

"ਇਹ ਕੀ ਤੂੰ ਮੈਨੂੰ ਗਰੀਨ ਕਾਰਡ ਦੀ ਧਮਕੀ ਦਿੰਨੀ ਰਹਿਨੀ ਏ ਹਰ ਵਕਤ ।ਤੂੰ ਸੋਚਦੀ ਏਂ ਮੈਂ ਤੇਰੇ ਗਰੀਨ ਕਾਰਡ ਦਾ ਗੁਲਾਮ ਹੋ ਜਾਵਾਂਗਾ ?" ਤੇ ਉਹ ਗਰੀਨ ਕਾਰਡ ਪਾੜ ਕੇ ਚਲਾ ਗਿਆ ਸੀ ।ਕਾਰਡ ਕੀ ਪਾੜਿਆ ਬੱਚਿਆਂ ਦੇ ਦਿਲ ਵੀ ਲੀਰੋ ਲੀਰ ਕਰ ਕੇ ਚਲਾ ਗਿਆ ।ਉਸ ਦਿਨ ਤੋਂ ਬਾਅਦ ਉਨ੍ਹਾਂ ਦੇ ਮੂੰਹੋਂ ਰੋਜ਼ੀ ਨੇ ਕਦੇ ਉਹਦਾ ਜ਼ਿਕਰ ਨਾ ਸੁਣਿਆ ।

ਪੈਸੇ ਦੀ ਬੜੀ ਤੰਗੀ ਸੀ। ਬੜੀ ਮੁਸ਼ਕਿਲ ਨਾਲ ਉਦੋਂ ਸੈਨਹੋਜ਼ੇ ਇਕ ਛੋਟੀ ਜਿਹੀ ਨੌਕਰੀ ਮਿਲ ਗਈ ਸੀ ।ਨਹੀਂ ਤਾਂ ਉਹ ਬੱਚਿਆਂ ਨੂੰ ਕਿਵੇਂ ਪਾਲਦੀ ।ਬੱਚਿਆਂ ਨੂੰ ਸਕੂਲ ਲਿਜਾਣਾ-ਲਿਆਉਣਾ ! ਸੰਗੀਤ, ਭੰਗੜੇ ਤੇ ਗਿੱਧੇ ਉਸਨੇ ਉਹਨਾਂ ਨੂੰ ਸਭ ਸਿਖਾਇਆ ।ਉਹ ਚਾਹੁੰਦੀ ਸੀ ਕਿ ਉਸਦੇ ਬੱਚੇ ਕਿਸੇ

ਗੱਲੋਂ ਵੀ ਘੱਟ ਨਾ ਰਹਿਣ ।ਖਰਚੇ ਜਿਆਦਾ ਤੇ ਆਮਦਨ ਘੱਟ...ਪੈਸੇ ਕਦੇ ਵੀ ਪੂਰੇ ਨਾ ਹੁੰਦੇ ਤੇ ਕਰੈਡਿਟ ਕਾਰਡ ਭਰਦੇ ਗਏ।ਸਾਰੇ ਰਸਤੇ ਬੰਦ ਹੋਣ ਤੋਂ ਬਾਅਦ ਪੜ੍ਹਾਈ ਲਈ ਕਰਜ਼ਾ ਚੁੱਕਿਆ ।ਆਪਣੇ ਮਨ ਵਿਚ ਬੀ ਜੀ ਨੂੰ ਨਿਹੋਰੇ ਮਾਰਦੀ ਰਹਿੰਦੀ, ਲਉ ਹੁਣ ਤਾਂ ਖੁਸ਼ ਹੋ ਨਾ। ਵੇਖ ਲਉ ਹੁਣ ਕਿੰਨੀਂ ਕੰਜੂਸੀ ਕਰਨ ਲਗੀ ਹਾਂ ।

ਬਿਅੰਤ ਐਸਾ ਗਿਆ, ਫਿਰ ਮੁੜ ਕੇ ਨਾ ਆਇਆ ।ਹੌਲੀ ਹੌਲੀ ਫ਼ੋਨ ਵੀ ਆਉਣੇ ਬੰਦ ਹੋ ਗਏ । ਉਸਦੇ ਦੋਸਤਾਂ ਤੋਂ ਪਤਾ ਲਗਿਆ ਕਿ ਉਸਦੇ ਬਿਜ਼ਨੈਸ ਪਾਰਟਨਰ ਉਸਨੂੰ ਠਗ ਕੇ ਚਲੇ ਗਏ ਸਨ ।ਬਿਅੰਤ ਕੰਗਾਲ ਹੋ ਗਿਆ ਸੀ ।ਰੋਜ਼ੀ ਨੇ ਉਸਦੇ ਦੋਸਤਾਂ ਹੱਥ ਬਥੇਰੇ ਸੁਨੇਹੇ ਭੇਜੇ ਪਰ ਬਿਅੰਤ ਤਾਂ ਜਿਵੇਂ ਲਾਪਤਾ ਹੀ ਹੋ ਗਿਆ ਸੀ ।

ਬਹੁਤ ਰੋਈ ਸੀ ਰੋਜ਼ੀ ਉਨ੍ਹੀਂ ਦਿਨੀਂ ।ਰੋਜ਼ੀ ਨੂੰ ਲੋਕ ਆਖਦੇ ਸਨ ਕਿ ਉਹ ਹੋਰ ਵਿਆਹ ਕਰਵਾ ਲਵੇ ।ਪਰ ਉਹ ਸੋਚਦੀ ਕਿਵੇਂ ਕਰਵਾਵਾਂ ... ਬੱਚਿਆਂ ਨੂੰ ਬਾਪ ਤਾਂ ਨਹੀਂ ਮਿਲ ਜਾਣਾ ਸੀ ਨਾ !ਸਗੋਂ ਮਾਂ ਵੀ ਜਾਂਦੀ ਰਹਿੰਦੀ । ਹੁਣ ਤਾਂ ਰੋਜ਼ੀ ਨੂੰ ਸੁਖ ਦਾ ਸਾਹ ਆਇਆ ਸੀ ਕਿਉਂਕਿ ਬੱਚੇ ਵੱਡੇ ਹੋ ਗਏ ਸਨ ਤੇ ਯੂਨੀਵਰਸਿਟੀ ਜਾਣ ਲਗੇ ਸਨ ।ਥੋੜ੍ਹਾ ਪਾਰਟ ਟਾਈਮ ਕੰਮ ਕਰਕੇ ਉਸਦੀ ਮਦਦ ਵੀ ਕਰਦੇ ਸਨ ।ਪਰ ਤਾਂ ਵੀ ਯੂਨੀਵਰਸਿਟੀਆਂ ਦੇ ਖਰਚੇ ਪੂਰੇ ਨਹੀਂ ਸਨ ਹੋ ਰਹੇ।

ਇਕ ਦਿਨ ਫਰੀਮੌਂਟ ਵਿਚ ਦੋਸਤਾਂ ਦੀ ਇਕ ਗੈਰ-ਰਸਮੀ ਜਿਹੀ ਮਹਿਫ਼ਿਲ ਵਿਚ ਰੋਜ਼ੀ ਵੀ ਸ਼ਾਮਿਲ ਸੀ ।ਲੋਕ ਹੱਸ ਗਾ ਰਹੇ ਸਨ ।ਰੋਜ਼ੀ ਨੇ ਵੀ ਮੁੱਦਤਾਂ ਬਾਅਦ ਇਕ ਗ਼ਜ਼ਲ ਗਾ ਕੇ ਸੁਣਾਈ ।ਲੋਕਾਂ ਨੂੰ ਉਸਦੀ ਸੁਰੀਲੀ ਆਵਾਜ਼ ਬਹੁਤ ਪਸੰਦ ਆਈ ।ਉੱਥੇ ਉਹ ਆਪਣੀ ਸਹੇਲੀ ਰਮਾ ਨਾਲ ਗਈ ਹੋਈ ਸੀ ।ਵਾਪਸੀ ਤੇ ਰਮਾ ਨੇ ਰੋਜ਼ੀ ਨੂੰ ਕਿਹਾ,

"ਰੋਜ਼ੀ ਆਪ ਤੋ ਇਤਨਾ ਅੱਛਾ ਗਾਤੀ ਹੋ, ਅਪਨੇ ਟੇਲੈਂਟ ਕੋ ਯੂਜ਼ ਕਿਉਂ ਨਹੀਂ ਕਰਤੀਂ ? ਆਪ ਕੈਰੀਓਕੇ ਕਿਉਂ ਨਹੀਂ ਗਾਤੀ, ਅਪਨੇ ਫ਼ਨ ਦਾ ਇਸਤੇਮਾਲ ਕਰੋ ।ਸ਼ੌਂਕ ਭੀ ਪੂਰਾ, ਉਦਾਸੀ ਭੀ ਦੂਰ ਔਰ 'ਐਕਸਟਰਾ ਮਨੀ ਭੀ... ।"

ਰੋਜ਼ੀ ਝਿਜਕਦੀ ਸੀ ਕਿ ਲੋਕ ਕੀ ਕਹਿਣਗੇ ।ਪਰ ਰਮਾ ਨੇ ਕਿਹਾ, " ਰੋਜ਼ੀ ਕਾਮ ਤੋ ਕੋਈ ਬੁਰਾ ਨਹੀਂ ਹੋਤਾ ।ਅਗਰ ਆਪਕੋ ਅਪਨੇ ਊਪਰ ਵਿਸ਼ਵਾਸ ਹੈ ਕਿ ਆਪ ਕੋਈ ਬੁਰਾ ਕਾਮ ਨਹੀਂ ਕਰ ਰਹੇ ਤੋਂ ਡਰ ਕਿਸ ਬਾਤ ਕਾ? ਵੈਸੇ ਭੀ ਜਿਨ ਸੇ ਡਰਤੀ ਹੋ ਉਨ ਲੋਗੋਂ ਨੇ ਕਭੀ ਆ ਕੇ ਤੁਮਾਹਰੀ ਮਦਦ ਕੀ ਕਿਆ ? ਆਜਕਲ ਜ਼ਮਾਨਾ ਬਦਲ ਗਿਆ ਹੈ, ਕਲਾਕਾਰ ਕੀ ਕਦਰ ਕਰਤੇ ਹੈਂ ਲੋਕ।ਆਪ ਮਨ ਬਨਾਉ ਔਰ ਮੈਂ ਕਰਤੀ ਹੂੰ ਆਪਕੀ ਹੈਲਪ।" ਰਮਾ ਦੀ ਮਦਦ ਨਾਲ ਹੀ ਅੱਜ ਇਹ ਕੰਟਰੈਕਟ ਮਿਲਿਆ ਸੀ।

ਸਵੇਰ ਹੋ ਚੁੱਕੀ ਹੈ। ਰੋਜ਼ੀ ਆਫ਼ਿਸ ਜਾਣ ਲਈ ਤਿਆਰ ਹੋ ਰਹੀ ਹੈ। ਦੋਵੇਂ ਬੱਚਿਆਂ ਨੂੰ ਹੇਠਾਂ ਕਾਰਪੈੱਟ 'ਤੇ ਸੁੱਤਿਆਂ ਵੇਖ ਰੋਜ਼ੀ ਥੋੜ੍ਹਾ ਉਦਾਸ ਹੁੰਦੀ ਹੈ, ਪਰ ਫਿਰ ਸੰਭਲ ਜਾਂਦੀ ਹੈ।ਆਫਿਸ ਜਾਣ ਲਈ ਪਰਸ ਚੁੱਕਦੀ ਹੈ ।ਚਾਬੀ ਕੱਢਣ ਲਈ ਪਰਸ ਖੋਲ੍ਹਦੀ ਹੈ ਰਾਤ ਵਾਲਾ ਲਿਫ਼ਾਫ਼ਾ ਉਸਦੇ ਹੱਥ ਵਿਚ ਆ ਜਾਂਦਾ ਹੈ। ਉਹ ਚਹਿਕ ਪੈਂਦੀ ਹੈ ਅਤੇ ਉਸਦੇ ਸਾਹਮਣੇ ਰਾਤ ਵਾਲਾ ਉਹ ਦ੍ਰਿਸ਼ ਘੁੰਮਣ ਲੱਗਦਾ ਹੈ...ਕੈਲੀਫ਼ੋਰਨੀਆ ਦੇ ਫਰੀਮੌਂਟ ਸ਼ਹਿਰ ਦਾ ਮੂਨਲਾਈਟ ਬੈਂਕੁਇਟ ਹਾਲ...'ਵੈਲਨਟਾਈਨਜ਼ ਡੇਅ 'ਤੇ ਲਾਲ- ਗੁਲਾਬੀ ਰੰਗ ਦੀਆਂ ਪੋਸ਼ਾਕਾਂ 'ਚ ਸਜੇ ਧਜੇ ਜੋੜਿਆਂ ਦਾ ਡਿਨਰ... ਰੁਮਾਂਟਿਕ ਮਾਹੌਲ... ਸਟੇਜ 'ਤੇ ਗੀਤ ਗਾਉਂਦੀ ਹੋਈ ਰੋਜ਼ੀ -



ਆਈਏ ਹਜ਼ੂ ਤੁਮਕੋ.. ਬਹਾਰੋਂ ਮੇਂ ਲੇ ਚਲੂੰ...

ਰੋਜ਼ੀ ਦੇ ਪਾਈ ਲਾਲ ਰੰਗ ਦੀ ਸਾੜ੍ਹੀ ਤੇ ਸਿਰ ਤੇ ਸਜੇ ਹੋਏ ਘੁੰਗਰਾਲੇ ਵਾਲ਼...ਵਾਲਾਂ ਵਿਚ ਖੱਬੇ ਕੰਨ ਪਿੱਛੇ ਲਾਲ ਗੁਲਾਬ... ਉਸਦੇ ਤਾਂਬੇ ਰੰਗੇ ਮੂੰਹ ਦੀ ਲਿਸ਼ਕ ਤੋਂ ਤਿਲਕ ਤਿਲਕ ਜਾਂਦੀ ਉਮਰ ਦੇ ਹੰਢਾਏ ਪੰਜ ਦਹਾਕਿਆਂ ਦੀ ਦਾਸਤਾਨ ।ਉਸਦੇ ਸੱਜੇ ਹੱਥ ਵਿਚ ਫੜਿਆ ਮਾਈਕ... ਦੂਜੇ ਹੱਥ ਵਿਚ ਮਾਈਕ ਦੀ ਲਹਿਰਾ ਰਹੀ ਤਾਰ... ਅੱਖਾਂ ਬੰਦ... ਗਾਉਂਦੀ ਤੇ ਝੂਮਦੀ ਹੋਈ... ਇਕ ਮਿਸਰਾ ਮੁਕਾ ਲੈਂਦੀ ਤਾਂ ਮੂੰਹ ਜ਼ਰਾ ਜਿਹਾ ਨੀਂਵਾਂ ਕਰਕੇ ਸਿਰ ਨੂੰ ਹਲਕਾ ਜਿਹਾ ਝਟਕਾ ਦਿੰਦੀ । ਤਾਰ ਵਾਲੇ ਹੱਥ ਨਾਲ ਸਰੋਤਿਆਂ ਵੱਲ ਇਸ਼ਾਰਾ ਕਰਦੀ ਤੇ ਫਿਰ ਇਸਨੂੰ ਜ਼ਰਾ ਜਿਹਾ ਉਤਾਂਹ ਚੁੱਕ ਕੇ ਹਵਾ ਵਿਚ ਲਹਿਰਾ ਦਿੰਦੀ।

ਹਾਲ ਵਿਚ ਉਸਦੇ ਜਾਦੂ ਦੇ ਕੀਲੇ ਲੋਕ...ਬਿਨਾ ਆਵਾਜ਼ ਕੀਤਿਆਂ ਉਸ ਵੱਲ ਦੇਖ ਰਹੇ ਲੋਕ! ਅਚਾਨਕ ਇੱਕਾ ਦੁੱਕਾ ਲੋਕਾਂ ਨੇ ਜੋਸ਼ ਵਿਚ ਆਕੇ ਉਸਦੇ ਨਾਲ ਗਾਉਣਾ ਸ਼ੁਰੂ ਕਰ ਦਿਤਾ...ਆਈਏ ਹਜ਼ੂਰ..! ਲੋਕ ਸਟੇਜ ਤੇ ਨੋਟ ਸੁੱਟਣ ਲੱਗੇ। ਕਹਿ ਕਹੇ... ਹਾਸੇ... ਖੁਸ਼ੀਆਂ...ਵਾਹ...ਵਾਹ..ਜੀਉ...ਸਦਕੇ...ਨਾਲ ਭਰਿਆ ਵਾਤਾਵਰਣ!

ਰੋਜ਼ੀ ਨੇ ਗੀਤ ਮੁਕਾਇਆ...ਹਾਲ ਤਾੜੀਆਂ ਨਾਲ ਗੂੰਜ ਗਿਆ ।ਉਸਦੀਆਂ ਤਾਰੀਫ਼ਾਂ ਦੇ ਪੁਲ ਬੰਨ ਰਹੇ ਲੋਕ ...ਵਾਹ ! ਕਿਆ ਆਵਾਜ਼ ਹੈ !ਹੋਰ...ਹੋਰ...ਹੋਰ ਸੁਣਾਉ... !! ਉਸਨੇ ਗਾਉਣਾ ਖ਼ਤਮ ਕੀਤਾ, ਹੱਥ ਜੋੜ ਕੇ ਥੋੜ੍ਹਾ ਜਿਹਾ ਝੁਕੀ ਤੇ ਲੋਕਾਂ ਵਲ ਹੱਥ ਹਿਲਾਕੇ ਸਟੇਜ ਦੇ ਪਿੱਛੇ ਚਲੀ ਗਈ ।ਹਾਲ ਵਿਚ ਚਿਰਾਂ ਤੱਕ ਗੂੰਜਦੀ ਤਾੜੀਆਂ ਦੀ ਆਵਾਜ਼...!

ਰੋਜ਼ੀ ਸਟੇਜ ਦੇ ਪਿੱਛੇ ਖੜੇ ਪ੍ਰਬੰਧਕਾਂ ਨੂੰ ਮਿਲੀ ।ਰਸਮੀ ਵਧਾਈ ਤੋਂ ਬਾਅਦ ਇਕ ਪ੍ਰਬੰਧਕ ਨੇ ਬੜੇ ਅਦਬ ਨਾਲ ਊਸਨੂੰ ਇਹ ਲਿਫ਼ਾਫਾ ਫੜਾਇਆ ਸੀ ਜਿਸਨੂੰ ਉਸਨੇ ਕਾਰ ਵਿਚ ਜਾ ਕੇ ਖੋਲ੍ਹਿਆ ਸੀ ਅਤੇ ਏਤਨੇ ਸਾਰੇ ਨੋਟ ਵੇਖ ਉਸਦੀਆਂ ਅੱਖਾਂ ਨਮ ਹੋ ਗਈਆਂ ਸਨ।

ਹੁਣ ਰੋਜ਼ੀ ਘਰੋਂ ਬਾਹਰ ਨਿਕਲ ਰਹੀ ਹੈ।ਜਿਹੜੇ ਪੁਰਾਣੇ ਸੈਂਡਲ ਉਸਨੇ ਰਾਤੀਂ ਦਰਵਾਜ਼ੇ ਮੂਹਰੇ ਲਾਹੇ ਸਨ, ਉਹਨਾਂ ਨਾਲ ਉਸਨੂੰ ਠੋਕਰ ਵੱਜੀ ਹੈ ।ਉਹ ਲੜਖੜਾ ਗਈ ਹੈ।ਉਸਨੇ ਸੈਂਡਲ ਚੁੱਕ ਲਏ ਹਨ, ਕੁਝ ਸੋਚ ਕੇ ਸੈਂਡਲ ਡਸਟਬਿਨ ਵਿਚ ਸੁੱਟ ਦਿੱਤੇ ਹਨ ਤੇ ਉਹ ਪੌੜੀਆਂ ਉੱਤਰਦੀ ਹੋਈ ਗੁਣਗੁਣਾਉਂਦੀ ਜਾ ਰਹੀ ਹੈ, 'ਕਾਂਟੋਂ ਸੇ ਖੀਂਚ ਕੇ ਯਿਹ ਆਂਚਲ... ਤੋੜ ਕੇ ਬੰਧਨ ਬਾਂਧੀ ਪਾਇਲ...ਆਜ ਫਿਰ ਜੀਨੇ ਕੀ ਤਮੰਨਾ ਹੈ...।



**ਆਲੋਚਨਾ ਲੇਖ**

# ਕਨੇਡਾ ਦੀ ਕਥਾ ਵਿਭਿੰਨ ਪਸਾਰਾਂ ਦੇ ਪ੍ਰਸੰਗ ਵਿੱਚ

**ਪ੍ਰੋ. ਕੁਲਦੀਪ ਸੋਢੀ**

ਅੱਜ ਪਰਵਾਸੀ ਪੰਜਾਬੀ ਕਹਾਣੀ ਸਾਹਿਤ ਆਪਣੀ ਮੁਕੰਮਲ ਰੂਪ ਵਿਚ ਪਛਾਣ ਬਣਾ ਚੁੱਕਾ ਹੈ। ਪਹਿਲੇ ਦੌਰ ਦੇ 'ਪਰਵਾਸੀ' ਚਿੰਤਨ ਦੀ ਪਛਾਣ ਇਹ ਰਹੀ ਹੈ ਕਿ ਉਹ ਬੇਗਾਨੀ ਧਰਤੀ ਤੇ ਰਹਿੰਦਿਆਂ ਹੋਇਆ ਵੀ ਆਪਣੇ ਮੂਲ ਨਾਲ ਜੁੜਿਆ ਰਹਿਣਾ ਚਾਹੁੰਦਾ ਸੀ। ਓਪਰੀ ਧਰਤੀ ਪਰਵਾਸੀਆਂ ਦੇ ਅਨਕੂਲ ਨਾ ਹੋਣ ਕਰਕੇ ਉਹ ਇਸਨੂੰ ਕੋਸਣ ਦੇ ਬਹਾਨੇ ਲੱਭਦਾ ਰਹਿੰਦਾ ਸੀ। ਇਸ ਦੀ ਪੂਰਤੀ ਉਹ ਕਾਵਿ ਤੇ ਕਹਾਣੀ ਰੂਪ ਵਿਚ ਕਰਦਾ ਹੈ। ਪਰ ਸਮਾਂ ਬੀਤਣ ਨਾਲ ਪਰਵਾਸੀਆਂ ਦੇ ਇਸ ਚਿੰਤਨ ਵਿੱਚ ਇਹ ਪਰਿਵਰਤਨ ਨਜ਼ਰ ਆਉਂਦਾ ਹੈ ਕਿ ਜਿੱਥੇ ਪਹਿਲਾਂ ਪਰਵਾਸ ਵਿਚਲਾ ਸੰਕਟ ਉਸ ਨੂੰ ਘਰ ਦੀ ਯਾਦ ਦਿਵਾਉਂਦਾ ਸੀ, ਘਰ ਮੁੜ ਆਉਣ ਦੀ ਰੀਝ ਤੱਕ ਅਪੜਾ ਦਿੰਦਾ ਸੀ ਉੱਥੇ ਬਦਲੇ ਹੋਏ ਚਿੰਤਨ ਵਿੱਚ ਪਰਵਾਸੀ ਕਿਸੇ ਕਾਰਨ ਦੁੱਖ ਭੋਗਦਾ ਤਾਂ ਹੈ ਪਰ ਘਰ ਪਰਤਣ ਦੀ ਬਜਾਇ ਸਥਿਤੀਆਂ ਨਾਲ ਜੂਝਦਾ ਹੋਇਆ ਸੰਕਟ ਵਿਚੋਂ ਉਭਰਨ ਦਾ ਯਤਨ ਕਰਦਾ ਹੈ। ਜਿੱਥੇ ਪਹਿਲਾਂ ਸਿਰਫ਼ ਦੁੱਖਾਂ ਦਾ ਨਾਂ ਹੀ ਪਰਵਾਸ ਸੀ ਉਥੇ ਬਦਲਦੇ ਪ੍ਰਸੰਗ ਵਿੱਚ ਸੁੱਖਾਂ ਦਾ ਜਿਕਰ ਵੀ ਕਹਾਣੀ ਸਾਹਿਤ ਵਿਚ ਹੋਣ ਲੱਗਾ ਹੈ।

ਕਨੇਡਾ ਦੇ ਕੁੱਝ ਪ੍ਰਮੁੱਖ ਕਹਾਣੀਕਾਰਾਂ ਦੀਆਂ ਕਹਾਣੀਆਂ **'ਪੁਰਸਲਾਤ'**, **'ਸਰਦ ਰਿਸ਼ਤੇ'**, **'ਦੋ ਟਾਪੂ'**, **'ਮੁੱਖੜਾ ਚੰਨ ਵਰਗਾ'**, **'ਮੇਲੋ ਦੀ ਕਹਾਣੀ'**, **'ਇਕ ਹੋਰ ਹੈਮਿੰਗਵੇ'**, **'ਜੂਠੀ ਪਲੇਟ'**, **'ਬੇਗਾਨੀਆਂ ਕੰਧਾਂ'** ਆਦਿ ਉਪਰੋਕਤ ਤੱਥਾਂ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਸਾਰੇ ਵਸਤੂਗਤ ਵਿਸ਼ੈਗਤ, ਦ੍ਰਿਸ਼ਟੀਗਤ ਅਤੇ ਕਲਾਗਤ ਪਾਸਾਰ ਰੂਪ ਹੁੰਦੇ ਹਨ। ਇਸ ਕਹਾਣੀ ਸੰਕਟ ਅੰਦਰ ਪਰਵਾਸੀ ਪੰਜਾਬੀਆਂ ਦੇ ਨਿਵੇਕਲੇ ਅਨੁਭਵ ਕਹਾਣੀਆਂ ਦੀ ਵਸਤੂ ਸਮੱਗਰੀ ਬਣੇ ਹਨ। ਇਹ ਅਨੁਭਵ ਦੂਸਰੇ ਦੇਸ਼ਾਂ ਦੇ ਪਰਵਾਸ ਨਾਲ ਲਗਭਗ ਮਿਲਦੇ ਜੁਲਦੇ ਹਨ। ਇਹ ਅਨੁਭਵ ਇਨ੍ਹਾਂ ਕਹਾਣੀਆਂ ਦੀ ਵਸਤੂ ਸਮੱਗਰੀ ਅਤੇ ਇਹਨਾਂ ਵਿੱਚ ਸੰਚਾਲਿਤ ਦ੍ਰਿਸ਼ਟੀ ਵਿੱਚ ਆਭਾਸ ਹੁੰਦਾ ਹੈ। ਭੂ ਹੇਰਵਾਂ ਅਤੇ ਨਸਲੀ ਵਿਤਕਰੇ ਦਾ ਅਨੁਭਵ ਉਸ ਤਰ੍ਹਾਂ ਦਾ ਨਹੀਂ ਜਿਸ ਤਰ੍ਹਾਂ ਦਾ ਇੰਗਲੈਂਡ ਦੇ ਬਸਤੀਵਾਦੀ ਪਿਛੋਕੜ ਕਾਰਨ ਉਥੋਂ ਦੇ ਸਾਬਕਾ ਬਸਤੀਆਂ ਦੇ ਕਾਲੇ ਆਵਾਸੀਆਂ ਨੂੰ ਦੇਖਣ ਪਿਆ। ਕਨੇਡਾ ਬਹੁਭਾਂਤੀ ਸਭਿਆਚਾਰ ਵਾਲਾ ਦੇਸ਼ ਹੋਣ ਕਰਕੇ ਇਥੋਂ ਦੇ ਪੰਜਾਬੀ ਹੁਣ ਵਤਨੋਂ ਦੂਰ ਹੋਣ ਦੇ ਅਹਿਸਾਸ ਨੂੰ ਪਾਲੀ ਰੱਖਣ ਦੀ ਥਾਂ ਨਵੇਂ ਆਵਾਸ ਵਾਲੀ ਧਰਤੀ ਨੂੰ ਆਪਣਾ ਵਤਨ ਸਮਝਣ ਵੱਲ ਰੁਚਿਤ ਹਨ। ਕਨੇਡਾ ਵਿੱਚ ਹੀ ਪ੍ਰਵਾਨ ਚੜੀ ਨਵੀਂ ਪੀੜ੍ਹੀ ਭੂ ਹੇਰਵੇਂ ਤੇ ਪਰਵਾਸ ਵਰਗੇ ਭਾਵਾਂ ਤੋਂ ਮੁਕਤ ਹੈ।

ਉਪਰੋਕਤ ਕਹਾਣੀਆਂ ਵਿਚਲੇ ਪਾਤਰ ਵੀ ਪਹਿਲਾਂ ਵਰਗੇ ਪਰਵਾਸੀਆਂ ਵਾਂਗ ਘਰ ਮੁੜਨ ਦੀ ਸੋਚ ਦੇ ਧਾਰਨੀ ਨਹੀਂ ਸਗੋਂ ਵਿਕਸਤ ਪੂੰਜੀਵਾਦੀ ਚੌਗਿਰਦੇ ਅੰਦਰ ਪੈਰ ਜਮਾਉਣ ਲਈ ਜਦੋ-ਜਹਿਦ ਕਰਦੇ ਹਨ। ਇਨ੍ਹਾਂ ਵਿੱਚ ਹਰ ਵਰਗ ਦੇ ਪਾਤਰ ਸ਼ਾਮਲ ਹੁੰਦੇ ਹਨ। **ਜਰਨੈਲ ਸਿੰਘ** ਦੀ ਕਹਾਣੀ **'ਦੋ ਟਾਪੂ'** ਵਿਚਲੇ ਬਲਰਾਜ ਅਤੇ ਪੁਸ਼ਪਿੰਦਰ ਸੁਖਮਈ ਜ਼ਿੰਦਗੀ ਭੋਗ ਰਹੇ ਹਨ। ਪਰ ਬਦਲੀਆਂ ਹੋਈਆਂ ਸਥਿਤੀਆਂ ਵਿੱਚ ਉਹ ਅਤੇ ਉਨ੍ਹਾਂ ਦਾ ਘਰ ਅਜਿਹੀ ਪਾਟੋਧਾੜ ਦਾ ਸ਼ਿਕਾਰ ਹੁੰਦਾ ਹੈ ਕਿ ਮੁੜ ਠੀਕ ਨਹੀਂ ਹੋ ਸਕਦਾ। ਪਾਸ਼ੀ ਦੇ ਮਨ ਵਿਚਲਾ ਦਵੰਦ ਕਹਾਣੀ ਦੇ ਪਾਠ ਵਿਚੋਂ ਉਭਰਦਾ ਹੈ। ਉਹ ਇਹ ਫ਼ੈਸਲਾ ਨਹੀਂ ਕਰ ਸਕਦੀ ਕਿ ਬੰਦਾ ਇਕੱਲਾ ਹੋਣਾ ਚਾਹੀਦਾ ਹੈ ਕਿ ਨਹੀਂ ਤੇ ਕਈ ਹੋਰ ਸਵਾਲ? ਕਥਾ ਦੇ ਅੰਤ ਤੇ ਉਹ ਆਪਣੇ ਉਸ ਪਤੀ ਨੂੰ ਜਿਸ ਨਾਲੋਂ ਉਹ ਵੱਖ ਹੋ ਕੇ ਰਹਿ ਰਹੀ ਹੈ ਅਤੇ ਲੰਬੇ ਸਮੇਂ ਤੋਂ ਸੰਕਟ ਭੋਗ ਰਹੀ ਹੈ ਕਹਿੰਦੀ ਹੈ,



"ਆਪਣਾ ਖਿਆਲ ਰੱਖਿਓ!" ਇਸ ਦਵੰਦ ਵਿੱਚ ਹੀ ਸਾਰਾ ਕਹਾਣੀ ਦਾ ਸੰਕਟ ਸਮਾਇਆ ਨਜ਼ਰ ਆਉਂਦਾ ਹੈ। ਜਿਸ ਸਭਿਆਚਾਰ ਵਿਚ ਪਾਸ਼ੀ ਰਹਿ ਰਹੀ ਹੈ ਉਸ ਮੁਤਾਬਿਕ ਰਹਿ ਨਹੀਂ ਰਹੀ। ਇਹੀ ਉਸ ਦਾ ਦਵੰਦਾਤਮਕ ਸੰਕਟ ਹੈ। ਉਸ ਕਲਚਰ ਵਿੱਚ ਸਿਰਫ ਪਤੀ ਪਤਨੀ ਬੱਚੇ ਰਹਿ ਸਕਦੇ ਹਨ। ਜਦ ਪਾਸ਼ੀ ਦੇ ਮਾਪਿਆ ਦਾ ਉਸਦੇ ਘਰ ਵਿੱਚ ਦਾਖ਼ਲਾ ਹੁੰਦਾ ਹੈ ਤਾਂ ਇਸ ਕਲਚਰ ਦੀ ਤਾਣੀ ਦੀਆਂ ਗੰਢਾਂ ਹੋਰ ਪੀਚਵੀਆਂ ਹੋ ਜਾਂਦੀਆਂ ਹਨ। ਔਰਤ ਵੱਖ ਹੋ ਕੇ ਵੀ ਆਪਣੀ ਇੱਜ਼ਤ ਆਬਰੂ ਪ੍ਰਤੀ ਨਿਡਰ ਨਹੀਂ ਹੋ ਸਕਦੀ ਜਿਸ ਬਾਰੇ ਲੇਖਕ ਪਾਠਕ ਨੂੰ ਅਹਿਸਾਸ ਕਰਵਾਉਂਦਾ ਹੈ ਕਿ 'ਉਹਨਾਂ ਦਾ ਧਿਆਨ ਬਹੁਤਾ ਆਪਣੀ ਚੁੰਨੀ ਵੱਲ ਹੁੰਦੈ ਭਾਵੇਂ ਇਹ ਚੁੰਨੀ ਲੱਕ ਨਾਲ ਬੰਨ੍ਹੀ ਹੋਵੇ ਤੇ ਭਾਵੇਂ ਸਿਰ ਤੇ ਹੋਵੇ।" ਪੰਜਾਬੀ ਮਰਦ ਔਰਤ ਨੂੰ ਆਪਣੇ ਅਧੀਨ ਰੱਖਣ ਦਾ ਏਨਾ ਆਦੀ ਹੋ ਚੁੱਕਾ ਹੈ ਕਿ ਔਰਤ ਦਾ ਮੋਢਾ ਥੋੜਾ ਉੱਚਾ ਹੁੰਦਿਆਂ ਸਾਰ ਹੀ ਉਸਦੀ ਹਾਉਮੈਂ ਨੂੰ ਸੱਟ ਵੱਜਦੀ ਹੈ। ਉਹ ਫਿਰ ਤਰਕ ਛੱਡ ਸਰੀਰਿਕ ਬਲ ਦੇ ਪ੍ਰਯੋਗ ਤੇ ਉਤਰ ਆਉਂਦਾ ਹੈ। ਜਿਸ ਦਾ ਸਿੱਟਾ ਤਲਾਕ ਨਿਕਲਦਾ ਹੈ।

ਫਿਊਡਲ ਸਮਾਜ ਦੇ ਸੁਭਾਅ ਨੂੰ ਪੇਸ਼ ਕਰਦੀ ਹੈ ਕਹਾਣੀ **'ਜੂਠੀ ਪਲੇਟ'** (**ਸੁਖਵੰਤ ਹੁੰਦਲ**) ਜਿਹੜੀ ਪੰਜਾਬੀ ਔਰਤ ਨੂੰ ਪੈਰ ਦੀ ਜੁੱਤੀ ਸਮਝਦੇ ਨੇ ਵਿਦੇਸ਼ ਜਾ ਕੇ ਇਨ੍ਹਾਂ ਦੀ ਸੋਚ ਵਿਚ ਹੋਰ ਵਿਗਾੜ ਆਉਂਦਾ ਵੇਖਿਆ ਜਾ ਸਕਦਾ ਹੈ। ਮਿੰਦਰ ਦਾ ਸੰਕਟ ਉਸਦੇ ਪਤੀ ਦੀ ਫਿਊਡਲ ਸੋਚ ਕਰਕੇ ਹੈ। ਉਸਦੇ ਪਤੀ ਦੇ ਦੋਸਤ ਘਰ ਬੈਠੇ ਸ਼ਰਾਬ ਪੀਂਦੇ ਅਜਿਹੀਆਂ ਗੱਲਾਂ ਤੇ ਹਰਕਤਾਂ ਕਰਦੇ ਹਨ ਜਿਸ ਨਾਲ ਮਿੰਦਰ ਨੂੰ ਆਪਣਾ ਆਪ ਨਿਰਵਸਤਰ ਜਾਪਣ ਲੱਗਦਾ ਹੈ। ਇਥੇ ਕੇਵਲ ਔਰਤ ਭੋਗ ਦੀ ਵਸਤੂ ਬਣ ਕੇ ਰਹਿ ਗਈ ਹੈ। ਔਰਤ ਦੇ ਸੋਚਣ ਮੁਤਾਬਕ ਮਰਦ ਉਹਨਾਂ ਨੂੰ 'ਜੂਠੀਆਂ ਪਲੇਟਾਂ' ਹੀ ਸਮਝਦੇ ਹਨ। ਇਸੇ ਤਰ੍ਹਾਂ **'ਮੇਲੋ ਦੀ ਕਹਾਣੀ'** (**ਸੁਰਜੀਤ ਕਲਸੀ**) ਵੀ ਔਰਤ ਦੀ ਸਥਿਤੀ ਬਾਰੇ ਗੱਲ ਕਰਦੀ ਹੈ ਕਿ ਜਿਸ ਤਰ੍ਹਾਂ ਤਲਾਕਸ਼ੁਦਾ ਔਰਤ ਬੱਚੇ ਪਾਲਣ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ ਪਰ ਮਰਦ ਝੱਟ ਕਿਸੇ ਔਰਤ ਨਾਲ ਰਹਿਣ ਲੱਗ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਉਪਰੋਕਤ ਕਹਾਣੀ ਬੜੀ ਚੁੱਭਵੀਂ ਤੇ ਵਿਅੰਗਮਈ ਹੈ। "ਬੱਚੇ ਪਾਲਦੀ ਨੇ ਸਾਰੀ ਜਵਾਨੀ ਕੱਢ ਤੀ। ਬੰਦਾ ਤਾਂ ਇਸ ਜ਼ੁੰਮੇਵਾਰੀ ਤੋਂ ਸਾਫ਼ ਬਰੀ ਹੋ ਜਾਂਦੈ, ਝਟ ਪਟ ਜਾ ਕੇ ਦੂਜਾ ਵਿਆਹ ਕਰਵਾ ਲਿਆ। ਜੇ ਅਣਖ ਹੁੰਦੀ ਤਾਂ ਤੁਰਦਾ ਖਾਂ ਕੱਲਾ ਨੰਗੇ ਪੈਰੀਂ ਜਵਾਨੀ ਦੇ ਤਪਦੇ ਮਾਰੂਥਲ ਵਿੱਚ। ਉਸ ਨੂੰ ਲੱਗਾ ਗੁਰਵੰਤ ਜਿਵੇਂ ਫਿਰ ਘੋੜਿਆਂ ਦੀ ਰੇਸ ਹਾਰ ਗਿਆ ਸੀ।

ਪੰਜਾਬੋਂ ਡਾਲਰਾਂ ਦੀ ਝਾਕ ਵਿੱਚ ਗਏ ਨੌਜਵਾਨਾਂ ਦੀ ਬਦਤਰ ਜ਼ਿੰਦਗੀ ਬਾਰੇ ਚਾਨਣਾ ਪਾਉਂਦੀ ਹੈ **ਸ਼ਮਸ਼ੇਰ ਭੱਟੀ** ਦੀ ਕਹਾਣੀ "**ਸੱਖਣਾ ਦਿਲ**" ਜਿਸ ਵਿੱਚ ਮਰਦ ਔਰਤ ਦੋਸਤ ਨਾਲ ਰਹਿੰਦਾ ਹੋਇਆ ਵੀ ਅਸੰਤੁਸ਼ਟ ਹੈ। ਉਹ ਪਿੱਛੇ ਰਹਿ ਗਏ ਰਿਸ਼ਤਿਆਂ ਦੀ ਯਾਦ ਵਿੱਚ ਲੁੱਛਦਾ ਹੈ। ਇਉਂ ਉਹ ਇੱਕ ਸੱਖਣੇਪਣ ਨੂੰ ਜਿਉਂਦਾ ਹੈ। "ਉਦਾਸ ਉਦਾਸ ਉਹ ਛੱਤ ਵੱਲ ਦੇਖਣ ਲੱਗਾ। ਛੱਤ ਵੱਲ ਦੇਖਦਿਆਂ ਉਹਨੂੰ ਬਿਸਤਰੇ ਦੇ ਪਸਾਰ 'ਚ ਖਾਲੀ ਜਗ੍ਹਾਂ ਦਾ ਅਹਿਸਾਸ ਹੋ ਰਿਹਾ ਸੀ। ਉਸਦੇ ਮਨ ਵਿੱਚ ਕੁਝ ਹੋਣ ਲੱਗਾ। ਇੱਕ ਟੁੱਟ ਭੱਜ। ਇਹ ਟੁੱਟ-ਭੱਜ ਉਹਦੇ ਦਿਲ 'ਚ ਵੀ ਇੱਕ ਸੱਖਣੇਪਣ ਦਾ ਅਹਿਸਾਸ ਜਗਾ ਗਈ। ਸੱਖਣਾਪਣ ਜਿਹਨੇ ਕਦੀ ਉਹਨੂੰ ਖਾਲੀ ਵੀ ਨਹੀਂ ਸੀ ਰਹਿਣ ਦਿੱਤਾ ਤੇ ਜਿਹੜਾ ਕਦੀ ਭਰਿਆ ਵੀ ਨਹੀਂ ਸੀ।" ਉਸਦੀ ਸਥਿਤੀ ਤ੍ਰਿਸ਼ੰਕੂ ਵਾਲੀ ਬਣਦੀ ਹੈ ਉਹਦੇ ਦਿਲ ਵਿੱਚ ਅਣਹੋਂਦ ਦੀ ਜਗ੍ਹਾਂ ਹੋਂਦ ਤੇ ਹੋਂਦ ਦੀ ਜਗ੍ਹਾ ਅਣਹੋਂਦ ਭਰਨ ਲੱਗਦੀ ਹੈ ਤੇ ਇਹ ਬਦਲਵਾਂ ਪ੍ਰਵਾਹ ਉਹਦੀਆਂ ਅੱਖਾਂ ਚੋਂ ਵਹਿ ਤੁਰਦਾ ਹੈ।

ਦੁਨੀਆਂ ਭਰ ਵਿੱਚ ਪੁੱਤਰ ਪ੍ਰਾਪਤੀ ਲਈ ਮੋਹ ਹੈ ਪ੍ਰੰਤੂ ਭਾਰਤੀ ਮਾਨਸਿਕਤਾ ਵਿੱਚ ਇਸ ਦਾ ਸਿਖ਼ਰ ਵੇਖਿਆ ਜਾ ਸਕਦਾ ਹੈ। **ਮੇਜਰ ਮਾਂਗਟ** ਦੀ ਕਹਾਣੀ **'ਬੇਗਾਨੀਆਂ ਕੰਧਾਂ'** ਵਿਚ ਜਦੋਂ ਹਰਦਿੱਤ ਕੌਰ ਵਰਗੀ ਔਰਤ ਧੀਆਂ ਦੀ ਮਾਂ ਹੁੰਦਿਆਂ ਹੋਇਆ ਵੀ 'ਬੇਬੀ ਸਿਟਰ' ਵਿੱਚ ਦੇਖ-ਰੇਖ ਲਈ ਰੱਖੇ ਮਿੰਨੇ ਨਾਲ ਪੁੱਤਰ

ਦਾ ਰਿਸ਼ਤਾ ਜੋੜ ਲੈਂਦੀ ਹੈ। ਇਸ ਓਪਰੇ ਸਭਿਆਚਾਰ ਦੇ ਚਲਨ ਤੋਂ ਜਿਹੜਾ ਸਕੂਨ ਉਸਨੂੰ (ਹਰਦਿੱਤ ਕੌਰ) ਤੋਂ ਮਿਲਦਾ ਹੈ ਉਹ ਸ਼ਾਇਦ ਕਿਤੋ ਪ੍ਰਾਪਤ ਨਹੀਂ ਕਰ ਸਕੀ। ਪਰ ਹਰਦਿੱਤ ਕੌਰ ਨੂੰ ਇਸ ਤੋਂ ਸਿਵਾਏ ਵਿਸ਼ਾਦ ਦੇ ਕੁਝ ਹਾਸਲ ਨਹੀਂ ਹੁੰਦਾ। ਕਹਾਣੀ ਦੀ ਵਿਡੰਬਨਾਂ ਹੀ ਇਹ ਹੈ ਕਿ ਹਰਦਿੱਤ ਕੌਰ ਕੋਲ ਪੁੱਤਰ ਪਿਆਰ ਲਈ ਸਮਾਂ ਹੈ ਪਰ ਪੁੱਤਰ ਨਹੀਂ ਅਤੇ ਮਿੰਨੇ ਦੀ ਮਾਂ ਕੋਲ ਪੁੱਤਰ ਤਾਂ ਹੈ ਪਰ ਪੁੱਤਰ ਮੋਹ ਲਈ ਸਮਾਂ ਨਹੀਂ।

**ਸਾਧੂ ਸਿੰਘ** ਆਪਣੀ ਕਹਾਣੀ **'ਪੁਰਸਲਾਤ'** ਵਿਚ ਧੀ ਦਾ ਭਾਵੁਕ ਦੁਖਾਂਤ ਵਾਪਰਦਾ ਹੈ। ਚੱਠਾ ਸਰਦਾਰ ਸਮੂਹਿਕ ਸੰਸਕਾਰਾਂ ਸਾਹਵੇਂ ਹਥਿਆਰ ਸੁੱਟ ਦਿੰਦਾ ਹੈ। ਉਸ ਦੀ ਇਹ ਸੋਚ ਕਿ ਪਿਓ ਨੂੰ ਧੀ ਦੇ ਘਰ ਨਹੀਂ ਰਹਿਣਾ ਚਾਹੀਦਾ ਹੀ ਉਸਨੂੰ ਸੰਕਟਮਈ ਸਥਿਤੀ ਵਿੱਚ ਲੈ ਜਾਂਦੀ ਹੈ। ਉਸਦੀ ਧੀ ਅਤੇ ਜੁਆਈ ਖਪਤ ਸਭਿਆਚਾਰ ਵਿੱਚ ਰਹਿ ਕੇ ਰਿਸ਼ਤਾ ਪਾਲਕ ਸਭਿਆਚਾਰ ਆਪਣਾ ਰਹੇ ਹਨ। ਇੱਥੇ ਚੱਠਾ ਸਾਹਿਬ ਦਾ ਸੰਕਟ 'ਸਰਦ ਰਿਸ਼ਤੇ' ਦੇ ਬਜੁਰਗ ਜਾਂ **'ਬਰਫ਼ ਦਾ ਗੀਤ'** (**ਸਾਧੂ**) ਕਹਾਣੀ ਦੇ ਚਰਨ ਸਿੰਘ ਤੋਂ ਵੱਖਰਾ ਹੈ। ਮਨ ਦੇ ਵਰਤਾਰੇ ਕਾਰਨ ਉਹ ਸੰਤਾਪ ਭੋਗਣ ਲਈ ਮਜ਼ਬੂਰ ਹੁੰਦਾ ਹੈ। **ਅਮਰਜੀਤ ਚਾਹਲ** ਦੀ ਕਹਾਣੀ **'ਮੁੱਖੜਾ ਚੰਨ ਵਰਗਾ'** ਵਿਦੇਸ਼ੀ ਗਏ ਲੋਕਾਂ ਦੇ ਪਿਛਲੇ ਘਰੀਂ ਹੁੰਦੀ ਬਰਬਾਦੀ ਦੀ ਬਾਤ ਪਾਉਂਦੀ ਹੈ। ਬੇਜੀ ਕੋਲ ਸਮਾਜਿਕ ਤੌਰ ਤੇ ਸਮਝੇ ਜਾਂਦੇ ਵਿਵਹਾਰ ਦਾ ਆਪਣਾ ਤਰਕ ਹੈ। ਉਸਦਾ ਘਰ ਵਾਲਾ ਸਾਰੀ ਜ਼ਿੰਦਗੀ ਜ਼ਾਇਦਾਦ ਬਣਾਉਣ ਲਈ ਬਾਹਰ ਭਟਕਦਾ ਰਿਹਾ। ਉਹ ਆਪਣੇ ਵਰਗੀ ਹੋਣੀ ਤੋਂ ਆਪਣੀ ਨੂੰਹ ਨੂੰ ਬਚਾਉਣਾ ਚਾਹੁੰਦੀ ਹੈ। ਇਸੇ ਲਈ ਉਹ ਕਹਿੰਦੀ ਹੈ, "ਕਾਕਾ ਸ਼ਹਿਰ ਚੱਲਿਆਂ ਤਾਂ ਸੁਰਿੰਦਰ ਕੌਰ ਨੂੰ ਵੀ ਨਾਲ ਈ ਲੈ ਜਾ...ਇਹਦਾ 'ਪਾਸਕੋਟ' ਬਨਣਾ ਦੇ ਦੇਵੀ... ਜ਼ਮੀਨਾਂ ਤਾਂ ਖਸਮਾਂ ਨੂੰ ਖਾਣੀਆਂ ਇੱਥੇ ਹੀ ਰਹਿਣੀਆਂ... ਜਦ ਵਹੁਣੀਆਂ ਹੋਣਗੀਆਂ ਉਦੋਂ ਖਰੀਦ ਲਿਓ... ਆਪਣੇ ਬਾਪੂ ਵੱਲ ਈ ਵੇਖ... ਸਾਰੀ ਉਮਰ ਬਾਹਰ ਕੱਢ ਲਈ।"

ਇਸੇ ਤਰ੍ਹਾਂ **ਸਾਧੂ** ਦੀ ਕਹਾਣੀ **'ਬਰਫ਼ ਦਾ ਗੀਤ'** ਦਾ ਪਾਤਰ ਚਰਨ ਸਿੰਘ ਔਕੜਾ ਦੇ ਬਾਵਜੂਦ ਵੀ ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਹੀਲਾ ਨਹੀਂ ਕਰਦਾ। ਉਹ ਆਪਣੇ ਪੁੱਤਰ ਤੇ ਨੂੰਹ ਦੇ ਅਣਮਨੁੱਖੀ ਵਤੀਰੇ ਦਾ ਸਤਾਇਆ ਹੋਇਆ ਆਪਣੇ ਮਿੱਤਰ ਜੁਆਲਾ ਸਿੰਘ ਕੋਲ ਰਹਿਣ ਦਾ ਫ਼ੈਸਲਾ ਕਰਦਾ ਹੈ। ਇਸ ਕਹਾਣੀ ਵਿੱਚ ਖਪਤ ਸਭਿਆਚਾਰ ਵਿੱਚ ਮਨੁੱਖ ਦੇ ਅਚਾਰ ਵਿਹਾਰ ਨੂੰ ਵਿਸਥਾਰ ਸਹਿਤ ਪੇਸ਼ ਕੀਤਾ ਹੈ। ਜਦੋਂ ਚਰਨ ਸਿੰਘ ਦਾ ਪੁੱਤਰ ਜਸਵੰਤ ਵਿਕਸਤ ਪੂੰਜੀਵਾਦ ਵਿੱਚ ਵੜ੍ਹਨ ਦਾ ਯਤਨ ਕਰਦਾ ਹੈ ਤਾਂ ਘਰ ਦੀ ਸੁੱਖ ਸ਼ਾਂਤੀ ਤੇ ਰਿਸ਼ਤਿਆਂ ਵਿਚਲਾ ਮੋਹ ਭੰਗ ਹੁੰਦਾ ਹੈ। ਇਥੇ ਪ੍ਰਤੀਕੂਲ ਮਹੌਲ ਨਸਲਵਾਦ ਵਿਚੋ ਨਹੀਂ ਸਗੋਂ ਪੂੰਜੀਵਾਦ ਵਿੱਚੋ ਉਪਜਿਆ ਹੈ। **ਰਵਿੰਦਰ ਰਵੀ** ਦੀ ਕਹਾਣੀ **'ਇਕ ਹੋਰ ਹੈਮਿੰਗਵੇ'** ਪਿੰਡ ਤੋਂ ਬ੍ਰਹਿਮੰਡ ਦੀ ਚੇਤਨਾ ਵਿੱਚ ਝੂਲਦੇ ਮਾਨਵ ਦੀ ਕਹਾਣੀ ਹੈ। 'ਉਹ ਜਿਵੇਂ ਚੱਕੀ ਦੇ ਦੋ ਭਾਰੀ ਪੁੜਾਂ ਵਿਚਕਾਰ ਆ ਗਿਆ ਸੀ। ਇਕ ਪੁੜ ਪਿੰਡ ਦਾ, ਇਕ ਬ੍ਰਹਿਮੰਡ ਦਾ। ਨਾ ਪਿੰਡ ਆਪਣਾ, ਨਾ ਬ੍ਰਹਿਮੰਡ ਤਕ ਰਸਾਈ। ਵਿਚਕਾਰ ਉਸਦੀ ਚੇਤਨਾ ਇਕ ਵਿਫਲ ਯਤਨ, ਫਿਰ ਵੀ ਬਲ ਰਹੀ ਹੈ। " ਇਸ ਤਰ੍ਹਾਂ ਮਨੁੱਖੀ ਹੋਂਦ ਨਿਹੋਂਦ ਦੇ ਦਾਰਸ਼ਨਿਕ ਮਸਲਿਆਂ ਨੂੰ ਵੀ ਰਵਿੰਦਰ ਰਵੀ ਪੇਸ਼ ਕਰਦਾ ਹੈ। ਅਜੋਕਾ ਰਾਜਨੀਤਿਕ ਮਾਹੌਲ ਵੀ ਇੱਕ ਸਿਕਾਰਗਾਹ ਹੀ ਹੈ। ਜਿੱਥੇ ਹਰ ਕੋਈ, ਹਰ ਸਮੇਂ ਹਰ ਕਿਸੇ ਨੂੰ ਸ਼ਿਕਾਰ ਕਰਨ ਦੇ ਆਹਰ ਵਿੱਚ ਹੈ।" ਅਮਲ ਵਿਚ ਵਿਕਸਤ ਪੂੰਜੀਵਾਦ ਜਾਂ ਸਰਮਾਏਦਾਰੀ ਪ੍ਰਬੰਧ ਮਨੁੱਖ ਨੂੰ ਆਰਾਜਕਤਾ ਦਾ ਸ਼ਿਕਾਰ ਬਣਾਉਂਦਾ ਹੈ। ਇਸੇ ਲਈ ਵਿਅਕਤੀਵਾਦ ਸੋਚ ਭਾਰੂ ਹੁੰਦੀ ਹੈ। ਜਿਸਨੂੰ ਕਹਾਣੀਕਾਰ "ਸਰਵਾਈਕਲ ਆਫ਼ ਫਿਟਨੈਸ' ਦਾ ਨਾਂ ਦਿੰਦਾ ਹੈ।

ਇਸ ਤਰ੍ਹਾਂ ਅੰਤਰਜਾਤੀ ਵਿਆਹ ਦੀ ਸਮੱਸਿਆ ਦੇ ਸਰੋਕਾਰਾਂ ਨਾਲ ਜੂਝਦੀ **ਹਰਪ੍ਰੀਤ ਸੇਖਾ** ਦੀ



ਕਹਾਣੀ **'ਵਿਚਕਾਰਲੀ ਸੜਕ'** ਇਸ ਦੀ ਪਾਤਰ 'ਨਿਮਨ' ਜਾਤੀ ਨਾਲ ਸੰਬੰਧਿਤ ਹੈ। ਵੈਸੇ ਅਜਿਹੀਆਂ ਸਮੱਸਿਆਵਾਂ ਦੀ ਕਥਾ ਰਚਨਾਵਾਂ ਵਿੱਚ ਪੇਸ਼ਕਾਰੀ ਇਸ ਗੱਲ ਦਾ ਪ੍ਰਮਾਣ ਹੈ ਕਿ ਮਨੂੰਵਾਦੀ ਨੇ ਸੱਤ ਸਮੁੰਦਰੋਂ ਪਾਰ ਜਾ ਕੇ ਵੀ ਸਾਡਾ ਪਿੱਛਾ ਨਹੀਂ ਛੱਡਿਆ, ਇਸ ਕਹਾਣੀ ਵਿੱਚ ਸਿੱਧੂ ਜੁਲਾਹੇ (ਜੱਟ-ਦਲਿਤ) ਦਾ ਵਿਰੋਧ ਦੋ ਦਿਲਾਂ ਨੂੰ ਅੱਜ ਵੀ ਨਹੀਂ ਮਿਲਣ ਦਿੰਦਾ। **'ਵਿਚਕਾਰਲੀ ਸੜਕ'** ਸਦੀਵੀਂ ਜਾਤ-ਪਾਤ (ਜਾਤ ਵੰਡ) ਦਾ ਪ੍ਰਤੀਕ ਬਣ ਜਾਂਦੀ ਹੈ। ਉਨ੍ਹਾਂ ਦੇ ਘਰ ਲੱਗੀ ਗੁਰੂ ਨਾਨਕ ਦੇਵ ਦੀ ਤਸਵੀਰ ਪਰਦਿਆਂ ਪਿੱਛੇ ਲੁਕ ਜਾਂਦੀ ਹੈ। ਇਹੋ ਜਿਹੀ ਤਸਵੀਰ ਸਾਡੇ ਘਰ ਵੀ ਹੈ। ਕਮਾਲ ਹੈ ਦੋਹੀਂ ਘਰੀਂ ਇਕੋ ਜਿਹੀਆਂ ਤਸਵੀਰਾਂ। ਉਹ ਵੀ ਪੰਜਾਬੀ, ਅਸੀਂ ਵੀ ਪੰਜਾਬੀ ਉਹ ਵੀ ਮਲਵਈ, ਅਸੀਂ ਵੀ ਮਲਵਈ। ਉਹ ਜੁਲਾਹੇ, ਅਸੀਂ ਜੱਟ, ਵਿਚਕਾਰ ਇਕ ਸੜਕ ਹੈ, ਤੇ ਸੜਕ ਉਪਰ ਸੂਲਾਂ ਉੱਗੀਆ ਹੋਈਆਂ ਹਨ। ਅਜਿਹੇ ਨਸਲਪ੍ਰਸਤੀ ਕਿਸੇ ਵੀ ਲੜਾਈ ਨੂੰ ਫ਼ਤਹਿ ਕਰਨ ਲਈ ਸੂਲਾਂ ਦਾ ਕੰਮ ਕਰਦੀ ਹੈ। ਲੇਖਕ ਇਨ੍ਹਾਂ ਨੂੰ ਬਰਾਬਰ ਖੜ੍ਹਿਆ ਕਰਕੇ ਸਮਾਜ ਨੂੰ ਨਵੀਂ ਸੇਧ ਦੇ ਨਾਲ ਇਨ੍ਹਾਂ ਵਿਰੁੱਧ ਮੋਰਚਾਬੰਦੀ ਵੀ ਕਰਦਾ ਹੈ।

ਕਲਾਤਮਕ ਪੱਖ ਤੋਂ ਵੀ ਇਨ੍ਹਾਂ ਕਹਾਣੀਆਂ ਦੀ ਆਪਣੀ ਪਹੁੰਚ ਵਿਧੀ ਹੈ। ਇਨ੍ਹਾਂ ਸਾਰੀਆਂ ਕਹਾਣੀਆਂ ਵਿਚ ਯਥਾਰਥਮਈ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਲਗਭਗ ਸਭ ਹੀ ਰਚਨਾਕਾਰਾਂ ਨੇ ਇਸ ਸ਼ੈਲੀ ਦੇ ਅੰਤਰਗਤ ਕਹਾਣੀ ਨੂੰ ਪ੍ਰਭਾਵਸ਼ਾਲੀ ਬਣਾਉਣ ਦੇ ਲਈ ਵੱਖ ਵੱਖ ਚਿਹਨਾ ਦੀ ਵਰਤੋਂ ਕੀਤੀ ਹੈ। ਇਨ੍ਹਾਂ ਕਹਾਣੀਆਂ ਵਿਚ ਇਹ ਗੱਲ ਉਭਰਵੇ ਰੂਪ ਵਿਚ ਦਿਸਦੀ ਹੈ ਕਿ ਪਰਵਾਸੀ ਪੰਜਾਬੀਆਂ ਦਾ ਜ਼ਿੰਦਗੀ ਨੂੰ ਦੇਖਣ ਅਤੇ ਮਾਨਣ ਦਾ ਦ੍ਰਿਸ਼ਟੀਕੋਣ ਬਦਲ ਗਿਆ ਹੈ। ਇਹ ਬਦਲ ਰਿਹਾ ਦ੍ਰਿਸ਼ਟੀਕੋਣ ਬਦਲਦੇ ਚਿੰਤਨ ਦਾ ਪ੍ਰਤੀਕ ਹੈ।

Vill. Alipur, P.O. Mitha pur,Jalandhar-144003, Ph. 98142-36532



**ਆਲੋਚਨਾ ਲੇਖ**

# ਕਨੇਡਾ ਦੀ ਕਹਾਣੀ ਦਾ ਕਲਾਤਮਕ ਪ੍ਰਤੱਖਣ ਅਤੇ ਸੰਚਾਰ

## (ਵਿਸ਼ੇਸ਼ ਕਹਾਣੀਆਂ ਦੇ ਸੰਦਰਭ ਵਿਚ)

**ਡਾ. ਮਨਦੀਪ ਕੌਰ**

ਕਨੇਡਾ ਦੀਆਂ ਪ੍ਰਵਾਸੀ ਪੰਜਾਬੀ ਕਹਾਣੀ ਇੰਗਲੈਂਡ, ਕਨੇਡਾ ਤੇ ਅਮਰੀਕਾ ਤਿੰਨੋਂ ਦੇਸ਼ਾਂ ਵਿਚ ਵਧੇਰੇ ਲਿਖੀ ਜਾ ਰਹੀ ਹੈ, ਪਰ ਹਥਲਾ ਪਰਚਾ ਕਨੇਡਾ ਦੀਆਂ ਵਿਸ਼ੇਸ਼ ਕਹਾਣੀਆਂ ਦੇ ਪ੍ਰਸੰਗ ਵਿਚ ਪ੍ਰਸਤੁਤ ਕੀਤਾ ਗਿਆ ਹੈ। ਕਨੇਡਾ ਦੀ ਕਹਾਣੀ ਨੂੰ ਰਚਣ ਵਾਲੇ ਅਨੇਕ ਕਹਾਣੀਕਾਰ ਅਜੋਕੇ ਸਾਹਿਤਕ ਦੌਰ ਵਿਚ ਵਿਸ਼ੇਸ਼ ਨਾਂ ਬਣਾਈ ਬੈਠੇ ਹਨ। ਇਹ ਉਹ ਕਹਾਣੀਕਾਰ ਹਨ ਜੋ ਜੜ੍ਹੋਂ ਪੰਜਾਬੀਆਂ ਨਾਲ ਜੁੜੇ, ਤੇ ਵੱਸਦੇ ਕਨੇਡਾ ਵਿਚ ਹਨ। ਇਹਨਾਂ ਕਹਾਣੀਕਾਰਾਂ ਨੇ ਆਪਣੇ ਅਨੁਭਵ ਨੂੰ ਬੜੀ ਸ਼ਿਦਤ ਨਾਲ ਅਨੇਕ ਵਿਸ਼ਿਆ ਰਾਹੀਂ ਕਹਾਣੀ ਵਿਚ ਪੇਸ਼ ਕੀਤਾ ਹੈ। ਕਨੇਡਾ ਦੀ ਧਰਤੀ ਨਾਲ ਗਹਿਰੇ ਰੂਪ ਵਿਚ ਜੁੜਿਆ ਚਰਚਿਤ ਕਹਾਣੀਕਾਰ ਰਵਿੰਦਰ ਰਵੀ ਹੈ ਜਿਸਨੇ ਕਨੇਡਾ ਪਹੁੰਚਣ ਤੋਂ ਪਹਿਲਾਂ ਆਪਣੀ ਸਿਰਜਣ ਪ੍ਰਕ੍ਰਿਆ ਦਾ ਕਾਰਜ ਕਵਿਤਾ ਤੇ ਕਹਾਣੀ ਦੇ ਖੇਤਰ ਨਾ ਆਰੰਭ ਕੀਤਾ।

**ਰਵਿੰਦਰ ਰਵੀ** ਪ੍ਰਯੋਗਸ਼ੀਲ ਲਹਿਰ ਅਧੀਨ ਰਚੇ ਗਏ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਚਿਰਾਵੀ, ਜ਼ੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਮੈਲ਼ੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਅਘਰਵਾਸੀ, ਮੇਰੀ ਕਹਾਣੀ, ਖੰਭਾ ਵਾਲੇ ਪਿੰਜਰੇ, ਚੋਣਵੀਆਂ ਕਹਾਣੀਆਂ ਹਨ। ਉਸਦੀ ਚਰਚਿਤ ਕਹਾਣੀ '**ਕੰਪਿਊਟਰ ਕਲਚਰ**' ਪ੍ਰਵਾਸੀ ਪੰਜਾਬੀ ਮਨੁੱਖ ਵਿਚ ਪੈਦਾ ਹੋਏ ਨਿੱਜਤਵ ਕਾਰਨ, ਉਸਦਾ ਦੂਜਿਆਂ ਮਨੁੱਖਾਂ ਨਾਲੋਂ ਟੁੱਟਣ ਦੇ ਸਰੋਕਾਰ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਸਿਰਲੇਖ ਪ੍ਰਤੀਕਮਈ ਰੂਪ ਵਿਚ ਦੂਜੈਲੇ ਅਰਥ ਸਿਰਜਦਾ ਹੈ ਕਿ ਮਨੁੱਖ ਨੇ ਆਪਣੇ ਆਪ ਨੂੰ ਕੰਪਿਊਟਰ ਵਾਂਗ ਇਕ ਕਮਰੇ ਵਿਚ ਕੈਦ ਕਰ ਲਿਆ ਹੈ ਅਤੇ ਪਰਿਵਾਰ ਦੇ ਬਾਕੀ ਜੀਆਂ ਨਾਲੋਂ ਉਸਦਾ ਨਾਤਾ ਦਿਨ ਪ੍ਰਤੀ ਦਿਨ ਟੁੱਟਦਾ ਜਾ ਰਿਹਾ ਹੈ। ਕਹਾਣੀ ਦਾ ਆਰੰਭ ਵੀ ਕੰਪਿਊਟਰ ਦੀਆਂ ਅਵਾਜ਼ਾਂ ਨਾਲ ਹੁੰਦਾ ਹੈ ਜਿਵੇਂ,

ਕੰਪਿਊਟਰ ਦੀਆਂ ਕੀਜ਼ ਦੀ ਟਿਕ ਟਿਕ ਤੇ ਕੰਪਿਊਟਰ ਦੇ ਮਾਨੀਟਰ ਚੋਂ ਆਉਂਦੀ 'ਟੂੰ ਟੂੰ' ਦੀ ਆਵਾਜ਼ ਮੈਂ ਏਥੇ ਬੈਠਾ ਲਿਵਿੰਗ ਰੂਮ ਵਿਚ ਬੈਠਾ ਹੀ ਸੁਣ ਸਕਦਾ ਹਾਂ

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ" 1

ਕਹਾਣੀ ਦਾ ਆਰੰਭ ਚੁਸਤ, ਸੰਖੇਪ, ਨਾਟਕਮਈ ਅਤੇ ਸੰਵਾਦਮਈ ਵਾਰਤਾਲਾਪ ਰਾਹੀਂ ਹੁੰਦਾ ਹੈ। ਇਥੇ ਕਹਾਣੀਕਾਰ ਸਵੈ ਬਿਰਤਾਂਤ ਦੀ ਵਿਧੀ ਰਾਹੀਂ ਸਾਰੀ ਕਹਾਣੀ ਬਿਆਨ ਕਰਦਾ ਹੈ। ਉਹ ਕੰਪਿਊਟਰ ਦੀਆਂ ਕੀਜ਼ ਅਤੇ ਮਾਨੀਟਰ 'ਚੋਂ ਆਉਂਦੀ ਆਵਾਜ਼ ਰਾਹੀਂ ਕਹਾਣੀ ਵਿਚ 'ਮੈਂ' ਪਾਤਰ ਦੀ ਪਤਨੀ ਦੀ ਮਾਨਸਿਕਤਾ ਨੂੰ ਫਰੋਲਣ ਦਾ ਯਤਨ ਕਰਦਾ ਹੈ। ਉਸਦੀ ਪਤਨੀ ਮਹਿਸੂਸ ਕਰਦੀ ਹੈ ਕਿ ਮੇਰੀ ਆਪਣੇ ਪੁੱਤਰਾਂ ਨਾਲ ਸਾਂਝ ਦੀ ਆਵਾਜ਼ ਨੂੰ ਕੰਪਿਊਟਰ ਦੀ ਆਵਾਜ਼ ਨੇ ਆਪਣੇ ਕਲਾਵੇ ਵਿਚ ਲਪੇਟ ਲਿਆ ਹੈ ਇਸ ਲਪੇਟ ਵਿਚ ਰਿਸ਼ਤਿਆਂ ਵਿਚਲਾ ਮਾਣ-ਸਤਿਕਾਰ, ਮੋਹ ਦੀਆਂ ਤੰਦਾਂ ਅਤੇ ਅਪਣਤ ਖਤਮ ਹੋ ਗਈ ਹੈ। ਕਹਾਣੀ ਵਿਚਲਾ 'ਮੈਂ' ਮੂਲਕ ਪਾਤਰ ਅਤੇ ਉਸਦੀ ਪਤਨੀ ਆਪਣੇ ਪ੍ਰਵਾਸੀ ਜੀਵਨ ਦੌਰਾਨ ਵੀ



ਆਪਣੀ ਜਨਮਭੂਮੀ ਦੇ ਸਭਿਆਚਾਰ ਅਤੇ ਵਿਰਸੇ ਨਾਲੋਂ ਟੁੱਟ ਨਹੀਂ ਸਕੇ, ਪਰ ਉਨ੍ਹਾਂ ਦੇ ਪੁੱਤਰ ਪੱਛਮੀ ਸਭਿਆਚਾਰ ਨਾਲ ਰੰਗੇ ਹੋਏ ਆਪ ਇਕ ਕੰਪਿਊਟਰ ਹੀ ਬਣ ਗਏ ਹਨ। ਕਹਾਣੀ ਵਿਚਲਾ ਬਿਰਤਾਂਤਕ ਸੰਗਠਨ ਇਹ ਸਿੱਧ ਕਰਦਾ ਹੈ ਕਿ ਇਕ ਪਰਿਵਾਰ ਦੇ ਚਾਰ ਜੀਆ, ਇਕੋ ਘਰ ਵਿਚ ਰਹਿੰਦੇ ਹੋਏ ਚਾਰ ਮੀਲਾਂ ਤੋਂ ਵੀ ਵੱਧ ਦੂਰੀ ਹੰਢਾ ਰਹੇ ਹਨ ਕਿਉਂਕਿ ਕੰਪਿਊਟਰ ਨੇ ਪੁੱਤਰਾਂ ਕੋਲੋਂ ਮਾਂ-ਬਾਪ ਦਾ ਪਿਆਰ ਤੇ ਸਾਂਝ ਖੋ ਕੇ ਆਪਣੇ ਨਾਲ ਸਮੇਟ ਲਿਆ ਹੈ ਅਤੇ ਉਹ ਪਰਿਵਾਰ ਵਿਚ ਕੰਪਿਊਟਰ ਵਾਂਗ ਇਕ ਵਸਤੂ ਬਣ ਕੇ ਹੀ ਰਹਿ ਗਏ ਹਨ।

ਪ੍ਰਵਾਸੀ ਪੰਜਾਬੀ ਕਹਾਣੀ ਖਾਸ ਕਰਕੇ ਕਨੇਡਾ ਦੀ ਕਹਾਣੀ ਦਾ ਇਕ ਹੋਰ ਸਿਰਮੌਰ ਕਥਾਕਾਰ **ਅਮਨਪਾਲ ਸਾਰਾ** ਹੈ। ਉਸਨੇ ਪੰਜਾਬੀ ਸਾਹਿਤ ਨੂੰ ਸਰਦ ਰਿਸ਼ਤੇ, ਕੋ ਅਪਰੇਟਿਵ, ਵੀਹਾਂ ਦਾ ਨੋਟ, ਅਤੇ ਡਾਇਮੰਡ ਰਿੰਗ ਵਰਗੇ ਕਹਾਣੀ ਸੰਗ੍ਰਹਿ ਦਿੱਤੇ ਹਨ। ਉਸਦੀ ਕਹਾਣੀ ਕਲਾ ਦੇ ਸਰੋਕਾਰ ਪੂਰਬੀ ਅਤੇ ਪੱਛਮੀ ਸਭਿਆਚਾਰ ਦੇ ਰੂੜੀਵਾਦੀ ਦ੍ਰਿਸ਼ਟੀਕੋਣ ਨੂੰ ਖਾਰਜ ਕਰਕੇ, ਸੰਤੁਲਨ ਦ੍ਰਿਸ਼ਟੀਕੋਣ ਨੂੰ ਅਪਣਾਉਂਦੀ ਹੈ। '**ਡਾਇਮੰਡ ਰਿੰਗ**' ਬਹੁਤ ਹੀ ਵਧੀਆਂ ਅੰਦਾਜ਼ ਨਾਲ ਪੇਸ਼ ਕੀਤੀ ਗਈ ਪ੍ਰਤੀਕ ਮਈ ਕਹਾਣੀ ਹੈ। ਕਹਾਣੀ ਦੀ ਕਲਾਤਮਕਤਾ ਪੂੰਜੀਵਾਦੀ ਨਿਜ਼ਾਮ ਅਧੀਨ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਮਨੁੱਖ ਵਿਚੋਂ ਖਾਰਜ ਹੋ ਰਹੀ ਮਨੁੱਖਤਾ ਨੂੰ ਪ੍ਰਸਤੁਤ ਕਰਦਿਆਂ, ਲੇਖਕ ਸਭ ਰਿਸ਼ਤਿਆਂ ਨੂੰ ਤਿਲਾਂਜਲੀ ਦੇ ਕੇ, ਸਵੈ ਲਈ ਜਿਉ ਰਹੇ ਮਨੁੱਖ ਨੂੰ ਆਪਣੀ ਕਹਾਣੀ ਦਾ ਸੰਚਾਰ ਬਿੰਬ ਬਣਾਉਂਦਾ ਹੈ। 'ਡਾਇਮੰਡ ਰਿੰਗ' ਕਹਾਣੀ ਦਾ ਮੁੱਖ ਵਿਸ਼ਾ ਕਨੇਡਾ ਵਿਚ ਰਹਿੰਦੀਆਂ ਗੋਰੀਆਂ ਪ੍ਰਤੀ ਨਾਹ ਪੱਖੀ ਵਤੀਰੇ ਨੂੰ ਪੇਸ਼ ਕਰਨਾ ਹੈ। ਕਹਾਣੀ ਵਿਚਲਾ ਪਾਤਰ ਮਿਸਟਰ ਖੰਨਾ ਆਪਣੇ ਸਟੇਟਸ ਨੂੰ ਕਾਇਮ ਰੱਖਣ ਲਈ ਗੋਰੇ ਲੋਕਾਂ ਨਾਲ ਸੰਬੰਧ ਰੱਖਣਾ ਚਾਹੁੰਦਾ ਹੈ। ਉਹ ਆਪਣੇ ਬੱਚਿਆਂ ਨੂੰ ਭਾਰਤੀ, ਚੀਨੀ ਅਤੇ ਕਾਲੇ ਲੋਕਾਂ ਤੋਂ ਦੂਰ ਰਖਦਾ ਹੈ। ਉਸਦਾ ਪੁੱਤਰ 'ਰਾਜੀਵ' ਗੋਰੀ ਐਨਾ ਨਾਲ ਮੰਗਣੀ ਕਰਵਾਉਂਦਾ ਹੈ ਅਤੇ ਬਾਅਦ ਵਿਚ ਆਪਣੇ ਨਸ਼ੇ ਨੂੰ ਲੁਕਵੇਂ ਰੂਪ ਵਿਚ ਰੱਖਣ ਲਈ ਐਨਾ ਨਾਲ ਲੜਦਾ ਹੈ ਜਿਸ ਕਰਕੇ ਐਨਾ ਘਰ ਛੱਡਕੇ ਚਲੀ ਜਾਂਦੀ ਹੈ। ਮਿਸਟਰ ਖੰਨਾ ਆਪਣੇ ਪੁੱਤਰ 'ਰਾਜੀਵ' ਦੀ ਗਲਤੀ ਨੂੰ ਅਣਦੇਖੀ ਕਰਦੇ ਹੋਏ ਗੋਰੀ 'ਐਨਾ' ਪ੍ਰਤੀ ਆਪਣੀ ਧਾਰਨਾ ਇੰਝ ਪੇਸ਼ ਕਰਦਾ ਹੈ,

"ਏਹ ਗੋਰੀਆਂ ਨੂੰ ਇਹੋ ਜਿਹੇ ਪਾਖੰਡ ਬਥੇਰੇ ਆਉਂਦੇ ਹੁੰਦੇ ਆ। ਪਹਿਲਾ ਪਹਿਲ ਤੁਹਾਡੇ ਢਿੱਡ ਵਿਚ ਵੜਦੀਆਂ ਤੇ ਮੌਕਾ ਮਿਲਣ ਤੇ ਸਭ ਕੁੱਝ ਡਕਾਰ ਕੇ ਬੰਦੇ ਨੂੰ ਛਿੱਲੜ ਵਾਂਗ ਲਾਹ ਕੇ ਸੁੱਟ ਦਿੰਦੀਆਂ, ਇਹਨਾਂ ਤੋਂ ਤਾਂ ਬਚ ਕੇ ਹੀ ਰਹਿਣਾ ਚਾਹੀਦਾ।" 2

ਕਹਾਣੀ ਵਿਚਲੀ ਪਾਤਰ 'ਐਨਾ' ਕੁੜਮਾਈ ਦਾ ਸਾਰਾ ਕੀਮਤੀ ਸਮਾਨ ਵਾਪਸ ਕਰਕੇ, ਜਿਸਦੇ ਵਿਚ 'ਡਾਇਮੰਡ ਰਿੰਗ' ਵੀ ਹੁੰਦੀ ਹੈ ਗੋਰੀਆਂ ਉਪਰ ਲੱਗੇ ਉਪਰੋਕਤ ਕਲੰਕ ਨੂੰ ਸਾਫ਼ ਕਰਦੀ ਹੈ। ਮਿਸਿਜ਼ ਖੰਨਾ ਦੇ ਮਨ ਵਿਚਲੀ ਗੋਰੀਆਂ ਪ੍ਰਤੀ ਨਾ ਪੱਖੀ ਸੋਚ ਵੀ ਦਮ ਤੋੜਦੀ ਹੈ। ਕਹਾਣੀ ਦੀ ਕਲਾਤਮਕਤਾ ਮਿਸਿਜ਼ ਖੰਨਾ ਅਤੇ ਗੋਰੀ ਐਨਾ ਰਾਹੀਂ ਪੂਰਬੀ ਅਤੇ ਪੱਛਮੀ ਸਭਿਆਚਾਰਕ ਵਿਚ ਸੰਵਾਦ ਵਿਚ ਨਵੇਂ ਪ੍ਰਤੀਮਾਨ ਸਿਰਜਣ ਦੀ ਕੋਸ਼ਿਸ਼ ਕਰਦੀ ਹੈ।

**ਮਿੰਨੀ ਗਰੇਵਾਲ** ਕਹਾਣੀ '**ਵਹਿੰਦੇ ਪਾਣੀਆਂ ਦੇ ਪਰਛਾਵੇਂ**' ਵਿਚਲੀ ਗੋਰੀ ਔਰਤ ਆਪਣੇ ਕਠਨਾਈਆਂ ਭਰੇ ਜੀਵਨ ਵਿਚੋਂ ਗੁਜਰਦੀ ਹੋਈ ਮਾਣ ਮਹਿਸੂਸ ਕਰਦੀ ਹੈ ਭਾਵੇਂ ਉਸਦੀ ਜ਼ਿੰਦਗੀ ਦੇ ਕੁਝ ਪਲ ਹੀ ਬਚੇ ਹਨ। ਉਹ ਆਪਣੇ ਪ੍ਰੇਮੀ ਦੀ ਬੇਫ਼ਾਈ ਅਤੇ ਆਪਣੀ ਬਿਮਾਰੀ ਤੋਂ ਘਬਰਾਉਂਦੀ ਨਹੀਂ ਬਲਕਿ ਹਾਲਤਾ ਦਾ ਡੱਟ ਕੇ ਮੁਕਾਬਲਾ ਕਰਦੀ ਹੈ।

ਕਨੇਡਾ ਦੀ ਪੰਜਾਬੀ ਕਹਾਣੀ ਦਾ ਇਕ ਅਹਿਮ ਪਾਸਾਰ ਨੌਜਵਾਨ ਵਰਗ ਦਾ ਵਿਦੇਸ਼ਾ ਵਿਚਲੀਆਂ

ਮੁਸ਼ਕਲਾਂ ਨਾਲ ਦੋ ਚਾਰ ਹੋਣ ਦੇ ਬਾਵਜੂਦ ਵੀ ਕਨੇਡਾ ਵਿਚ ਪੱਕੇ ਹੋਣ ਦੇ ਯਥਾਰਥ ਨਾਲ ਜੁੜਿਆ ਹੋਇਆ ਹੈ। **ਜਰਨੈਲ ਸਿੰਘ ਗਰਚਾ** ਦੀ ਕਹਾਣੀ **'ਪ੍ਰੀਤੀ'** ਨੈਂਨੀ ਦੇ ਰੂਪ ਵਿਚ ਕਨੇਡਾ ਪਹੁੰਚਣ ਤੋਂ ਬਾਅਦ, ਇਕ ਪੰਜਾਬੀ ਪਰਿਵਾਰ ਵਿਚ ਰਹਿੰਦੀ ਹੈ। ਕਹਾਣੀ ਦਾ ਵਸਤੂ ਯਥਾਰਥ ਇਹ ਦੱਸਦਾ ਹੈ ਕਿ ਪ੍ਰੀਤੀ ਦੀ ਮਾਨਸਿਕਤਾ ਵਿਚ ਪਹਿਲਾ ਆਪ ਕਨੇਡਾ ਦੀ ਪੀ. ਆਰ. ਲੈ ਕੇ ਫਿਰ ਆਪਣੇ ਪਰਿਵਾਰ ਨੂੰ ਪੱਕੇ ਤੌਰ ਤੇ ਕਨੇਡਾ ਬਲਾਉਣਾ ਹੈ। ਕਹਾਣੀ ਵਿਚਲਾ ਪਾਤਰ ਸਰਦੂਲ ਸਿੰਘ ਪ੍ਰੀਤੀ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਦਾ ਹੈ ਜਿਸਦੇ ਵਿਰੋਧ ਵਿਚ ਪ੍ਰੀਤੀ, ਸਰਦੂਲ ਸਿੰਘ ਤੋਂ ਆਪਣਾ ਬਦਲਾ ਲੈਣ ਦੀ ਸਕੀਮ ਤਹਿਤ ਮਾਨਵੀਂ ਮਰਿਯਾਦਾ ਦੀਆਂ ਸਾਰੀਆਂ ਹੱਦਾਂ ਦਾ ਭੰਜਣ ਕਰਦੀ ਹੈ।

ਇਸੇ ਤਰ੍ਹਾਂ ਦੇ ਸਰੋਕਾਰ ਰੱਖਦੀ **ਹਰਪ੍ਰੀਤ ਸੇਖਾ** ਦੀ ਕਹਾਣੀ **'ਘੁੰਮਣਘੇਰ'** ਹੈ ਇਹ ਕਹਾਣੀ ਕਨੇਡਾ ਵਿਚ ਵਸਦੇ ਪੰਜਾਬੀਆਂ ਅੰਦਰਲੀ ਖੁਰ ਰਹੀ ਅਪੱਣਤ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਪਾਤਰ 'ਡਿੰਪਲ ਕਨੇਡਾ ਵਿਚ ਆਪਣੀ ਮਾਸੀ ਦੇ ਘਰ ਸਟੱਡੀ ਵੀਜੇ ਤੇ ਆਈ ਹੋਈ ਹੈ। ਕਹਾਣੀ ਵਿਚ ਡਿੰਪਲ ਦਾ ਮਾਸੜ ਪੱਛਮੀ ਸਭਿਅਤਾ ਦਾ ਉਹ ਧੁਰਾ ਹੈ ਜੋ ਪੰਜਾਬੀ ਸਭਿਆਚਾਰ ਦੀਆਂ ਸਾਰੀਆਂ ਧਾਰਨਾਵਾਂ ਨੂੰ ਤੋੜਦਾ ਹੋਇਆ, ਡਿੰਪਲ ਨਾਲ ਸਰੀਰਕ ਸੰਬੰਧ ਬਨਾਉਣਾ ਚਾਹੁੰਦਾ ਹੈ ਅਤੇ ਇਕ ਦਿਨ ਮੌਕਾ ਤਾੜ ਕੇ ਉਸ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਡਿੰਪਲ ਘਰੋਂ ਭੱਜ ਜਾਂਦੀ ਹੈ। ਡਿੰਪਲ ਆਪਣੇ ਮਾਤਾ ਪਿਤਾ ਨੂੰ ਸਾਰੀ ਕਹਾਣੀ ਸੁਣਾਉਂਦੀ ਹੈ ਤਾਂ ਉਸਦਾ ਪਿਤਾ ਡਿੰਪਲ ਨੂੰ ਇੱਥੇ ਪੱਕੇ ਹੋਣ ਲਈ ਸੁਝਾਅ ਤੇ ਹੌਸਲਾ ਦਿੰਦਾ ਹੈ,

"ਡਿੰਪਲ ਮਾਸੜ ਦੀ ਚੁੰਗਲ ਵਿਚੋਂ ਨਿਕਲਕੇ, ਕਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਲਈ ਆਪਣੀ ਰੂਮ ਮੇਟ 'ਐਨਾ' ਨਾਲ ਸਮਲਿੰਗੀ ਸੰਬੰਧ ਬਣਾਉਂਦੀ ਹੈ। ਉਸਨੂੰ ਕਨੇਡਾ ਵਿਚ ਪੱਕੇ ਹੋਣ ਦਾ ਸੌਖਾ ਰਸਤਾ 'ਐਨਾ' ਨਾਲ ਵਿਆਹ ਕਰਾਉਣਾ ਲੱਗਦਾ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਪਾਤਰ ਡਿੰਪਲ ਅਤੇ ਐਨਾ ਦੀ ਮਾਨਸਿਕ ਸਥਿਤੀ ਰਾਹੀਂ ਪੱਛਮੀ ਸਭਿਆਚਾਰ ਵਿਚ ਰਿਸ਼ਤਿਆਂ ਦੀ ਘਾਣ ਅਤੇ ਇਸ ਘਾਣ ਵਿਚੋਂ ਰਿਸ਼ਤਿਆਂ ਦੇ ਬਦਲਦੇ ਸਮੀਕਰਣਾ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ।

**ਕੁਲਜੀਤ ਮਾਨ** ਦੀ ਕਹਾਣੀ **'ਚਿੜੀ'** ਵੀ ਰਿਸ਼ਤਿਆਂ ਦੇ ਸਮੀਕਰਣਾਂ ਵਿਚੋਂ ਪੈਦਾ ਹੋਈਆਂ ਨਵੀਆਂ ਚੁਣੌਤੀਆਂ ਦੇ ਰੂਪ ਵਿਚਲੀ ਨਾਰੀ-ਸ਼ਕਤੀ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਸਿਰਲੇਖ ਪ੍ਰਤੀਕਮਈ ਹੈ। ਕਹਾਣੀਕਾਰ ਨੇ 'ਚਿੜੀ' ਦੇ ਪ੍ਰਤੀਕ ਰਾਹੀਂ ਔਰਤਵ ਦੀ ਮਾਨਸਿਕਤਾ ਨੂੰ ਸੁਤੰਤਰ ਰੂਪ ਦੇਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਕਹਾਣੀ ਦੀ ਪਾਤਰ ਕੁਲਵੰਤ ਦੀ ਪਤਨੀ ਆਪਣੇ ਤੇ ਆਪਣੀ ਲੜਕੀ ਪ੍ਰਤੀ ਜਗੀਰੂ ਸੋਚ ਰੱਖਣ ਵਾਲੇ ਕੁਲਵੰਤ ਨਾਲੋਂ ਭਾਵ ਆਪਣੇ ਪਤੀ ਨਾਲੋਂ ਨਾਤਾ ਤੋੜਦੀ ਹੈ। ਦੂਸਰੇ ਪਾਸੇ ਕਹਾਣੀ ਦਾ ਬਿਰਤਾਂਤਕ ਸੰਗਠਨ ਮਰਦਾਂ ਦੀ ਜਗੀਰੂ ਸੋਚ ਨੂੰ ਪ੍ਰਸਤੁਤ ਕਰਦਾ ਹੈ ਜਿਹੜੇ ਆਪਣੀਆਂ ਧੀਆਂ ਨੂੰ ਲਾਡ ਪਿਆਰ ਇਕ ਚਿੜੀ ਵਾਂਗ ਬੰਦ ਪਿੰਜ਼ਰੇ ਅੰਦਰ ਹੀ ਦੇ ਸਕਦੇ ਹਨ ਉਹਨਾਂ ਦੀ ਧੀ ਪੱਛਮੀ ਸਭਿਆਚਾਰ ਵਿਚ ਵੀ ਮਰਦਾਂ ਦੀ ਮਰਜ਼ੀ ਤੋਂ ਬਿਨਾ ਅਜ਼ਾਦੀ ਵਾਲੇ ਖੰਭ ਨਹੀਂ ਫੈਲਾ ਸਕਦੀ। ਇਸ ਕਹਾਣੀ ਦੇ ਬਿਰਤਾਂਤਕ ਵੇਰਵੇ ਪਾਤਰ ਕੁਲਵੰਤ ਦੀ ਪਤਨੀ ਰਾਹੀਂ ਔਰਤਾਂ ਨੂੰ ਵਿਅਕਤੀਗਤ ਸੁਤੰਤਰਤਾ ਅਤੇ ਆਪਣੀ ਆਜ਼ਾਦ ਜ਼ਿੰਦਗੀ ਪ੍ਰਤੀ ਚੇਤੰਨ ਕਰਦੀ ਹੈ। ਕਹਾਣੀ ਵਿਚਲਾ ਪਾਤਰ 'ਕੁਲਵੰਤ' ਕਨੇਡਾ ਵਿਚ ਰਹਿੰਦੇ ਹੋਏ ਵੀ ਆਪਣੀ ਮਾਨਸਿਕਤਾ ਦੇ ਜੜੋਂ ਜਾਤ ਪਾਤ ਦੇ ਘੇਰੇ ਨੂੰ ਖਤਮ ਨਾ ਕਰ ਸਕਿਆ। ਉਹ ਪੀਟਰ ਬਾਰੇ ਆਖਦਾ ਹੈ,

"ਤੁਹਾਨੂੰ ਪਤਾ ਨਹੀਂ ਪਰ ਸਾਰੀ ਦੁਨੀਆਂ ਨੂੰ ਪਤਾ ਉਸ ਕੁੱਤੇ ਪੀਟਰ ਦੀ ਬਰਾਦਰੀ ਦਾ। ਅਸੀਂ ਜੱਟ ਸਰਦਾਰ ਤੇ ਉਹ...। ਅਸੀਂ ਤੇ ਨਾਲ ਬੈਠਾ ਕੇ ਰੋਟੀ ਵੀ ਨਹੀਂ ਖਾਂਦੇ।" 3



ਕੁਲਵੰਤ ਦੇ ਉਪਰੋਕਤ ਸ਼ਬਦਾਂ ਤੋਂ ਉਸਦੇ ਅੰਦਰੂਨੀ ਮਾਨਸਿਕਤਾ ਵਿਚ ਬੈਠੀ ਜੱਟ ਬਰਾਦਰੀ ਦੀ 'ਹਉਂ' ਸਾਫ ਤੇ ਸਪਸ਼ਟ ਨਜ਼ਰ ਆਉਂਦੀ ਹੈ। ਇਹ ਕਹਾਣੀ ਪਾਤਰ 'ਦਮਨ' ਰਾਹੀਂ ਪੱਛਮੀ ਅਤੇ ਕੁਲਵੰਤ ਰਾਹੀ ਪੂਰਬੀ ਸਭਿਆਚਾਰ ਵਿਚਲੇ ਪੀੜ੍ਹੀ ਪਾੜੇ ਨੂੰ ਪਸ਼ਤੁਤ ਕਰਦੀ ਹੈ।

ਕੈਨੇਡੇ ਦੇ ਇਕ ਹੋਰ ਪ੍ਰਤੀਨਿੱਧ ਕਹਾਣੀਕਾਰ **ਮੇਜਰ ਮਾਂਗਟ** ਦੀ ਕਹਾਣੀ **'ਚਾਂਦੀ ਦੀ ਗੜਬੀ'** ਅਤੇ **ਅਵਤਾਰ ਗਿੱਲ** ਦੀ ਕਹਾਣੀ **'ਝੱਖੜ'** ਦਾ ਸਰੋਕਾਰ ਪੰਜਾਬੀਆਂ ਦਾ ਕਨੇਡਾ ਚਿਵ ਡਾਲਰ ਇਕੱਠੇ ਕਰਨ ਪਿੱਛੇ, ਰਿਸ਼ਤਿਆਂ ਵਿਚਲੀ ਸਾਂਝ ਅਤੇ ਮਿਠਾਸ ਦੇ ਟੁੱਟਣ ਦੇ ਨਾਲ ਜੁੜਿਆ ਹੋਇਆ ਹੈ। 'ਚਾਂਦੀ ਦੀ ਗੜਬੀ' ਵਿਚਲਾ ਪਾਤਰ ਬਹੁਤ ਮਿਹਨਤ ਅਤੇ ਮੁਸ਼ੱਕਤ ਭਰੀ ਜ਼ਿੰਦਗੀ ਗੁਜਾਰ ਕੇ ਆਪਣੇ ਬੱਚਿਆਂ ਨੂੰ ਕਨੇਡਾ ਵਿਚ ਸੈਟਲ ਕਰਦਾ ਹੈ ਪਰ ਉਸਦੀ ਮੌਤ ਤੋਂ ਬਾਅਦ ਉਸਦੇ ਪੁੱਤਰਾਂ ਕੋਲ ਆਪਣੇ ਬਾਪ ਦਾ ਅਫ਼ਸੋਸ ਕਰਨ ਦਾ ਸਮਾਂ ਵੀ ਨਹੀਂ ਹੈ। **'ਝੱਖੜ'** ਕਹਾਣੀ ਵਿਚਲਾ ਪਾਤਰ ਡਾਲਰ ਕਮਾਉਣ ਲਈ ਆਪਣੇ ਸ਼ਹਿਰ ਤੋਂ ਪੰਜ ਸੋ ਕਿਲੋਮੀਟਰ ਦੂਰ ਗਰੈਂਡ ਪਰੇਰੀ 'ਚ ਜੋਬ ਕਰਦਾ ਹੈ। ਉਸਦੀ ਪਤਨੀ ਇਕੱਲਤਾ ਬਰਦਾਸ਼ਤ ਨਾ ਕਰਦੀ ਹੋਈ, ਕਲੱਬ ਵਾਲੀ ਕਿਸੇ ਔਰਤ ਨਾਲ ਰਾਬਤਾ ਕਾਇਮ ਕਰਕੇ ਆਪਣੀ ਇਕੱਲਤਾ ਦੂਰ ਕਰਦੀ ਹੈ ਜਦੋਂ ਕਹਾਣੀ ਦੇ ਮੁੱਖ ਪਾਤਰ ਨੂੰ ਸਾਰੀ ਸਥਿਤੀ ਸਪਸ਼ਟ ਹੁੰਦੀ ਹੈ ਤਾਂ ਉਹ ਆਪਣੀ ਜ਼ਿੰਦਗੀ ਵਿਚ ਆਉਣ ਵਾਲੇ 'ਝੱਖੜ' ਤੋਂ ਪਹਿਲਾ ਹੀ ਸੰਭਲ ਜਾਂਦਾ ਹੈ।

**ਇਕਬਾਲ ਅਰਪਨ** ਦੀ ਕਹਾਣੀ **'ਲਾਲਾਂ ਦੀ ਜੋੜੀ'** ਕਨੇਡਾ ਵਿਚ ਖੁੱਲ੍ਹਾਂ ਮਾਨਣ ਵਾਲੇ ਬੱਚਿਆਂ ਦੇ ਵਿਗੜਨ ਵੱਲ ਸੰਕੇਤ ਕਰਦੀ ਹੈ। ਇਹ ਕਹਾਣੀ ਮਾਪਿਆਂ ਦੇ ਬੱਚਿਆਂ ਦੌਰਾਨ ਵੱਧਦੇ ਤਣਾਵਾਂ ਦੀ ਹੈ। ਡਾ. ਸਾਧੂ ਸਿੰਘ ਦੀ ਕਹਾਣੀ 'ਪੁਰਸਲਾਤ' ਪੱਛਮੀ ਸਭਿਆਚਾਰ ਵਿਚ ਵਿਚਰਦੀ ਉਸ ਧੀ ਦੀ ਕਹਾਣੀ ਹੈ ਜੋ ਪੱਛਮੀ ਸਭਿਆਚਾਰ ਵਿਚ ਰਹਿੰਦੇ ਹੋਏ ਆਪਣੇ ਪਿਤਾ ਦੀ ਦੇਖਭਾਲ ਬਿਨਾ ਕਿਸੇ ਲਾਲਚ ਦੇ ਕਰਦੀ ਹੈ। ਕਹਾਣੀ ਤੋਂ ਇਹ ਸਿੱਧ ਹੁੰਦਾ ਹੈ ਕਿ ਅਜੋਕੇ ਦੌਰ ਵਿਚ ਵੀ ਮਾਨਵੀਂ ਸਾਂਝ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਈ। ਇਹ ਕਹਾਣੀ ਸਮਾਜ ਵਿਚਲੇ ਚੰਗੇ ਸੰਸਕਾਰਾਂ ਦੀ ਹੈ ਜੋ ਪਾਠਕ ਨੂੰ ਚੰਗੀ ਸੇਧ ਪ੍ਰਦਾਨ ਕਰਦੀ ਹੈ।

ਜਰਨੈਲ ਸਿੰਘ ਦੀ ਕਹਾਣੀ **'ਟਾਵਰਜ਼'** ਇਕ ਵਿਲੱਖਣ ਵਿਸ਼ੇ ਨਾਲ ਸੰਬੰਧ ਰੱਖਦੀ ਹੈ। ਇਹ ਕਹਾਣੀ 11 ਸਤੰਬਰ , 2001 ਨੂੰ ਵਾਪਰੀ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਦੀ ਤਬਾਹੀ ਅਤੇ ਅਮਰੀਕਾ ਦੇ ਅਫ਼ਗਾਨਿਸਤਾਨ-ਇਰਾਕ 'ਤੇ ਹਮਲੇ ਦੀਆਂ ਘਟਨਾਵਾਂ ਕਾਰਨ ਅਮਰੀਕੀ ਪਰਿਵਾਰਾਂ ਦੇ ਦੁਖਾਂਤ ਤੇ ਸੰਤਾਪ ਨੂੰ ਪੇਸ਼ ਕੀਤਾ ਹੈ।

ਉਪਰੋਕਤ ਕਥਾਕਾਰਾਂ ਤੋਂ ਬਿਨਾਂ ਹੋਰ ਕਥਾਕਾਰ ਵੀ ਕਹਾਣੀ ਸਿਰਜਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਕਨੇਡਾ ਵਿਚਲੀ ਕਹਾਣੀ ਦੀ ਕਲਾਤਮਕ ਵਿਸ਼ੇਸ਼ਤਾ ਔਰਤ ਦੀ ਮਾਨਸਿਕਤਾ ਦੀਆਂ ਵਿਕੋਲਿਤਰੀਆਂ ਪਰਤਾਂ ਨੂੰ ਪ੍ਰਸਤੁਤ ਕਰਨ ਹਿੱਤ, ਔਰਤ ਵਿਚਲੀ ਚੇਤਨਤਾ ਦੇ ਨਕਾਰਾਤਮਕ ਪਹਿਲੂਆਂ ਨੂੰ ਪ੍ਰਗਟ ਹੀ ਨਹੀਂ ਕੀਤਾ, ਬਲਕਿ ਕਹਾਣੀ ਦੇ ਵਸਤੂ ਯਥਾਰਥ ਵਿਚ ਪਏ ਸਕਾਰਾਤਮਕ ਸੰਭਾਵਨਾਵਾਂ ਵੀ ਉਜਾਗਰ ਹੁੰਦੀਆਂ ਹਨ ਜਿਸਦੇ ਅੰਤਰਗਤ ਔਰਤ ਵਿਰੋਧੀ ਹਾਲਤਾ ਵਿਚ ਵੀ ਹਾਰ ਨਹੀਂ ਮੰਨਦੀ। ਕਨੇਡਾ ਦੀਆਂ ਪ੍ਰਮੁੱਖ ਕਹਾਣੀਆਂ ਦਾ ਖਾਸਾ ਪੱਛਮੀ ਤੇ ਪੂਰਬੀ ਸਭਿਆਚਾਰ ਵਿਚਲੇ ਸੰਵਾਦ ਅਤੇ ਇਸ ਸੰਵਾਦ ਵਿਚੋਂ ਪੈਦਾ ਹੋਈਆਂ ਜੀਵਨ ਦੀਆਂ ਨਵੀਆਂ ਸਮੀਕਰਣਾ ਨੂੰ ਪੇਸ਼ ਕਰਨਾ ਹੈ।

**ਹਵਾਲੇ ਤੇ ਟਿੱਪਣੀਆਂ-**


1. ਮੇਪਲ ਦੇ ਰੰਗ, ਜਰਨੈਲ ਸਿੰਘ (ਸੰਪਾ.) ਚੇਤਨਾ ਪ੍ਰਕਾਸ਼ਨ, ਲੁਧਿਆਣਾ, (2011) ਪੰਨਾ.19
2. ਉਹੀ, ਪੰਨਾ-111
3. ਉਹੀ, ਪੰਨਾ-143


**ਫੋਨ-94644-46998**

**ਆਲੋਚਨਾ ਲੇਖ**

# ਪਰਵਾਸੀ ਪੰਜਾਬੀ ਸ਼ਨਾਖਤਾਂ ਦੇ ਨਵੇਂ ਅੰਤਰ-ਸੱਭਿਆਚਾਰਕ ਪਾਸਾਰ

## (ਕਨੇਡਾ ਦੀ ਪੰਜਾਬੀ ਕਹਾਣੀ ਦੇ ਸੰਦਰਭ ਵਿਚ)

**-ਸਿਮਰਜੀਤ ਕੌਰ**

'ਪਰਵਾਸ' ਵਿਅਕਤੀ ਜਾਂ ਵਿਅਕਤੀ ਸਮੂਹ ਦਾ ਆਪਣੀਆਂ ਆਰਥਿਕ, ਸਮਾਜਕ, ਰਾਜਨੀਤਿਕ ਸਭਿਆਚਾਰਕ ਪ੍ਰਸਥਿਤੀਆਂ ਤੇ ਭੂਗੋਲਿਕਤਾ ਨੂੰ ਛੱਡ ਕੇ ਕਿਸੇ ਹੋਰ ਭਗੋਲਿਕ ਖਿੱਤੇ ਦੇ ਵਸਨੀਕ ਬਣਨ ਦੀ ਪ੍ਰਕਿਰਿਆ ਹੈ। ਇਹ ਪ੍ਰਕਿਰਿਆ ਆਰਥਿਕ ਹਾਲਤਾਂ ਨੂੰ ਵਧੇਰੇ ਸੁਰੱਖਿਅਤ ਤੇ ਬਿਹਤਰ ਬਣਾਉਣ ਦੀ ਚੇਸ਼ਟਾ ਅਧੀਨ ਪ੍ਰਚੰਡ ਰੂਪ ਧਾਰਦੀ ਹੈ। ਵੀਹਵੀਂ ਸਦੀ ਵਿਚ ਪਰਵਾਸ ਕਿਸੇ ਵਿਰਲੇ ਦੇ ਹਿੱਸੇ ਆਉਂਦਾ ਸੀ ਪਰ ਅਜੋਕੇ ਸਮੇਂ ਵਿਚ ਭਾਰਤੀ ਮੂਲ ਦੇ ਅਨੇਕਾਂ ਕੁਰੀਤੀਆਂ ਭਰੇ ਸਿਸਟਮ ਅਧੀਨ ਆਰਥਿਕ ਪਾੜੇ ਤੋਂ ਵੱਡੇ ਫ਼ਰਕ ਦੇ ਪਾਸਾਰੇ ਕਾਰਣ ਵਿਦੇਸ਼ਾਂ ਲਈ ਦੌੜ ਵਿਕੋਲਿਤਰੇਪਣ ਵਾਲੀ ਗੱਲ ਨਹੀਂ ਰਹੀ।

ਪਰਵਾਸ ਧਾਰਨ ਦਾ ਤੀਬਰ ਰੁਝਾਨ ਇੰਨੀ ਕਠੋਰ ਸਥਾਪਤੀ ਵਾਲਾ ਹੈ ਕਿ ਉਹਨਾਂ ਨੂੰ ਘਰ ਛੁੱਟਣ ਦਾ ਦੁੱਖ, ਹੇਰਵਾ ਜਾਂ ਉਦਰੇਵਾਂ ਨਹੀਂ ਹੈ। ਉਹ ਪਿਛਾਂਹ ਮੁੜਨ ਦੀ ਦੁਚਿੱਤੀ ਤਿਆਗ ਕੇ ਪਰਾਈਆਂ ਧਰਤੀਆਂ ਉੱਤੇ ਪੱਕੇ ਤੌਰ ਤੇ ਵੱਸਣ ਦਾ ਫ਼ੈਸਲਾ ਨਿਰਧਾਰਤ ਕਰ ਚੁੱਕੇ ਹਨ। ਇਹ ਪੂਰਵ ਨਿਸ਼ਚਿਤ ਫ਼ੈਸਲਾ ਹੈ ਕਿ ਅਗਲੀਆਂ ਪੀੜ੍ਹੀਆਂ ਅੰਗਰੇਜ਼ ਸਮਾਜ ਵਿਚ ਪਲਣ ਫਲਣਗੀਆਂ।

ਫਲਸਰੂਪ ਇਸ ਪਰਵਾਸ ਦੇ ਵਰਤਾਰੇ ਨੇ ਵਿਭਿੰਨ ਕੌਮਾਂ, ਨਸਲਾਂ, ਧਾਰਮਿਕ ਅਕੀਦਿਆਂ ਸੱਭਿਆਚਾਰਾਂ ਨੂੰ ਨੇੜੇ ਕੀਤਾ ਹੈ। ਡਾ. ਧਨਵੰਤ ਕੌਰ ਨੇ ਵੀ ਇਹ ਕਿਹਾ ਕਿ 'ਪਰਵਾਸ ਦੇ ਵਰਤਾਰੇ ਨੇ ਅਨੇਕਾਂ ਕੌਮਾਂ, ਕੌਮੀਅਤਾਂ, ਰੰਗ, ਨਸਲਾਂ, ਧਰਮਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਨੇੜੇ ਨੇੜੇ ਰਹਿਣ, ਸਮਾਂ ਸਥਾਨ ਤੇ ਇਤਿਹਾਸ ਸਾਂਝਾ ਕਰਨ ਦੀ ਜਿਹੜੀ ਡਾਇਨੈਮਿਕਸ ਦਿੱਤੀ ਹੈ, ਉਹ ਅਨੁਭਵ ਅਤੇ ਚਿੰਤਨ ਲਈ ਸਭ ਤੋਂ ਆਕਰਸ਼ਣ ਅਤੇ ਚਣੌਤੀ ਬਣੀ ਹੈ।"

ਪਰਵਾਸੀ ਪੰਜਾਬੀ ਪੁਰਾਣੀ ਪੀੜ੍ਹੀ ਆਪਣੀਆਂ ਸ਼ਨਾਖਤਾਂ ਦੀ ਪਹਿਚਾਣ ਨਾਲ ਕੋਈ ਵਿਰੋਧੀ ਸਮਝੌਤਾ ਕਰਨ ਨੂੰ ਤਿਆਰ ਨਹੀਂ। ਜਦੋਂ ਕਿ ਨਵੀਂ ਪੀੜ੍ਹੀ ਇਹਨਾਂ ਸ਼ਨਾਖਤਾਂ ਦੀ ਵੱਖਰੀ ਪਹਿਚਾਣ ਦੀ ਚਾਹਤ ਤੇ ਵੰਗਾਰ ਨੂੰ ਨਕਾਰਦੀ ਭਾਂਜਵਾਦ ਦਾ ਰਵੱਈਆ ਅਖ਼ਤਿਆਰ ਕਰਦੀ ਹੈ। ਇਸ ਵੇਲੇ ਪਰਵਾਸੀ ਪੰਜਾਬੀ ਸਾਹਿਤ ਵਿਚ ਵੀ ਭੂ ਹੇਰਵੇ, ਨਸਲੀ ਵਿਤਕਰਾ, ਮੁਸ਼ਕਿਲਾਂ ਤੇ ਘਾਟਿਆਂ ਵਰਗੇ ਵਿਸ਼ਿਆਂ ਦੀਆਂ ਬਾਤਾਂ ਪਿੱਛੇ ਰਹਿ ਗਈਆਂ ਹਨ। ਹੁਣ ਪਰਵਾਸੀਆਂ ਦੇ ਘਰ, ਪਰਿਵਾਰ, ਵਿਆਹ, ਵਿਲੱਖਣ ਤੇ ਨਵੇਕਲੀ ਕਦਰਾਂ ਕੀਮਤਾਂ ਵਾਲੀ ਪੀੜ੍ਹੀ ਦੇ ਨਵੇਂ ਵਿਸ਼ੇ ਬਿਰਤਾਂਤਾਂ ਦਾ ਆਧਾਰ ਬਣੇ ਹਨ।

ਕੈਨੇਡੇ ਵਿਚ ਸਮਕਾਲੀ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੇ ਹਵਾਲੇ ਨਾਲ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਦੇ ਵਿਸ਼ੇ ਪੰਜਾਬੀ ਸਨਾਖਤਾਂ ਦੀ ਨਵ-ਨਿਰਮਾਣਕਾਰੀ ਦੇ ਅੰਤਰ-ਸਭਿਆਚਾਰਕ ਪਾਸਾਰਾਂ ਨੂੰ ਵਿਸ਼ੇਸ਼ ਤੌਰ ਤੇ ਪੇਸ਼ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਆਦਾਨ-ਪ੍ਰਦਾਨ ਹੋਏ ਉਹ ਅੰਤਰ-ਸਭਿਆਚਾਰਕ ਤੱਤ ਪੇਸ਼ ਹੋਏ ਹਨ ਜਿਹੜੇ ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦੇ ਵਿਚਕਾਰ ਦਵੰਦਾਤਮਕਤਾ ਦਾ ਕਾਰਨ ਬਣਦੇ ਹਨ। ਰਿਸ਼ਤੇ ਨਿਭਣੇ ਨਿਭਾਉਣੇ ਔਖੇ ਹੋ ਗਏ ਹਨ। ਇਹਨਾਂ ਮੁੱਦਿਆਂ ਉੱਤੇ ਇਹਨਾਂ ਕਹਾਣੀਆਂ ਵਲੋਂ ਕੀਤੀ ਸ਼ੁਰੂਆਤ ਕਈ ਪੱਖਾਂ ਤੋਂ ਮਹੱਤਵ ਰੱਖਦੀ ਹੈ। ਕਿਉਂਕਿ ਇਹ ਕਹਾਣੀਆਂ ਕਿਸੇ ਕਿਸਮ ਦੇ ਆਦਰਸ਼ ਜਾਂ ਮਨੁੱਖੀ ਸੰਬੰਧਾਂ ਜਾਂ ਰਿਸ਼ਤਿਆਂ ਦੇ ਅਕਸ ਸਿਰਜਨ ਲਈ ਨਹੀਂ ਲਿਖੀਆਂ ਗਈਆਂ ਸਗੋਂ ਪੰਜਾਬੀਅਤ ਦੇ ਬਦਲਾਉ ਦੀਆਂ ਪ੍ਰਸਥਿਤੀਆਂ ਦੇ ਨਵੇਂ ਦਿਸਹੱਦੇ ਅਲਾਪ ਰਹੀਆਂ ਹਨ।



ਇਹ ਬਿਰਤਾਂਤ ਦੋ ਵਰਗਜਾਤ ਦੇ ਕਨੇਡਾ ਦੇ ਪਰਵਾਸੀ ਪੰਜਾਬੀਆਂ ਦੀਆਂ ਤੇ ਨਵੀਆਂ ਪੀੜ੍ਹੀਆਂ ਦੀਆਂ ਮਨੋਬਣਤਰਾਂ ਦੇ ਸੰਗ ਉਹਨਾਂ ਦੀਆਂ ਕਦਰਾਂ-ਕੀਮਤਾਂ, ਰੀਤਾਂ ਮਨੌਤਾਂ, ਭਾਸ਼ਾਈ ਲਹਿਜ਼ਾ, ਸਲੀਕਾ, ਧਾਰਮਿਕ ਅਕੀਦੇ, ਸ਼ਿਸ਼ਟਾਚਾਰ ਤੇ ਚੱਜ ਅਚਾਰ, ਵਿਭਿੰਨ ਉਪਭੋਗੀ ਤੇ ਉਪਯੋਗੀ ਪਸੰਦਗੀ ਤੇ ਨਾ ਪਸੰਦਗੀ ਆਦਿ ਅੰਤਰ ਰਾਸ਼ਟਰੀ ਪੱਧਰ ਤੇ ਨਵੀਆਂ ਬਣਤਰਾਂ ਨੂੰ ਦਰਸਾਉਂਦੇ ਨਜ਼ਰੀ ਆ ਰਹੇ ਹਨ।

ਕਨੇਡਾ ਸਥਿਤ ਪੰਜਾਬੀ ਮਾਪਿਆਂ ਦੇ ਸੱਭਿਆਚਾਰਕ ਅਵਚੇਤਨਾਂ ਅਤੇ ਨਵੀਂ ਪੀੜ੍ਹੀ ਦੀਆਂ ਮੰਗਾਂ ਤੇ ਮਨੋਘਾੜਤਾਂ ਵਿਚ ਵੱਡਾ ਅੰਤਰ ਹੈ ਜਿਨ੍ਹਾਂ ਦੇ ਅੰਤਰਗਤ ਰਿਸ਼ਤੇ ਆਰੋਪਿਤ ਦ੍ਰਿਸ਼ਟੀ ਤੇ ਗ਼ਰਜ਼ਮੰਦੀ ਭਾਵਨਾਂ ਹੇਠ ਨਿਭ ਵੀ ਰਹੇ ਹਨ ਤੇ ਟਕਰਾ ਵੀ ਰਹੇ ਹਨ। ਨਵੀਂ ਪੀੜ੍ਹੀ ਪਰਵਾਸ ਨਾਲ ਆਮਦਨੀ, ਸਫ਼ਲਤਾ ਜਾਂ ਖੁਸ਼ਹਾਲਤਾ ਕਰਕੇ ਹੀ ਨਹੀਂ ਜੁੜੀ ਬਲਕਿ ਉਹਨਾਂ ਦੀ ਜਨਮ ਭੂਮੀ ਵੀ ਹੈ। ਬਹੁਤੇ ਇਥੇ ਪਲੇ ਪੜ੍ਹੇ ਹਨ। ਇਸ ਕਰਕੇ ਇਥੋਂ ਦਾ ਸਭਿਆਚਾਰ ਹੀ ਉਹਨਾਂ ਦਾ ਸਭਿਆਚਾਰ ਹੈ। ਇਥੋਂ ਦੇ ਸਮਾਜਿਕ ਸਰੋਕਾਰ, ਕਲਾ ਤੇ ਸਾਹਿਤ ਚਿੰਤਨ ਨਾਲ ਇਹਨਾਂ ਦਾ ਡੂੰਘਾ ਵਾਸਤਾ ਹੈ। ਪੱਛਮੀ ਪ੍ਰਭਾਵ ਅਧੀਨ ਜੀਵਨਗਤੀ ਪਰਿਵਾਰਕ ਸਮੂਹਕਤਾ ਤੋਂ ਟੁੱਟ ਕੇ ਏਕਾਂਕੀ ਪਰਿਵਾਰ ਵਿਚ ਅਤੇ ਏਕਾਂਕੀ ਪਰਿਵਾਰ ਤੋਂ ਨਵੀਂ ਘਾੜਤ 'ਲਿਵ ਇਨ ਰੀਲੇਸ਼ਨ' ਵਿਚ ਆਪਣੀ ਨਿੱਜਵਾਦ ਤੇ ਨਿਰਬੰਧਕ ਅਜ਼ਾਦੀ ਦੀ ਤਰਜੀਹ ਵਿਚ ਵੱਟ ਗਈ ਹੈ। ਇਸ ਤਰ੍ਹਾਂ ਸਮੂਹ ਪੰਜਾਬੀ ਕੌਮੀ ਕੀਮਤਾਂ ਦੀ ਸੰਗਠਨਤਾ ਦਾ ਵਿਸਥਾਪਣ ਪੱਛਮੀ ਕੀਮਤਾਂ ਵਿਚ ਸਥਾਪਤ ਹੋ ਗਿਆ ਹੈ। ਪਰਵੇਜ਼ ਸੰਧੂ ਦਾ ਕਥਨ ਹੈ ਕਿ ਸਭਿਆਚਾਰ ਦੇ ਵਖਰੇਵਿਆਂ ਕਾਰਨ ਪ੍ਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਅਤੇ ਦੂਜੀ ਪੀੜ੍ਹੀ ਵਿਚਕਾਰ ਕਈ ਪ੍ਰਕਾਰ ਦੀਆਂ ਰਹੁ ਰੀਤਾਂ ਅਤੇ ਕਦਰਾਂ-ਕੀਮਤਾਂ ਨੂੰ ਲੈ ਕੇ ਅਸਤਿੱਤਵੀ ਸੰਕਟ ਉਪਜੇ ਹਨ।"

ਭਾਰਤੀ ਸੰਸਕ੍ਰਿਤੀ ਵਿਚ ਔਲਾਦ ਦਾ ਵਿਆਹ ਮਾਪਿਆ ਦੀ ਮਰਜ਼ੀ ਨਾਲ ਹੋਣ ਦੀ ਪਰੰਪਰਾ ਪੰਜਾਬੀ ਵਿਆਹ ਸੰਸਥਾ ਵਿਚ ਵੱਡੇ ਪ੍ਰਤੀਬੰਧਨ ਤੱਤ ਵਜੋਂ ਸ਼ਾਮਿਲ ਰਹੀ ਹੈ। ਧੀ ਪੁੱਤਰ ਦਾ ਮੂੰਹੋਂ ਬੋਲ ਕੇ ਵਿਆਹ ਸੰਬੰਧੀ ਫ਼ੈਸਲਾ ਮਾਪਿਆ ਉੱਤੇ ਛੱਡਣਾ ਉਹਨਾਂ ਲਈ ਬੜੇ ਸਕੂਨ, ਇੱਜ਼ਤ ਤੇ ਮਾਣ ਵਾਲੀ ਗੱਲ ਹੁੰਦੀ ਹੈ। ਕਨੇਡਾ ਦੇ ਨੌਜਵਾਨ ਕਹਾਣੀਕਾਰ **ਹਰਪ੍ਰੀਤ ਸੇਖਾ** ਨੇ ਆਪਣੀ ਕਹਾਣੀ **'ਵਿਆਹ'** 'ਚ ਪ੍ਰਵਾਸੀ ਪੀੜ੍ਹੀਆਂ ਦੇ ਅੰਤਰ ਸਭਿਆਚਾਰਕ ਵਿਆਹ ਨੂੰ ਨਿਭਦੇ ਤੇ ਟੁੱਟਦੇ ਦੋ ਰੂਪਾਂ ਵਿਚ ਦਰਸਾਇਆ ਹੈ। ਪੀੜ੍ਹੀ ਪਾੜਾ ਕੇਂਦਰ ਵਿਚ ਰੱਖਦਿਆਂ ਨਵੀਂ ਪੀੜ੍ਹੀ ਨੂੰ ਬਦਲ ਰਹੇ ਭਾਸ਼ਾਈ ਲਹਿਜੇ ਅਤੇ ਸਮਾਜਿਕ ਸਲੀਕੇ ਵਿਚ ਪੇਸ਼ ਕੀਤਾ ਹੈ। ਨਸਲੀ ਵਖਰੇਵੇਂ ਦੀ ਨਵੀਂ ਪੀੜ੍ਹੀ ਦੀ ਮਾਨਸਿਕਤਾ ਵਿਚ ਜਕੜ ਢਿੱਲੀ ਹੋਈ ਹੈ। ਰਿਸ਼ਤਿਆਂ ਦੇ ਚੱਜ ਅਚਾਰ, ਕਦਰਾਂ-ਕੀਮਤਾਂ ਤੇ ਸਿਸਟਾਚਾਰ ਨੂੰ ਨਵੀਆਂ ਘਾੜਤਾ ਵਿਚ ਪਿਆ ਦ੍ਰਿਸ਼ਟੀਗੋਚਰ ਹੋਇਆ ਹੈ। ਪੁਰਾਣੀ ਪੀੜ੍ਹੀ ਲਈ ਨਵੀਂ ਪੀੜ੍ਹੀ ਨੂੰ ਆਪਣੇ ਕਹੇ ਵਿਚ ਰਹਿ ਕੇ ਨਿਰੋਲ ਸਭਿਆਚਾਰਕ ਕੌਮਾਂ ਵਿਚ ਵਿਆਹ ਲਈ ਰਾਜ਼ੀ ਕਰਨਾ ਉਹਨਾਂ ਦੇ ਅਨੁਭਵ ਤੇ ਚਿੰਤਨ ਦੀ ਸਾਰਥਿਕਤਾ ਤੇ ਸਫ਼ਲਤਾ ਲਈ ਵੱਡੀ ਚਣੌਤੀ ਹੈ। 'ਵਿਆਹ' ਕਹਾਣੀ ਵਿਚ ਧੀ ਦਾ ਵਿਆਹ ਮਾਪਿਆਂ ਦੇ ਇੱਛਤ ਪ੍ਰਤੀਮਾਨ ਅਧੀਨ ਹੋ ਰਿਹਾ ਹੈ। ਇਸ ਮਾਣਮੱਤੇ ਸਜੀਵ ਅਹਿਸਾਸ ਦੀ ਪ੍ਰਾਪਤੀ ਪੂਰਵ ਨਿਸ਼ਚਿਤ ਟੀਚੇ ਦੀ ਸੰਪੰਨਤਾ ਵਿਚ ਹੋਈ ਹੈ। ਇਸੇ ਹੁਲਾਸ ਵਿਚ ਹਰ ਰੀਤੀ ਰਿਵਾਜ਼ ਹਰ ਪ੍ਰਬੰਧ ਉੱਤੇ ਵਿਤੋਂ ਬਾਹਰੇ ਖਰਚੇ ਕੀਤੇ ਜਾ ਰਹੇ ਹਨ। ਇਸ ਸਾਰੇ ਖਰਚੀਲੇ ਵਰਤਾਰੇ ਲਈ ਮਾਂ ਧੀ ਦਾ ਸੰਕੇਤਕ ਤੇ ਸ਼ਾਬਦਿਕ ਅਸਵਿਕਾਰਤ ਟਕਰਾਅ ਵੀ ਹੁੰਦੇ ਹਨ। ਆਪਣੀ ਰਜ਼ਾ ਵਿਚ ਹੋ ਰਹੇ ਵਿਆਹ ਦਾ ਅਭਿਮਾਨ ਦੇਸੀ ਵਿਦੇਸ਼ੀ ਪਤਵੰਤਿਆਂ ਨੂੰ ਆਨੇ-ਬਹਾਨੇ ਤੇ ਉਚੇਚਤਾ ਦੱਸਣ ਵਿਚ ਪੇਸ਼ ਹੈ। ਪਰ ਨਵੀਂ ਪੀੜ੍ਹੀ ਲਈ ਵਿਆਹੁਤਾ ਸਮਾਜਕ ਜੀਵਨ ਪਿੱਤਰੀ ਢੰਗ ਨਾਲ ਨਿਭਾਉਣਾ ਮਨਾਸਿਬ ਨਹੀਂ। ਉਹ ਆਪਣੀਆਂ ਮਾਨਸਿਕ ਚਾਹਤਾਂ ਤੇ ਖਾਹਿਸ਼ਾ ਨੂੰ ਦਬਾਉਣ ਦੇ ਮੇਲ-ਭੇੜ ਵਿਚ ਫਸ ਕੇ ਉਬਲਦਾ ਤੇ ਪਿਸਦਾ ਜੀਵਨ

ਗੁਜ਼ਾਰਨ ਲਈ ਤਿਆਰ ਨਹੀਂ। ਮਾਪਿਆਂ ਦੇ ਸੰਘਰਸ਼ਾਂ ਅਤੇ ਅਹਿਸਾਨਾਂ ਦੇ ਪ੍ਰਭਾਵ ਅਧੀਨ ਉਹ ਆਦਰਸ਼ਵਾਦੀ ਦੁਬਿਧਾਗ੍ਰਸਤ ਮਾਨਸਿਕਤਾ ਹੇਠ ਨਹੀਂ ਦਬਦੀ ਸਗੋਂ ਉੱਚੀ ਵਿਦਰੋਹੀ ਸੁਰ ਵਿਚ ਫੈਸਲਾਕੁੰਨ ਇੱਛਾ ਪ੍ਰਗਟਾਉਂਦੀ ਆਪਣੇ ਪਿਤਾ ਨੂੰ ਕਹਿੰਦੀ ਹੈ।

"ਡੈਡ ਮੈਂ ਵਾਪਸ ਆ ਰਹੀ ਆਂ, ਮੈਂ ਇਸ ਘਰ ਵਿਚ ਹੋਰ ਨੀ ਰਹਿ ਸਕਦੀ।"

ਜਦੋਂ ਕਿ ਰਵੀ ਤੇ ਮਸ਼ੈਲ ਦਾ ਅੰਤਰ ਸਭਿਆਚਾਰਕ ਵਿਆਹ ਨਸਲ, ਕੌਮ ਰੰਗ, ਭਾਸ਼ਾ ਧਰਮ ਤੇ ਸਭਿਆਚਾਰਕ ਵਖਰੇਵੇਂ ਵਿਚ ਵੀ ਚਿਰਸਥਾਈ ਨਿਭ ਰਿਹਾ ਹੈ। ਕਹਾਣੀ ਡਾਇਨੈਮਿਕਸ ਜੀਵਨ ਵਿਚ ਸਹਿਜਤੀ ਨੂੰ ਪੁਖਤਾ ਕਰਦੀ ਨਵੇਂ ਦਿਸਹਦੇ ਅਲਾਪਦੀ ਹੈ।

ਪੰਜਾਬੀ ਮੁੰਡਿਆ ਦਾ ਠੇਕਾ ਵਿਆਹ ਅਤੇ ਇਸ ਵਿਆਹ ਤੋਂ ਬਾਅਦ ਪੈਦਾ ਹੋਏ ਮਾਨਸਿਕ ਉਤਰਾਅ-ਚੜਾਅ ਤੇ ਤਨਾਅ ਜ਼ਿੰਦਗੀ ਨੂੰ ਵਿਸਮਈ ਬਣਾ ਦਿੰਦੇ ਹਨ। ਇਹ ਵਿਆਹ ਪੰਜਾਬੀ ਮਾਪਿਆ ਦੀ ਸਭਿਆਚਾਰਕ ਅਵਚੇਤਨਾ ਅਤੇ ਨਵੀਂ ਪੀੜ੍ਹੀ ਦੀ ਚੇਤਨਾ, ਚਾਹਤ ਘਾੜਤਾ ਵਿਚ ਜ਼ਮੀਨ ਅਸਮਾਨ ਦਾ ਫਰਕ ਹੋਣ ਦੀ ਪ੍ਰਮਾਣਿਕਤਾ ਸਿੱਧ ਕਰਦੇ ਹਨ। ਵਿਆਹੁਤਾ ਦੋਵੇਂ ਚੇਤਨ ਪ੍ਰਵਰਗ ਵਿਆਹ ਵਿਚ ਦਿੱਤੇ ਲੈਣ ਦੇਣ ਨੂੰ ਆਪਣੇ ਅਸਤਿੱਤਵ ਉੱਤੇ ਪ੍ਰਸ਼ਨਚਿੰਨ ਵਜੋਂ ਉਘਾੜਦੇ ਹਨ। ਕਹਾਣੀ '**ਸੱਪ ਤੇ ਨਿਉਲਾ**' ਵਿਚ ਕਨੇਡਾ ਦਾ ਚਰਚਿਤ ਕਹਾਣੀਕਾਰ **ਕੁਲਜੀਤ ਮਾਨ** ਪਾਤਰਾਂ ਦੀ ਸਵੈਹੋਂਦ ਨੂੰ ਤਨਾਅ ਦਾ ਕਾਰਨ ਬਣਾਉਂਦਾ ਹੈ। ਦਾਜ ਵਿਚ ਦਿੱਤੇ ਵੀਹ ਲੱਖ ਰੁਪਏ ਦੋਹਾਂ ਪਾਤਰਾਂ ਦੀ ਅਸਤਿੱਤਵੀ ਜਵਾਬਦੇਹੀ ਅੱਗੇ ਆ ਖੜਦੇ ਹਨ। ਪਰੰਪਰਾਗਤ ਮਾਨਤਾਵਾਂ ਅਨੁਸਾਰ ਉਹਨਾਂ ਦੇ ਮਾਪਿਆਂ ਉੱਤੇ ਇਸ ਰਕਮ ਦਾ ਕੋਈ ਬੋਝ ਨਹੀਂ ਪਰ ਦੋਹਾਂ ਪਾਤਰਾਂ ਦਾ ਇਹ ਨਵਾਂ ਜੀਵਨ ਸਫ਼ਰ ਪਹਿਲੇ ਦਿਨ ਤੋਂ ਹੀ ਤਨਾਓ, ਟਕਰਾਓ ਅਤੇ ਦੁਬਿਧਾਗ੍ਰਸਤ ਪਕੜ ਫੜ ਲੈਂਦਾ ਹੈ। ਭਾਰਤੀ ਨਵੀਂ ਪੀੜ੍ਹੀ ਲਈ ਅਜਿਹੀ ਰਸਮ ਅਧਾਰਤ ਜ਼ਿੰਦਗੀ ਨਿਭਣੀ ਅਸੰਭਵਤਾ ਦੀ ਸੰਭਾਵਨਾਵਾਂ ਵਿਚ ਪੇਸ਼ ਕੀਤੀ ਹੈ। ਜੱਗਾ ਅਤੇ ਬਲਦੀਪ ਵਿਆਹੁਤਾ ਜੀਵਨ ਦੀਆਂ ਬਾਕੀ ਸਾਰੀਆਂ ਮਾਨਤਾਵਾਂ ਅਤੇ ਸਰੋਕਾਰਾਂ ਦੇ ਨਿਭਦੇ ਰੂਪ ਵਿਚ ਵੀ ਸਹਿਜ ਨਹੀਂ। ਝੂਠਾ ਰਿਸ਼ਤਾ ਸਥਾਪਤ ਹੋਣ ਦੀ ਮਨੋਸਥਿਤੀ ਜੜ੍ਹ ਰੂਪ ਧਾਰਨ ਕਰ ਜਾਂਦੀ ਹੈ। ਕਹਾਣੀਕਾਰ ਲਿਖਦਾ ਹੈ।

"ਜੱਗੇ ਦਾ ਸੰਤਾਪ ਇਹ ਹੈ ਕਿ ਉਹ ਆਪਣੇ ਆਪ ਨੂੰ ਵਿਕਿਆ ਸਮਝ ਰਿਹਾ ਹੈ ਅਤੇ ਬਲਦੀਪ ਸੋਚ ਰਹੀ ਸੀ ਵਿਆਹ ਉਹਦੇ ਨਾਲ ਨਹੀਂ ਹੋਇਆ। ਦੋਵੇਂ ਵਿਆਹ ਨੂੰ ਮਾਨਤਾ ਦੇਣਾ ਚਾਹੁੰਦੇ ਹਨ ਪਰ ਦੇ ਨਹੀਂ ਰਹੇ।"

ਕਹਾਣੀ ਵਿਚ ਮਰਦ ਪਾਤਰ ਦੀ ਦੋਹਰੀ ਦੋਗਲੀ ਫਿਤਰਤ ਨੂੰ ਉਸ ਅੰਦਰਲੇ ਸੱਪ ਅਤੇ ਨਿਉਲੇ ਦੇ ਟਾਕਰਵੇਂ ਫਿਤਰਤੀ ਚਿੰਨ੍ਹਾਂ ਰਾਹੀਂ ਘੋਲ ਕਰਦਾ ਇਸਤਰੀ ਪਾਤਰ ਵਲੋਂ ਵਿਅੰਗਾਤਮਕ ਰੂਪ ਵਿਚ ਨਜ਼ਰ ਅੰਦਾਜ਼ ਕਰਕੇ ਛੱਡ ਦਿੱਤਾ ਜਾਂਦਾ ਹੈ। ਕਹਾਣੀ ਦੇ ਬਿਰਤਾਂਤ ਵਿਚ ਮਾਨਸਿਕ ਗੁੰਝਲਾਂ ਨੂੰ ਬਾਕੀ ਬਿਰਤਾਂਤਾਂ ਨਾਲੋਂ ਰੌਚਕ, ਹਸਾਉਣੇ ਤੇ ਵਿਅੰਗਮਈ ਰੂਪ ਵਿਚ ਸਿਰਜਿਆ ਹੈ। **ਮੇਜਰ ਮਾਂਗਟ** ਕਨੇਡਾ ਦਾ ਇਕ ਹੋਰ ਸੁਲਝਿਆ ਕਹਾਣੀਕਾਰ ਹੈ। ਉਸ ਨੇ ਆਪਣੀ ਕਹਾਣੀ '**ਸੁਰਖਰੂ**' ਵਿਚ ਨਵੀਂ ਪੀੜ੍ਹੀ ਦੀਆਂ ਹੱਦੋਂ ਬਾਹਰੀਆਂ ਮਨਮਾਨੀਆਂ ਉੱਤੇ ਨਜ਼ਰਸਾਨੀ, ਰੋਕ ਟੋਕ ਅਤੇ ਵਿਅਕਤੀਗਤ ਮਸਲਿਆਂ ਵਿਚ ਪੁਰਾਣੀ ਪੀੜ੍ਹੀ ਦੀ ਦਖਲ ਅੰਦਾਜ਼ੀ ਦੇ ਟਕਰਾਅ ਵਿੱਚ ਨਵੀਂ ਪੀੜ੍ਹੀ ਨਵੇਂ ਸਲੀਕੇ ਤੇ ਲਹਿਜੇ ਵਿਚ ਪੇਸ਼ ਹੋਈ ਹੈ। ਕਹਾਣੀ ਵਿਚ ਡੈਵੀ ਜ਼ਰੂਰਤ ਤੋਂ ਜਿਆਦਾ ਆਪਣੀ ਧੀ ਦੇ ਨਿੱਜੀ ਕੰਮਾਂ ਵਿਚ ਦਖ਼ਲ ਅੰਦਾਜ਼ੀ ਕਰਦੀ ਵਿਦਰੋਹੀ ਸੁਰ ਦਾ ਸਾਹਮਣਾ ਕਰਦੀ ਦੁਖੀ ਹੁੰਦੀ ਹੈ। ਉਪਰੰਤ ਡੈਵੀ ਸਭਿਆਚਾਰਕ ਸਮਾਜਕ ਤੇ ਮਾਨਸਿਕ ਪ੍ਰਸਥਿਤੀਆਂ ਤੇ ਸੰਭਾਵਨਾਵਾਂ ਨੂੰ ਪਛਾਣਦੀ ਸਵੈ ਸਿਰਜਤ ਸੰਕਟ ਤੋਂ ਮੁਕਤ ਹੋਣ ਲਈ ਬੱਚਿਆਂ ਨੂੰ ਆਤਮ ਨਿਰਭਰ ਅਤੇ ਜਿੰਮੇਵਾਰੀ ਨੂੰ ਆਤਮਸਾਤ ਕਰਦੀ ਸੁਰਖਰੂ ਹੋ ਜਾਂਦੀ ਹੈ। 'ਦਿਸਜ਼



ਮਾਈ ਓਅਨ ਲਾਈਫ਼ ਆਈ ਐਮ ਨੋਟ ਯੁਅਰ ਪਰਿਜ਼ਨਰ-ਦਿਸਜ਼ ਕਨੇਡਾ ਨੋਟ ਏ ਇੰਡੀਆ, ਆਲ ਦ ਇੰਡੀਅਨ ਆਰ ਸੇਮ ਆਈ ਡੌਂਟ ਕੇਅਰ।

ਪਰਵਾਸੀ ਭਾਰਤੀ ਮਰਦ ਪਰਵਾਸ ਧਾਰਨ ਕਰਦਿਆਂ ਜਾਂ ਉਥੋਂ ਦੀ ਸ਼ਨਾਘਤ ਲੈਣ ਲਈ ਸਥਾਨਕ ਕਾਨੂੰਨੀ ਸੰਕਟਾਂ ਵੱਸ ਪੈਂਦਾ ਹੈ, ਜਿਨ੍ਹਾਂ ਲਈ ਉਸਦੀਆਂ ਮਨੋਬਣਤਰਾ ਆਦੀ ਨਹੀਂ, **ਸੁਰਜੀਤ ਕਲਸੀ** ਦੀ ਕਹਾਣੀ '**ਭਿੰਡੀਆ ਤਰੀ ਵਾਲੀਆਂ**' ਵਿਚ ਮਰਦ ਪਾਤਰ ਪੁਲਿਸ ਵਲੋਂ ਘਰੋਂ ਦੂਰ ਰਹਿਣ ਦੇ ਹੁਕਮ ਤਹਿਤ ਬੇਘਰ ਹੋਇਆ ਜਿਹੜੀ ਸਹਿਣਸ਼ੀਲਤਾ ਦਿਖਾ ਰਿਹਾ ਹੈ ਉਹ ਬਦਲ ਰਹੇ ਪੰਜਾਬੀ ਮਰਦ ਦਾ ਅਕਸ ਹੈ। ਘਰੇਲੂ ਹਿੰਸਾ, ਔਰਤ ਦੀ ਕੁਟਮਾਰ ਜ਼ਲਾਲਤ ਖ਼ਿਲਾਫ਼ ਕਰੜੇ ਕਾਨੂੰਨਾਂ ਨੇ ਜਿਥੇ ਸੋਸ਼ਿਤ ਔਰਤ ਦੀ ਸੁਣਵਾਈ ਨੂੰ ਪੁਖ਼ਤਾ ਦਰਸਾਇਆ ਹੈ। ਉਥੇ ਭਾਰਤੀ ਮਰਦ ਨੂੰ ਆਪਣੀ ਮੂਰਖਤਾ ਵੱਸ ਕੀਤੀ ਗਲਤੀ ਦਾ ਪਛਤਾਵਾ ਕਰਦਾ ਵੀ ਪੇਸ਼ ਕੀਤਾ ਹੈ ਜਿਹੜਾ ਕੇ ਭਾਰਤੀ ਕਾਨੂੰਨੀ ਵਿਵਸਥਾ ਵਿਚ ਮੋਕਲੇਪਣ ਕਰਕੇ ਇਨਾਂ ਸੰਭਵ ਨਹੀਂ ਹੈ। ਪਤੀ ਪਤਨੀ ਦੇ ਰਿਸ਼ਤੇ ਵਿਚ ਵਿਗਾੜ ਦਾ ਬਜ਼ੁਰਗ ਪੀੜ੍ਹੀ ਦੀ ਬੇਲੋੜੀ ਦਖ਼ਲ ਅੰਦਾਜ਼ੀ ਧੌਂਸਬਾਜ਼ੀ ਤੇ ਨੁੱਕਤਾਚੀਨੀ ਦੀ ਰੁਚੀ ਇਸ ਸਾਰੇ ਸੰਕਟ ਦਾ ਕਾਰਨ ਬਣਦੀ ਪੇਸ਼ ਹੋਈ ਹੈ।

**ਬਲਵੀਰ ਕੌਰ ਸੰਘੇੜਾ** ਦੀ ਕਹਾਣੀ '**ਬਸ ਹੋਰ ਨੀ**' ਦਾ ਮਰਦ ਪਾਤਰ ਪਤਨੀ ਵਲੋਂ ਦੁਰਕਾਰ ਕੇ ਆਪਣੇ ਵੱਖਰੇ ਘਰੋਂ ਕੱਢ ਦਿੱਤਾ ਜਾਂਦਾ ਹੈ ਇਹ ਵਿਵਹਾਰ ਭਾਰਤੀ ਮਰਦਾਉ ਮਨੋਬਣਤਰਾਂ ਦੇ ਧਾਰਨੀ ਮਰਦ ਲਈ ਅਸਹਿ ਹੈ। ਕਹਾਣੀ ਵਿਚ ਆਦਰਸ਼ਵਾਦੀ ਇਸਤਰੀ ਦਾ ਦੁਖਾਂਤ ਪੇਸ਼ ਹੋਇਆ ਹੈ। ਇਸਤਰੀ ਪਾਤਰ ਘਰੇਲੂ ਹਿੰਸਾ ਦੀ ਸ਼ਿਕਾਰ ਹੈ। ਪਤੀ ਦੇ ਦੁਸ਼ਟ ਤੇ ਤਸ਼ੱਦਦੀ ਵਿਵਹਾਰ ਨੂੰ ਸਹਿਣਸ਼ੀਲਤਾ ਦੀ ਹੱਦ ਤੱਕ ਸਹਿੰਦੀ ਪਰਿਵਾਰ ਨੂੰ ਜੋੜੀ ਰੱਖਣ ਅਤੇ ਧੀ ਦੀ ਸੁਰੱਖਿਆ ਲਈ ਯਤਨਸ਼ੀਲ ਰਹਿੰਦੀ ਹੈ ਪਰ ਕਾਨੂੰਨੀ ਸਹਾਇਤਾ ਨਹੀਂ ਲੈਂਦੀ ਪਰ ਧੀ ਉੱਤੇ ਪਿਤਾ ਦੀਆਂ ਮਨੋਕੁਰੀਤੀਆਂ ਅਤੇ ਤਸੱਦਦ ਨੂੰ ਬਰਦਾਸਤ ਨਾ ਕਰਦੀ ਆਜ਼ਾਦ ਹੋਂਦ ਦੇ ਅਹਿਸਾਸ ਵਲ ਕਦਮ ਪੁੱਟਦੀ ਹੈ। 'ਥੱਪੜ ਖਾ ਕੇ ਹਰਦੇਵ ਨੂੰ ਸਮਝ ਨਾ ਆਵੇ ਕਿ ਇਹ ਕੀ ਬਣਿਆ ਸੀ? ਮੈਂ ਵੀ ਕਦੀ ਉਸਦੇ ਅੱਗੇ ਡਟ ਕੇ ਖਲੋ ਸਕਦੀ ਹਾਂ? ਉਸਨੇ ਕਦੀ ਕਿਆਸਿਆ ਹੀ ਨਹੀਂ ਹੋਣੈਂ। ਉਸਦੀਆਂ ਅੱਖਾਂ ਗੁੱਸੇ ਨਾਲ ਅੱਡੀਆਂ ਰਹਿ ਗਈਆਂ ਤੇ ਉਹ ਮਸਾਂ ਡਿੱਗਦਾ-ਡਿੱਗਦਾ ਬਚਿਆ। ਮੈਂ ਹਰਦੇਵ ਤੋਂ ਥੱਪੜਾ ਦੀ ਮਾਰ ਬਥੇਰੀ ਵੇਰ ਖਾਧੀ ਸੀ ਪਰ ਕੁਸਕੀ ਤੱਕ ਨਹੀਂ ਸਾਂ। ਘਰ ਨੂੰ ਬੰਨ੍ਹੀ ਰੱਖਣ ਵਾਸਤੇ ਮੈਂ ਹਰ ਤਸ਼ੱਦਦ ਝੱਲਦੀ ਰਹੀ ਸਾਂ। ਸੋਚਦੀ ਸਾਂ ਆਖਰ ਨੀਤੀ ਹਰਦੇਵ ਦੀ ਆਪਣੀ ਧੀ ਹੈ, ਬਾਹਰ ਕਿਸੇ ਦੀ ਕੀ ਲੱਗੀ? ਇਸੇ ਸੋਚ ਨੇ ਮੈਨੂੰ ਦਹਿਲੀਜ਼ ਦੇ ਬਾਹਰ ਪੈਰ ਪਾਉਣ ਤੋਂ ਰੋਕੀ ਰੱਖਿਆ ਸੀ।

**ਕਰਮਜੀਤ ਘੁੰਮਣ** ਦੀ ਕਹਾਣੀ '**ਮੈਨੂੰ ਬੀਬਾ ਕਬੂਤਰ ਚਾਹੀਦਾ**' ਵਿਚ ਪਰਵਾਸੀ ਪੰਜਾਬੀ ਔਰਤ ਆਪਣੇ ਖੁਦ ਮੁਖਤਿਆਰ ਬਿੰਬ ਵਜੋਂ ਪੇਸ਼ ਹੋਈ ਹੈ। ਇਹ ਔਰਤ ਆਦਰਸ਼ਵਾਦੀ ਪਤਨੀ ਬਣਕੇ ਬੇਵਫਾ ਪਤੀ ਨਾਲ ਲਟਕੀ ਨਹੀਂ ਰਹਿੰਦੀ ਸਗੋਂ ਜਾਇਦਾਦ ਦਾ ਬਣਦਾ ਹਿੱਸਾ ਵੰਡਾ ਕੇ ਛੱਡ ਜਾਂਦੀ ਹੈ। ਕਿਸੇ ਤਰ੍ਹਾਂ ਦਾ ਸਮਝੌਤਾ ਸਵਿਕਾਰ ਨਹੀਂ ਕਰਦੀ। ਇਹ ਪੰਜਾਬੀ ਕੰਮਕਾਜੀ ਔਰਤ ਦਫ਼ਤਰੀ ਮਹੌਲ ਦੇ ਤਾਣੇ ਪੇਟੇ ਤੇ ਮਰਦ ਦੀ ਅੰਨ੍ਹੀ ਕਾਮੁਕ ਤਾਂਘ ਤੋਂ ਬਚਕੇ ਰਹਿਣ ਦੇ ਕਠਨ ਯਤਨਾਂ ਵਿਚ ਸਫ਼ਲ ਹੋਈ ਔਰਤ ਦੀ ਮਾਨਸਿਕਤਾ ਪਾਲਦੀ ਸੰਤੁਸ਼ਟ ਹੈ।

ਕਨੇਡਾ ਦੇ ਕਹਾਣੀਕਾਰਾਂ ਵਲੋਂ ਲਿਖੀਆਂ ਇਨ੍ਹਾਂ ਕਹਾਣੀਆਂ ਵਿਚ ਦਰਜ ਅੰਤਰ-ਸੱਭਿਆਚਾਰਕ ਪਾਸਾਰਾਂ ਵਜੋਂ ਪਛਾਣੇ ਵਿਸ਼ਿਆਂ ਤੋਂ ਇਲਾਵਾ ਹੋਰ ਵਿਭਿੰਨ ਵਿਸ਼ੇਗਤ ਪਾਸਾਰਾਂ ਨੂੰ ਸਮੋਈਆਂ ਕਹਾਣੀਆਂ ਵੀ ਹਨ। **ਮਿੰਨੀ ਗਰੇਵਾਲ** ਦੀ '**ਹਾਦਸਾ**' ਕਹਾਣੀ ਵਿਚ ਬੱਚਿਆਂ ਉਪਰ ਹਾਕਮ ਬਾਪ ਦੇ ਥੋਪੇ ਫੈਸਲੇ ਨੂੰ ਚੁੱਪ-ਚਾਪ ਪ੍ਰਵਾਨ ਕਰਨ ਲਈ ਦਬਾਅ ਤੇ ਤਨਾਓ ਦੀ ਪੇਸ਼ਕਾਰੀ ਬਜ਼ੁਰਗ ਪੀੜ੍ਹੀ ਮਰਜ਼ੀ ਜਾਣੇ ਬਿਨਾ ਹੀ ਜਵਾਨ ਹੋ ਰਹੀ ਪੀੜ੍ਹੀ ਨੂੰ ਆਪਣੇ ਸੁਝਾਵਾਂ ਹੇਠ ਉਥੋਂ ਦੇ ਸਭਿਆਚਾਰਕ ਤੇ ਸਮਾਜਕ ਪ੍ਰਸਥਿਤੀਆਂ ਲਈ

ਚੇਤਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਕਿ ਨਵੀਂ ਪੀੜ੍ਹੀ ਦੇ ਆਪਣੇ ਤਰਕ-ਵਿਤਰਕ ਨਾਲ ਵਿਕਾਸ ਕਰਨ ਦੀ ਸੋਚ ਹੈ। ਕਹਾਣੀ ਵਿਚ ਮਿੰਨੀ ਪਾਤਰ ਸੁਝਾਵਾਂ ਹੇਠ ਦੱਬੇ ਅਮਰ ਦੀ ਸਮੱਸਿਆ ਨੂੰ ਬੜੇ ਤਰਕਸ਼ੀਲ ਢੰਗ ਨਾਲ ਸੋਕਲਾ ਕਰਦੀ ਹੈ।

ਕਹਾਣੀ **'ਵਿਗੜੇ ਹੋਏ ਕਾਮਰੇਡ'** ਕੈਨੇਡੀਅਨ ਕਹਾਣੀਕਾਰ **ਅਮਰਜੀਤ ਚਾਹਲ** ਦੀ ਉੱਤਮ ਪੇਸ਼ਕਾਰੀ ਹੈ। ਗੁਰਦੇਵ ਸਿੰਘ ਦੀ ਤਰਕਸ਼ੀਲਤਾ ਖੁਦ ਲਈ ਕੁੱਤੇ ਤੇ ਸਹੇ ਦੇ ਸਹਿਰੂਪ ਵਿਚ ਸਕਿਓਰਟੀ ਗਾਰਡ ਹੋਣ ਦੇ ਚਿਹਨ ਵਜੋਂ ਉਘੜਦੀ ਹੈ। ਉਹ ਕੈਨੇਡੀਅਨ ਆਰਥਿਕ ਸਮਾਜਿਕ ਰਾਜਸੀ ਸਥਿਤੀਆਂ ਵਿਚ ਕੁੱਤੇ ਦੀ ਹੈਸੀਅਤ ਆਪਣੇ ਨਾਲੋਂ ਵਿਆਪਕ ਤੇ ਸੁਖਾਵੀਂ ਸਮਝਦਾ ਹੈ। ਸਹੇ ਦੀ ਅਨਿਆਈ ਮੌਤ ਮਜ਼ਲੂਮਾਂ ਦਾ ਚਿਹਨ ਹੈ ਜਿਹੜੇ ਸਥਾਨਕ ਬੇਲਿਹਾਜ਼ੀ ਅੰਨ੍ਹੀ ਲੋਟੂ ਤਹਿਜ਼ੀਬ ਹੇਠ ਰੋਜ਼ ਮਸਲੇ ਜਾਂਦੇ ਹਨ। ਗੁਰਦੇਵ ਸਿੰਘ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਦਲਣ, ਵਫਾਦਾਰ ਗੁਲਾਮੀ ਕਰਨ ਅਤੇ ਆਪਣੀ ਅੰਤਰੀਵੀ ਇਨਸਾਨੀਅਤ ਨੂੰ ਖੋਰਨ ਤੋਂ ਮੁਨਕਰ ਹੈ। ਉਹ ਖੱਬੇ ਪੱਖੀ ਲਹਿਰ ਦੀ ਸੰਵੇਦਨਾ ਤੋਂ ਪ੍ਰਭਾਵਿਤ ਤਾਂ ਹੁੰਦਾ ਹੈ ਪਰ ਸਥਾਨਕ ਕਠੋਰ ਸਿਸਟਮ ਅਤੇ ਆਰਥਿਕ, ਸਮਾਜਿਕ ਗਰਜ਼ਾ ਮਾਰੀ ਮਾਨਸਿਕਤਾ ਉਸਦੀ ਵਿਵਹਾਰਕ ਤਬਦੀਲੀ ਵਿਚ ਰੁਕਾਵਟ ਬਣਦੇ ਹਨ। ਕਹਾਣੀਕਾਰ ਕਥਾ ਪਾਸਾਰ ਵਿਚ ਵਿਅੰਗ ਵਿਧੀ ਨੂੰ ਨਿਰੰਤਰ ਕਾਇਮ ਰੱਖਦਾ ਹੈ। ਇਸੇ ਵਿਧੀ ਰਾਹੀਂ ਸਾਮਰਾਜੀ ਸਿਸਟਮ ਦਾ ਅਮਾਨਵੀਕਰਨ, ਕਿਰਤੀ ਵਰਗ ਦੀ ਹੋਣੀ ਫੋਕੀ ਦਲੀਲਬਾਜ਼ੀ, ਸਮਕਾਲੀ ਉਥਲ-ਪੁੱਥਲ, ਸੰਭਾਵੀ ਪਰਿਵਰਤਨਸ਼ੀਲ ਪ੍ਰਸਥਿਤੀਆਂ ਦੀ ਤਰਕਸ਼ੀਲਤਾ ਨਾਲ ਪੇਸ਼ਕਾਰੀ ਹੋਈ ਹੈ। ਕਹਾਣੀ ਦਾ ਅੰਤ ਸੰਵੇਦਨਸ਼ੀਲਤਾ ਦੇ ਦੁਖਾਂਤ ਨੂੰ ਸੂਖਮਤਾ ਨਾਲ ਪੇਸ਼ ਕਰਦਿਆਂ ਹੋਇਆਂ ਹੈ। ਇਸ ਕਹਾਣੀ ਦੇ ਬਿਰਤਾਂਤ ਵਿਚੋਂ ਨਵੇਂ ਪ੍ਰਤੀਮਾਨਾਂ ਦੀ ਸਪੇਸ ਪੈਦਾ ਹੋਈ ਹੈ।

**'ਪਾਰਲੇ ਪੁਲ'** ਦਾ ਬਿਰਤਾਂਤਕਾਰ **ਸੁਰਜੀਤ** ਕਹਾਣੀ ਦੇ ਲੰਮੇ ਬਿਰਤਾਂਤ ਰਾਹੀਂ ਅਣਗੌਲੇਪਣ ਦੇ ਅਹਿਸਾਸ ਵਿਚੋਂ ਪੈਦਾ ਹੋਏ ਵਿਸ਼ਾਦ ਨੂੰ ਸਿਰਜਦਾ ਹੋਇਆ ਮਨੁੱਖੀ ਸੰਵੇਦਨਾ ਦੀਆਂ ਅਣਕਿਆਸੀਆਂ ਪਰਤਾਂ ਉਘਾੜਦਾ ਹੈ। ਪੱਛਮੀ ਤਹਿਜ਼ੀਬ ਵਿਚੋਂ ਪਣਪੇ ਹੀਨ ਮਾਨਵੀ ਸੰਬੰਧਾਂ ਦਾ ਖੁਲਾਸਾ ਕਰਦਾ ਕਹਾਣੀਕਾਰ ਮਾਨਵੀ ਸਭਿਅਤਾ ਤੇ ਵਿਅੰਗ ਕਸਦਾ ਹੈ। ਕਹਾਣੀ ਦੀ ਪਾਤਰ ਡੈਬੀ ਲਈ ਪਾਲਤੂ ਜੀਵ ਜਨੌਰਾਂ ਨੂੰ ਆਪਣਾ ਪਰਿਵਾਰ ਬਣਾਉਣ ਪਿੱਛੇ ਮਾਨਵੀਪਣ ਤੇ ਅਪਣੱਤ ਦੀ ਅਣਹੋਂਦ ਅਸੁਰੱਖਿਤ ਹੋਣ ਦਾ ਭੈਅ ਅਤੇ ਅਤ੍ਰਿਪਤ ਤ੍ਰਿਸ਼ਨਾਵਾਂ ਦੀ ਤ੍ਰਿਪਤੀ ਵੱਡਾ ਕਾਰਨ ਬਣਦੇ ਹਨ। ਅੰਮ੍ਰਿਤ ਮਾਨ ਨੇ ਆਪਣੀ ਕਹਾਣੀ 'ਵਿਸ਼ਨੂੰ' ਵਿਚ ਬਾਲ ਪਾਤਰ ਵਿਸ਼ਨੂੰ ਦੀਆਂ ਮਾਸੂਮ ਮੰਗਾਂ ਦੀ ਪ੍ਰਬਲਤਾ ਦੀ ਅਪੂਰਤੀ ਕਾਰਨ ਪੈਦਾ ਹੋਇਆ ਮਾਨਸਿਕ ਖ਼ਲਾਅ ਅਤੇ ਵਿਹਾਰਕ ਵਿਸ਼ਾਦ ਨੂੰ ਉਘਾੜਿਆ ਹੈ। ਬਾਇਕ ਮਿਲਣ ਉਪਰੰਤ ਵਿਸ਼ਨੂੰ ਦੇ ਮਾਨਸਿਕ ਰੋਹ ਭਰੇ ਉਤਰਾਅ ਚੜਾਅ ਅਲੋਕਿਕ ਖੁਸ਼ੀ ਵਿਚ ਪਰਿਵਰਤਿਤ ਹੋ ਜਾਂਦੇ ਹਨ।

ਇਨ੍ਹਾਂ ਉਪਰੋਕਤ ਕਹਾਣੀਆਂ ਵਿਚੋਂ ਸਾਨੂੰ ਨਵੇਂ ਬਹੁਪਰਤੀ ਅੰਤਰ-ਸਭਿਆਚਾਰਕ ਪਾਸਾਰਾਂ, ਸਮਾਜਕ, ਆਰਥਿਕ, ਰਾਜਨੀਤਿਕ ਸਰੋਕਾਰਾਂ ਉੱਤੇ ਪੱਛਮੀ ਤਹਿਜ਼ੀਬ ਭਰੇ ਆਲਮ ਦੇ ਵਰਤਾਰੇ ਵਿਚ ਪ੍ਰਵਾਸੀ ਜੀਵਨ ਯਥਾਰਥ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਨਵੇਂ ਪ੍ਰਤੀਮਾਨਾਂ ਦੀ ਨਿਸ਼ਾਨਦੇਹੀ ਕਰਦਿਆਂ ਪੁਰਾਣੇ ਪ੍ਰਤੀਮਾਨ ਕਈ ਸਰਹੱਦਾਂ ਪਿੱਛੇ ਰਹਿ ਗਏ ਦ੍ਰਿਸ਼ਟੀਗੋਚਰ ਹੋਏ ਪ੍ਰਤੀਤ ਹੋਏ ਹਨ।

**ਸੰਪਰਕ-**95306-04039



**ਆਲੋਚਨਾ ਲੇਖ**

# ਪਰਵਾਸੀ ਪੰਜਾਬੀ ਕਹਾਣੀ : ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ

## (ਕਨੇਡਾ ਦੀ ਪੰਜਾਬੀ ਕਹਾਣੀ ਦੇ ਸੰਦਰਭ ਵਿਚ)

**- ਕਾਰਜ ਸਿੰਘ**

ਪਰਵਾਸੀ ਪੰਜਾਬੀ ਕਹਾਣੀ ਦੀ ਵਿਕਾਸ ਰੇਖਾ ਵਿਚ ਕਨੇਡਾ ਦੀ ਪੰਜਾਬੀ ਕਹਾਣੀ ਦਾ ਅਹਿਮ ਸਥਾਨ ਹੈ। ਇਹ ਕਹਾਣੀ ਉਥੋਂ ਦੇ ਸਮਾਜਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਪਾਸਾਰਾਂ ਨੂੰ ਪੇਸ਼ ਕਰਦੀ ਹੈ। ਪਰਵਾਸੀ ਬੰਦੇ ਦੀ ਅੰਤਰ-ਸਭਿਆਚਾਰਕ ਵਰਤਾਰੇ ਅਧੀਨ ਆਪਣੀ ਹੋਂਦ ਅਤੇ ਹਸਤੀ ਨੂੰ ਕਾਇਮ ਰੱਖਣ ਦੇ ਮਸਲਿਆਂ ਨੂੰ ਯਥਾਰਥਕ ਰੂਪ ਵਿਚ ਪ੍ਰਸਤੁਤ ਕਰਦੀ ਹੈ। ਕਨੇਡਾ ਵਿਚ ਪੰਜਾਬੀ ਕਹਾਣੀ ਲਿਖਣ ਵਾਲੇ ਕਹਾਣੀਕਾਰਾਂ ਵਿਚ ਰਵਿੰਦਰ ਰਵੀ, ਅਜਮੇਰ ਰੋਡੇ, ਜਰਨੈਲ ਸਿੰਘ, ਅਮਨਪਾਲ ਸਾਰਾ, ਸੁਰਜੀਤ ਕਲਸੀ, ਡਾ. ਸਾਧੂ ਸਿੰਘ, ਜਰਨੈਲ ਸੇਖਾ, ਹਰਪ੍ਰੀਤ ਸੇਖਾ, ਕੁਲਜੀਤ ਮਾਨ ਅਤੇ ਅਮਰਜੀਤ ਚਾਹਲ ਆਦਿ ਨਾਂਵਾਂ ਦਾ ਸ਼ੁਮਾਰ ਕੀਤਾ ਜਾ ਸਕਦਾ ਹੈ। ਇਹਨਾਂ ਦੀਆਂ ਕਹਾਣੀਆਂ ਪਰਵਾਸੀ ਪੰਜਾਬੀ ਦੇ ਬਹੁ-ਪੱਖੀ ਮਸਲਿਆਂ ਨੂੰ ਆਪਣੇ ਮਰਕਜ਼ ਦਾ ਆਧਾਰ ਬਣਾਉਂਦੀਆਂ ਹਨ। ਇਹ ਕਹਾਣੀ ਪਰਵਾਸੀ ਪੰਜਾਬੀ ਪਰਿਵਾਰਾਂ ਦੀ ਟੁੱਟ-ਭੱਜ, ਔਰਤ ਦੀ ਸਥਿਤੀ ਨਾਲ ਜੁੜੇ ਮਸਲੇ, ਨੌਜਵਾਨ ਪੀੜ੍ਹੀ ਦਾ ਆਪਹੁਦਰਾਪਨ, ਬੱਚਿਆਂ ਅਤੇ ਮਾਪਿਆਂ ਵਿਚ ਪੈਦਾ ਹੋ ਰਿਹਾ ਤਨਾਉ ਅਤੇ ਬਜ਼ੁਰਗਾਂ ਦੀ ਤ੍ਰਾਸਦਿਕ ਅਵਸਥਾ ਆਦਿ ਮਸਲਿਆਂ ਨੂੰ ਪਾਠਕਾਂ ਦੇ ਸਨਮੁੱਖ ਕਰਦੀ ਹੈ। ਸਾਡੇ ਹਥਲੇ ਖੋਜ-ਪੱਤਰ ਦਾ ਮਕਸਦ ਕਨੇਡਾ ਵਿਚ ਲਿਖੀ ਜਾਂਦੀ ਪੰਜਾਬੀ ਕਹਾਣੀ ਵਿਚ ਖ਼ਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਮਾਨਵੀ ਰਿਸ਼ਤਿਆਂ ਦੀ ਹੋ ਰਹੀ ਟੁੱਟ-ਭੱਜ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ।

**ਰਵਿੰਦਰ ਰਵੀ** ਦੁਆਰਾ ਲਿਖੀ **"ਅੰਦਰ ਵੱਲ ਖੁੱਲ੍ਹਦਾ ਬੂਹਾ"** ਕਹਾਣੀ ਪਤੀ-ਪਤਨੀ ਦੇ ਰਿਸ਼ਤੇ ਵਿਚੋਂ ਖ਼ਤਮ ਹੋ ਰਹੀ ਭਾਵਨਾਤਮਕ ਸਾਂਝ ਦੇ ਮਸਲੇ ਨੂੰ ਪੇਸ਼ ਕਰਦੀ ਹੈ। ਰਵੀ ਦੀ ਕਹਾਣੀ ਔਰਤ-ਮਰਦ ਦੇ ਸੰਬੰਧਾਂ ਨੂੰ ਨਵ-ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦੀ ਹੈ। ਕਹਾਣੀਕਾਰ ਔਰਤ ਨੂੰ ਮਨੁੱਖ ਮੰਨੇ ਜਾਣ ਦੀ ਵਕਾਲਤ ਕਰਦਾ ਹੋਇਆ ਮਾਨਵੀ ਰਿਸ਼ਤਿਆਂ ਵਿਚ ਭਾਵਨਾਤਮਕ ਸਾਂਝ ਪੈਦਾ ਕਰਨ 'ਤੇ ਬਲ ਦਿੰਦਾ ਹੈ। ਖ਼ਪਤ ਸਭਿਆਚਾਰ ਦੇ ਅਧੀਨ ਮਨੁੱਖੀ ਰਿਸ਼ਤਿਆਂ ਵਿਚ ਪੈਦਾ ਹੋ ਰਹੇ ਤਨਾਅ ਅਤੇ ਉਹਨਾਂ ਵਿਚ ਆਪਸੀ ਸੂਝ ਦੀ ਘਾਟ ਕਾਰਨ ਪੈਦਾ ਹੋ ਰਹੀ ਟੁੱਟ-ਭੱਜ ਨੂੰ ਰਵੀ ਨੇ ਚਿਤਰਿਆ ਹੈ। ਕਹਾਣੀ ਵਿਚ 'ਮੈਂ' ਪਾਤਰ ਸਕੂਲ ਅਧਿਆਪਕ ਹੈ। ਉਸ ਦੇ ਨਾਲ ਇਕ ਅੰਗਰੇਜ਼ ਔਰਤ ਵੀ ਅਧਿਆਪਨ ਦਾ ਕਾਰਜ ਕਰਦੀ ਹੈ। ਉਹ ਔਰਤ ਆਰਥਿਕ ਪੱਖੋਂ ਬਹੁਤ ਅਮੀਰ ਹੈ ਪਰ ਇਕੱਲਤਾ ਕਰਕੇ ਉਹ ਮਾਨਸਿਕ ਤੌਰ 'ਤੇ ਦੁਖੀ ਰਹਿੰਦੀ ਹੈ। ਇਕੱਲਤਾ ਨੂੰ ਦੂਰ ਕਰਨ ਲਈ ਉਹ ਸਕੂਲ ਜੁਆਇਨ ਕਰਦੀ ਹੈ। ਉਸਦਾ ਪਤੀ ਪੇਸ਼ੇ ਵਜੋਂ ਡਾਕਟਰ ਹੈ ਜਿਸ ਨੂੰ ਨਿਤ ਨਵੇਂ ਪ੍ਰਯੋਗ ਕਰਨ ਤੋਂ ਵਿਹਲ ਨਹੀਂ ਮਿਲਦਾ। ਜਿਸ ਕਰਕੇ ਉਹ 'ਮੈਂ' ਪਾਤਰ ਦਾ ਸਾਥ ਲੋਚਦੀ ਹੈ। ਜਿਵੇਂ ਉਹ ਆਖਦੀ ਹੈ, "ਪਤਾ ਨਹੀਂ ਇਹ ਇਕੱਲ ਕੀ ਹੈ ? ਮੇਰੇ ਪਤੀ ਹਨ ਡਾਕਟਰ ਸਮਿੱਥ। ਮੈਂ ਉਨ੍ਹਾਂ ਦੇ ਨਾਲ ਰਹਿੰਦੀ ਹਾਂ, ਫਿਰ ਵੀ ਕਦੇ ਇਹ ਅਹਿਸਾਸ ਨਹੀਂ ਹੋਇਆ ਕਿ ਮੈਨੂੰ ਉਨ੍ਹਾਂ ਦਾ ਕੋਈ ਸਾਥ ਹੈ ! ...ਮੈਨੂੰ ਇੰਵ ਜਾਪਦਾ ਹੈ ਜਿਵੇਂ ਮੈਂ ਵੀ ਡਾਕਟਰ ਸਮਿੱਥ ਦੀ ਪ੍ਰਯੋਗਸ਼ਾਲਾ ਦੀ ਕੋਈ ਚੀਜ਼ ਹੋਵਾਂ, ਪ੍ਰਯੋਗ ਕੀਤਾ ਤੇ ਫਿਰ ਸੁੱਟ ਦਿੱਤਾ ਤੇ ਭੁੱਲ ਗਏ।"[1] ਕਹਾਣੀ ਵਿਚ ਇਹ ਔਰਤ ਆਪਣੇ ਸਾਥੀ ਅਧਿਆਪਕ ਨਾਲ ਭਾਵਾਤਮਕ ਅਤੇ ਸਰੀਰਕ ਸਾਂਝ ਨੂੰ ਸਥਾਪਤ ਕਰਕੇ ਮਾਨਸਿਕ ਤੌਰ 'ਤੇ ਸੰਤੁਸ਼ਟ ਹੁੰਦੀ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਅਧੀਨ ਪੂੰਜੀ

ਕੇਂਦ੍ਰਿਤ ਮਨੁੱਖੀ ਰਿਸ਼ਤਿਆਂ ਵਿਚ ਮਰਦ ਵੱਲੋਂ ਔਰਤ ਨੂੰ ਭੋਗ-ਵਿਲਾਸ ਦੀ ਵਸਤੂ ਸਮਝਿਆ ਜਾਂਦਾ ਹੈ। ਡਾਕਟਰ ਸਮਿੱਥ ਦਾ ਆਪਣੀ ਪਤਨੀ ਨਾਲ ਅਜਿਹਾ ਰਿਸ਼ਤਾ ਹੋਣ ਕਰਕੇ ਉਹਨਾਂ ਵਿਚੋਂ ਪਰਿਵਾਰਕ ਸਾਂਝ ਖ਼ਤਮ ਹੋਣੀ ਸ਼ੁਰੂ ਹੋ ਜਾਂਦੀ ਹੈ।

ਕਹਾਣੀ ਵਿਚਲੀ ਔਰਤ ਦਾ 'ਮੈਂ' ਪਾਤਰ ਨਾਲ ਯੋਨ ਸੰਬੰਧ ਬਣਾਉਣ ਵਾਲੀ ਘਟਨਾ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿਚ ਖ਼ਪਤ ਸਭਿਆਚਾਰ ਦੀ ਕਾਰਜਸ਼ੀਲ ਹੋਂਦ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਕਹਾਣੀ ਮਨੁੱਖੀ ਰਿਸ਼ਤਿਆਂ ਵਿਚ ਔਰਤ ਦੀ ਵੱਖਰੀ ਹੋਂਦ ਅਤੇ ਹਸਤੀ ਨੂੰ ਸਵਿਕਾਰ ਕੀਤੇ ਜਾਣ ਦੀ ਪੇਸ਼ਕਾਰੀ ਕਰਦੀ ਹੈ।

ਮੰਡੀਕਰਨ ਦੇ ਯੁੱਗ ਵਿਚ ਮਨੁੱਖੀ ਮਾਨਸਿਕਤਾ 'ਤੇ ਬਜ਼ਾਰੂ ਰੁਚੀਆਂ ਭਾਰੂ ਹੋ ਗਈਆਂ ਹਨ ਜਿੰਨ੍ਹਾਂ ਦੇ ਸਾਹਮਣੇ ਪਰਿਵਾਰਕ ਸਾਂਝ, ਨੈਤਿਕ ਕਦਰਾਂ-ਕੀਮਤਾਂ ਅਤੇ ਸਮਾਜਕ-ਮਰਿਆਦਾਵਾਂ ਖੰਡਿਤ ਹੋ ਚੁੱਕੀਆਂ ਹਨ। ਅਜਿਹੇ ਮਸਲੇ ਦੀ ਪੇਸ਼ਕਾਰੀ **ਸੁਰਜੀਤ ਕਲਸੀ** ਦੁਆਰਾ ਰਚਿਤ ਕਹਾਣੀ "ਇਕ ਪਰਵਾਸੀ ਔਰਤ ਦੀ ਡਾਇਰੀ" ਕਰਦੀ ਹੈ। ਪਰਿਵਾਰਕ ਸੰਬੰਧਾਂ ਵਿਚ ਸਭ ਤੋਂ ਪਵਿੱਤਰ ਸਮਝੇ ਜਾਂਦੇ ਪਿਉ-ਧੀ ਦੇ ਰਿਸ਼ਤੇ ਦੀ ਟੁੱਟ-ਭੱਜ ਨੂੰ ਹਥਲੀ ਕਹਾਣੀ ਬਿਆਨ ਕਰਦੀ ਹੈ। ਕਹਾਣੀ ਵਿਚਲੀ 'ਮੈਂ' ਪਾਤਰ ਆਪਣੇ ਆਪਣੇ ਮਾਪਿਆਂ ਵੱਲੋਂ ਕਨੇਡਾ ਜਾ ਕੇ ਸੁਖੀ ਜੀਵਨ ਬਤੀਤ ਕਰਨ ਦੀ ਲਾਲਸਾ ਅਧੀਨ ਇਕ ਸਾਧਨ ਵਜੋਂ ਵਰਤੀ ਜਾਂਦੀ ਹੈ। 'ਮੈਂ' ਪਾਤਰ ਨੂੰ ਕਨੇਡਾ ਪਹੁੰਚ ਕੇ ਪਤਾ ਲੱਗਦਾ ਹੈ ਕਿ ਉਸਦਾ ਪਤੀ ਪਾਗ਼ਲ ਹੈ। ਉਹ ਆਪਣੇ ਪਿਤਾ ਨੂੰ ਫ਼ੋਨ 'ਤੇ ਪੁੱਛਦੀ ਹੈ, "... ਤੁਹਾਨੂੰ ਪਤਾ ਸੀ ਬੀਰਬਲ ਪਾਗਲ ਹੈ... ਜਿਹੜਾ ਮੁੰਡਾ ਫੜ ਕੇ ਮੈਨੂੰ ਵਿਆਹ ਦਿੱਤਾ ਉਹ ਭਾੜੇ ਦਾ ਸੀ... ਅੱਜ ਤੋਂ ਬਾਅਦ ਮੈਂ ਤੁਹਾਡੇ ਲਈ ਮਰ ਗਈ... ਸਮਝੋ ਨਸੀਬੋ ਘਰ ਜੰਮੀ ਹੀ ਨਹੀਂ ਸੀ...। ਉਨ੍ਹਾਂ ਅੱਗੋਂ ਬੜਾ ਸਮਝਾਉਣ ਦਾ ਯਤਨ ਕੀਤਾ। ਸਿਰਫ਼ ਇਹੀ ਬੋਲ ਸੁਣੇ... ਲੋਕ ਤਾਂ ਭਰਾਵਾਂ ਨਾਲ ਵਿਆਹ ਕੇ ਤੋਰ ਦੇਂਦੇ ਐ ਕਨੇਡਾ ਦੀ ਖ਼ਾਤਰ। ਅਸੀਂ ਤਾਂ ਤੈਨੂੰ ਪਾਗਲ ਨਾਲ ਵਿਆਹਿਆ ਹੈ।"[2]

ਇਹ ਕਹਾਣੀ ਪੂੰਜੀ-ਸਭਿਆਚਾਰ ਵਿਚ ਪਰਿਵਾਰਕ ਰਿਸ਼ਤਿਆਂ ਦੀ ਬਦਲ ਰਹੀ ਪਰਿਭਾਸ਼ਾ ਨੂੰ ਅੰਕਿਤ ਕਰਦੀ ਹੈ। ਵਧੇਰੇ ਪੈਸਾ ਇਕੱਤਰ ਕਰਨ ਦੀ ਲਾਲਸਾ ਨੇ ਖ਼ੂਨ ਦੇ ਰਿਸ਼ਤਿਆਂ ਦੀ ਨੈਤਿਕ ਸਾਂਝ ਨੂੰ ਖ਼ਤਮ ਕਰ ਦਿੱਤਾ ਜਿਸ ਕਰਕੇ ਪਰਿਵਾਰਾਂ ਵਿਚ ਨਿਰੰਤਰ ਟੁੱਟ-ਭੱਜ ਲੱਗੀ ਹੋਈ ਹੈ। ਇਸ ਤਰ੍ਹਾਂ ਦੇ ਮਸਲੇ ਦੀ ਪੇਸ਼ਕਾਰੀ **ਜਰਨੈਲ ਸੇਖਾ** ਦੁਆਰਾ ਰਚਿਤ "**ਅਧੂਰੀ ਗੱਲ**" ਕਹਾਣੀ ਕਰਦੀ ਹੈ। ਕਹਾਣੀ ਵਿਚ ਮਾਪੇ ਅਤੇ ਪਤੀ ਮੁੱਖ ਪਾਤਰ ਗੋਬਿੰਦਰ ਨੂੰ ਆਰਥਿਕ ਤੌਰ 'ਤੇ ਸੁਖਾਵਾਂ ਭਵਿੱਖ ਬਣਾਉਣ ਲਈ ਇਕ ਵਸਤ ਵਾਂਗ ਵਰਤਦੇ ਹਨ। ਗੋਬਿੰਦਰ ਦਾ ਪਤੀ ਉਸਦਾ ਦੇਹੀ ਸ਼ੋਸ਼ਣ ਕਿਸੇ ਹੋਰ ਵਿਅਕਤੀ ਪਾਸੋਂ ਕਰਵਾਉਂਦਾ ਹੈ। ਮੁੱਖ ਪਾਤਰ ਵੱਲੋਂ ਭਾਰਤ ਬੈਠੇ ਮਾਪਿਆਂ ਨੂੰ ਦੁੱਖ ਦੱਸਣ ਦੇ ਬਾਵਜੂਦ ਵੀ ਅੱਗੋਂ ਨੀਵੀਂ ਹੋ ਕੇ ਦਿਨ ਕੱਟਣ ਦੀ ਹਦਾਇਤ ਮਿਲਦੀ ਹੈ। ਇਥੇ ਮਾਪੇ, ਪਤੀ ਅਤੇ ਆਲਾ-ਦੁਆਲਾ ਉਸਨੂੰ ਵਿਰੋਧੀ ਨਜ਼ਰ ਆਉਂਦੇ ਹਨ। ਖ਼ੁਦਗਰਜ਼ੀ ਦੇ ਕਾਰਨ ਰਿਸ਼ਤਿਆਂ ਵਿਚ ਨਿਰੰਤਰ ਵਿਹਾਰਕ ਤਬਦੀਲੀਆਂ ਵਾਪਰ ਰਹੀਆਂ ਹਨ। ਪਰਿਵਾਰਕ ਟੁੱਟ-ਭੱਜ ਦੇ ਸੰਕਟ ਦੀਆਂ ਘਟਨਾਵਾਂ ਪਰਵਾਸੀ ਪਰਿਵਾਰਾਂ ਵਿਚ ਵੱਧ ਰਹੀਆਂ ਹਨ। ਪਰਵਾਸੀ ਅਤੇ ਭਾਰਤੀ ਪਰਿਵਾਰਾਂ ਵਿਚ ਸ਼ਰੀਕਾਚਾਰੀ ਵੱਧ ਰਹੀ ਹੈ। ਹਰ ਇਕ ਆਪਣੇ ਨਿੱਜੀ ਭਵਿੱਖ ਨੂੰ ਸੁਖਾਵਾਂ ਬਣਾਉਣ ਵਿਚ ਲੱਗਾ ਹੋਇਆ ਹੈ ਜਿਸ ਕਰਕੇ ਪਰਿਵਾਰਕ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। **ਅਮਰਜੀਤ ਚਾਹਲ** ਦੁਆਰਾ ਲਿਖੀ "**ਬੁੱਢਾ ਕੀ ਕਰੇ**" ਕਹਾਣੀ ਪਰਵਾਸੀ ਸਮਾਜਾਂ ਵਿਚ ਪੰਜਾਬੀ ਪਰਿਵਾਰਾਂ ਦੀ ਨੈਤਿਕਤਾ ਦੇ ਪਤਨ ਹੋਣ ਦੀ ਗਵਾਹੀ ਭਰਦੀ ਹੈ। ਕਹਾਣੀ ਵਿਚ ਪਾਤਰ ਬਿੱਲੂ ਆਪਣੇ ਵਡੇਰੀ ਉਮਰ ਦੇ ਭਰਾ ਨੂੰ ਆਪਣੀ



ਪਤਨੀ ਦੀ ਮਾਸੀ ਦੀ ਕੁੜੀ ਨਾਲ ਵਿਆਹ ਕਰਵਾਉਣ ਲਈ ਹਿੰਸਾਤਮਕ ਢੰਗ ਦੀ ਵਰਤੋਂ ਕਰਦਾ ਹੈ। ਵਿਆਹ ਦੀ ਉਮਰ ਲੰਘ ਚੁੱਕਿਆ ਦੁਮਣ ਅਣਜੋੜ ਵਿਆਹ ਦੇ ਹੱਕ ਵਿਚ ਨਹੀਂ ਸੀ। ਜਿਸ ਕਰਕੇ ਉਹ ਆਪਣੇ ਸਕੇ ਭਰਾ ਦੇ ਜ਼ਜਬਾਤੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇਸ ਘਟਨਾਕ੍ਰਮ ਦੇ ਪਿੱਛੇ ਬਿੱਲੂ ਦਾ ਨਿੱਜੀ ਲਾਭ ਛੁਪਿਆ ਹੋਇਆ ਹੈ। ਬਿੱਲੂ ਦੇ ਇੰਡੀਆ ਵਿਚ ਉਸ ਕੁੜੀ ਨਾਲ ਯੌਨ-ਸੰਬੰਧ ਰਹੇ ਹੋਣ ਕਰਕੇ ਉਹ ਉਸਨੂੰ ਭਰਾ ਦੀ ਵਿਹਾਂਦੜ ਬਣਾ ਕੇ ਕਨੇਡਾ ਲਿਆਉਣਾ ਚਾਹੁੰਦਾ ਸੀ। ਆਪਣੇ ਸਵਾਰਥ ਹਿੱਤ ਬਿੱਲੂ ਆਪਣੇ ਵੱਡੇ ਭਰਾ ਨਾਲ ਵਧੀਕੀਆਂ ਕਰਦਾ ਹੈ। ਕਹਾਣੀ ਨਿੱਜੀ ਸਵਾਰਥ ਹਿੱਤ ਟੁੱਟ ਰਹੀ ਭਰਾਵਾਂ ਦੀ ਪਰਿਵਾਰਕ ਸਾਂਝ ਨੂੰ ਕਲਾਤਮਕ ਰੰਗਣ ਵਿਚ ਪੇਸ਼ ਕਰਦੀ ਹੈ। ਪਰਵਾਸੀ ਪੰਜਾਬੀ ਪਰਿਵਾਰਾਂ ਦੇ ਜੀਵਨ ਵਿਚ ਅੰਤਰ-ਸਭਿਆਚਾਰਕ ਸਾਂਝ ਦੇ ਪੈਦਾ ਹੋਣ ਨਾਲ ਕਈ ਤਰ੍ਹਾਂ ਦੇ ਵਿਸ਼ਾਦ ਪੈਦਾ ਹੋ ਰਹੇ ਹਨ। ਪਰਿਵਾਰਕ ਸਾਂਝ ਖ਼ਤਮ ਹੋ ਰਹੀ ਹੈ। ਰਿਸ਼ਤਿਆਂ ਵਿਚੋਂ ਮੋਹ ਅਤੇ ਨਿੱਘ ਦੀ ਭਾਵਨਾ ਖ਼ਤਮ ਹੋ ਰਹੀ ਹੈ। ਪੱਛਮੀ ਮੁਲਕਾਂ ਵਿਚ ਵੱਸਦੇ ਪੰਜਾਬੀ ਪਰਿਵਾਰਾਂ ਦੀ ਸੱਭਿਆਚਾਰਕ ਸਾਂਝ ਵਿਚ ਆ ਰਹੇ ਪਰਿਵਰਤਨ ਨੂੰ **ਬਲਵੀਰ ਕੌਰ ਸੰਘੇੜਾ** ਦੀ ਕਹਾਣੀ "**ਚੱਪਾ ਕੁ ਸੂਰਜ**" ਦ੍ਰਿਸ਼ਟੀਗੋਚਰ ਕਰਦੀ ਹੈ। ਪਰਵਾਸੀ ਮਾਪਿਆਂ ਵੱਲੋਂ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਦੇ ਖ਼ਾਤਰ ਵਧੇਰੇ ਪੂੰਜੀ ਇਕੱਤਰ ਕਰਨ ਦੀ ਜੱਦੋ-ਜਹਿਦ ਵਿਚ ਬੱਚਿਆਂ ਵੱਲੋਂ ਕੀਤੀ ਬੇਧਿਆਨੀ ਪਰਿਵਾਰਕ ਸੰਕਟ ਦਾ ਕਾਰਣ ਬਣਦਾ ਹੈ। ਕਹਾਣੀ ਵਿਚਲੀ 'ਮੈਂ' ਪਾਤਰ ਵੱਲੋਂ ਆਪਣੇ ਬੱਚਿਆਂ ਨੂੰ ਹਰ ਤਰ੍ਹਾਂ ਦੀ ਪਦਾਰਥਕ ਸੁਖ-ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਵਿਧਵਾ ਹੋਣ ਦੀ ਸਥਿਤੀ ਵਿਚ ਉਹ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਪੂੰਜੀ ਇਕੱਤਰ ਕਰਦੀ ਹੈ। 'ਮੈਂ' ਪਾਤਰ ਉਸ ਸਮੇਂ ਦੁਖੀ ਹੁੰਦੀ ਹੈ ਜਦੋਂ ਚਾਰੋਂ ਬੱਚੇ ਆਪਹੁਦਰੇ ਢੰਗ ਨਾਲ ਰਹਿਣਾ ਸ਼ੁਰੂ ਕਰਦੇ ਹਨ। ਪੁੱਤਰ ਵੱਲੋਂ ਅੰਤਰਜਾਤੀ ਵਿਆਹ ਕਰਵਾ ਲੈਣਾ ਅਤੇ ਧੀਆਂ ਵੱਲੋਂ ਨਸ਼ੇ ਦੀ ਭੈੜੀ ਆਦਤ ਨੂੰ ਗ੍ਰਹਿਣ ਕਰਨ ਦੀ ਆਦਤ ਉਸਨੂੰ ਅੰਦਰੋਂ-ਅੰਦਰੀਂ ਦੁੱਖੀ ਕਰਦੀ ਹੈ। ਵੱਡੀ ਧੀ ਰੂਪੀ ਦਾ ਅਣਵਿਆਹੀ ਮਾਂ ਬਨਣ ਦੀ ਘਟਨਾ ਉਸ ਲਈ ਅਸਹਿ ਹੋ ਜਾਂਦਾ ਹੈ। ਚਾਰ ਬੱਚਿਆਂ ਦੀ ਮਾਂ ਹੋਣ ਦੇ ਬਾਵਜੂਦ 'ਮੈਂ' ਪਾਤਰ ਇਕੱਲਤਾ ਦਾ ਜੀਵਨ ਹੰਢਾਉਣ 'ਤੇ ਮਜ਼ਬੂਰ ਹੋ ਜਾਂਦੀ ਹੈ। ਉਹ ਸੋਚਦੀ, "...ਤੇ ਹੁਣ ? ਉਡਾਣਾਂ ਭਰਦੀ ਜ਼ਿੰਦਗੀ ਜਦੋਂ ਢਲਾਣਾਂ ਦਾ ਰੁਖ਼ ਕਰਕੇ ਤੁਰੀ ਤਾਂ ਧੜੱਮ ਡਿੱਗੀ ਰੜੇ ਮੈਦਾਨਾਂ ਵਿਚ। ਭਰੇ-ਭਕੁੰਨੇ ਘਰ ਵਿਚ ਰਿਹਾ ਹੀ ਕੁਝ ਨ੍ਹੀ। ਕੰਧਾਂ ਦੇ ਘੇਰੇ ਵਿਚ ਤਨਹਾਈ ਦੀ ਹਮਕ ਰਹਿ ਗਈ। ਸਿਰਫ਼ ਇਕਲਾਪੇ ਦਾ ਵਾਸ। ਗੂੰਜਦੇ ਹਾਸੇ ਅਲੋਪ ਹੋ ਗਏ। ...ਤੇ ਮੈਂ ਕਮਲੀ ਉਹ ਕੋਨੇ ਭਾਲਦੀ ਹਾਂ, ਜਿੱਥੇ ਮਹਿਕਦੀਆਂ ਹਵਾਵਾਂ ਖ਼ਿਜ਼ਾਂ ਵਿਚ ਬਦਲ ਗਈਆਂ।"[3] ਪੱਛਮੀ ਸਭਿਆਚਾਰ ਦੇ ਅਧੀਨ ਪਰਵਾਸੀ ਪੰਜਾਬੀ ਨੌਜਵਾਜਨ ਪੀੜ੍ਹੀ ਦੇ ਜੀਵਨ ਵਿਵਹਾਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਵਾਪਰਿਆ ਹੈ। ਉਹਨਾਂ ਦੀ ਸਵੈ-ਇੱਛਾ ਨੇ ਕਈ ਤਰ੍ਹਾਂ ਦੇ ਪਰਿਵਾਰਕ ਸੰਕਟ ਪੈਦਾ ਕਰ ਦਿੱਤੇ ਹਨ। ਅੰਤਰ-ਸਭਿਆਚਾਰਕ ਪ੍ਰਸਥਿਤੀਆਂ ਨੇ ਪਰਵਾਸੀਆਂ ਦੀ ਜੀਵਨ ਲੀਲ੍ਹਾ ਵਿਚ ਸੰਕਟਸ਼ੀਲ ਹਲਾਤ ਪੈਦਾ ਕਰ ਦਿੱਤੇ। ਜਿਸ ਨਾਲ ਉਹਨਾਂ ਦੇ ਘਰਾਂ, ਪਰਿਵਾਰਾਂ ਵਿਚ ਨਿਰੰਤਰ ਤਣਾਉ ਬਣਿਆ ਰਹਿੰਦਾ ਹੈ। ਅਜਿਹੀ ਸੰਕਟਸ਼ੀਲ ਸਥਿਤੀ ਬਾਰੇ ਡਾ. ਬਲਵਿੰਦਰ ਕੌਰ ਧੀਰ ਲਿਖਦੀ ਹੈ, "...ਹਰ ਵਿਅਕਤੀ ਸਵੈ-ਕੇਂਦਰਿਤ ਹੋ ਗਿਆ, ਦੂਜਿਆਂ ਨਾਲ ਭਾਵਾਤਮਕ ਸਾਂਝ ਖ਼ਤਮ ਹੋ ਗਈ। ਅੱਜ ਦੇ ਪਰਿਵਰਤਿਤ ਸਭਿਆਚਾਰ ਨੇ ਮਨੁੱਖ ਦੀਆਂ ਲੋੜਾਂ ਨੂੰ ਕੇਵਲ ਵਧਾਇਆ ਹੀ ਨਹੀਂ ਬਲਕਿ ਉਸ ਦੀ ਸੋਚ, ਉਸਦੇ ਚਰਿੱਤਰ ਤੇ ਕਦਰਾਂ-ਕੀਮਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਪਰਵਾਸੀ ਨੇ ਪੱਛਮੀ ਸਭਿਆਚਾਰ ਨੂੰ ਮਾਡਲ ਬਣਾ ਕੇ ਆਪਣੀਆਂ ਪਰੰਪਰਿਕ ਕਦਰਾਂ ਕੀਮਤਾਂ ਨੂੰ ਨਕਾਰਿਆ...।"[4] ਰਿਸ਼ਤਿਆਂ ਦੇ ਵਿੱਚੋਂ ਮਨਫ਼ੀ ਹੋ ਰਹੇ ਮੋਹ-ਪਿਆਰ ਪਿੱਛੇ ਪੂੰਜੀ ਦਾ ਇਕੱਤ੍ਰੀਕਰਣ ਪ੍ਰਮੁੱਖ ਕਾਰਣ ਹੋ ਨਿਬੜਦਾ ਹੈ। ਕਨੇਡਾ

ਦੀ ਪੰਜਾਬੀ ਕਹਾਣੀ ਅਜਿਹੇ ਰਿਸ਼ਤਿਆਂ ਦੇ ਤਨਾਉ ਦੀ ਗਾਥਾ ਹੈ ਜੋ ਕੇਵਲ ਪੈਸੇ ਦੇ ਕਾਰਨ ਬਿਖ਼ਰਦੇ ਨਜ਼ਰ ਆਉਂਦੇ ਹਨ। ਗਿਰਗਟ ਵਾਂਗ ਹਰ ਰਿਸ਼ਤੇ ਦਾ ਰੰਗ ਬਦਲਦਾ ਹੈ। **ਹਰਪ੍ਰੀਤ ਸੇਖਾ** ਦੁਆਰਾ ਲਿਖੀ **"ਪੰਜਾਬੀ ਸੂਟ"** ਕਹਾਣੀ ਅਜਿਹੀ ਔਰਤ ਦੀ ਗਾਥਾ ਨੂੰ ਬਿਆਨ ਕਰਦੀ ਹੈ ਜੋ ਆਪਣੇ ਖ਼ੂਨ ਦੇ ਰਿਸ਼ਤਿਆਂ ਕਾਰਨ ਵੇਸਵਾ ਵਾਲਾ ਨਰਕ ਭਰਿਆ ਜੀਵਨ ਬਤੀਤ ਕਰਨ 'ਤੇ ਮਜ਼ਬੂਰ ਹੋ ਜਾਂਦੀ ਹੈ। 'ਮੈਂ' ਪਾਤਰ ਨੂੰ ਪ੍ਰੇਮੀ ਸੁਹੇਲ ਦੇ ਖ਼ਾਤਰ ਘਰਦਿਆਂ ਵੱਲੋਂ ਘਰੋਂ ਕੱਢ ਦਿੱਤਾ ਗਿਆ। ਸੁਹੇਲ ਵੱਲੋਂ ਵੀ 'ਮੈਂ' ਪਾਤਰ ਨੂੰ ਧੋਖਾ ਕੇ ਕੇ ਛੱਡ ਦਿੱਤਾ ਜਿਸ ਕਰਕੇ ਉਹ ਵੇਸਵਾ ਹੋਣ ਦਾ ਸੰਤਾਪ ਭੋਗਦੀ ਹੈ। ਉਸਨੂੰ ਆਪਣੀ ਜ਼ਿੰਦਗੀ ਨਰਕ ਲੱਗਦੀ ਅਤੇ ਆਲੇ-ਦੁਆਲੇ ਦੀ ਬਦਨਾਮੀ ਦਾ ਡਰ ਉਸ ਨੂੰ ਵੱਖ-ਵੱਖ ਥਾਂਵਾਂ ਬਦਲਣ 'ਤੇ ਮਜ਼ਬੂਰ ਕਰਦਾ। ਉਸਨੂੰ ਆਪਣੇ ਮਾਪਿਆਂ ਅਤੇ ਪ੍ਰੇਮੀ ਤੋਂ ਪਤੀ ਬਣੇ ਸੁਹੇਲ 'ਤੇ ਬਹੁਤ ਗੁੱਸਾ ਆਉਂਦਾ, ਜਿਨ੍ਹਾਂ ਨੇ ਉਸ ਨੂੰ ਇਕ ਦਲਦਲ ਵਿਚ ਧੱਕਾ ਦੇ ਦਿੱਤਾ ਸੀ। "...ਮੈਨੂੰ ਆਪਣੇ ਮਾਪਿਆਂ 'ਤੇ ਬਹੁਤ ਹੀ ਗੁੱਸਾ ਸੀ ਕਿ ਉਨ੍ਹਾਂ ਕਿਵੇਂ ਮੇਰੇ ਨਾਲੋਂ ਨਾਤਾ ਤੋੜ ਲਿਆ ਸੀ। ਕੀ ਹੋਇਆ ਜੇ ਮੈਂ ਸੁਹੇਲ ਨੂੰ ਪਿਆਰ ਕਰ ਬੈਠੀ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਉਹ ਮੇਰੇ ਨਾਲ ਧੋਖਾ ਕਰ ਗਿਆ। ਪਰ ਧੋਖਾ ਸ਼ਬਦ ਬਹੁਤ ਛੋਟਾ ਹੈ ਉਹ ਇਸ ਤੋਂ ਕਿਤੇ ਵੱਡਾ ਸੀ, ਜਿਹੜਾ ਉਸਨੇ ਮੇਰੇ ਨਾਲ ਕੀਤਾ।"[5] ਇਸ ਪ੍ਰਕਾਰ ਪਰਵਾਸੀ ਪੰਜਾਬੀ ਪਰਿਵਾਰਕ ਰਿਸ਼ਤਿਆਂ ਵਿਚ ਖ਼ਤਮ ਹੋ ਰਹੀ ਸਭਿਆਚਾਰਕ, ਭਾਵਾਤਮਕ ਅਤੇ ਨੈਤਿਕ ਸਾਂਝ **ਹਰਪ੍ਰੀਤ ਸੇਖਾ** ਦੀ ਹਥਲੀ ਕਹਾਣੀ ਬਿਆਨ ਕਰਦੀ ਹੈ।

ਇਸ ਪ੍ਰਕਾਰ ਉਪਰੋਕਤ ਕਨੇਡਾ ਦੀ ਪੰਜਾਬੀ ਕਹਾਣੀ ਖ਼ਪਤ ਸਭਿਆਚਾਰ ਦੇ ਅੰਤਰਗਤ ਬਦਲ ਰਹੇ ਰਿਸ਼ਤਿਆਂ ਦੇ ਆਧਾਰ, ਖ਼ਤਮ ਹੋ ਰਹੀ ਭਾਵਾਤਮਕ ਸਾਂਝ ਅਤੇ ਪਰੰਪਰਿਕ ਕਦਰਾਂ-ਕੀਮਤਾਂ ਦੇ ਨਿਘਾਰ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਪੱਛਮੀ ਜੀਵਨ-ਮੁੱਲਾਂ ਨੂੰ ਗ੍ਰਹਿਣ ਕਰਦੀ ਨੌਜਵਾਨ ਪੀੜ੍ਹੀ ਜਿਸਮਾਨੀ ਖੁੱਲ੍ਹਾਂ ਅਤੇ ਆਪ ਹੁਦਰੇਪਨ ਦੀ ਆਦਤ ਨੇ ਪਰਵਾਸੀ ਪੰਜਾਬੀ ਪਰਿਵਾਰਾਂ ਨੂੰ ਤੋੜ ਕੇ ਰੱਖ ਦਿੱਤਾ। ਪਦਾਰਥਕ ਰੁਚੀਆਂ ਅਧੀਨ ਪਰਵਾਸ ਧਾਰਨ ਦੀ ਪ੍ਰਕ੍ਰਿਆ ਵਿਚ ਧੀਆਂ ਨੂੰ ਵਰਤਣ ਦੀ ਪ੍ਰਕ੍ਰਿਆ ਨੇ ਪਵਿੱਤਰ ਰਿਸ਼ਤਿਆਂ ਦੇ ਸੰਕਲਪ ਨੂੰ ਖ਼ਤਮ ਕਰ ਕੇ ਰੱਖ ਦਿੱਤਾ। ਵਧੇਰੇ ਪੈਸਾ ਕਮਾਉਣ ਦੀ ਚਾਹਤ ਵਿਚ ਪਤੀ-ਪਤਨੀ, ਮਾਪੇ, ਭੈਣ-ਭਰਾ ਦੀਆਂ ਮੋਹ ਭਰੀਆਂ ਸਾਂਝਾਂ ਖ਼ਤਮ ਹੋ ਚੁੱਕੀਆਂ ਹਨ। ਹਰ ਵਿਅਕਤੀ ਦੇ ਸਵੈ-ਕੇਂਦਰਿਤ ਹੋਣ ਨਾਲ ਟੁੱਟ ਰਹੇ ਸਮਾਜਕ ਰਿਸ਼ਤਾ-ਨਾਤਾ, ਪਰਿਵਾਰਕ ਸੰਬੰਧਾਂ ਨੂੰ ਉਪਰੋਕਤ ਕਹਾਣੀਆਂ ਯਥਾਰਥਕ ਰੂਪ ਵਿਚ ਚਿਤਰਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**

1. ਡਾ. ਹਰਚੰਦ ਸਿੰਘ ਬੇਦੀ (ਸੰਪਾ.), ਚੱਪਾ **ਕੁ ਸੂਰਜ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013, ਪੰਨਾ 29.
2. ਉਹੀ, ਪੰਨਾ 108.
3. ਉਹੀ, ਪੰਨਾ 193.
4. ਡਾ. ਬਲਵਿੰਦਰ ਕੌਰ ਧੀਰ, "ਵਿਸ਼ਵੀਕਰਨ ਅਤੇ ਪ੍ਰਵਾਸੀ ਪੰਜਾਬੀ ਸਭਿਆਚਾਰ", ਵਿਸ਼ਵੀਕਰਨ **ਅਤੇ ਪੰਜਾਬੀ ਸਾਹਿਤ ਸਭਿਆਚਾਰ** (**ਸੰਪਾ**. ਅਮਰਜੀਤ ਸਿੰਘ ਕਾਂਗ), ਸਾਹਿਤ ਅਕਾਦੇਮੀ, ਦਿੱਲੀ, 2005, ਪੰਨਾ 19.
5. ਹਰਪ੍ਰੀਤ ਸੇਖਾ, "ਪੰਜਾਬੀ ਸੂਟ", ਸਿਰਜਣਾ (**ਅਪ੍ਰੈਲ-ਜੂਨ** 2016), ਪੰਨਾ 19.

**ਸੰਪਰਕ-98761-22316**



# ਪਰਵਾਸੀ ਜੀਵਨ ਅੰਦਰਲੀ ਦੁਵਿਧਾ ਤੇ ਦਵੰਧ ਦੀ ਪੇਸ਼ਕਾਰੀ : ਝੁਮਕੇ / - ਡਾ. ਸੰਤੋਖ ਸਿੰਘ

ਆਰਥਿਕਤਾ ਨਾਲ ਸਬੰਧਤ ਵਰਤਾਰੇ ਮਨੁੱਖ ਦੀਆਂ ਬਹੁਤ ਸਾਰੀਆਂ ਗਤੀਵਿਧੀਆਂ ਨੂੰ ਬਾਹਰਮੁਖੀ ਕਰ ਦਿੰਦੇ ਹਨ। ਪਰ ਮਨੁੱਖ ਅੰਦਰ ਪਏ ਆਦਰਸ਼ ਤੇ ਕਾਮਨਾਵਾਂ ਉਸ ਨਾਲ ਟਕਰਾਉਂਦੇ ਮਨੁੱਖੀ ਮਾਨਸਿਕਤਾ ਦੇ ਬਹੁਤ ਸਾਰੇ ਪਾਸਾਰ ਸਾਹਮਣੇ ਲਿਆਉਂਦੇ ਹਨ। ਆਦਮੀ ਅੰਦਰ ਕਦੇ ਚੰਗਾ ਮਨੁੱਖ ਹੋਣ ਤੇ ਕਦੇ ਵੱਡਾ ਮਨੁੱਖ ਹੋਣ ਦੀ ਲਾਲਸਾ ਦਾ ਯੁੱਧ ਲਗਾਤਾਰ ਚਲਦਾ ਹੈ। ਚੰਗਾ ਤੇ ਵੱਡਾ ਦੋਵੇਂ ਵਿਰੋਧੀ ਜੁੱਟ ਹਨ ਇਕੋ ਸਮੇਂ ਮਨੁੱਖ ਅੰਦਰ ਕਾਰਜਸ਼ੀਲ ਰਹਿੰਦੇ ਹਨ। 'ਚੰਗਾ' ਕਹਾਉਣ ਦਾ ਅਵਚੇਤਨ ਉਸਦੇ ਸਮਾਜਿਕ ਸੁਰੱਖਿਆ ਨਾਲ ਸਬੰਧਤ ਹੈ ਜਦਕਿ 'ਵੱਡਾ' ਕਹਾਉਣਾ ਉਸਦੇ ਹਉਂ ਨਾਲ ਜੁੜਿਆ ਹੈ। ਇਹ ਪ੍ਰਕਿਰਿਆ ਮਨੁੱਖ ਦੇ ਸਾਰੇ




ਦੀ ਹੈ ਤੇ ਇਹ ਪੱਖ
ਹੁੰਦਾ ਹੈ। ਉਸਦੇ
ਤਮਾਨ ਉਸਦੀਆਂ
ਾਰਤ ਕਰਦੀਆਂ ਹਨ। ਇਸ ਦੇ ਨਾਲ ਹੀ ਜਦੋਂ ਵਿਅਕਤੀ
ਦਾ ਹੈ ਤਾਂ ਨਾਇਕਤਵ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਜਦੋਂ
ਂ ਹਨ ਤਾਂ ਉਹ ਨਿਰਬਲ ਕਹਾਉਣ ਲਗਦਾ ਹੈ।
'ਝੁਮਕੇ' ਵਿਚ ਵੀ ਇੱਕ ਕੇਂਦਰੀ ਪਾਤਰ ਅਜਿਹਾ ਹੀ ਸਾਬਤ ਕਰ
ਸਾਰੇ ਮਨੁੱਖ ਹਾਜ਼ਰ ਹੁੰਦੇ ਹਨ ਜਿਹੜੇ ਹਾਲਤ ਬਦਲਕੇ ਵਿਭਿੰਨ
ਹੁੰਦੇ ਹਨ। ਪੰਜਾਬੀ ਪਰਵਾਸੀ ਜੀਵਨ ਵਿਚ ਅਜਿਹੇ ਵਰਤਾਰੇ
ਦੀ ਆਰਥਿਕਤਾ ਹੋਣ 'ਤੇ ਇਕੋ ਜਿਹੀ ਮਾਨਸਿਕਤਾ ਪੈਦਾ ਨਹੀਂ
ਥਕਤਾ ਭਾਵੇਂ ਸਰਮਾਏਦਾਰਾਨਾ ਹੈ ਪਰੰਤੂ ਉਸ ਦਾ ਸਮਾਜਿਕ
ਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਅੰਦਰਲਾ ਸੰਵਾਦ ਥੋੜ੍ਹੇ ਸਮੇਂ ਵਿਚ
ਜਿਸ ਦਾ ਕਾਰਨ ਪੁਰਾਣੀ ਪੀੜ੍ਹੀ ਦਾ ਅਵਚੇਤਨ ਭਾਰੂ ਰਹਿਣ
ਵੀ ਪੀੜ੍ਹੀ ਅਖੌਤੀ ਵਲਗਣਾ ਨੂੰ ਤੋੜਨਾ ਚਾਹੀਦਾ ਹੈ। ਇਸੇ ਤਰ੍ਹਾਂ
ਗਾਰਦੀਆਂ ਨਜ਼ਰ ਆਉਂਦੀਆਂ ਹਨ ਦੂਜੇ ਪਾਸੇ ਗਲੈਮਰ ਯੁੱਗ
ਦੀ ਅੰਧਾ ਧੁੰਦ ਦੀਆਂ ਵੀ ਸ਼ਿਕਾਰ ਹੋਈਆਂ ਨਜ਼ਰ ਆਉਂਦੀਆਂ ਹਨ। ਕਹਾਣੀਆਂ ਵਿਚ ਮਰਦ ਆਪਣੇ ਵਿਅਕਤੀਤਵ ਨੂੰ ਬਹੁ-ਕੋਨੀ ਤੇ ਬਹੁ-ਪਾਸਾਰੀ ਬਣਾ ਰਹੇ ਹਨ ਜਿਸ ਨਾਲ ਅਜੋਕੇ ਮਨੁੱਖ ਦੀ ਖੰਡਿਤ ਮਨੋਦਸ਼ਾ ਵੀ ਦਿਖਾਈ ਦਿੰਦੀ ਹੈ। ਕਹਾਣੀਆਂ ਵਿਚਲੇ ਬਿਰਤਾਂਤ ਦੀ ਪੇਸ਼ਕਾਰੀ ਦਾ

ਮੁੱਖ ਆਧਾਰ ਮਨੋਵਿਸ਼ਲੇਸ਼ਣ ਹੈ ਜਿਹੜਾ ਮਨੁੱਖ ਦੀਆਂ ਮੁਢਲੀਆਂ ਲੋੜਾਂ, ਇਛਾਵਾਂ, ਅਕਾਖਿਆਵਾਂ, ਹੋਣੀ ਤੇ ਦਿਖਾਵਾ, ਭਰਮ ਤੇ ਤਰਕ ਵਿਚ ਸੰਵਾਦ ਸਿਰਜਦਾ ਹੈ। ਇਸ ਦੀ ਮੂਲ ਸੁਰ ਸਵੈ ਕਟਾਕਸ਼ੀ ਹੈ ਜਿਸ ਨਾਲ ਸਵੈ ਤੇ ਪਰ ਵਿਸ਼ਲੇਸ਼ਣ ਸਹਿਜ ਹੀ ਸਾਹਮਣੇ ਆਉਂਦਾ ਹੈ ਤੇ ਇਹ ਵਿਲੱਖਣ ਕਿਸਮ ਦੀ ਕਥਾ ਪ੍ਰਕਿਰਤੀ ਕੁਲਜੀਤ ਮਾਨ ਦੀਆਂ ਕਹਾਣੀਆਂ ਨੂੰ ਵਖਰੇ ਤੌਰ 'ਤੇ ਖੜ੍ਹਾ ਕਰਨ ਵਿਚ ਮੱਦਦ ਕਰਦੀ ਹੈ। ਇਹਨਾਂ ਕਹਾਣੀਆਂ ਵਿਚ ਬਿਰਤਾਂਤ ਨੂੰ ਕੇਵਲ ਸੁਆਦ ਲਈ ਨਹੀਂ ਸਿਰਜਿਆ ਗਿਆ ਸਗੋਂ ਸੂਹਜ ਤੇ ਸਿਆਣਪ ਲਈ ਸਿਰਜਿਆ ਗਿਆ ਹੈ।

ਕਥਾ ਸੰਗ੍ਰਹਿ ਦੀ ਪਹਿਲੀ ਕਹਾਣੀ 'ਡਰਨੇ ਦੀ ਮੌਤ' ਕੇਵਲ ਪ੍ਰਤਿਮਾਨਾਂ ਨੂੰ ਬਚਾਉਣ ਦੀ ਲੋੜ ਨੂੰ ਨਹੀਂ ਪ੍ਰਗਟਾਉਂਦੀ ਸਗੋਂ ਬਦਲਦੀਆਂ ਹਾਲਤਾਂ ਵਿਚ ਮਨੁੱਖ ਨੂੰ ਆਪਣੇ ਵਿਚ ਤਬਦੀਲੀਆਂ ਲਿਆਉਣ ਲਈ ਉਤੇਜਤ ਕਰਦੀ ਹੈ। ਕਹਾਣੀ ਜਿਥੇ ਡਰਨੇ ਨੂੰ ਜੀਵਨ ਵਿਚ ਠਹਿਰਾਓ ਦਾ ਪ੍ਰਤੀਕ ਨੂੰ ਸਾਬਤ ਕਰਦੀ ਹੈ, ਉੱਥੇ ਨਵੀ, ਪੰਮੀ, ਮਨੂ, ਟੂਪੈਕ, ਮਿਰਚੀ ਰਾਹੀਂ ਜੀਵਨ ਦੀ ਵਿਲੱਖਣ ਗਤੀਸ਼ੀਲਤਾ ਦਿਖਾਈ ਦਿੰਦੀ ਹੈ। ਕਹਾਣੀ ਦਾ ਮਨੋਰਥ ਸਮਕਾਲੀ ਵਰਤਾਰਿਆਂ ਨੂੰ ਘੋਖਕੇ ਸੁਚੱਜੇ ਮਨੁੱਖ ਦੀ ਸਥਿਤੀ ਨੂੰ ਤਹਿ ਕਰਨਾ ਹੈ। ਇਸ ਲਈ ਕਹਾਣੀ ਦਾ ਮੈਂ ਪਾਤਰ (ਹਰਦੀਪ) ਵੀ ਆਪਣੇ ਆਪ ਨੂੰ ਸਵੈ ਕਟਾਕਸ਼ ਰਾਹੀਂ ਸਥਿਤੀਆਂ ਨੂੰ ਵਿਸ਼ਲੇਸ਼ਤ ਕਰਦਾ ਹੈ। ਜਿਥੇ ਉਹ ਆਪਣੇ ਅਤੀਤ ਵਿਚ ਪ੍ਰੀਤੋ ਨੂੰ ਯਾਦ ਕਰਦਾ ਹੈ, ਉੱਥੇ ਮਿਰਚੀ ਨਾਲ ਸਬੰਧਾਂ ਨੂੰ ਵੀ ਉਧੇੜੀ ਜਾਂਦਾ ਹੈ। ਨਵੀਂ ਦੀਆਂ ਹਰਕਤਾਂ ਰਾਹੀਂ ਸਥਾਪਤ ਕਰਦਾ ਹੈ ਕਿ ਨਵੀਂ ਪੀੜ੍ਹੀ ਦੀ ਤਾਂਘ ਦਾ ਸਾਰਾ ਕੁਝ ਪ੍ਰਸੰਸਾ ਯੋਗ ਨਹੀਂ ਹੈ ਪਰੰਤੂ ਇਸ ਪੀੜ੍ਹੀ ਨੂੰ ਸਮਝਿਆ ਜਾਣਾ ਚਾਹੀਦਾ ਹੈ। ਨਵੀਂ ਪੀੜ੍ਹੀ ਉਪਰ ਆਪਣੇ ਨਾਇਕ ਥੋਪਣ ਦੀ ਜ਼ਰੂਰਤ ਨਹੀਂ ਸਗੋਂ ਉਹਨਾ ਦੇ ਸਿਰਜੇ ਨਾਇਕ ਦੀਆਂ ਗਤੀਵਿਧੀਆਂ ਨੂੰ ਸਮਝਣ ਦੀ ਲੋੜ ਹੈ ਕਿਉਂਕਿ ਕਨੇਡਾ 'ਚ ਵਸੀ ਨਵੀਂ ਪੀੜ੍ਹੀ ਪੰਜਾਬ ਦੇ ਨਾਇਕਾਂ ਨੂੰ ਸਮਝਣ ਵਿਚ ਅਸਮਰਥ ਹੈ। ਇਸ ਦਾ ਕਾਰਨ ਇਹ ਹੈ ਕਿ ਉਹਨਾਂ ਦੇ ਫਿਊਡਲ ਸਿਸਟਮ ਪੂਰੀ ਤਰ੍ਹਾਂ ਸਮਝ ਹੀ ਨਹੀਂ ਆ ਸਕਦਾ ਜਿਹਨਾਂ ਵਿਚ ਇਹ ਨਾਇਕ ਉਭਰੇ ਹਨ। ਕਹਾਣੀਕਾਰ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਸਨੇ ਟੂਪੈਕ ਦੇ ਇਕ ਪੋਸਟਰ ਨੂੰ ਪਾੜਨ ਦੇ ਬਿਰਤਾਂਤ ਵਿਚੋਂ ਦੋ ਪੀੜੀਆਂ, ਦੋ ਸਭਿਆਚਾਰਾਂ, ਦੋ ਦੇਸ਼ਾਂ ਦੇ ਵਖਰੇਵਿਆਂ ਤੋਂ ਇਲਾਵਾ ਅਤੀਤ ਤੇ ਵਰਤਮਾਨ ਸਬੰਧੀ ਪੁਨਰ ਚਿੰਤਨ, ਜਗੀਰੂ ਤੇ ਸਰਮਾਏਦਾਰਾਨਾ ਚਿੰਤਨ ਦਾ ਭੇੜ, ਫਿਲਾਸਫੀਆਂ ਦਾ ਟਕਰਾਓ ਇਕੋ ਸਮੇਂ ਪੇਸ਼ ਕਰਕੇ ਪਰਵਾਸੀ ਪੰਜਾਬੀ ਕਹਾਣੀ ਵਿਚ ਵਸਤ ਤੇ ਸ਼ਿਲਪ ਪੱਖ ਤੋਂ ਵਾਧਾ ਕੀਤਾ ਹੈ। ਨਾਲ ਖੜ੍ਹੀ ਮਾਨਸਿਕਤਾ 'ਤੇ ਟਕੋਰ ਕਰਕੇ ਇਹ ਸਵਾਲ ਉਭਾਰਿਆ ਹੈ ਕਿ ਆਖਰ ਜੀਵਨ ਦੀ ਹੋਣਾ ਚਾਹੀਦਾ ਹੈ।

ਕਹਾਣੀ 'ਮਹਿਕ ਦਾ ਸਫਰ' ਮਾਨਵ ਦਾ ਮੰਡੀ ਦਾ ਅਵਚੇਤਨ ਲੈ ਕੇ ਜੀਣ ਦੀ ਤਾਂਘ ਨੂੰ ਪ੍ਰਗਟਾਉਂਦੀ ਹੈ। ਕਹਾਣੀ ਦਾ ਪਾਤਰ ਵਰਿੰਦਰ ਜਿਥੇ ਇੱਕ ਪਾਸੇ ਦੇਵੀ ਲੜਕੀ (ਜੀਤੀ ਦੇ ਪਹਿਲੇ ਵਿਆਹ ਤੋਂ ਬੇਟੀ) ਨਾਲ ਮਾਨਵੀ ਮੋਹ ਦਾ ਰਿਸ਼ਤਾ ਰੱਖਦਾ ਹੈ ਉੱਥੇ ਜੀਤੀ (ਪਤਨੀ) ਨਾਲ ਧਨ ਦੀ ਲਾਲਸਾ ਨਾਲ ਸਬੰਧ ਰਖਦਾ ਹੋਇਆ ਨਾਲ ਹੀ ਨੀਲਮ ਨਾਲ ਇਸ਼ਕ ਨੂੰ ਯਾਦ ਕਰਦਾ ਪੰਜਾਬੀ ਸਮਾਜਿਕ ਪ੍ਰਬੰਧ 'ਤੇ ਤਨਜ਼ ਕਸਦਾ ਹੈ ਤੇ ਨਾਲ ਆਪਣੀਆਂ ਇਸ਼ਕੀਆ 'ਖੇਡਾਂ' ਦੀਆਂ ਪਾਤਰਾਵਾਂ ਨੂੰ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਕਹਾਣੀ ਦਾ ਫੋਕਸ ਉਹ ਇਕ ਬਰੀਫ ਕੇਸ ਹੈ ਜਿਸ ਵਿਚ ਪੰਜ ਲੱਖ ਰੁਪਏ ਪਾ ਕੇ ਜੀਤੀ ਨੂੰ ਦਿੱਤੇ ਗਏ ਸਨ। ਪੰਜ ਲੱਖ ਦੀ ਮੁੜ ਪ੍ਰਾਪਤੀ ਵਰਿੰਦਰ ਦਾ ਮੁੱਖ ਮਨੋਰਥ ਬਣਦਾ ਹੈ ਪਰ ਇਸ ਨਾਲ ਉਸ ਅੰਦਰ ਬਹੁਤ ਸਾਰੇ ਹੋਰ ਵਿਕਾਰ ਆਪਣੀ



ਜਗ੍ਹਾ ਬਣਾ ਲੈਂਦੇ ਹਨ। ਜਿਸ ਤੋਂ ਸਾਬਤ ਹੁੰਦਾ ਹੈ ਕਿ ਇਕ ਨਾਕਾਰਾਤਮਕ ਜੀਵਨ ਦਾ ਨਿਸ਼ਾਨਾ ਸਾਰੇ ਜੀਵਨ ਦੀ ਸਾਕਾਰਾਤਮਕਤਾ ਤੇ ਸਾਰਥਿਕਤਾ ਨੂੰ ਖੋਹ ਲੈਂਦਾ ਹੈ। ਕਹਾਣੀ ਦੇ ਅਖੀਰ ਵਿਚ ਜਦੋਂ ਜੀਤੀ ਘਰੋਂ ਬਾਹਰ ਜਾਂਦੀ ਹੈ ਤਾਂ ਇਸ ਚਿੱਠੀ ਦੇ ਰੂਪ ਵਿਚ ਵਰਿੰਦਰ ਦੇ ਸਮੁੱਚੇ ਕਾਰਨਾਮਿਆਂ ਦੀ ਫਿਲਾਸਫੀਕਲ ਪੜਚੋਲ ਕਰਦੀ ਇਹ ਸਾਬਤ ਕਰ ਦਿੰਦੀ ਹੈ ਉਸ ਅੰਦਰ ਮਰਦ ਤਾਂ ਹੋ ਸਕਦਾ ਹੈ ਪਰ ਇਨਸਾਨ ਨਹੀਂ। ਦੂਜੇ ਪਾਸੇ ਮੈਂ ਪਾਤਰ ਪੂਰਨ ਤੌਰ ਤੇ ਖੁਦ ਨੂੰ ਦੋਸ਼ ਤਾਂ ਮੰਨਦਾ ਹੈ ਪਰੰਤੂ ਜੀਤੀ ਸਾਹਮਣੇ ਸਵੀਕਾਰ ਨਹੀਂ ਕਰਦਾ।

ਇਸ ਦੇ ਉਲਟ ਕਹਾਣੀ 'ਝੁਮਕੇ' ਵਿਚ ਇਸਤਰੀ ਪਾਤਰ ਹਰੀ ਆਪਣੀਆਂ ਇਛਾਵਾਂ ਦੀ ਗੁਲਾਮ ਹੋਕੇ ਆਪਣਾ ਪ੍ਰਕਿਰਤ ਜੀਵਨ ਖਰਾਬ ਕਰਦੀ ਹੈ। ਉਹ ਮਨੁੱਖ ਦੀ ਉਸ ਕਾਮਨਾ ਨੂੰ ਪ੍ਰਗਟਾਉਂਦੀ ਹੈ ਕਿ ਜੋ ਕੋਲ ਹੈ ਉਸ ਨੂੰ ਨਾ ਮਾਣਿਆ ਜਾਵੇ ਸਗੋਂ ਜੋ ਨਹੀਂ ਹੈ ਉਸਦਾ ਰੁਦਨ ਕੀਤਾ ਜਾਵੇ। ਆਪਣੇ ਕੋਲ ਨਾ ਕੁਝ ਹੋਣ ਦਾ ਅਹਿਸਾਸ ਤੇ ਕੁਝ ਪਾਉਣ ਦੀ ਇੱਛਾ ਜੀਵਨ ਅੰਦਰ ਤਣਾਓ ਪੈਦਾ ਕਰਦੀ ਹੈ ਜਿਸ ਨਾਲ ਪ੍ਰਵਾਨਿਤ ਰਿਸ਼ਤਿਆਂ ਅੰਦਰ ਵੀ ਤਣਾਓ ਆਉਂਦਾ ਹੈ ਤੇ ਇਹ ਤਣਾਓ ਦੀ ਨਵੀਂ ਲੜੀ ਬਣਾਉਂਦਾ ਹੈ। ਹਰੀ ਵਸਤੂ ਭੋਗ ਵਿਚੋਂ ਆਪਣੀ ਸ਼ਾਂਤੀ ਤਲਾਸ਼ ਕਰਦੀ ਹੈ। ਮੈਂ ਪਾਤਰ ਉਸ ਨੂੰ ਮੁਲਾਂਕਿਤ ਵੀ ਕਰ ਰਿਹਾ ਹੈ ਤੇ ਉਸਦੀ ਦੇਹ ਵਿਚ ਗਲਤਾਨ ਹੋਣ ਦੀ ਕੋਸ਼ਿਸ਼ ਵਿਚ ਵੀ ਹੈ। ਮੈਂ ਪਾਤਰ ਸਮੇਂ ਦੇ ਅੰਤਰਾਲ ਵਿਚ ਕਦੇ ਅੱਗੇ-ਜਾਂਦਾ ਤੇ ਕਦੇ ਪਿੱਛੇ ਜਾਂਦਾ ਸਮੇਂ ਤੇ ਸਥਾਨ ਨਾਲ ਉਭਰਦੀਆਂ ਭਾਵੁਕ ਸਥਿਤੀਆਂ ਨੂੰ ਖੰਘਾਲਦਾ ਹੈ। ਪਰਮਿੰਦਰ ਤੇ ਸੁਨੀਤਾ ਵਰਗੇ ਪਾਤਰਾਂ ਨੂੰ ਸਥਿਤੀਆਂ ਦੇ ਵਾਹਕ ਤੇ ਤੌਰ 'ਤੇ ਵਰਤਕੇ ਮਨੁੱਖੀ ਅਵਚੇਤਨ ਦੀਆਂ ਬਹੁਤ ਸਾਰੀਆਂ ਗੰਢਾਂ ਨੂੰ ਖੋਲ੍ਹਣ ਲਈ ਤਤਪਰ ਹੈ। ਕਹਾਣੀਕਾਰ ਦੀ ਖੂਬਸੂਰਤੀ ਇਹ ਹੈ ਕਿ ਉਹ ਮਨੁੱਖੀ ਚਿੰਤਨ ਦੇ ਅਤੀਤ, ਵਰਤਮਾਨ, ਭਵਿੱਖ, ਇਛਾਵਾਂ, ਲੋੜਾਂ ਤੇ ਮਨੁੱਖੀ ਮਾਨਸਿਕਤਾ ਦੇ ਧੁਰ ਅੰਦਰ ਪ੍ਰਵੇਸ਼ ਕਰਕੇ ਇਸ ਸੰਜੀਦਾ ਪਾਤਰ ਵਿਚੋਂ ਬੋਲਦਾ ਹੈ। ਉਦਾਹਰਨ ਦੇ ਤੌਰ 'ਤੇ

"ਇਹ ਭਟਕਣ ਨਹੀਂ। ਇਹ ਕੋਈ ਇਸ਼ਕ ਉਸ਼ਕ ਨਹੀਂ। ਇਹ ਤੇ ਹਵਸ ਹੈ। ਤੇਰੀ ਆਪਣੀ ਪਾਲੀ ਤੇ ਲਾਡਾਂ ਨਾਲ ਪ੍ਰਵਾਨ ਚੜ੍ਹਾਈ, ਬਚਪਨ ਤੋਂ ਲੈ ਕੇ ਹੁਣ ਤੱਕ ਉੱਕਰੀ ਹੋਈ, ਇਕ ਐਸੀ ਤਮੰਨਾ, ਜਿਸਨੇ ਤੈਨੂੰ ਅੰਨਾ ਕੀਤਾ ਹੋਇਆ ਹੈ। ਦੁਲਹਨ ਬਣਨ ਦਾ ਪਲ, ਤੂੰ ਆਪਣੇ ਹੱਥ ਨਾਲ ਘੁੱਟ ਕੇ ਫੜਿਆ ਹੋਇਆ ਹੈ। ਤੂੰ ਆਪਣੇ ਆਪ ਨੂੰ ਸਜਾ ਕੇ ਬੈਠ ਗਈ। ਤੂੰ ਸਮਝਦੀ ਹੈਂ ਕਿ ਤੇਰੀ ਸਜਾਵਟ ਨੂੰ ਕਿਸੇ ਦੇਖਿਆ ਨਹੀਂ ਮਾਣਿਆ ਨਹੀਂ। ਤੈਨੂੰ ਪਤਾ ਚਰਖੇ ਦੀ ਘੂਕਰ ਅਜੇ ਵੀ ਜ਼ਿੰਦਾ ਹੈ ? ਜੋਗੀ ਸੈੱਲ ਫੋਨਾਂ ਦੇ ਹੁੰਦੇ ਸੁੰਦੇ ਅਜੇ ਵੀ ਪਹਾੜਾਂ ਤੋਂ ਲਹਿੰਦੇ ਹਨ। ਪੌੜੀ ਦੇ ਹਰ ਡੰਡੇ ਦਾ ਹਰ ਇੱਕ ਨਜ਼ਰੀਆ ਹੁੰਦਾ ਹੈ। ਪਰਮਿੰਦਰ ਕਿਸੇ ਉਪਰਲੇ ਡੰਡੇ ਤੇ ਖੜ੍ਹਾ ਆਪਣੇ ਬੱਚਿਆਂ ਦੀ ਖਾਤਰ ਧੰਨ ਇਕੱਠਾ ਕਰਨ ਵਿਚ ਰੁਝਿਆ ਹੋਇਆ ਹੈ।" (ਪੰਨਾ 105)

ਸੋ ਝੁਮਕੇ ਇਕੋ ਸਮੇਂ ਜਿਥੇ ਸਜਾਵਟ ਦਾ ਸਾਧਨ ਬਣ ਰਹੇ ਹਨ ਉਥੇ ਉਹ ਕਾਰਜ ਵਜੋਂ ਉਸ ਲਈ ਰੁਕਾਵਟ ਬਣ ਰਹੇ ਹਨ। ਇਸ ਲਈ ਕਹਾਣੀ ਜੀਵਨ ਦੇ ਅਸਲੀ ਆਦਰਸ਼ਾਂ ਵੱਲ ਪਰਤਣ ਦਾ ਸੰਕੇਤ ਦਿੰਦੀ ਹੈ।

ਭਾਵੇਂ ਸੰਸਾਰ ਵਿਚ ਸਰਮਾਏਦਾਰੀ ਦੇ ਦਖਲ ਨੇ ਆਰਥਿਕ ਤੇ ਰਾਜਨੀਤਿਕ ਗੁਲਾਮੀ ਦੇ ਦ੍ਰਿਸ਼ ਨੂੰ ਧੁੰਧਲਾ ਕੀਤਾ ਹੈ ਪਰੰਤੂ ਇਸਨੇ ਗੁਲਾਮੀ ਦੀਆਂ ਵਿਭਿੰਨ ਕਿਸਮਾਂ ਵੀ ਤਿਆਰ ਕੀਤੀਆਂ ਹਨ। ਨਵੀਂ ਕਿਸਮ ਦੀ ਗੁਲਾਮੀ ਵਿਚ ਬੌਧਿਕਤਾ ਦੀ ਗੁਲਾਮੀ ਵਿਸ਼ੇਸ਼ ਧਿਆਨ

ਖਿੱਚਦੀ ਹੈ ਕਿ ਅੱਜ ਦੇ ਦੌਰ 'ਚ ਜੋ ਵਿਅਕਤੀ ਆਮ ਲੋਕਾਂ ਨਾਲ ਵੱਧ ਬੌਧਿਕ ਸ਼ਕਤੀ ਰਖਦਾ ਹੈ ਉਹ ਆਪਣੇ ਬੌਧਿਕ ਚੁੰਗਲ ਰਾਹੀਂ ਦੂਜੇ ਨੂੰ ਗੁਲਾਮ ਬਣਾ ਰਿਹਾ ਹੈ। ਉਸ ਕੋਲ ਆਪਣੇ ਭਾਵੁਕ ਵਰਤਾਰਿਆਂ ਲਈ ਤਾਂ ਭਾਵੁਕਤਾ ਹੈ ਪਰ ਦੂਜੇ ਦੀ ਭਾਵੁਕਤਾ ਨੂੰ ਤਰਕ ਵਿੱਚੋਂ ਦੇਖ ਰਿਹਾ ਹੈ। ਇਸ ਤਰ੍ਹਾਂ ਭਾਵੁਕ ਮਨੁੱਖ ਬੌਧਿਕ ਮਨੁੱਖ ਅੱਗੇ ਹੀਣਾ ਮਹਿਸੂਸ ਕਰਦਾ ਹੈ ਤੇ ਇਹ ਹੀਣਤਾ ਮਨੁੱਖੀ ਸੁਭਾਅ ਵਿਚ ਸਮਾਵੇਸ਼ ਕਰਕੇ ਮਨੁੱਖੀ ਸਰੀਰ ਨੂੰ (ਭਾਵੇਂ ਉਹ ਮਰਦ ਹੋਵੇ ਜਾਂ ਔਰਤ) ਰਖੇਲ ਵਿਚ ਤਬਦੀਲ ਕਰ ਦਿੰਦੀ ਹੈ। ਇਸ ਤਰ੍ਹਾਂ ਦੀ ਕਹਾਣੀ **'ਰਖੇਲ'** ਹੈ ਜਿਸ ਵਿਚ ਬਾਲਾ ਤੇ ਦੀਪ ਅਜਿਹੇ ਪਾਤਰ ਹਨ ਜਿਹੜੇ ਵਖੋ-ਵਖਰੇ ਦੇਸ਼ਾਂ ਵਿਚ ਆਪਣੇ ਪੱਧਰ ਦੀ ਜ਼ਲਾਲਤ ਭੋਗ ਰਹੇ ਹਨ। ਪਰੰਤੂ ਜਦੋਂ ਉਹ ਇੱਕ ਦੂਜੇ ਦੇ ਸੰਪਰਕ 'ਚ ਆਉਂਦੇ ਹਨ ਤਾਂ ਉਹ ਇਕ ਦੂਜੇ ਦੀ ਸ਼ਕਤੀ ਬਣਨ ਦੀ ਬਜਾਇ ਦੁਨਿਆਵੀ ਪੱਧਰ 'ਤੇ ਇਕ ਦੂਜੇ ਨੂੰ ਆਰਥਿਕ ਤੇ ਦੇਹ ਪੱਧਰ ਤੇ ਭੋਗ ਲੈਣ ਦੀ ਚੇਸ਼ਟਾਂ ਰੱਖਦੇ ਹਨ। ਬਾਲਾ ਤਲਾਕਸ਼ੁਦਾ ਹੋਣ ਦੇ ਬਾਵਜੂਦ ਦੀਪ ਨੂੰ ਪਤੀ ਨਹੀਂ ਬਣਾਉਣਾ ਚਾਹੁੰਦੀ ਜ਼ਿੰਦਗੀ ਨੂੰ ਆਜ਼ਾਦੀ ਵਿਚੋਂ ਦੇਖਣਾ ਚਾਹੁੰਦੀ ਹੈ। ਉਹ ਭਾਵੇਂ ਮਨੁੱਖ ਦੀਆਂ ਖੰਡਿਤ ਸ਼ਕਤੀਆਂ ਨੂੰ ਇਕਾਗਰ ਕਰਨ ਦੀ ਕੋਸ਼ਿਸ਼ ਕਰਦੀ ਅਵਚੇਤਨ ਤੋਂ ਆਜ਼ਾਦੀ ਦਾ ਪ੍ਰਵਚਨ ਬੌਧਿਕ ਪੱਧਰ 'ਤੇ ਸਿਰਜਦੀ ਹੈ ਪਰੰਤੂ ਵਿਹਾਰਕ ਰੂਪ ਵਿਚ ਉਸ ਦੀ ਸਥਿਤੀ ਵਖਰੀ ਹੈ। ਉਹ ਅਤੀਤ ਨਾਲ ਲੜਨਾ ਚਾਹੁੰਦੀ ਹੈ। ਉਹ ਵਿਆਹ ਕਿਸੇ ਹੋਰ ਵਿਅਕਤੀ ਨਾਲ ਕਰਨਾ ਚਾਹੁੰਦੀ ਹੈ ਤੇ ਭੋਗਣਾ ਕਿਸੇ ਹੋਰ ਵਿਅਕਤੀ ਨੂੰ ਚਾਹੁੰਦੀ ਹੈ। ਮੂਲ ਰੂਪ ਵਿਚ ਇਹ ਕਹਾਣੀ ਜੀਵਨ ਅੰਦਰਲੇ ਵਿਰੋਧਾਭਾਸ਼ਾਂ ਨੂੰ ਪ੍ਰਗਟ ਕਰਦੀ ਹੈ ਜਿਹੜੀ ਮਨੁੱਖ ਦੀਆਂ ਲੋੜਾਂ, ਇੱਛਾਵਾਂ ਤੇ ਹਕੀਕਤਾਂ ਨਾਲ ਸੰਵਾਦ ਰਚਾਉਂਦੀ ਮਨੁੱਖ ਅੰਦਰਲੇ ਤਣਾਵਾਂ ਨੂੰ ਸਾਹਮਣੇ ਲਿਆਉਂਦੀ ਹੈ।

ਕਹਾਣੀ **'ਮੋਰ'** ਪਰਵਾਸ ਧਾਰਨ ਕਰ ਗਏ ਪੰਜਾਬੀ ਲੋਕਾਂ ਦੀ ਬਣੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਇਸ ਦਾ ਇਕ ਆਧਾਰ ਕਾਨੇਡੀਅਨ ਕਾਨੂੰਨ ਦੀ ਕਾਰਜੀ ਵਿਧੀ ਦਾ ਕਾਗਜ਼ੀ ਵਿਧੀ ਵਿਚ ਤਬਦੀਲ ਹੋਣਾ ਹੈ। ਸਿਰਫ ਕਾਗਜ਼ਾਂ ਦੇ ਆਧਾਰ 'ਤੇ ਮਨੁੱਖ ਦੀ ਸੁਹਿਰਦਤਾ ਦਾ ਫੈਸਲਾ ਨੁਕਸਾਨਦਾਰ ਸਾਬਤ ਹੋਇਆ ਹੈ। ਕਾਨੂੰਨ ਦੀ ਖੂਬਸੂਰਤੀ ਤੇ ਵਿਹਾਰਕਤਾ ਇਸ ਗੱਲ ਵਿਚ ਹੋਣੀ ਚਾਹੀਦੀ ਹੈ ਕਿ ਇਸ ਦੇ ਨਿਰਮਾਣ ਪਿੱਛੇ ਕਾਰਜਸ਼ੀਲ ਆਦਰਸ਼ ਮਨੁੱਖੀ ਮਾਨਸਿਕਤਾ ਦਾ ਹਿੱਸਾ ਬਣ ਸਕਣ। ਪਰੰਤੂ ਅਜੇ ਤੱਕ ਕਿਸੇ ਵੀ ਦੇਸ਼ ਵਿਚ ਇਹ ਸਫਲ਼ਤਾ ਹਾਸਿਲ ਨਹੀਂ ਹੋਈ ਹੈ। ਇਸ ਵਰਤਾਰੇ ਨੂੰ 'ਚੋਰ' ਕਹਾਣੀ ਸਾਬਤ ਕਰਦੀ ਹੈ ਕਿ ਇੱਕ ਬਾਹਰਲਾ ਬੰਦਾ ਘਰ ਦੇ ਅੰਦਰ ਵੜਕੇ ਕਿਵੇਂ ਉਹਨਾਂ ਪਰਤਾਂ ਨੂੰ ਖੋਲਦਾ ਹੈ ਜਿਹੜੀਆਂ ਬੇਈਮਾਨੀ ਕਾਰਨ ਬਣੀਆਂ ਹੋਈਆਂ ਹਨ। ਲੋਭ ਹਰ ਕਾਨੂੰਨੀ ਜਾਂ ਮਿਲਦੀ ਰਿਆਇਤ ਦਾ ਫਾਇਦਾ ਲੈਣ ਲਈ ਦੂਹਰੇ ਮਾਪਦੰਡ ਅਪਣਾਉਂਦੇ ਹਨ। 'ਚੋਰ' (ਮਲਕੀਤ ਸਿੰਘ ਸੇਰਗਿਲ) ਮਕਾਨ ਮਾਲਕ ਤੇ ਉਸਦੀ ਪਤਨੀ (ਪਾਸ਼ੋ) ਮੂਲ ਰੂਪ ਵਿਚ ਪਰਵਾਸੀ ਪੰਜਾਬੀਆਂ ਦੇ ਵਿਗੜੇ ਹੋਏ ਸਮੁੱਚੇ ਪ੍ਰਬੰਧ ਦੀ ਪ੍ਰਤੀਨਿਧ ਪਾਤਰ ਹਨ। ਇਹ ਪਾਤਰ ਕਨੇਡਾ ਦੇ ਕਾਨੂੰਨੀ ਪ੍ਰਬੰਧ ਨਾਲ ਸੰਵਾਦ ਰਚਾਉਂਦੇ ਹੋਏ ਉਸ ਤੋਂ ਹਾਰਦੇ ਨਜ਼ਰ ਆਉਂਦੇ ਹਨ। ਦੂਸਰਾ ਪਹਿਲੂ ਇਹ ਉਭਰ ਆਉਂਦਾ ਹੈ ਕਿ ਇਹ ਲੋਕ ਪਰਵਾਸ ਧਾਰਨ ਚੰਗੀਆਂ ਤੇ ਤੰਦਰੁਸਤ ਜੀਵਨ ਪੱਧਤੀਆਂ ਅਤੇ ਜੀਵਨ ਸੁਰੱਖਿਆ ਲਈ ਨਹੀਂ ਕਰਦੇ ਸਗੋਂ ਕੇਵਲ ਤੇ ਕੇਵਲ ਧਨ ਕਮਾਉਣ ਲਈ ਕਰਦੇ ਹਨ। ਟੈਕਸ ਚੋਰੀ ਕਰਨਾ ਜਾਂ ਹੋਰ ਅਲਾਮਤਾਂ ਇਸ ਗੱਲ ਦਾ ਸਬੂਤ ਹਨ। ਕਹਾਣੀਕਾਰ ਨੇ ਵਿਅੰਗ ਰਾਹੀਂ ਪੰਜਾਬੀ ਪਰਵਾਸੀ ਜੀਵਨ ਦੀਆਂ ਉਹਨਾਂ ਪਰਤਾਂ ਨੂੰ ਫਰੋਲਿਆ ਹੈ ਜਿਹੜੀਆਂ ਅਜੇ ਤੱਕ ਸਾਹਮਣੇ ਨਹੀਂ ਸਨ ਆਈਆਂ। ਇਹ ਕਹਾਣੀ ਸਾਬਤ ਕਰਦੀ ਹੈ ਕਿ



ਪੰਜਾਬੀਆਂ ਦੇ ਕੁਰਬਾਨੀ ਦੇ ਜ਼ਜ਼ਬੇ ਦੇ ਉਲਟ ਜੀਵਨ ਜੀਣ ਵਾਲੇ ਲੋਕ ਵੀ ਆਪਣੀ ਹੋਂਦ ਰੱਖਦੇ ਹਨ।

ਪਰਵਾਸ ਧਾਰਨ ਕਰ ਗਏ ਪੰਜਾਬੀ ਪਰਿਵਾਰਾਂ ਅੰਦਰਲੇ ਜੀਵਨ ਦਿਨੋ ਦਿਨ ਤਣਾਓਗ੍ਰਸਤ ਹੋਣ ਦੇ ਨਾਲ-ਨਾਲ ਬਹੁਤ ਸਾਰੀਆਂ, ਮਨੋਉਲਝਣਾ, ਗੁੰਝਲਾਂ, ਬੇਤਰਤੀਬੀਆਂ ਆਦਿ ਅਲਾਮਤਾਂ ਵੀ ਜੁੜੀਆਂ ਹਨ ਜਿਹਨਾਂ ਕਾਰਨ ਪੰਜਾਬੀ ਲੋਕ ਵੀ ਪੱਛਮੀ ਲੋਕਾਂ ਵਾਂਗ ਵਿਹਾਰ ਕਰਨ ਲੱਗੇ ਹਨ। ਕਹਾਣੀ 'ਸੱਪ ਤੇ ਨਿਊਲਾ' ਅਜਿਹੀ ਹੀ ਕਹਾਣੀ ਹੈ ਜਿਹੜੀ ਸਮਾਜਿਕ ਸਬੰਧਾਂ ਵਿਚਲੇ ਪਰਿਵਾਰਕ ਸਬੰਧ ਵਿਚ ਕਮਜ਼ੋਰ ਤੇ ਤਾਕਤਵਰ ਧਿਰਾਂ ਦੀ ਸ਼ਨਾਖਤ ਕਰਦੀ ਪੰਜਾਬੀ ਮਾਨਸਿਕਤਾ ਦੀਆਂ ਲੋੜਾਂ ਨੂੰ ਪ੍ਰਗਟਾਉਂਦੀ ਹੈ। ਬਲਦੀਪ ਕੌਰ ਜਿਸ ਦੇ ਘਰ ਵਾਲਿਆਂ ਨੇ ਵਿਦੇਸ਼ ਵਿੱਚ ਵਿਆਹ ਲਈ ਲੜਕੇ ਵਾਲਿਆਂ ਨੂੰ 20 ਲੱਖ ਰੁਪਏ ਦਿੱਤਾ ਹੈ। ਇਹ ਰੁਪਇਆ ਬਲਦੀਪ ਕੌਰ ਦੇ ਅਵਚੇਤਨ ਵਿਚ ਫੈਲਦੇ ਡਰ ਦੇ ਰੂਪ ਵਿਚ ਸੱਪ ਦਾ ਰੂਪ ਧਾਰਨ ਜਾਂਦਾ ਹੈ। ਸੱਪ ਜਿੱਥੇ ਜ਼ਹਿਰੀਲੇ ਤੇ ਰੀਂਗਕੇ ਚੱਲਣ ਵਾਲੇ ਜਾਨਵਰ ਦਾ ਚਿਹਨ ਹੈ ਉਥੇ ਪੂਰੇ ਦਾ ਪੂਰਾ ਪਰਬੰਧ ਬਲਦੀਪ ਦੇ ਦੇਹ ਉਪਰ ਰੀਂਗਦਾ ਮਹਿਸੂਸ ਹੁੰਦਾ ਹੈ। ਇਸ ਵਿਚ ਜੱਗਾ (ਜਗਸੀਰ) ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਰੀਂਗਣਾ ਇਸ ਕਹਾਣੀ ਦਾ ਪੈਰਾਡਾਈਮ ਹੈ। ਕੋਈ ਪਾਤਰ ਅਕਾਨਮੀ ਦੀ ਜ਼ਮੀਨ 'ਤੇ ਰੀਂਗ ਰਿਹਾ ਤੇ ਕੋਈ ਪਾਤਰ ਸਮਾਜਿਕ ਵਿਵਸਥਾ ਦੀ ਜ਼ਮੀਨ ਤੇ। ਕਹਾਣੀ ਦੇ ਅਖੀਰ ਵਿਚ ਸਮਾਜਿਕ ਵਿਵਸਥਾ ਦੀ ਕਮਜ਼ੋਰ ਪਾਤਰ ਨੂੰ ਝੁਕਣਾ ਪੈਂਦਾ ਹੈ ਜਦੋਂ ਉਹ ਆਪਣੇ ਪਤੀ ਨਾਲ ਹੀ ਰਹਿਣਾ ਮੰਨ ਲੈਂਦੀ ਹੈ। ਇਹ ਸਹਿਮਤੀ ਪੂਰਬੀ ਔਰਤ ਦੇ ਪੱਛਮ ਵਿਚ ਵਸੇਬੇ ਵਿਚ ਬਦਲ ਗਈਆਂ ਜਾਂ ਬਦਲ ਰਹੀਆਂ ਸਮਾਜਿਕ ਸਥਿਤੀਆਂ ਤੇ ਵਰਤਾਰਿਆਂ ਦੇ ਪ੍ਰਸ਼ਨਵਾਚੀ ਵਾਕ ਦੀ ਤਰ੍ਹਾਂ ਚੁਭਦੀ ਹੈ। ਕਹਾਣੀ ਦੇ ਅੰਤ 'ਚ ਮਰਦ ਦੀ ਹੋਂਦ ਤੇ ਲੋੜ ਨੂੰ ਸਵੀਕਾਰਨਾ ਕਹਾਣੀ ਦਾ ਅਹਿਮ ਬਿੰਦੂ ਉਭਰਦਾ ਹੈ।

ਅਡਵਾਂਸ ਅਕਾਨਮੀ ਨੇ ਸਮਾਜਿਕ ਸੰਸਥਾਵਾਂ ਦੀ ਕਾਰਜਸ਼ੈਲੀ ਵਿਚ ਵਖਰੇਵਾਂ ਤੇ ਉਹਨਾਂ ਅੰਦਰਲੀ ਸੰਜੀਦਗੀ ਵਿਚ ਕਮੀ ਲਿਆਂਦੀ ਹੈ। ਰਿਸ਼ਤਿਆਂ ਤੋਂ ਛੇਤੀ ਥੱਕਣਾ ਤੇ ਅੱਕਣਾ ਇਸ ਯੁੱਗ ਦਾ ਪਛਾਣ ਚਿੰਨ੍ਹ ਬਣ ਚੁੱਕਿਆ ਹੈ। ਪੁਰਾਣੇ ਤੋਂ ਟੁਟਣਾ ਤੇ ਨਵੇਂ ਨਾਲ ਜੁੜਨਾ ਅਤੇ ਫਿਰ ਉਦਾਸ ਹੋਣਾ ਇਕ ਮਾਨਸਿਕ ਅਭਿਆਸ ਵਜੋਂ ਉੱਭਰ ਰਿਹਾ ਹੈ। ਇਹ ਵਰਤਾਰਾ ਕੇਵਲ ਪੱਛਮੀ ਮੁਲਕਾਂ ਦੇ ਲੋਕਾਂ ਤੇ ਵਿਚ ਹੀ ਨਹੀਂ ਵਾਪਰ ਰਿਹਾ ਸਗੋਂ ਇਸ ਅਭਿਆਸ ਵਿਚ ਉਹ ਲੋਕ ਵੀ ਸ਼ਾਮਲ ਹੋ ਗਏ ਹਨ ਜਿਹਨਾਂ ਨੇ ਪੂਰਬ ਤੋਂ ਪਰਵਾਸ ਕੀਤਾ ਹੈ। ਪੂਰਬ ਦੀ ਅਰਧਾਂਗਨੀ ਨੇ ਪੱਛਮ ਵਿਚ ਜਾ ਕੇ ਪਾਰਟਨਰ ਦਾ ਰੂਪ ਅਖਤਿਆਰ ਕੀਤਾ ਹੈ। ਕਿਸੇ ਦੇ ਅੱਧਾ ਹਿੱਸਾ ਹੋਣ ਤੋਂ ਅੱਧਾ ਹਿੱਸਾ ਮੰਗਣਾ ਇਸ ਦਾ ਬਾਹਰਮੁਖੀ ਪਾਸਾਰ ਹੈ। **'ਪਾਰਟਨਰ'** ਵੀ ਅਜਿਹੀ ਕਹਾਣੀ ਹੈ ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਆਈਆਂ ਜੋੜੀਆਂ ਜਾਰਜ-ਲੂਸੀ, ਹਰਿੰਦਰ-ਭੋਲੀ, ਹਨੀਫ ਤੇ ਉਸਦੀ ਪਤਨੀ, ਆਦਿ ਦੇ ਸਬੰਧਾਂ ਵਿਚਲੇ ਟਕਰਾਵਾਂ ਨੂੰ ਪੇਸ਼ ਕਰਦੀ ਹੈ। ਇਹਨਾਂ ਟੁੱਟ ਰਹੇ ਰਿਸ਼ਤਿਆਂ ਦਾ ਆਧਾਰ ਸ਼ੱਕ ਤੇ ਅਸਹਿਨਸ਼ੀਲਤਾ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਮਨੁੱਖ ਕੋਲ ਦੂਜੇ ਮਨੁੱਖ ਨੂੰ ਸਮਝਣ ਦੇ ਬੌਧਿਕ ਸਾਧਨ ਤਾਂ ਹਨ ਪਰੰਤੂ ਲੰਮੇ ਸਮੇਂ ਦੀ ਕਸੌਟੀ ਤੇ ਪਰਖਣ ਦੀ ਕਮੀ ਹੈ। ਇਸ ਲਈ ਲੋਕ ਬੌਧਿਕਤਾ ਦੇ ਆਧਾਰ 'ਤੇ ਛੇਤੀ ਫੈਸਲੇ ਲੈ ਕੇ ਇਕ ਦੂਜੇ ਤੋਂ ਦੂਰੀ ਬਣਾ ਰਹੇ ਹਨ। ਉਹ ਸਮੁਚੇ ਵਰਤਾਰੇ ਨੂੰ ਸਮਝਣ ਦੀ ਬਜਾਇ ਵਿਅਕਤੀ 'ਤੇ ਕੇਂਦਰਤ ਹੋ ਰਹੇ ਹਨ ਤੇ ਨਵੇਂ ਵਿਅਕਤੀ ਕੋਲੋਂ ਸੁਖ, ਸੁਰੱਖਿਆ ਦੀ ਕਾਮਨਾ ਕਰ ਰਹੇ ਹਨ ਜੋ ਇਕ ਨਵਾਂ ਭਰਮ ਹੈ।

ਅਖੀਰਲੀ ਕਹਾਣੀ '**ਸਕਿਊਰਟੀ ਗਾਰਡ**' ਹੈ ਜਿਹੜੀ ਜੀਵਨ ਦੇ ਨੈਤਿਕ ਮੁੱਲਾਂ ਨੂੰ ਅਣਗੌਲਿਆਂ ਕਰਕੇ ਜੀਉਣ ਦੀ ਕਸ਼ਮਕਸ਼ ਨਾਲ ਜੁੜੀ ਹੈ। ਬਬੂ ਪਾਤਰ ਇਕ ਅਜਿਹੀ ਸਥਿਤੀ ਵਿਚ ਫਸਿਆ ਹੋਇਆ ਹੈ ਜਿਥੇ ਉਹ ਆਪਣੇ ਤੋਂ ਪਹਿਲੀ ਪੀੜੀ ਨਾਲ ਸਹਿਯੋਗ ਨਹੀਂ ਕਰ ਸਕਦੀ ਤੇ ਅਗਲੀ ਪੀੜ੍ਹੀ ਉਸ ਨਾਲ ਸਹਿਮਤ ਨਹੀਂ ਹੈ। ਬਾਪੂ ਤੇ ਦਿਆਲਾ ਇਹਦੇ ਪ੍ਰਤੀਕ ਵਜੋਂ ਉਭਰਦੇ ਹਨ। ਇਸ ਦੁਵਿਧਾ ਦੀ ਸਥਿਤੀ ਵਿਚ ਉਹ ਖੁਦ ਨੂੰ ਸਕਿਊਰਟੀ ਗਾਰਡ ਹੀ ਮੰਨਦਾ ਹੈ। ਉਹ ਸਕਿਊਰਟੀ ਗਾਰਡ ਬਣਕੇ ਰਾਖੀ ਕਿਸਦੀ ਤੇ ਕਿਉਂ ਕਰ ਰਿਹਾ ਹੈ ਸਵਾਲ ਵਾਰੀ-ਵਾਰੀ ਉਭਰਦੇ ਹਨ। ਪੱਛਮ ਵਿਚ ਰਹਿ ਕੇ ਪੂਰਬੀ ਜੀਵਨ ਕਿਰਿਆਵਾਂ ਨੂੰ ਬਚਾਉਣਾ ਉਸਦਾ ਕੇਂਦਰੀ ਫਿਕਰ ਹੈ ਪਰੰਤੂ ਪਰਿਵਾਰ ਦੇ ਦਬਾਓ ਨਾਲ ਪਿਤਾ ਨੂੰ ਘਰੋਂ ਕੱਢ ਦੇਣਾ ਇਸ ਫਿਕਰ ਤੋਂ ਫਿਰ ਜਾਣਾ ਹੈ। ਇਸ ਤਰ੍ਹਾਂ ਉਸਦਾ ਫਿਕਰ ਤੇ ਵਿਹਾਰ ਵਖੋ-ਵਖਰੇ ਤਲਾਂ ਤੋਂ ਵਿਚਰਦਾ ਪੰਜਾਬੀ ਪਰਵਾਸੀ ਮਨੁੱਖ ਦੇ ਦੁਬਿਧਾਗ੍ਰਸਤ ਹੁੰਦਿਆਂ ਬੇਚੈਨ ਜ਼ਿੰਦਗੀ ਜਿਉਣ ਦੇ ਸਬੂਤ ਵਜੋਂ ਦੇਖਿਆ ਜਾ ਸਕਦਾ ਹੈ। ਕਹਾਣੀ ਦੇ ਅਖੀਰ ਵਿਚ ਸਾਰੀਆਂ ਵਲਗਣਾਂ ਤੋਂ ਮੁਕਤ ਹੁੰਦਾ ਇਹ ਸੰਵਾਦ ਸਿਰਜਦਾ ਹੈ ਕਿ ਅਸਲੀ ਜ਼ਿੰਦਗੀ ਦੀ ਤਲਾਸ਼ ਹੀ ਸਾਡਾ ਕਰਮ ਹੋਣਾ ਚਾਹੀਦਾ ਹੈ।

ਸੋ ਸਮੁੱਚੀਆਂ ਕਹਾਣੀਆਂ ਪਰਵਾਸੀ ਜੀਵਨ ਵਿਚ ਫੈਲੀ ਹੋਈ ਅਸ਼ਾਂਤੀ, ਬੇਚੈਨੀ, ਬੇਬਸੀ, ਉਦਾਸੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਜੀਵਨ ਦੇ ਵਿਭਿੰਨ ਸਰੋਕਾਰਾਂ ਤੇ ਪਾਸਾਰਾਂ ਨੂੰ ਉਭਾਰਦੀਆਂ ਹਨ। ਇਹ ਕਹਾਣੀਆਂ ਇਹ ਸੁਆਲ ਵੀ ਖੜੇ ਕਰਦੀਆਂ ਹਨ ਕਿ ਅਕਾਨਮੀ ਦੇ ਵਿਕਾਸ ਨੇ ਮਨੁੱਖ ਅੰਦਰ ਮਨੁੱਖੀ ਮੁੱਲਾਂ ਦਾ ਕਿੰਨਾ ਕੁ ਵਿਕਾਸ ਕੀਤਾ ਹੈ। ਅਕਾਨਮੀ ਦਾ ਵਿਕਾਸ ਮਨੁੱਖੀ ਸਦਭਾਵਨਾਂ ਨੂੰ ਨਾਲ ਲੈ ਕੇ ਕਿਉਂ ਨਹੀਂ ਚਲ ਸਕਦਾ। ਇਸ ਲਈ ਸਾਨੂੰ ਵਿਕਾਸ ਦੀ ਜਾਂ ਤਾਂ ਪਰਿਭਾਸ਼ਾ ਬਦਲਣੀ ਪਵੇਗੀ ਜਾਂ ਮਨੁੱਖੀ ਕਦਰਾਂ ਕੀਮਤਾਂ 'ਤੇ ਦੁਬਾਰਾ ਚਿੰਤਨ ਕਰਨਾ ਹੋਵੇਗਾ।

**ਸੰਪਰਕ**-88725-11179






# 'ਮਨ ਮੌਸਮ ਦੀ ਰੰਗਤ' ਕਹਾਣੀ ਸੰਗ੍ਰਹਿ ਦੇ ਵੱਖ-ਵੱਖ ਸਰੋਕਾਰ

**-ਡਾ. ਗੁਰਪ੍ਰੀਤ ਸਿੰਘ**




ਪੰਜਾਬੀ ਵਿਚ ਪਰਵਾਸੀ ਪੰਜਾਬੀ ਸਾਹਿਤਕਾਰਾਂ ਵਲੋਂ ਲਿਖਿਆ ਜਾ ਰਿਹਾ ਸਾਹਿਤ ਆਪਣੀ ਵੱਖਰੀ ਭੂਮਿਕਾ ਤੇ ਪਛਾਣ ਰੱਖਦਾ ਹੈ ਇਹ ਸਾਹਿਤ ਵੱਖਰੇ-ਵੱਖਰੇ ਭੂਗੋਲਿਕ ਖੰਡ ਦੀਆਂ ਪਰਿਸਥਿਤੀਆਂ ਅੰਦਰ ਆਪਣੀ ਪਛਾਣ ਦੇ ਸੰਕਟਾਂ ਨਾਲ ਜੂਝ ਰਹੇ ਪੰਜਾਬੀ ਮਨੁੱਖ ਦੇ ਚੇਤਨ ਅਤੇ ਅਵਚੇਤਨ ਦੀਆਂ ਇਕ ਤੋਂ ਵਧੇਰੇ ਤੰਦਾਂ ਨੂੰ ਫਰੋਲਦਾ ਤੇ ਝੰਜੋੜਦਾ ਹੈ। ਕਵਿਤਾ, ਕਹਾਣੀ ਤੇ ਨਾਵਲ ਆਦਿ ਸਾਹਿਤਕ ਰੂਪਾਂ ਰਾਹੀਂ ਪਰਵਾਸੀ ਲੇਖਕਾਂ ਨੇ ਪੂਰਬੀ ਤੇ ਪੱਛਮੀ ਸੰਸਕ੍ਰਿਤੀ ਵਿਚੋਂ ਨਵਾਂ ਸੰਸਲੇਸ਼ਣ ਲੱਭਣ, ਸਮਾਜ ਨਾਲ ਸੰਵਾਦ ਰਚਾਉਣ, ਪੱਛਮੀ ਪੂੰਜੀਵਾਦੀ ਪ੍ਰਬੰਧ ਦੇ ਚੰਗੇ ਮਾੜੇ ਪੱਖਾਂ ਨੂੰ ਉਭਾਰਨ, ਪੱਛਮੀ ਸਮਾਜ ਵਿਚ ਔਰਤ ਅਤੇ ਬਜ਼ੁਰਗਾਂ ਦੀ ਤ੍ਰਾਸਦਿਕ ਸਥਿਤੀ, ਪੀੜ੍ਹੀ-ਪਾੜੇ ਦੀਆਂ ਸਮੱਸਿਆਵਾਂ ਆਦਿ ਮਸਲਿਆਂ ਨੂੰ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਰੂਪਮਾਨ ਕੀਤਾ ਹੈ। ਇਸੇ ਸੰਦਰਭ ਹਿਤ ਸਾਹਿਤ ਦੇ ਹੋਰ ਰੂਪਾਂ ਵਾਂਗ ਸਮਕਾਲੀ ਗਲਪ ਜਗਤ ਵਿਚ ਪਰਵਾਸੀ ਪੰਜਾਬੀ ਕਹਾਣੀ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ। 1960 ਦੇ ਕਰੀਬ ਬਰਤਾਨੀਆ ਤੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੋਈ ਪਰਵਾਸੀ ਕਹਾਣੀ ਅਗਲੇ ਦੋ-ਤਿੰਨ ਦਹਾਕਿਆਂ ਵਿਚ ਅਮਰੀਕਾ, ਕਨੇਡਾ ਤੇ ਯੂਰਪ ਦੇ ਕੁਝ ਹੋਰ ਦੇਸ਼ਾਂ ਵਿਚ ਜਲਦੀ ਹੀ ਆਪਣਾ ਵਿਸਥਾਰ ਕਰ ਲੈਂਦੀ ਹੈ ਤੇ ਇੱਕੀਵੀਂ ਸਦੀ ਦੇ ਆਰੰਭ ਤੱਕ ਪਹੁੰਚਦੀ ਹੋਈ ਇਹ (ਪਰਵਾਸੀ ਪੰਜਾਬੀ ਕਹਾਣੀ) ਪੰਜਾਬੀ ਕਹਾਣੀ ਦੇ ਹਾਣ ਦੀ ਹੋ ਨਿਬੜਦੀ ਹੈ।

ਸਮਕਾਲੀ ਸਮੇਂ ਦੌਰਾਨ ਪਰਵਾਸੀ ਪੰਜਾਬੀ ਕਹਾਣੀ, ਪੰਜਾਬੀ ਗਲਪ ਸਾਹਿਤ ਦਾ ਇੱਕ ਵਡਮੁੱਲਾ ਤੇ ਅਨਿਖੜਵਾਂ ਹਿੱਸਾ ਹੈ। ਮਾਨਵੀਂ ਮੁੱਲਾਂ ਪ੍ਰਤਿਮਾਨਾਂ ਦਾ ਜਿਹੜਾ ਸੰਕਟ ਤੇ ਤਣਾਓ ਪਰਵਾਸੀਆਂ ਨੇ ਹੰਢਾਇਆ ਉਸਨੂੰ ਭਾਵੇਂ ਉਹਨਾਂ ਨੇ ਸਾਹਿਤ ਦੀਆਂ ਵੱਖੋ-ਵੱਖ ਵਿਧਾਵਾਂ ਵਿਚ ਕਲਮ ਬੱਧ ਕੀਤਾ ਹੈ ਪਰੰਤੂ ਸਭ ਤੋਂ ਵੱਧ ਪਰਵਾਸ ਦੀਆਂ ਸਮਾਜਿਕ, ਆਰਥਿਕ, ਸੰਸਕ੍ਰਿਤਿਕ ਤੇ ਰਾਜਨੀਤਿਕ ਪਰਸਥਿਤੀਆਂ ਵਿਚ ਆਪਣੀ ਹੋਂਦ ਲਈ ਜੂਝ ਰਹੇ ਮਨੁੱਖ ਦੇ ਨਿਘਾਰ ਤੇ ਤਣਾਓ ਦੇ ਵਿਭਿੰਨ ਪੱਖਾਂ ਨੂੰ ਕਹਾਣੀ ਰਾਹੀਂ ਹੀ ਮੂਰਤੀਮਾਨ ਕੀਤਾ ਹੈ।

ਸਮਕਾਲੀ ਪਰਵਾਸੀ ਕਹਾਣੀ ਜਗਤ ਵਿੱਚ ਮੇਜਰ ਮਾਂਗਟ ਦਾ ਮਹੱਤਵਪੂਰਨ ਸਥਾਨ ਹੈ। ਪਰਵਾਸੀ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਦੀ ਪੇਸ਼ਕਾਰੀ ਲਈ ਉਸ ਕੋਲ ਲੰਮਾ ਅਤੇ ਮੌਲਿਕ ਜੀਵਨ ਅਨੁਭਵ ਹੈ ਜਿਸਦੇ ਆਧਾਰ 'ਤੇ ਉਹ ਪਰਵਾਸੀ ਜੀਵਨ ਯਥਾਰਥ ਨੂੰ ਆਪਣੀਆਂ ਕਹਾਣੀਆਂ ਦਾ ਧੁਰਾ ਬਣਾਉਂਦਾ ਹੈ। ਹੁਣ ਤੱਕ ਉਸਨੇ ਸਾਹਿਤ ਦੀਆਂ ਕਈ ਵਿਧਾਵਾਂ ਵਿਚ ਆਪਣੇ ਅਨੁਭਵ ਨੂੰ ਸਿਰਜਨਾਤਮਕ ਰੂਪ ਦਿੱਤਾ ਹੈ। ਉਸਨੇ ਤਲੀਆਂ ਤੇ ਉਗੇ ਥੋਹਰ (1990) ਕੂੰਜਾਂ ਦੀ ਮੌਤ (1993), ਤ੍ਰਿਸ਼ੰਕੂ (2000), ਪਰੀਆਂ ਦਾ ਦੇਸ਼ (2006), ਮੋਮਬੱਤੀ (2012) ਪੰਜ ਕਹਾਣੀ ਸੰਗ੍ਰਹਿ, ਪਿੰਜਰੇ (2001), ਚੌਰਸਤਾ (2004) ਦੋ ਪੂਰੇ

ਨਾਟਕ, ਦਰਿਆ ਚੋਂ ਦਿਸਦਾ ਚੰਨ (2009) ਇਕ ਕਾਵਿ ਸੰਗ੍ਰਹਿ ਅਤੇ ਸਮੁੰਦਰ ਮੰਥਨ (2013) ਨਾਵਲ ਆਦਿ ਸਾਹਿਤ ਰੂਪਾਂ ਦੀ ਸਿਰਜਨਾ ਕੀਤੀ ਹੈ। ਹੁਣ ਉਸਦਾ ਛੇਵਾਂ ਕਹਾਣੀ ਸੰਗ੍ਰਹਿ 'ਮਨ ਮੌਸਮ ਦੀ ਰੰਗਤ' 2016 ਵਿਚ ਪ੍ਰਕਾਸ਼ਿਤ ਹੋਇਆ ਹੈ ਜੋ ਸਾਡੇ ਹਥਲੇ ਲੇਖ ਦੇ ਅਧਿਐਨ-ਵਿਸ਼ਲੇਸ਼ਣ ਦਾ ਆਧਾਰ ਹੈ।

ਮੇਜਰ ਮਾਂਗਟ ਦੇ ਕਹਾਣੀ ਸੰਗ੍ਰਹਿ '**ਮਨ ਮੌਸਮ ਦੀ ਰੰਗਤ**' ਦਾ ਪਹਿਲਾ ਜਾਂ ਪ੍ਰਮੁੱਖ ਸਰੋਕਾਰ ਪਰਵਾਸੀ ਪੰਜਾਬੀ ਔਰਤ ਦੇ ਅਸਤਿਤਵ ਜਾਂ ਹੋਂਦ ਨਾਲ ਸੰਵਾਦ ਰਚਾਉਂਦਾ ਹੈ। ਮੇਜਰ ਮਾਂਗਟ ਆਪਣੇ ਕਹਾਣੀ ਸੰਗ੍ਰਹਿ ਵਿਚ ਤਿੰਨ ਪੀੜ੍ਹੀਆਂ ਦੀ ਔਰਤ ਦੀ ਸਮਾਜਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਨੂੰ ਰੂਪਮਾਨ ਕਰਦਾ ਹੈ। ਪਹਿਲੀ ਪੀੜ੍ਹੀ ਦੀ ਔਰਤ ਉਹ ਹੈ ਜੋ ਲੰਮਾ ਸਮਾਂ ਪੰਜਾਬ ਵਿਚ ਬਤੀਤ ਕਰ ਚੁੱਕੀ ਹੈ ਪਰੰਤੂ ਵਡੇਰੀ ਉਮਰ ਵਿਚ ਬੱਚਿਆਂ ਦੁਆਰਾ ਸਪੋਂਸਰ ਕਰਨ ਤੇ ਬਾਹਰਲੇ ਮੁਲਕਾਂ ਵਿਚ ਆ ਗਈ ਹੈ। ਪੁੱਤਰਾਂ ਦੁਆਰਾ ਇਹਨਾਂ ਨੂੰ ਆਪਣੇ ਕੋਲ ਰੱਖਣ ਵਿਚ ਆਦਰਭਾਵੀ ਮੋਹ ਘੱਟ ਤੇ ਸੁਆਰਥ ਜ਼ਿਆਦਾ ਹੁੰਦਾ ਹੈ ਜਿਵੇਂ ਛੋਟੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਦੇਖਭਾਲ ਲਈ ਅਕਸਰ ਇਹਨਾਂ ਨੂੰ ਘਰ ਦੀ ਬੇਸਮੈਂਟ ਵਿਚ ਜਗ੍ਹਾ ਦੇ ਦਿੱਤੀ ਜਾਂਦੀ ਹੈ। ਪੱਛਮੀ ਭਾਸ਼ਾ ਦੇ ਅਭਾਵ ਅਤੇ ਉੱਥੋਂ ਦੇ ਸਭਿਆਚਾਰ ਕਾਰਨ ਇਹਦਾ ਸਮਾਜੀਕਰਨ ਨਹੀਂ ਹੁੰਦਾ ਤੇ ਇਹ ਉਥੋਂ ਦੇ ਵਿਵਹਾਰ ਨਾਲ ਸਾਂਝ ਪਾਉਣ ਤੋਂ ਜਲਦੀ ਹੀ ਅਸਮਰੱਥ ਹੋ ਜਾਂਦੀਆਂ ਹਨ। ਇਕੱਲਾਪਣ ਅਤੇ ਉਦਰੇਵਾਂ ਇਹਨਾਂ ਨੂੰ ਪੰਜਾਬ ਵਿਚਲੇ ਆਪਣੇ ਸੁਨਹਿਰੀ ਜੀਵਨ ਵੱਲ ਧੱਕਦਾ ਹੈ। ਪੱਛਮੀ ਮੁਲਕਾਂ ਵਿਚ ਵਿਚਰਨ ਦੇ ਬਾਵਜੂਦ ਵੀ ਇਹ ਪੀੜ੍ਹੀ ਆਪਣੀਆਂ ਪਰੰਪਰਾਗਤ ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜਾਂ ਨੂੰ ਪੁਰਖ ਪ੍ਰਧਾਨ ਸਮਾਜ ਦੀਆਂ ਮਾਨਤਾਵਾਂ ਅਧੀਨ ਹੀ ਸਵੀਕਾਰਦੀਆਂ ਹਨ। ਵਿਆਹ ਤੋਂ ਪਹਿਲਾਂ ਪਿਤਾ, ਵਿਆਹ ਤੋਂ ਬਾਅਦ ਪਤੀ ਤੇ ਉਸਦੀ ਮੌਤ ਤੋਂ ਬਾਅਦ ਪੁੱਤਰ ਦੀ ਅਧੀਨਗੀ ਵਾਲੀ ਮਾਨਸਿਕਤਾ ਵਾਲੀ ਇਹ ਪੀੜ੍ਹੀ ਆਰਥਿਕ ਪੱਖੋਂ ਆਪਣੀ ਨੂੰਹ ਅਤੇ ਪੁੱਤਰ ਉੱਪਰ ਹੀ ਨਿਰਭਰ ਰਹਿੰਦੀ ਹੈ।

ਕਹਾਣੀ ਸੰਗ੍ਰਹਿ ਵਿਚਲੀ ਦੂਜੀ ਪੀੜ੍ਹੀ ਦੀ ਪਰਵਾਸੀ ਔਰਤ ਪੜ੍ਹਨ ਲਿਖਣ ਪੱਖੋਂ ਸਮਰੱਥ ਹੋਣ ਕਾਰਨ ਆਰਥਿਕ ਤੌਰ 'ਤੇ ਪਤੀ ਦਾ ਹੱਥ ਵਟਾਉਣ ਲਈ ਨੌਕਰੀ ਕਰਦੀ ਹੈ। ਨੌਕਰੀ ਦੇ ਨਾਲ-ਨਾਲ ਪਰਿਵਾਰ ਸੰਭਾਲ ਦੀ ਪੂਰਨ ਜ਼ਿੰਮੇਵਾਰੀ ਕਾਰਨ ਇਹ ਕੰਮ ਬੋਝ ਦਾ ਸੰਤਾਪ ਵਧੇਰੇ ਹੰਢਾਉਂਦੀ ਹੈ। ਨੌਕਰੀ ਕਰਨ ਦੇ ਬਾਵਜੂਦ ਵੀ ਇਹ ਪੀੜ੍ਹੀ ਆਰਥਿਕ ਅਤੇ ਮਾਨਸਿਕ ਪੱਖੋਂ ਆਜ਼ਾਦ ਨਹੀਂ। ਇਸ ਪੀੜ੍ਹੀ ਦੀ ਔਰਤ ਨੂੰ ਦਰਪੇਸ਼ ਸਭਿਆਚਾਰਕ ਵਖਰੇਵੇਂ ਅਧੀਨ ਪਲ ਰਹੇ ਬੱਚਿਆਂ ਦੇ ਭਵਿੱਖ ਦੀ ਵੀ ਚਿੰਤਾ ਹੈ ਕਿਉਂਕਿ ਬੱਚਿਆਂ ਦੇ ਸਮੁੱਚੇ ਜੀਵਨ (ਵੱਡੇ ਹੋਣ ਤੱਕ) ਦੀ ਜ਼ਿੰਮੇਵਾਰੀ ਪੁਰਖ ਪ੍ਰਧਾਨ ਸਮਾਜ ਮੁਤਾਬਕ ਨਾਰੀ ਦੀ ਹੀ ਹੈ। ਇਹ ਪੀੜ੍ਹੀ ਦੀ ਔਰਤ ਭਾਵੇਂ ਔਰਤ ਮਰਦ ਦੀ ਬਰਾਬਰੀ ਦੀ ਚਾਹਵਾਨ ਤਾਂ ਹੈ ਪਰੰਤੂ ਆਰਥਿਕ ਪੱਖੋਂ ਆਤਮ ਨਿਰਭਰ ਹੋਣ ਦੇ ਬਾਵਜੂਦ ਵੀ ਇਹ ਪਰੰਪਰਾ ਮੁਖੀ ਮਾਨਸਿਕਤਾ ਅਧੀਨ ਵਿਚਰਦੀ ਹੈ।

ਕਹਾਣੀ ਸੰਗ੍ਰਹਿ ਵਿਚਲੀ ਤੀਜੀ ਪੀੜ੍ਹੀ ਦੀ ਔਰਤ ਬਾਹਰਲੇ ਮੁਲਕਾਂ ਵਿਚ ਜੰਮੀ-ਪਲੀ ਹੋਣ ਕਾਰਨ ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਤੁਰਦੀ ਹੈ। ਸਿੱਖਿਆ ਗ੍ਰਹਿਣ ਕਰਕੇ ਇਹ ਕਾਫੀ ਹੱਦ ਤੱਕ ਪੰਜਾਬੀ ਸਭਿਆਚਾਰ ਤੇ ਭਾਸ਼ਾ ਤੋਂ ਨਿਰਲੇਪ ਹੈ। ਇਸ ਪੀੜ੍ਹੀ ਦਾ ਦੁਖਾਂਤ ਉਦੋਂ ਆਰੰਭ ਹੁੰਦਾ ਹੈ ਜਦੋਂ ਇਹ ਘਰ ਤੋਂ ਸਕੂਲ ਦਾ ਸਫ਼ਰ ਆਰੰਭ ਕਰਦੀ ਹੈ। ਇਸ ਵਖਰੇਵੇਂ ਭਰੇ ਮਾਹੌਲ ਕਾਰਨ ਬੱਚੇ ਦੇ ਸਮਾਜੀਕਰਨ ਦੇ ਦੋ ਮੁਢਲੇ ਏਜੰਟਾਂ ਮਾਪੇ ਅਤੇ ਅਧਿਆਪਕ ਵਿਚਲੀ ਇਕਸਾਰਤਾ ਦੀ ਕੜੀ ਟੁੱਟਦੀ ਹੈ। ਇਹ ਅੰਤਰ ਦਵੰਦ ਉਦੋਂ ਆਪਣੀ ਚਰਮ ਸੀਮਾ 'ਤੇ ਪਹੁੰਚਦਾ ਹੈ ਜਦੋਂ ਇਹ ਪੀੜ੍ਹੀ ਪਰੰਪਰਾਗਤ ਪੰਜਾਬੀ ਪਰਿਵਾਰ ਵਿਚ ਵਿਚਰਦੀ ਹੋਈ ਵਿਕਸਿਤ ਪੱਛਮੀ ਸਮਾਜ ਵਿਚ ਨੌਕਰੀ ਕਰਨ ਲਈ ਨਿਕਲਦੀ ਹੈ। ਪੱਛਮੀ ਨਾਰੀ ਦੇ ਸੰਪਰਕ ਅਧੀਨ ਇਹ ਪੀੜ੍ਹੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਕਾਰਨ ਵਧੇਰੇ ਸੁਤੰਤਰਤਾ ਮਾਣਦੀ ਹੈ ਜਾਂ ਮਾਨਣਾ ਲੋਚਦੀ ਹੈ। ਪੁਰਖ ਪ੍ਰਧਾਨ ਸਮਾਜ ਦੇ ਪਤਨ ਦੀ ਕਾਮਨਾ ਅਧੀਨ ਇਹ ਪੀੜ੍ਹੀ ਮਰਦ ਦੀ ਅਧੀਨਗੀ ਸਵੀਕਾਰਨ ਤੋਂ ਮੁਨਕਰ ਹੈ।



ਕਹਾਣੀ ਸੰਗ੍ਰਹਿ 'ਮਨ ਮੌਸਮ ਦੀ ਰੰਗਤ' ਵਿਚਲੇ ਪਾਤਰ ਤਨੂ (**ਗਰਮ ਹਵਾ ਦਾ ਬੁੱਲਾ**) ਰੇਨੂੰ ਤੇ ਡੈਵੀ (**ਸ਼ਰਖਰੂ**), ਗੁਰਬੀਰ (**ਸੰਦ**) ਰਵੀ (**ਕੀਚਰ ਰੀਚਰ ਕੱਚ**) ਅਤੇ ਸਿਮਰ (**ਮੈਂ ਏ.ਟੀ.ਐਮ.ਨਹੀਂ**) ਉਪਰੋਕਤ ਤਿੰਨੋਂ ਪੀੜ੍ਹੀਆਂ ਦੇ ਇਸਤਰੀ ਪਾਤਰਾਂ ਦੀ ਪ੍ਰਤੀਨਿਧਤਾ ਕਰਦੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਕਹਾਣੀ ਮੈਂ ਏ.ਟੀ.ਐਮ. ਨਹੀਂ ਦੀ ਪਾਤਰ ਸਿਮਰ ਜੋ ਪੰਜਾਬ ਤੋਂ ਕਨੇਡਾ ਵਿਆਹ ਕਰਵਾ ਕੇ ਪਹੁੰਚੀ ਹੈ ਆਪਣੀ ਹੋਣੀ ਸੰਬੰਧੀ ਆਖਦੀ ਹੈ।

ਇਹ ਯੂਨੀਅਨਾਂ ਘਰ 'ਚ ਕਿਉ ਨਹੀਂ ਹੁੰਦੀਆਂ? ਕੀ ਔਰਤ ਦੇ ਹੱਕ ਸਿਰਫ਼ ਅੱਠ ਘੰਟੇ ਹੀ ਹੁੰਦੇ ਨੇ? ਜੋ ਬਾਕੀ ਸਮਾਂ ਉਸਦੇ ਹੱਕਾਂ ਤੇ ਡਾਕਾ ਪੈਂਦਾ ਹੈ। ਉਸ ਬਾਰੇ ਕੋਈ ਕਿਉਂ ਨਹੀਂ ਸੋਚਦਾ? ਸਿਮਰ ਦੀ ਵੱਢੀ ਰੂਹ ਨਹੀਂ ਸੀ ਕਰਦੀ ਕਿ ਅੱਜ ਕੰਮ ਤੇ ਜਾਵੇ ਪਰ ਘਰ ਰਹਿਣਾ ਤਾਂ ਉਸ ਤੋਂ ਵੀ ਵੱਡਾ ਨਰਕ ਸੀ।[1]

ਇਸ ਤਰ੍ਹਾਂ ਸਮਾਜੀ ਬਣਤਰ ਪ੍ਰਤੀ ਤਿੰਨੋਂ ਪੀੜ੍ਹੀਆਂ ਦੀਆਂ ਨਾਰੀਆਂ ਵਿਚ ਵੱਡਾ ਖਲਾਅ ਹੈ ਪਹਿਲੀ ਪੀੜ੍ਹੀ ਜਿਥੇ ਮਰਦ ਦੀ ਅਧੀਨਗੀ ਨੂੰ ਕਬੂਲਦੀ ਹੈ। ਉਥੇ ਦੂਜੀ ਪੀੜ੍ਹੀ ਬਰਾਬਰਤਾ ਦੀ ਧਾਰਨੀ ਬਣਨ ਲਈ ਸੰਘਰਸ਼ਸ਼ੀਲ ਅਵਸਥਾ ਵਿਚ ਵਿਚਰਦੀ ਹੈ ਅਤੇ ਤੀਜੀ ਪੀੜ੍ਹੀ ਦੀ ਨਾਰੀ ਮਰਦ ਪ੍ਰਧਾਨ ਸਮਾਜ ਦੇ ਖਾਤਮੇ ਦੀ ਚਾਹਵਾਨ ਹੈ।

ਮੇਜਰ ਮਾਂਗਟ ਦੇ ਇਸ ਕਹਾਣੀ ਸੰਗ੍ਰਹਿ ਦਾ ਦੂਸਰਾ ਸਰੋਕਾਰ ਸਭਿਆਚਾਰਕ ਤਣਾਓ ਦਾ ਹੈ। ਇਸ ਸਭਿਆਚਾਰਕ ਤਣਾਓ ਦਾ ਸੰਤਾਪ ਮਾਪੇ ਅਤੇ ਬੱਚੇ ਦੋਵੇਂ ਧਿਰਾਂ ਹੰਢਾਉਂਦੀਆਂ ਹਨ। ਬੱਚਿਆਂ ਨੂੰ ਘਰ ਵਿਚ ਆਪਣੇ ਮਾਪਿਆਂ ਦੀ ਸਭਿਆਚਾਰਕ ਸਿਖਲਾਈ ਨੂੰ ਨਿਭਾਉਣਾ ਪੈਂਦਾ ਹੈ ਤੇ ਦੂਜੇ ਪਾਸੇ ਬਾਹਰ ਵਿਚਰਦੇ ਸਮੇਂ ਉਹ ਦੂਸਰੇ ਸਭਿਆਚਾਰ ਦਾ ਪ੍ਰਭਾਵ ਗ੍ਰਹਿਣ ਕਰਦੇ ਹਨ ਪਰੰਤੂ ਸਥਿਤੀ ਦਾ ਦੁਖਾਂਤ ਇਹ ਹੈ ਕਿ ਨਾ ਤਾਂ ਪੂਰੀ ਤਰ੍ਹਾਂ ਪੰਜਾਬੀ ਕਦਰਾਂ ਕੀਮਤਾਂ ਨੂੰ ਧਾਰਨ ਕਰ ਪਾਉਂਦੇ ਹਨ ਤੇ ਨਾ ਹੀ ਮਾਪੇ ਉਹਨਾਂ ਨੂੰ ਪੂਰੀ ਤਰਾਂ ਪੱਛਮੀ ਸਭਿਅਤਾ ਵਿਚ ਰਚਣ ਦਿੰਦੇ ਹਨ। ਇਸ ਸੰਦਰਭ ਵਿਚ ਡਾ. ਸੁਰਿੰਦਰਪਾਲ ਲਿਖਦੇ ਹਨ ਕਿ ਇਕ ਪੀੜ੍ਹੀ ਦੀਆਂ ਕਦਰਾਂ-ਕੀਮਤਾਂ ਦਾ ਪਿਛੋਕੜ ਕਾਫ਼ੀ ਹੱਦ ਤੱਕ ਜਗੀਰੂ ਹੈ ਤੇ ਦੂਜੀ ਪੀੜ੍ਹੀ ਮਸ਼ੀਨੀ ਨਾਗਰਿਕ, ਉਦਯੋਗਿਕ ਪੂੰਜੀਵਾਦੀ ਮਾਹੌਲ ਵਿਚ ਜਨਮੀ ਤੇ ਜਵਾਨ ਹੋ ਕੇ ਪਰਵਾਨ ਚੜ੍ਹੀ ਹੈ। ਇਕ ਦੀਆਂ ਜੜ੍ਹਾਂ ਬੀਤੇ ਵਿਚ ਹਨ ਤੇ ਦੂਜੇ ਦੀਆਂ ਵਰਤਮਾਨ ਵਿਚ। ਇਕ ਸ਼ਰਮ-ਹਯਾ, ਰੱਖ ਰਖਾਵ ਦੀ ਗੱਲ ਕਰਦੀ ਹੈ ਤੇ ਦੂਜੀ ਖੁਲ-ਖੇਲ ਦੀ ਸਮਰਥਕ ਹੈ। ਇਕ ਵਰਜਨਾਮੁਖੀ ਹੈ ਤੇ ਦੂਜੀ ਸੁਤੰਤਰ ਭਾਵੀ। ਇਕ ਪਾਸੇ ਦੰਭ ਤੇ ਦੂਜੇ ਪਾਸੇ ਲਜਹੀਣਤਾ ਦਾ ਭਾਵ ਹੈ।[2]

ਪੁਰਾਣੀ ਪੀੜ੍ਹੀ ਆਪਣੀਆਂ ਵਿਰਾਸਤੀ ਕਦਰਾਂ-ਕੀਮਤਾਂ ਨਾਲ ਜੁੜੀ ਹੋਣ ਕਰਕੇ ਇਹਨਾਂ ਕੀਮਤਾਂ ਨੂੰ ਅਗਲੀ ਪੀੜ੍ਹੀ ਨੂੰ ਸੌਂਪਣ ਦੀ ਚਾਹਵਾਨ ਹੈ। ਪਰ ਨਵੀਂ ਪੀੜ੍ਹੀ ਇਸਨੂੰ ਪਰਵਾਨ ਕਰਨ ਤੋਂ ਮੁਨਕਰ ਹੈ ਕਿਉਂਕਿ ਉਹ ਇਹਨਾਂ ਕਦਰਾਂ-ਕੀਮਤਾਂ ਨੂੰ ਪਿਛਾਹਖਿਚੂ ਸੋਚ ਦਾ ਧਾਰਨੀ ਸਮਝਦੀ ਹੈ। ਇਹ ਨਵੀਂ ਪੀੜ੍ਹੀ ਪੰਜਾਬ ਵਿਚ ਜੰਮੀ ਪਰ ਦੂਜੇ ਦੇਸ਼ ਵਿਚ ਜਵਾਨ ਹੋਈ ਹੈ ਜਾਂ ਦੂਜੇ ਦੇਸ਼ ਵਿਚ ਹੀ ਜੰਮੀ-ਪਲੀ ਤੇ ਜਵਾਨ ਹੋਈ ਹੈ। ਉਸਨੂੰ ਪੰਜਾਬ ਨਾਲ ਕੋਈ ਸਰੋਕਾਰ ਨਹੀਂ ਤੇ ਨਾ ਹੀ ਪੰਜਾਬੀ ਕਦਰਾਂ-ਕੀਮਤਾਂ ਪ੍ਰਤੀ ਕੋਈ ਮੋਹ ਹੈ। ਇਸ ਦੀ ਮਾਤ ਭਾਸ਼ਾ ਅੰਗਰੇਜ਼ੀ ਬਣ ਚੁੱਕੀ ਹੈ ਤੇ ਇਸ ਉਪਰ ਮੁੱਖ ਸਭਿਆਚਾਰ ਦੀ ਪਕੜ ਮਜ਼ਬੂਤ ਹੈ। ਇਹ ਪੰਜਾਬੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਬੇਮੁਖਤਾ ਹੀ ਪ੍ਰਗਟਾਉਂਦੀ ਹੈ ਤੇ ਖੁਦ ਨੂੰ ਹੁਣ ਉਥੋਂ ਦੇ (ਪੱਛਮੀ) ਸ਼ਹਿਰੀ ਤੇ ਪਦਾਰਥਕ ਵਸੀਲਿਆਂ ਦੇ ਜਨਮ ਸਿੱਧ ਅਧਿਕਾਰੀ ਸਮਝਦੀ ਹੈ। ਇਕ ਪਾਸੇ ਇਹਨਾਂ ਦੇ ਮਾਪੇ ਬੱਚਿਆਂ ਦਾ ਵਿਆਹ ਆਪਣੇ ਰਵਾਇਤੀ ਸਭਿਆਚਾਰ ਅਧੀਨ ਕਰਵਾਉਣਾ ਚਾਹੁੰਦੇ ਹਨ ਪਰੰਤੂ ਇਹ ਵਿਵਸਥਿਤ ਵਿਆਹ ਪ੍ਰਬੰਧ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹਨ ਦੂਜਾ ਮਾਪੇ ਆਪਣੇ ਬੱਚਿਆਂ ਦਾ ਵਿਆਹ ਆਪਣੇ ਧਰਮ ਤੇ ਜਾਤ ਵਿਚ ਹੀ ਕਰਨ ਦੇ ਇਛੁੱਕ ਹੁੰਦੇ ਹਨ ਪਰੰਤੂ ਨਵੀਂ ਪੀੜ੍ਹੀ ਇਸ ਪ੍ਰਤੀ

ਬੇਮੁੱਖਤਾ ਪ੍ਰਗਟਾਉਂਦੀ ਅੰਤਰ ਜਾਤੀ ਵਿਆਹ ਵੱਲ ਰੁਚਿਤ ਹੈ। ਬਹੁਤੀ ਵਾਰ ਅਜਿਹੀ ਸਥਿਤੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਹ ਆਪਣੇ ਘਰਾਂ ਨੂੰ ਤਿਆਗ ਕੇ ਅਲੱਗ ਰਹਿਣਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਇਹ ਸਭਿਆਚਾਰਕ ਟਕਰਾਓ ਜਿਥੇ ਰਿਸ਼ਤਿਆਂ ਦੀ ਡੋਰ ਨੂੰ ਕਮਜ਼ੋਰ ਕਰ ਦਿੰਦਾ ਹੈ ਉਥੇ ਪਰਿਵਾਰ ਦੇ ਟੁੱਟਣ ਦਾ ਵੀ ਪ੍ਰਮੁੱਖ ਕਾਰਨ ਬਣਦਾ ਹੈ।ਕਹਾਣੀ ਸੰਗ੍ਰਹਿ **'ਮਨ ਮੌਸਮ ਦੀ ਰੰਗਤ'** ਵਿਚਲੀਆਂ ਕਹਾਣੀਆਂ **'ਚੱਕਰਵਾਤ'** ਅਤੇ **'ਛੁਟਕਾਰਾ'** ਇਸ ਸੰਦਰਭ ਹਿਤ ਰਚੀਆਂ ਗਈਆਂ ਹਨ। ਚੱਕਰਵਾਤ ਕਹਾਣੀ ਦਾ ਪਾਤਰ ਹਰਨਾਮ ਆਪਣੇ ਬੱਚਿਆਂ ਵਲੋਂ ਬੇਮੁੱਖ ਕੀਤਾ ਸੀਨੀਅਰ ਹੋਮ ਦੀ ਜ਼ਿੰਦਗੀ ਨੂੰ ਹੰਢਾਉਣ ਲਈ ਮਜ਼ਬੂਰ ਹੈ ਤੇ ਦੂਜੇ ਪਾਸੇ ਛੁਟਕਾਰਾ ਕਹਾਣੀ ਦਾ ਪਾਤਰ ਜਗੀਰ ਆਪਣੇ ਬੱਚਿਆਂ ਵਲੋਂ ਅਪਣਾਈ ਮੋਹ-ਰਹਿਤ ਖੁਦਮੁਖਤਿਆਰ ਜ਼ਿੰਦਗੀ ਦੇ ਸੰਤਾਪ ਦਾ ਸ਼ਿਕਾਰ ਹੈ।

ਵਰਤਮਾਨ ਜੀਵਨ ਦੀ ਦੌੜ ਭੱਜ ਤੋਂ ਫੁਰਸਤ ਪਾ ਕੇ ਪਰਵਾਸੀ ਪੰਜਾਬੀ ਆਪਣੇ ਅੰਦਰ ਵਸਦੇ ਪੰਜਾਬ ਵਿਚਲਾ ਮੋਹ-ਤਿਹ ਭਾਲਣ ਜਦੋਂ ਵਤਨੀ ਆਉਂਦਾ ਹੈ ਤਾਂ ਅਗੋਂ ਭੁੱਖੇ ਬਾਤ ਪਾਏ ਤਾਂ ਜਵਾਬ ਟੁੱਕ ਹੀ ਮਿਲਦਾ ਵੇਖ ਮਨ ਵਿਚ ਪਲੀਆਂ ਯਾਦਾਂ ਰੋਸੇ ਵਿਚ ਪਰਿਵਰਤਿਤ ਹੋ ਜਾਂਦੀਆਂ ਹਨ ਆਪਣਿਆਂ ਦਾ ਸਵਾਰਥੀ ਵਤੀਰਾ ਜਾਂ ਅਪਣੱਤ  ਵਿਚੋਂ ਆਪਣਾ ਆਪਾ ਮਨਫ਼ੀ ਹੋਇਆ ਦੇਖ ਮਨ ਨੂੰ ਠੇਸ ਪਹੁੰਚਦੀ ਹੈ। ਇਸੇ ਦੁਚਿੱਤੀ ਵਿਚ ਉਹ ਕਈ ਕਦਮ ਅੱਗੇ ਜਾ ਕੇ ਉਨਾਂ ਹੀ ਪਿਛੇ ਹਟਦਾ ਨਜ਼ਰ ਆਉਂਦਾ ਹੈ। ਇਸ ਸੰਦਰਭ ਹਿਤ ਕਹਾਣੀ **'ਹੱਡਾ ਰੋੜੀ'** ਉਪਰੋਕਤ ਕਥਨ ਦੀ ਪੁਸ਼ਟੀ ਕਰਦੀ ਹੋਈ ਸਾਡੇ ਸਾਹਿਤਕ ਜਗਤ ਵਿਚ ਆਈ ਗਿਰਾਵਟ ਦੀ ਉਮਦਾ ਮਿਸਾਲ ਹੈ।  ਕਹਾਣੀ **'ਮਨ ਮੌਸਮ ਦੀ ਰੰਗਤ'** ਮੋਹ ਭੰਗੀ ਪੱਛਮੀ ਸਭਿਆਚਾਰ 'ਤੇ ਤਿੱਖਾਂ ਵਿਅੰਗ ਕਰਦੀ ਹੈ। ਜਿਸ ਵਿਚ ਮਨੁੱਖੀ ਸਾਥ ਦੀ ਲੋਚਾ ਨਾਲੋਂ ਜਾਨਵਰ ਦੀ ਹੋਂਦ ਵੱਧ ਸੁਖਦਾਈ ਪ੍ਰਤੀਤ ਹੁੰਦੀ ਹੈ। ਕਹਾਣੀ **'ਖਿੜਕੀ ਵਿਚ ਲਟਕਦਾ ਚੰਨ'** ਅਤੇ **'ਚੱਕਰਵਾਤ'** ਵਿਚ ਉਸ ਪ੍ਰਸੰਗ ਨੂੰ ਛੂਹਿਆ ਗਿਆ ਹੈ ਜਿਸ ਅਧੀਨ ਅਤਿਵਿਕਸਿਤ ਦੇਸ਼ ਅਮਰੀਕਾ ਆਪਣੀ ਕੁਟਿਲ ਨੀਤੀ ਤਹਿਤ ਪੂਰੇ ਵਿਸ਼ਵ ਨੂੰ ਅਧੀਨਗੀ ਮਨਵਾਉਣ ਦਾ ਦੰਭ ਰਚ ਰਿਹਾ ਹੈ।

ਇਸ ਤਰ੍ਹਾਂ ਮੇਜਰ ਮਾਂਗਟ ਨੇ ਆਪਣੇ ਇਸ ਕਹਾਣੀ ਸੰਗ੍ਰਹਿ 'ਮਨ ਮੌਸਮ ਦੀ ਰੰਗਤ' ਵਿਚ ਉਹਨਾਂ ਸਾਰੇ ਸਰੋਕਾਰਾਂ ਨੂੰ ਪਕੜਿਆ ਜਾਂ ਨਿਭਾਇਆ ਹੈ ਜਿਹਨਾਂ ਤਹਿਤ ਪਰਵਾਸੀ ਲੋਕ ਇਕ ਪਾਸੇ ਆਪਣੇ ਮੂਲ ਭਾਈਚਾਰੇ ਤੋਂ ਅਲਗਾਵ ਦੀ ਸਥਿਤੀ ਅਤੇ ਦੂਜੇ ਪਾਸੇ ਕਾਬਜ਼ ਸੰਸਕ੍ਰਿਤੀ ਦੁਆਰਾ ਨਕਾਰੇ ਜਾਣ ਅਤੇ ਤੀਸਰੇ ਆਪਣੀ ਸੰਤਾਨ ਦੁਆਰਾ ਪੱਛਮੀ ਸੰਸਕ੍ਰਿਤੀ ਦਾ ਅੰਗ ਬਣਨ ਦੀ ਚੇਸ਼ਟਾ ਦਾ ਸਾਹਮਣਾ ਕਰਨ ਦਾ ਸੰਤਾਪ ਭੋਗ ਰਹੇ ਹਨ। ਮੇਜਰ ਮਾਂਗਟ ਨੇ ਇਸ ਸੰਗ੍ਰਹਿ ਦੀਆਂ ਆਪਣੀਆਂ ਕਹਾਣੀਆਂ ਦੇ ਸਧਾਰਨ ਬਿਰਤਾਂਤ ਨੂੰ ਸਿੱਧੇ ਰੂਪ ਤੋਰਨ ਦੀ ਬਜਾਇ ਵਰਤਮਾਨ ਤੋਂ ਸ਼ੁਰੂ ਕਰਕੇ ਭੂਤਕਾਲ ਦੀਆਂ ਯਾਦਾਂ ਵੱਲ ਤੋਰਿਆ ਹੈ। ਮਾਂਗਟ ਕਹਾਣੀ ਦੇ ਵੱਖ-ਵੱਖ ਪੜਾਅ ਨਿਸ਼ਚਿਤ ਕਰਦਾ ਪਹਿਲੇ ਪੜਾਅ ਤੇ ਪਾਤਰਾਂ ਦੀ ਵਿਸ਼ੇਸ਼ਤਾ ਦੂਜਾ ਉਹਨਾਂ ਦੇ ਵਰਤਮਾਨ ਵਿਵਹਾਰ ਦਾ ਕਾਰਜ ਅਤੇ ਤੀਜਾ ਉਹਨਾਂ ਦੇ ਜੀਵਨ ਦੇ ਠਹਿਰਾਅ ਨੂੰ ਚਿਤਰਦਾ ਹੈ। ਉਹ ਪਾਤਰਾਂ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਅਤੇ ਸਮੇਂ ਵਿਚ ਅਸੰਤੁਲਨ ਪੈਦਾ ਕਰਕੇ ਆਪਣੀਆਂ ਜਿਆਦਾਤਰ ਕਹਾਣੀਆਂ ਵਿਚ ਸਮੇਂ ਦੀ ਗਤੀ ਨੂੰ ਕਥਾਨਕ ਦਾ ਹਿੱਸਾ ਬਣਾਉਣ ਦੀ ਬਜਾਇ ਉਸਨੂੰ ਤੇਜ਼ੀ ਨਾਲ ਘੁੰਮਾਉਂਦਾ ਹੈ। ਸਮੁੱਚੇ ਰੂਪ ਵਿਚ ਮੇਜਰ ਮਾਂਗਟ ਦੇ ਕਹਾਣੀ ਸੰਗ੍ਰਹਿ 'ਮਨ ਮੌਸਮ ਦੀ ਰੰਗਤ' ਵਿਚਲੀਆਂ ਕਹਾਣੀਆਂ ਵਸਤੂ ਵਿਧੀ ਅਤੇ ਦ੍ਰਿਸ਼ਟੀ ਪੱਖੋਂ ਨਵੇਂ ਪਾਸਾਰਾਂ ਨੂੰ ਪਕੜਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ** **ਸੰਪਰਕ**-98151-99274

1) ਮੇਜਰ ਮਾਂਗਟ, ਮਨ ਮੌਸਮ ਦੀ ਰੰਗਤ, ਪੰਨਾ-117
2) ਡਾ. ਸੁਰਿੰਦਰਪਾਲ ਸਿੰਘ (ਸੰਪਾ.), ਪਰਵਾਸੀ ਪੰਜਾਬੀ ਸਾਹਿਤ, ਪੰਨਾ-6



**ਮੁਲਾਕਾਤ**

# 'ਮੈਂ ਸਨਮਾਨਾਂ ਦੀ ਜੁਗਾੜਬੰਦੀ ਤੋਂ ਦੂਰ ਰਹਿਣਾ ਚਾਹੁੰਦਾ'-ਪਾਲ ਢਿੱਲੋਂ

**ਮੁਲਾਕਾਤ-ਭਗਵੰਤ ਰਸੂਲਪੁਰੀ**



**? ਸਭ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਜਾਣਕਾਰੀ ਦਿਓ।**

-ਮੇਰਾ ਜਨਮ ਪਿੰਡ 'ਚੱਕ ਬਿਲਗਾ' ਮੇਰਾ ਨਾਨਕਾ ਪਿੰਡ ਜੋ ਅੱਜ ਕੱਲ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਹੈ ਵਿਚ ਹੋਇਆ। ਮੇਰਾ ਆਪਣਾ ਪਿੰਡ ਗੁਰਾਇਆ ਜਲੰਧਰ ਜ਼ਿਲ੍ਹੇ ਵਿਚ ਹੈ। ਮੇਰੇ ਪਿਤਾ ਦਾ ਨਾਂ ਸਵਰਗੀ ਸ. ਕਰਨੈਲ ਸਿੰਘ ਢਿੱਲੋਂ ਤੇ ਮਾਤਾ ਦਾ ਨਾਂ ਰੇਸ਼ਮ ਕੌਰ ਢਿੱਲੋਂ ਹੈ।

**? ਪੜ੍ਹਾਈ ਦੌਰਾਨ ਤੁਹਾਡੀਆਂ ਰੁਚੀਆਂ ਕਿਸ ਤਰ੍ਹਾਂ ਦੀਆਂ ਰਹੀਆਂ।**

-ਕਾਲਜ ਦੇ ਸਮੇਂ ਦੌਰਾਨ ਕਵਿਤਾ ਲਿਖਣ ਦਾ ਸ਼ੌਕ ਸੀ ਤੇ ਨਾਲ ਨਾਲ ਅਥਲੈਟਿਕਸ ਦਾ ਵੀ ਸ਼ੌਕ ਸੀ ਮੈਂ ਲੰਬੀ ਦੌੜ ਦਾ ਖਿਡਾਰੀ ਸੀ। ਮੈਟ੍ਰਿਕ ਸਰਕਾਰੀ ਸਕੂਲ ਗੁਰਾਇਆ ਤੋਂ ਕੀਤੀ ਉਸ ਤੋਂ ਬਾਅਦ ਬੀ. ਏ. ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਕਰਨ ਉਪਰੰਤ ਇਕ ਖਿਡਾਰੀ ਹੋਣ ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ ਐੱਡ ਕਰਨ ਤੋਂ ਬਾਅਦ ਐਮ. ਐਡ ਵੀ ਪੰਜਾਬ ਯੂਨੀਵਰਸਿਟੀ ਤੋਂ 1980 ਵਿਚ ਕੀਤੀ।

**? ਸਾਹਿਤ ਵਲ ਜੁੜਨ ਦਾ ਰੁਝਾਨ ਕਿਵੇਂ ਹੋਇਆ? ਉਹ ਕਿਹੜੇ ਪਲ ਸਨ ਜਦੋਂ ਤੁਹਾਨੂੰ ਮਹਿਸੂਸ ਹੋਇਆ ਕਿ ਮੇਰੇ ਅੰਦਰ ਕਵਿਤਾ ਪੈਦਾ ਹੋਣ ਲੱਗੀ ਹੈ।**

-ਮੈਂ ਕਨੇਡਾ 1981 ਜਨਵਰੀ ਵਿਚ ਆਇਆ। ਏਥੇ ਆ ਕੇ ਸਾਰੇ ਪ੍ਰਵਾਸੀਆਂ ਦੀ ਤਰ੍ਹਾਂ ਕਾਫੀ ਮੁਸ਼ੱਕਤ ਕਰਨੀ ਪਈ ਲਿਖਣ ਜਾਂ ਪੜ੍ਹਨ ਦਾ ਟਾਈਮ ਹੀ ਨਹੀਂ ਸੀ ਮਿਲਦਾ। ਤਕਰੀਬਨ 10-12 ਸਾਲ ਬਾਅਦ ਕੁਝ ਸੌਖ ਮਹਿਸੂਸ ਕੀਤੀ ਤੇ ਕੁਝ ਪੜ੍ਹਨ ਲਿਖਣ ਲਈ ਟਾਈਮ ਵੀ ਮਿਲਣ ਲੱਗਾ ਤੇ ਸੋਚਾਂ ਵਿਚ ਕੁਝ ਖਿਆਲ ਉਭਰਨ ਲੱਗੇ ਤੇ ਕਾਗਜ਼ ਤੇ ਕਲਮ ਦੀ ਜ਼ਰੂਰਤ ਮਹਿਸੂਸ ਹੋਣ ਲੱਗੀ। ਖਿਆਲ ਨੂੰ ਕਾਗਜ਼ ਤੇ ਚਿਤਰਨ ਦਾ ਸ਼ੌਕ ਪੈਦਾ ਹੋਇਆ ਬਸ ਏਹੋ ਹੀ ਸ਼ੁਰੂਆਤ ਸੀ। ਜਦੋਂ ਮੇਰੇ ਅੰਦਰੋਂ ਕੁੱਝ ਕਵਿਤਾ ਵਰਗਾ ਵਹਿ ਤੁਰਿਆ।

**? ਕੀ ਕਾਰਨ ਸੀ ਕਿ ਤੁਸੀਂ ਗੀਤ ਲਿਖਣ ਨੂੰ ਹੀ ਪਹਿਲ ਦਿੱਤੀ।**

- ਜ਼ਿਆਦਾ ਤਰ ਕਵੀਆਂ ਤੇ ਗ਼ਜ਼ਲਗੋਆਂ ਦੀ ਤਰ੍ਹਾਂ ਮੇਰੀ ਵੀ ਸ਼ੁਰੂਆਤ ਗੀਤ ਲਿਖਣ ਤੋਂ ਹੋਈ। ਗੀਤ ਲਿਖਣਾ ਸੌਖਾ ਹੈ ਇਸ ਵਿਚ ਕੋਈ ਬੰਧਸ਼ ਨਹੀਂ ਸਿਰਫ਼ ਤੁਕਬੰਦੀ ਹੀ ਕਰਨੀ ਹੁੰਦੀ ਹੈ ਤੇ ਸਧਾਰਨ ਜਿਹੇ ਖਿਆਲਾਂ ਨੂੰ ਤਵੱਜੋ ਦੇਣੀ ਹੁੰਦੀ ਹੈ ਤੇ ਗੀਤ ਬਣ ਜਾਂਦਾ ਹੈ।

**? ਆਪਣੀ ਪਹਿਲੀ ਕਿਤਾਬ 'ਉਡਦੀਆਂ ਫੁਲਕਾਰੀਆਂ' ਜੋ 1998 ਵਿਚ ਛਪੀ ਸੀ ਦੀ ਵਿਉਂਤਬੰਦੀ**

**ਬਾਰੇ ਦੱਸੋ।**

–ਕਾਫੀ ਗੀਤ ਲਿਖਣ ਤੋਂ ਬਾਅਦ ਖਿਆਲ ਆਇਆ ਕੇ ਕਿਉਂ ਨਾ ਗੀਤਾਂ ਦੀ ਕਿਤਾਬ ਛਪਵਾਈ ਜਾਵੇ। ਮੈਂ ਡਾ. ਜਗਤਾਰ ਜੀ ਜਿਨ੍ਹਾਂ ਦਾ ਗ਼ਜ਼ਲ ਦੇ ਖੇਤਰ ਵਿਚ ਬਹੁਤ ਉੱਚਾ ਸਥਾਨ ਹੈ ਉਹ ਮੇਰੇ ਸਕੂਲ ਪੰਜਾਬੀ ਦੇ ਅਧਿਆਪਕ ਵੀ ਸਨ ਜੋ ਸਰਕਾਰੀ ਸਕੂਲ ਗੁਰਾਇਆ ਵਿਚ ਪੜ੍ਹਾਉਂਦੇ ਰਹੇ ਸਨ। ਉਨ੍ਹਾਂ ਨਾਲ ਸੰਪਰਕ ਕੀਤਾ ਤੇ ਆਪਣੇ ਲਿਖਣ ਦੇ ਸ਼ੌਕ ਬਾਰੇ ਦੱਸਿਆ। ਉਨ੍ਹਾਂ ਦੇ ਕਹਿਣ ਤੇ 1998 ਵਿਚ ਕੁਝ ਗੀਤ ਭੇਜੇ ਤੇ ਕਿਤਾਬ ਛਪਵਾਉਣ ਬਾਰੇ ਵਿਚਾਰ ਕਰਨ ਤੋਂ ਬਾਅਦ 'ਉਡਦੀਆਂ ਫੁਲਕਾਰੀਆਂ' ਨਾਂ ਦੀ ਗੀਤਾਂ ਦੀ ਕਿਤਾਬ ਛਪਵਾਈ।

**? ਉਨ੍ਹਾਂ ਗੀਤਾਂ ਦੇ ਵਿਸ਼ੇ ਕਿਹੋ ਜਿਹੇ ਸਨ?**

–ਇਸ ਕਿਤਾਬ ਵਿਚਲੇ ਗੀਤਾਂ ਦੇ ਵਿਸ਼ੇ ਆਮ ਕਰਕੇ ਰੁਮਾਂਟਿਕ ਸਮਾਜਿਕ ਤੇ ਕੁਝ ਸਭਿਆਚਾਰਕ ਸਨ।

**? ਫਿਰ ਗੀਤਾਂ ਤੋਂ ਗ਼ਜ਼ਲ ਵੱਲ ਝੁਕਾਅ ਕਿਵੇਂ ਹੋਇਆ?**

– ਹਰਿਕ ਗੀਤਕਾਰ ਦਾ ਮਕਸਦ ਹੀ ਇਹੋ ਹੁੰਦਾ ਹੈ ਕਿ ਉਸ ਦੇ ਲਿਖੇ ਗੀਤ ਨੂੰ ਕੋਈ ਗਾਇਕ ਆਪਣੀ ਆਵਾਜ਼ ਦੇਵੇ ਪਰ ਇਹ ਹੋ ਨਹੀਂ ਸਕਿਆ। ਇਹ ਵੀ ਇਕ ਲੰਬੀ ਕਹਾਣੀ ਹੈ ਤੇ ਫਿਰ ਸੋਚਿਆ ਛੱਡ ਯਾਰ! ਇਹ ਵੀ ਕਿਹੜਾ ਕੰਮ ਹੈ ਨਾਲੇ ਲਿਖੋ ਨਾਲੇ ਗੀਤ ਗਵਾਉਣ ਦੇ ਲਈ ਮਿਨਤਾਂ ਕਰੋ ਨਾਲੇ ਕੋਲੋਂ ਪੈਸੇ ਦੇਵੋ। ਇਹ ਸੌਦਾ ਮੰਨਜ਼ੂਰ ਨਾ ਹੋਇਆ ਤੇ ਗੀਤਾਂ ਦਾ ਖਿਆਲ ਛੱਡ ਕੇ ਗ਼ਜ਼ਲ ਲਿਖਣ ਦਾ ਮਨ ਬਣਾਇਆ।

**? ਗ਼ਜ਼ਲ ਇਕ ਤਕਨੀਕੀ ਵਿਧਾ ਹੈ। ਇਸ ਨੂੰ ਲਿਖਣ ਲਈ ਕੋਈ ਉਸਤਾਦ ਵੀ ਧਾਰਿਆ?**

–ਕਈ ਸ਼ਾਇਰ ਹੋਣਗੇ ਇਲਮ ਨਹੀਂ ਜਿਨ੍ਹਾਂ ਨੇ ਗ਼ਜ਼ਲ ਕਹਿਣ ਵਿਚ ਉਸਤਾਦ ਨਾ ਧਾਰਿਆ ਹੋਵੇ ਪਰ ਮੈਨੂੰ ਉਸਤਾਦ ਦੀ ਜ਼ਰੂਰਤ ਮਹਿਸੂਸ ਜ਼ਰੂਰ ਹੋਈ ਤੇ ਮੈਂ ਡਾ. ਜਗਤਾਰ ਜੀ ਨਾਲ ਸੰਪਰਕ ਕੀਤਾ ਤੇ ਗ਼ਜ਼ਲ ਵਿਚ ਅਸਲਾਹ ਲੈਣ ਵਾਸਤੇ ਆਖਿਆ ਪਰ ਸਾਡੇ ਵਿਚਾਲੇ ਦੇਸ਼ਾਂ ਦੀ ਦੂਰੀ ਹੋਣ ਕਾਰਣ ਉਹਨਾਂ ਨੇ ਮੈਨੂੰ ਕਨੇਡਾ ਵਿਚ ਰਹਿੰਦੇ 'ਨਦੀਮ ਪਰਮਾਰ ਜੀ ਜਿਨ੍ਹਾਂ ਦਾ ਉਰਦੂ ਤੇ ਪੰਜਾਬੀ ਦੀ ਗ਼ਜ਼ਲ ਵਿਚ ਆਪਣਾ ਇਕ ਨਾਮ ਹੈ ਨਾਲ ਮੈਨੂੰ ਸੰਪਰਕ ਕਰਨ ਲਈ ਤੇ ਗ਼ਜ਼ਲ ਦੇ ਮੁਢਲੇ ਅਸੂਲਾਂ ਦੀ ਜਾਣਕਾਰੀ ਲੈਣ ਲਈ ਆਖਿਆ ਤੇ ਮੈਂ ਨਦੀਮ ਪਰਮਾਰ ਜੀ ਤੋਂ ਹੀ ਗ਼ਜ਼ਲ ਕਹਿਣ ਦੀ ਵਿਧੀ ਵਿਧਾਨ ਤੇ ਅਰੂਜ਼ ਦੀ ਜਾਣਕਾਰੀ ਲਈ। ਉਹ ਹੀ ਮੇਰੀ ਗ਼ਜ਼ਲ ਕਿਰਿਆ ਦੇ ਉਸਤਾਦ ਹਨ।

**? ਗ਼ਜ਼ਲ ਲਿਖਦਿਆਂ ਤੁਸੀਂ ਤਕਨੀਕੀ ਪੱਖ ਨੂੰ ਅਹਿਮ ਮੰਨਦੇ ਹੋ ਜਾਂ ਖਿਆਲ+ਵਿਚਾਰਾਂ ਨੂੰ ਅਹਿਮ ਮੰਨਦੇ ਹੋ। ਇਨ੍ਹਾਂ ਨੁਕਤਿਆ ਨੂੰ ਲੈ ਕੇ ਤੁਸੀਂ ਕਿੰਨੀ ਕੁ ਖੁੱਲ੍ਹ ਲੈਂਦੇ ਹੋ ਜਾਂ ਬੰਧਸ ਵਿਚ ਯਕੀਨ ਰੱਖਦੇ ਹੋ।**

–ਗ਼ਜ਼ਲ ਲਿਖਣ ਲਈ ਤਕਨੀਕ, ਖਿਆਲ, ਕਾਫ਼ੀਆ, ਰਦੀਫ਼ ਤੇ ਬਹਿਰ ਨਾਲ ਪੂਰਾ ਪੂਰਾ ਨਿਭਣਾ ਪੈਂਦਾ ਹੈ ਤੇ ਖਿਆਲ ਵੀ ਪਕੇਰੇ ਹੋਣੇ ਚਾਹੀਦੇ ਹਨ। ਨਵੇਂ ਖਿਆਲਾਂ ਦੀ ਭਾਲ ਕਰਨੀ ਪੈਂਦੀ ਹੈ। ਜਿੱਥੇ ਤੱਕ ਖੁੱਲ੍ਹ ਲੈਣ ਦਾ ਸਵਾਲ ਹੈ ਇਹ ਮੇਰੀ ਗ਼ਜ਼ਲ ਵਿਚ ਨਹੀਂ ਹੈ। ਮੈਂ ਗ਼ਜ਼ਲ ਵਿਚ ਖੁੱਲ੍ਹ ਲੈਣ ਵਿਚ ਯਕੀਨ ਨਹੀਂ ਰੱਖਦਾ। ਮੈਂ ਗ਼ਜ਼ਲ ਦੀ ਬਹਿਰ ਨਾਲ ਪੂਰੀ ਤਰ੍ਹਾਂ ਨਿਭਣ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਜਾਣ ਬੁੱਝ ਕੇ ਕਦੇ ਕੋਈ ਖੁੱਲ੍ਹ ਨਹੀਂ ਲਈ। ਜੇਕਰ ਕਿਤੇ ਲੱਗੇ ਕੋਈ ਖੁੱਲ੍ਹ ਲਈ ਹੈ ਇਹ ਅਨਜਾਣੇ ਵਿਚ ਹੀ ਹੋਵੇਗਾ।



**? ਪੰਜਾਬ 'ਚ ਅਨੇਕਾਂ ਪ੍ਰੰਪਰਕ ਗ਼ਜ਼ਲ ਸਕੂਲ ਹਨ ਜੋ ਪੂਰੀ ਬੰਧਸ਼ 'ਚ ਫਾਰਮੂਲਾ ਗ਼ਜ਼ਲ ਲਿਖਣ ਨੂੰ ਜ਼ਰੂਰੀ ਮੰਨਦੇ ਹਨ। ਇਨ੍ਹਾਂ ਗ਼ਜ਼ਲ ਸਕੂਲ ਦੇ ਜਾਨਸ਼ੀਨ ਉਸਤਾਦ ਲੋਕ ਗ਼ਜ਼ਲ ਲਿਖਣ ਦੀ ਟਰੇਨਿੰਗ ਦਿੰਦੇ ਹਨ, ਉਨ੍ਹਾਂ ਦੀਆਂ ਗ਼ਜ਼ਲਾਂ ਠੀਕ ਕਰਦੇ ਹਨ। ਪਰ ਇਨ੍ਹਾਂ ਗ਼ਜ਼ਲ ਸਕੂਲਾਂ ਚੋਂ ਨਿਕਲੇ ਗ਼ਜ਼ਲਗੋ ਪੰਜਾਬੀ ਗ਼ਜ਼ਲ ਵਿਚ ਵੱਡੇ ਨਾਂ ਨਹੀਂ ਬਣ ਸਕੇ। ਇਸ ਮੁੱਦੇ ਨੂੰ ਤੁਸੀਂ ਕਿਸ ਤਰ੍ਹਾਂ ਲੈਂਦੇ ਹੋ।**

– ਗ਼ਜ਼ਲ ਸਕੂਲ ਬਾਰੇ ਜੋ ਮੇਰਾ ਵਿਚਾਰ ਹੈ ਇਹ ਇਕ ਬਹੁਤ ਵਧੀਆ ਉਦਮ ਹੈ। ਗ਼ਜ਼ਲ ਦੀ ਵਿਧੀ, ਵਿਧਾਨ, ਤਕਨੀਕ, ਅਰੂਜ਼ ਦੀ ਜਾਣਕਾਰੀ ਲੈਣ ਵਾਸਤੇ ਇਹ ਇਕ ਬਹੁਤ ਵਧੀਆ ਮੰਚ ਹੈ। ਮੈਂ ਤਾਂ ਕਿਸੇ ਸਕੂਲ ਦਾ ਵਿਦਿਆਰਥੀ ਰਿਹਾ ਨਹੀਂ। ਹਾਂ ਸੁਣਿਆ ਹੈ ਕਿ ਜਨਾਬ ਸਾਧੂ ਸਿੰਘ ਹਮਦਰਦ, ਜਨਾਬ ਪ੍ਰਿ. ਤਖਤ ਸਿੰਘ, ਜਨਾਬ ਦੀਪਕ ਜੈਤੋਈ ਦੇ ਗ਼ਜ਼ਲ ਸਕੂਲ ਜ਼ਰੂਰ ਹੋਏ ਹਨ ਪਰ ਅੱਜ ਕੱਲ ਕੋਈ ਸਕੂਲ ਹੈ ਜਾਂ ਨਹੀਂ ਇਸ ਦਾ ਮੈਨੂੰ ਇਲਮ ਨਹੀਂ।

**? ਪਰ ਤੁਹਾਡਾ ਸਵਾਲ ਇਹ ਵੀ ਹੈ ਕਿ ਇਨ੍ਹਾਂ ਸਕੂਲਾਂ ਵਿਚੋਂ ਕੋਈ ਡਾ. ਜਗਤਾਰ ਜਾਂ ਪਾਤਰ ਵਰਗਾ ਸਮਰੱਥ ਗ਼ਜ਼ਲਗੋ ਕਿਉਂ ਨਹੀਂ ਨਿਕਲਿਆ।**

ਅੱਜ ਕੱਲ ਅਨੇਕਾਂ ਅੱਛੇ ਗ਼ਜ਼ਲਗੋ ਹਨ ਜੋ ਅੱਛੀ ਗ਼ਜ਼ਲ ਲਿਖ ਰਹੇ ਹਨ। ਲੇਕਿਨ ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਕਿਸੇ ਗ਼ਜ਼ਲ ਸਕੂਲ ਦੇ ਵਿਦਿਆਰਥੀ ਹਨ ਜਾਂ ਨਹੀਂ।

**? ਸੁਰਜੀਤ ਪਾਤਰ ਤੇ ਜਗਤਾਰ ਪੰਜਾਬੀ ਦੇ ਵੱਡੇ ਗ਼ਜ਼ਲਗੋ ਹੋਏ ਹਨ। ਗ਼ਜ਼ਲ ਦੇ ਖੇਤਰ 'ਚ ਉਨ੍ਹਾਂ ਨੇ ਅਨੇਕਾਂ ਯਾਦਗਾਰੀ ਗ਼ਜ਼ਲਾਂ ਦਿੱਤੀਆਂ ਹਨ। ਪਰ ਉਹ ਪ੍ਰੰਪਰਕ ਗ਼ਜ਼ਲ ਸਿਧਾਂਤ 'ਚ ਨਹੀਂ ਬੱਝੇ ਮੇਰੇ ਕਹਿਣ ਦਾ ਭਾਵ ਕਿ ਉਨ੍ਹਾਂ ਨੇ ਗ਼ਜ਼ਲ 'ਚ ਖੁੱਲ੍ਹਾਂ ਲਈਆਂ ਹਨ।**

–ਡਾ. ਜਗਤਾਰ ਤੇ ਸੁਰਜੀਤ ਪਾਤਰ ਨੂੰ ਮੈਂ ਚੰਗੀ ਤਰ੍ਹਾਂ ਪੜ੍ਹਿਆ ਹੈ ਪਰ ਉਹਨਾਂ ਨੂੰ ਮੈਂ ਕਦੇ ਅਲੋਚਨਾ ਪੱਖ ਤੋਂ ਨਹੀਂ ਪੜ੍ਹਿਆ। ਉਹ ਆਪਣੇ ਆਪ ਵਿਚ ਸੰਪੂਰਣ ਸ਼ਾਇਰ ਹਨ ਉਨ੍ਹਾਂ ਨੇ ਕਿੱਥੇ ਕਿੱਥੇ ਕੀ ਕੀ ਖੁੱਲ੍ਹਾਂ ਲਈਆਂ ਹਨ ਇਹ ਤਾਂ ਅਲੋਚਕ ਹੀ ਦੱਸ ਸਕਦੇ ਹਨ ਮੈਂ ਤਾਂ ਉਹਨਾਂ ਦੀ ਸ਼ਾਇਰੀ ਦਾ ਪਾਠਕ ਹਾਂ ਆਲੋਚਕ ਨਹੀਂ।

**? ਤੁਹਾਡੀ ਗ਼ਜ਼ਲ 'ਚ ਝੀਲਾਂ, ਪਹਾੜ, ਜੰਗਲ ਦੇ ਚਿਹਨ ਵਧੇਰੇ ਹਨ, ਇਹ ਚਿਹਨ ਪੰਜਾਬੀ ਗ਼ਜ਼ਲ 'ਚ ਨਹੀਂ ਲੱਭਦੇ ਜਾਂ ਬਹੁਤ ਘੱਟ ਇਨ੍ਹਾਂ ਦਾ ਕੀ ਕਾਰਨ ਹੈ।**

–ਉਕਾਨਾਗਨ ਵੈਲੀ ਕਨੇਡਾ ਦਾ ਇਕ ਬਹੁਤ ਹੀ ਖੂਬਸੂਰਤ ਇਲਾਕਾ ਹੈ। ਇਹ ਕਨੇਡਾ ਦੇ ਬੀ. ਸੀ. ਸੂਬੇ ਵਿਚ ਪੈਂਦਾ ਹੈ ਮੈਂ ਇਸ ਇਲਾਕੇ ਦਾ ਵਸਨੀਕ ਹਾਂ। ਜਿੱਥੇ ਮੇਰਾ ਘਰ ਹੈ ਉਹ ਇਕ ਪਹਾੜੀ ਤੇ ਹੈ ਤੇ ਮੇਰੇ ਸਾਹਮਣੇ ਇਕ ਵਿਸ਼ਾਲ ਝੀਲ ਹੈ ਜਿਸ ਦਾ ਨਾਂ ਹੈ 'ਕੈਲਾਮਲਕਾ ਝੀਲ' ਹੈ। ਪਹਾੜ ਹਨ, ਜੰਗਲ ਹਨ ਜੋ ਮੇਰੇ ਹਮੇਸ਼ਾ ਸਾਹਮਣੇ ਰਹਿੰਦੇ ਹਨ ਤੇ ਮੈਂ ਇਹਨਾਂ ਦੇ ਸਾਥ ਨੂੰ ਮਾਣਦਾ ਹਾਂ ਇਹੀ ਕਾਰਣ ਹੈ ਮੇਰਾ ਪ੍ਰਕਿਰਤੀ ਨਾਲ ਬਹੁਤ ਲਗਾਉ ਹੈ। ਇਹ ਜੰਗਲ, ਪਹਾੜ, ਝੀਲਾ ਮੇਰੀ ਗ਼ਜ਼ਲ ਦੇ ਹਮਸਫ਼ਰ ਹਨ। ਬਸ ਏਹੋ ਹੀ ਕਾਰਣ ਹੈ ਕਿ ਮੇਰੀ ਗ਼ਜ਼ਲ ਵਿਚ ਕੁਦਰਤੀ ਨਜ਼ਾਰਿਆਂ ਦਾ ਵਰਨਣ ਹੈ। ਮੇਰੀਆਂ ਗ਼ਜ਼ਲਾਂ ਦੀਆਂ ਕਿਤਾਬਾਂ ਦੇ ਨਾਮ ਵੀ ਇਹਨਾਂ ਚੋਂ ਹੀ ਉਪਜੇ ਹਨ ਜਿਵੇਂ 'ਜੰਗਲ, ਪਹਾੜ ਝੀਲਾਂ', 'ਬਰਫ਼ਾਂ ਲੱਦੇ ਰੁੱਖ', 'ਖੁਸ਼ੀ, ਖੁਸ਼ਬੂ, ਖਮਾਰੀ' ਦਿਸਹਦੇ ਤੋਂ ਪਾਰ', 'ਖੰਨਿਉ ਤਿੱਖਾ ਸਫ਼ਰ' ਅਤੇ 'ਮੈਂ ਸ਼ੀਸ਼ਾਂ ਤੇ ਚਿਹਰਾ'

**? ਇਤਿਹਾਸਕ, ਮਿਥਿਹਾਸਕ ਚਿਹਨ ਤੁਹਾਡੀ ਗ਼ਜ਼ਲ ਵਿਚੋਂ ਗੈਰਹਾਜ਼ਰ ਕਿਉਂ ਹਨ।**

– ਨਹੀਂ ਮੇਰੀ ਗ਼ਜ਼ਲ ਵਿਚ ਇਤਿਹਾਸਕ ਸ਼ਿਅਰ ਵੀ ਹਨ ਅਤੇ ਮਿਥਿਹਾਸਕ ਵੀ। ਮਿਥਿਹਾਸਕ

ਚਿਹਨ ਤਾਂ ਗ਼ਜ਼ਲ ਦਾ ਅਨਿਖੜਵਾਂ ਅੰਗ ਹੈ। ਕੋਈ ਵੀ ਗ਼ਜ਼ਲਗੋ ਇਹਨਾਂ ਤੋਂ ਦੂਰ ਨਹੀਂ ਜਾ ਸਕਦਾ।

**? ਤੁਹਾਡੀ 2002 ਵਿਚ ਨਵਯੁੱਗ ਵਲੋਂ 'ਜੰਗਲ ਪਹਾੜ ਤੇ ਝੀਲਾ' ਗ਼ਜ਼ਲਾਂ ਦੀ ਕਿਤਾਬ ਛਪਦੀ ਹੈ ਫੇਰ ' ਮੈਂ ਸ਼ੀਸ਼ਾ ਤੇ ਚਿਹਰਾ' ਛਪਦੀ ਹੈ। ਨਵੀਂ ਕਿਤਾਬ ਦੀਆਂ ਗ਼ਜ਼ਲਾਂ ਦੇ ਵਿਸ਼ੇ, ਖਿਆਲ, ਸ਼ਿਲਪ ਦੇ ਪੱਖ ਤੋਂ ਕਿੰਨੀ ਕੁ ਅਗਾਂਹ ਦਾ ਸਫ਼ਰ ਕਰਦੀ ਹੈ।**

– ਮੈਂ ਆਪਣੇ ਗ਼ਜ਼ਲ ਦੇ ਇਸ ਸਫ਼ਰ ਵਿਚ ਸੰਤੁਸ਼ਟ ਹਾਂ ਤੇ ਮੈਂ ਨਿਰੰਤਰ ਵਿਕਾਸ ਕਰ ਰਿਹਾ ਹਾਂ ਇਹ ਮੇਰੀ ਲੋੜ ਵੀ ਹੈ ਤੇ ਮੇਰੀ ਕੋਸ਼ਿਸ਼ ਵੀ। ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ ਤੇ ਹੁਣ ਦੇ 'ਮੈਂ, ਸ਼ੀਸ਼ਾ ਤੇ ਚਿਹਰਾ' ਦੀਆਂ ਜਦ ਮੈਂ ਗ਼ਜ਼ਲਾਂ ਵੱਲ ਨਜ਼ਰ ਮਾਰਦਾ ਹਾਂ ਤਾਂ ਮੈਂ ਕਹਿ ਸਕਦਾ ਹਾਂ ਕਿ ਮੇਰੀ ਗ਼ਜ਼ਲ ਨੇ ਖਿਆਲਾਂ ਤੋਂ ਤਕਨੀਕ ਪੱਖੋਂ ਕਾਫੀ ਵਿਕਾਸ ਕੀਤਾ ਹੈ, ਮੈਂ ਸੰਤੁਸ਼ਟ ਹਾਂ।

**? 'ਮੈਂ ਸ਼ੀਸ਼ਾ ਤੇ ਚਿਹਰਾ' ਕਿਤਾਬ ਦੇ ਟਾਇਟਲ ਨੂੰ ਸਮਝਦਿਆਂ ਮੈਨੂੰ ਲੱਗਦਾ ਹੈ ਇਸ ਕਿਤਾਬ ਦੀਆਂ ਗ਼ਜ਼ਲਾਂ 'ਚ ਤੁਸੀਂ ਅੰਤਰਮੁਖੀ ਹੋਏ ਲੱਗਦੇ ਹੋ। ਜਾਂ ਸਵੈ ਸੰਵਾਦ ਗ਼ਜ਼ਲਾਂ 'ਚ ਕਰਦੇ ਹੋ। ਇਨ੍ਹਾਂ ਗ਼ਜ਼ਲਾਂ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ।**

– ਮੇਰਾ ਗ਼ਜ਼ਲ ਸੰਗ੍ਰਿਹ 'ਖਨਿਓ ਤਿੱਖਾ ਸਫ਼ਰ' 2010 ਵਿਚ ਛਪਿਆ ਸੀ ਤੇ ਹੁਣ 2015 ਵਿਚ 'ਮੈਂ ਸ਼ੀਸ਼ਾ ਤੇ ਚਿਹਰਾ' ਪੰਜ ਸਾਲ ਦੀ ਮਿਹਨਤ ਤੋਂ ਬਾਅਦ ਛਪਿਆ ਹੈ। ਜਿਆਦਾ ਕਰਕੇ ਇਸ ਦੀਆਂ ਗ਼ਜ਼ਲਾਂ ਵਿਚ ਮੇਰਾ ਸਵੈ ਸੰਵਾਦ ਤੁਸੀਂ ਦੇਖ ਸਕਦੇ ਹੋ।

**? ਤੁਹਾਨੂੰ ਗ਼ਜ਼ਲ ਲਿਖਦਿਆਂ ਹੁਣ 16-17 ਸਾਲ ਹੋ ਗਏ ਹਨ। ਮੈਨੂੰ ਲੱਗਦਾ ਹੈ ਤੁਹਾਨੂੰ ਗ਼ਜ਼ਲ 'ਚ ਬਣਦੀ ਸਪੇਸ ਨਹੀਂ ਮਿਲੀ। ਨਹੀਂ ਤਾਂ ਹੁੰਦਾ ਇਹ ਹੈ ਕਿ ਕੋਈ ਲੇਖਕ ਇਕ ਕਿਤਾਬ ਲਿਖਦਾ ਹੈ ਦੋ ਸਾਲ ਬਾਅਦ ਉਸੇ ਕਿਤਾਬ ਤੇ ਇਕ ਅਲੋਚਨਾ ਦੀ ਕਿਤਾਬ ਤਿਆਰ ਹੋ ਜਾਂਦੀ ਹੈ। ਫਿਰ ਗੋਸ਼ਟੀ ਕਲਚਰ ਸ਼ੁਰੂ ਹੋ ਜਾਂਦਾ ਹੈ। ਤੁਸੀਂ ਇਸ ਵਰਤਾਰੇ ਨੂੰ ਕਿਸ ਤਰ੍ਹਾਂ ਲੈਂਦੇ ਹੋ।**

–ਮੈਂ ਆਪਣੇ ਸ਼ੌਂਕ ਲਈ ਤੇ ਮਨ ਦੀ ਸੰਤੁਸ਼ਟੀ ਲਈ ਗ਼ਜ਼ਲ ਲਿਖ ਰਿਹਾ ਹਾਂ। ਮੈਂ ਕਦੇ ਵੀ ਮਾਣ ਸਨਮਾਨ ਬਾਰੇ ਸੋਚਿਆ ਹੀ ਨਹੀਂ ਕਿ ਮੈਂ ਗੋਸ਼ਟੀ ਕਰਾਵਾਂ ਤੇ ਆਲੋਚਕਾਂ ਤੋਂ ਪਰਚੇ ਲਿਖਵਾਵਾਂ ਮੈਂ ਬੱਲੇ ਬੱਲੇ ਵਿਚ ਨਹੀਂ ਪੈਣਾ ਚਾਹੁੰਦਾ।

**? ਅੱਜ ਕੱਲ ਇਨਾਮ ਸਨਮਾਨ ਲੈਣ ਦੇਣ 'ਚ ਜੁਗਾੜਬੰਦੀ ਬਹੁਤ ਵੱਧ ਗਈ ਹੈ। ਆਪਣੇ ਖਰਚੇ ਤੇ ਗੋਸ਼ਟੀਆਂ ਕਰਵਾਈਆਂ ਜਾਂਦੀਆਂ ਹਨ। ਖਾਸ ਕਰਕੇ ਜਦੋਂ ਪਰਵਾਸੀ ਲੇਖਕ ਪੰਜਾਬ ਆਉਂਦੇ ਹਨ। ਆਪਣੀ ਨਵੀਂ ਕਿਤਾਬ ਤੇ ਗੋਸ਼ਟੀ ਕਰਵਾਉਂਦੇ ਹਨ। ਪੇਪਰਾਂ 'ਚ ਲੇਖਕ ਦੀ ਰੱਜ ਕੇ ਤਰੀਫ਼ ਹੁੰਦੀ ਹੈ। ਰੱਜ ਕੇ ਪ੍ਰਸ਼ੰਸ਼ਾ ਹੁੰਦੀ ਹੈ। ਸ਼ਾਮ ਨੂੰ ਮੁਰਗਾ-ਦਾਰੂ ਚੱਲਦੀ ਹੈ, ਜਦੋਂ ਉਹੀ ਲੇਖਕ ਜਹਾਜੇ ਚੜਦਾ ਹੈ ਤਾਂ ਸਭ ਉਸ ਲੇਖਕ ਨੂੰ ਭੁੱਲ ਜਾਂਦੇ ਹਨ। ਤੁਹਾਡੇ ਨਾਲ ਵੀ ਕਦੇ ਇਸ ਤਰ੍ਹਾਂ ਹੋਇਆ।**

–ਮੈਂ ਸਨਮਾਨਾਂ ਦੀ ਜੁਗਾੜਬੰਦੀ ਤੋਂ ਦੂਰ ਰਹਿਣਾ ਚਾਹੁੰਦਾ ਹਾਂ। ਮੈਂ ਤਾਂ ਆਪਣੀ ਸੋਚ ਦੇ ਵਲਵਲਿਆਂ ਨੂੰ ਗ਼ਜ਼ਲ ਦੇ ਰੰਗ ਵਿਚ ਰੰਗਣਾ ਚਾਹੁੰਦਾ ਹਾਂ ਤੇ ਕਨੇਡਾ ਦੇ ਉਹਨਾਂ ਖੂਬਸੂਰਤ ਨਜ਼ਾਰਿਆਂ ਨੂੰ ਸ਼ਿਅਰਾਂ ਵਿਚ ਪਰੋਣਾ ਚਾਹੁੰਦਾ ਹਾਂ ਜੋ ਅਜੇ ਤੱਕ ਪਾਠਕਾਂ ਨੇ ਦੇਖੇ ਨਹੀਂ। ਮੈਂ ਤਾਂ ਇਸ ਵਿਚ ਹੀ ਮਾਣ ਸਮਝਦਾ ਹਾਂ ਜਦ ਕੋਈ ਪਾਠਕ ਪੜ੍ਹਕੇ ਜਾਂ ਸੁਣ ਕੇ ਇਹ ਕਹਿ ਦੇਵੇ ਵਧੀਆ ਖਿਆਲ ਹੈ। ਖੁਸ਼ੀ ਹੁੰਦੀ ਹੈ। ਦਾਰੂ ਮੁਰਗਾ ਤਾਂ ਸਿਰਫ਼ ਇਕ ਸ਼ਾਮ ਦੀ ਬੱਲੇ ਬੱਲੇ ਲਈ ਹੈ। ਜਿੰਨਾ ਚਿਰ ਮੁਰਗਾ ਦਾਰੂ ਸਾਹਮਣੇ ਹੈ ਬੱਲੇ ਬੱਲੇ ਨਹੀਂ ਤਾਂ ਚੱਲੇ ਚੱਲੇ। ਕੋਈ ਯਾਦ ਨਹੀਂ ਰੱਖਦਾ।



**? ਅੱਛਾ ਪਾਲ ਜੀ ਤੁਸੀਂ ਕਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਸਾਹਿਤਕ ਸਰਗਰਮੀਆਂ ਨੂੰ ਕਿਸ ਤਰ੍ਹਾਂ ਲੈਂਦੇ ਹੋ।**

–ਕਨੇਡਾ ਵਿਚ ਪੰਜਾਬੀ ਲੇਖਕਾਂ ਦੀ ਭਰਮਾਰ ਹੈ ਹਰ ਦਿਨ, ਹਰ ਹਫ਼ਤੇ ਕਿਤੇ ਨਾ ਕਿਤੇ ਲੇਖਕਾਂ ਦਾ ਇਕੱਠ ਹੁੰਦਾ ਰਹਿੰਦਾ ਹੈ। ਇਹ ਗੱਲ ਵੱਖਰੀ ਹੈ ਕਿ ਇਹਨਾਂ ਵਿਚ ਕਿਸ ਤਰ੍ਹਾਂ ਨਿਭਦੀ ਹੈ, ਇਕੱਠ ਹੋਣਾ ਇਕ ਬਹੁਤ ਵਧੀਆ ਉਦਮ ਹੈ।

**? ਪਿਛੇ ਜਿਹੇ ਜਿਹੜੀ ਓਨਟਾਰੀਓ, ਟਰਾਂਟੋ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਹੋਈ ਉਹਦੇ 'ਚ ਪੰਜਾਬੀ ਲੇਖਕ ਨਾ ਮਾਤਰ ਦਿਖਾਈ ਦਿੱਤੇ। ਇਸ ਦਾ ਕੀ ਕਾਰਨ ਹੈ ਅਤੇ ਤੁਸੀਂ ਤੇ ਏਥੋਂ ਦੇ ਪੰਜਾਬੀ ਲੇਖਕ ਇਸ ਕਾਨਫਰੰਸ ਨੂੰ ਕਿਸ ਤਰ੍ਹਾਂ ਵੇਖਦੇ ਹਨ।**

– ਕਦੇ ਵੈਨਕੂਵਰ ਕਦੇ ਟਰਾਂਟੋ ਕਦੇ ਇੰਗਲੈਂਡ , ਯੂ. ਐਸ ਏ ਵਿਸ਼ਵ ਪੰਜਾਬੀ ਕਾਨਫਰੰਸਾਂ ਹੁੰਦੀਆਂ ਰਹਿੰਦੀਆਂ ਹਨ। ਲੇਖਕਾਂ ਦੀ ਆਪਸੀ ਹਉਮੈਂ ਕਾਰਣ ਲੇਖਕਾਂ ਦਾ ਭਰਵਾ ਇਕੱਠ ਨਹੀਂ ਹੁੰਦਾ। ਸਿਰਫ਼ ਪੰਜਾਬੀ ਬੋਲੀ ਜਾਂ ਪੰਜਾਬੀ ਦੇ ਵਿਕਾਸ ਲਈ ਪਰਚੇ ਪੜ੍ਹ ਕੇ ਹੀ ਸੋਚ ਲੈਣਾ ਪੰਜਾਬੀ ਲਈ ਬਹੁਤ ਕੁਝ ਕਰ ਲਿਆ ਇਹ ਸਭ ਆਪਣੇ ਆਪ ਨੂੰ ਤਸੱਲੀ ਦੇਣਾ ਹੀ ਹੈ। ਕਨੇਡਾ ਅਮਰੀਕਾ ਵਿਚ ਕਾਨਫਰੰਸਾਂ ਕਰਵਾਣਾਂ ਤਾਂ ਮੈਨੂੰ ਲਗਦਾ ਕਨੇਡਾ ਦੀ ਸੈਰ ਤੱਕ ਹੀ ਸੀਮਿਤ ਰਹਿ ਗਿਆ ਲਗਦਾ ਹੈ। ਜੋ ਕਾਨਫਰੰਸਾਂ ਵਿਚ ਮੁੱਦੇ ਉਠਾਏ ਜਾਂਦੇ ਹਨ ਉਹ ਉਥੇ ਦੇ ਉਥੇ ਹੀ ਰਹਿ ਜਾਂਦੇ ਹਨ। ਕੋਈ ਅਮਲ ਨਹੀਂ ਕਰਦਾ।

**? ਆਪਣੇ ਪਰਿਵਾਰ ਵਿਚ ਗ਼ਜ਼ਲਗੋ ਪਾਲ ਢਿੱਲੋਂ ਦੀ ਕਿਸ ਤਰ੍ਹਾਂ ਦੀ ਸਪੇਸ ਹੈ।**

– ਬੱਚੇ ਪੰਜਾਬੀ ਪੜ੍ਹ ਲਿਖ ਨਹੀਂ ਸਕਦੇ। ਜਦ ਕੋਈ ਕਿਤਾਬ ਛਪਦੀ ਹੈ ਤਾਂ ਦੇਖ ਕੇ ਖੁਸ਼ ਜ਼ਰੂਰ ਹੁੰਦੇ ਹਨ ਤੇ ਇਹ ਸੋਚਦੇ ਹਨ ਇਹ ਮੇਰਾ ਆਪਣੇ ਆਪ ਨੂੰ ਮਸਰੂਫ਼ ਰੱਖਣ ਦਾ ਬਹੁਤ ਵਧੀਆ ਸਾਧਨ ਹੈ ਸਭ ਪਿਆਰ ਕਰਦੇ ਹਨ। ਮਾਣ ਦੇਂਦੇ ਹਨ।

**? ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿਓ।**

–ਛੋਟਾ ਜਿਹਾ ਪਰਿਵਾਰ ਹੈ ਪਤਨੀ ਹੈ ਜੋ ਅਜੇ ਵੀ ਨਿਰੰਤਰ ਆਪਣੀ ਜੋਬ ਕਰਦੀ ਹੈ ਇਕ ਲੜਕੀ ਦਾ ਵਿਆਹ ਹੋ ਚੁੱਕਾ ਹੈ ਅੱਜ ਕੱਲ ਅਮਰੀਕਾ ਵਿਚ ਰਹਿ ਰਹੀ ਹੈ। ਲੜਕਾ ਹੈ ਬੈਂਕ ਵਿਚ ਜੋਬ ਕਰਦਾ ਹੈ। ਨੂੰਹ ਹੈ ਹਸਪਤਾਲ ਵਿਚ ਨਰਸ ਹੈ। ਪੋਤਰੀ ਹੈ। ਛੋਟੀ ਲੜਕੀ ਨਰਸਿੰਗ ਦੀ ਪੜ੍ਹਾਈ ਕਰ ਰਹੀ ਹੈ।

**? ਏਥੋਂ ਦੇ ਜੋ ਪਰਵਾਸੀ ਪੰਜਾਬੀ ਹਨ ਉਨ੍ਹਾਂ ਦੀਆਂ ਕਿਸ ਤਰ੍ਹਾਂ ਦੀਆਂ ਪਰਿਵਾਰ, ਨਿੱਜੀ, ਸਮਾਜਿਕ ਮੁਸ਼ਕਲਾਂ ਹਨ।**

–ਜੋ ਅੱਜ ਤੋਂ 40 ਕੁ ਸਾਲ ਪਹਿਲਾਂ ਕਨੇਡਾ ਆ ਕੇ ਵਸੇ ਮੇਰੀ ਨਜ਼ਰ ਵਿਚ ਉਹ ਅਜ ਕੱਲ ਆਰਾਮ ਦਾਇਕ ਖੁਸ਼ੀਂ ਦੀ ਜ਼ਿੰਦਗੀ ਜੀ ਰਹੇ ਹਨ। ਬੱਚੇ ਪੜ੍ਹ ਲਿਖ ਗਏ ਹਨ। ਅੱਛੀਆਂ ਨੌਕਰੀਆਂ ਕਰ ਰਹੇ ਹਨ। ਸੁਖੀ ਹਨ ਖੁਸ਼ ਹਨ।

ਲੇਕਿਨ ਜੋ ਨਵੇਂ ਆ ਰਹੇ ਹਨ ਉਨ੍ਹਾਂ ਲਈ ਜ਼ਰੂਰ ਕੁਝ ਮੁਸ਼ਕਿਲਾਂ ਹਨ। 40 ਸਾਲ ਪਹਿਲਾਂ ਆਏ ਪ੍ਰਵਾਸੀਆਂ ਵਾਂਗ ਉਹਨਾਂ ਕੋਲ ਅੱਜ ਨੌਕਰੀ, ਘਰ ਬਣਾਉਣ, ਬੱਚਿਆਂ ਦੀ ਪੜ੍ਹਾਈ, ਪ੍ਰਵਿਰਸ਼ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਸਾਹਮਣੇ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੀਆਂ ਹਨ।

**? ਜਿਥੇ ਤੁਸੀਂ ਹੁਣ ਰਹਿ ਰਹੇ ਹੋ ਇਥੇ ਦੇ ਪੰਜਾਬੀ ਖੇਤੀ ਨਾਲ ਵਧੇਰੇ ਜੁੜੇ ਹੋਏ ਹਨ। ਖਾਸ ਕਰਕੇ ਬਾਗਬਾਨੀ ਨਾਲ। ਖੇਤੀ ਦੇ ਵਿਕਾਸ 'ਚ ਪੰਜਾਬੀਆਂ ਦਾ ਕਿੰਨਾ ਕੁ ਯੋਗਦਾਨ ਹੈ।**

– ਜਿਸ ਵੈਲੀ (ਓਕਾਨਾਗਨ) ਵਿਚ ਮੈਂ ਰਹਿ ਰਿਹਾ ਹਾਂ ਇਹ ਫਰੂਟ ਵੈਲੀ ਹੈ ਜੋ ਅਜ ਕੱਲ ਬਾਗਾਂ ਦੇ ਮਾਲਕ ਹਨ ਉਹ ਪਹਿਲਾਂ ਇਹਨਾਂ ਬਾਗਾਂ ਵਿਚ ਮਜਦੂਰੀ ਕਰਦੇ ਸਨ ਪਰ ਵਕਤ ਦੇ ਨਾਲ ਨਾਲ ਸਭ ਕੁਝ ਬਦਲ ਗਿਆ ਪੰਜਾਬੀ ਮਜ਼ਦੂਰੀ ਨਾਲੋਂ ਮਾਲਕੀ ਨੂੰ ਪਹਿਲ ਦਿੰਦੇ ਹਨ। ਉਹਨਾਂ ਨੇ ਆਪਣੀ ਮਿਹਨਤ ਨਾਲ ਬਾਗਾਂ ਦੀ ਮਾਲਕੀ ਕਰ ਲਈ ਹੈ ਮੇਰਾ ਭਾਵ ਹੈ ਮਾਲਕ ਬਣ ਗਏ ਹਨ। ਅੱਜ ਉਹਨਾਂ ਦਾ ਖੇਤੀ ਦੇ ਖੇਤਰ ਵਿਚ ਆਪਣਾ ਵੱਖਰਾ ਯੋਗਦਾਨ ਹੈ।

ਬੇਗਾਨੀ ਧਰਤੀ ਤੇ ਆ ਕੇ ਆਪਣੇ ਪੈਰ ਜਮਾਉਣਾ ਕੋਈ ਸੌਖਾ ਕੰਮ ਨਹੀਂ। ਜਿੱਥੇ ਤਕ ਮੇਰੀ ਜਾਣਕਾਰੀ ਹੈ ਕੋਈ ਵੀ ਪੰਜਾਬੀ ਕਨੇਡਾ ਆਉਣ ਲੱਗਿਆ ਕੋਈ ਪੈਸਾ, ਡਾਲਰ ਆਪਣੇ ਨਾਲ ਨਹੀਂ ਲੈ ਕੇ ਆਇਆ, ਏਥੇ ਆ ਕੇ ਨੌਕਰੀਆਂ ਭਾਲਣਾ, ਘਰ ਬਨਾਉਣੇ, ਬੱਚੇ ਪਾਲਣੇ, ਪੜਾਉਣੇ ਏਸ ਸਮਾਜ ਨੂੰ ਅਪਨਾਉਣਾ ਬਹੁਤ ਵੱਡੀਆਂ ਮੁਸ਼ਕਿਲਾਂ ਹਨ ਜੋ ਹਮੇਸ਼ਾ ਮਾਨਸਿਕ ਬੇਚੈਨੀ ਦਾ ਕਾਰਣ ਬਣਦੀਆਂ ਹਨ ਪਰ ਫੇਰ ਵੀ ਪੰਜਾਬੀ ਬੜੇ ਹਠੀ ਹਨ ਇਹਨਾਂ ਨਾਲ ਨਿਭ ਜਾਂਦੇ ਹਨ।

**? ਅੰਤ ਵਿਚ ਪਾਲ ਜੀ ਤੁਸੀਂ ਦੱਸੋ ਕਿ ਕਨੇਡਾ ਵਿਚ ਪੰਜਾਬੀ ਭਾਸ਼ਾ ਦਾ, ਪੰਜਾਬੀ ਸਾਹਿਤ ਦਾ ਸਭਿਆਚਾਰ ਦਾ ਜਿਸ ਤਰ੍ਹਾਂ ਦਾ ਭਵਿੱਖ ਉਸਾਰ ਰਿਹਾ ਹੈ।**

– ਇਹ ਮੈਂ ਕਦੇ ਸੋਚਿਆ ਨਹੀਂ ਸੀ ਕਿ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਸਾਹਿਤ ਦਾ ਏਨੀ ਤੇਜੀ ਨਾਲ ਵਿਕਾਸ ਹੋਵੇਗਾ। ਜੇ ਮੈਂ ਪੰਜਾਬ ਨਾਲ ਇਸ ਦੀ ਤੁਲਣਾ ਕਰਾਂ ਤਾਂ ਪੰਜਾਬ ਨਾਲੋਂ ਵਧੀਆ ਤੇ ਜਿਆਦਾ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਹੈ। ਪੰਜਾਬੀ ਸੱਭਿਆਚਾਰ ਪੰਜਾਬ ਨਾਲੋਂ ਵੱਧ ਪੰਜਾਬੀ ਕੌਮ ਪ੍ਰਫੁਲਤ ਕਰ ਰਹੀ ਹੈ। ਪੰਜਾਬੀ ਸਾਹਿਤ ਅੱਜ ਪੰਜਾਬ ਨਾਲੋਂ ਵੱਧ ਲਿਖਿਆ ਜਾ ਰਿਹਾ ਹੈ। ਪੰਜਾਬੀ ਦਾ ਭਵਿੱਖ ਪੰਜਾਬੀਆਂ ਸਦਕਾ ਪੰਜਾਬ ਨਾਲੋਂ ਵੱਧ ਤਰੱਕੀ ਕਰ ਰਿਹਾ ਹੈ। ਮੈਂ ਪੰਜਾਬੀਆਂ ਦੇ ਹੌਸਲੇ ਮਿਹਨਤ ਤੇ ਅਗਾਹ ਵਧੂ ਸੋਚ ਦੀ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਦਾਦ ਦੇਂਦਾ ਹਾਂ।

Ph. 250-307-4948, email:pauldhillon250@gmail.com

**ਪੰਜਾਬੀ ਦੇ ਚਰਚਿਤ ਕਹਾਣੀਕਾਰ ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ ਬਹੁਪੱਖੀ ਵਿਸ਼ਲੇਸ਼ਣ ਕਰਦੀ ਡਾ. ਸੰਤੋਖ ਸਿੰਘ ਵਲੋਂ ਸੰਪਾਦਤ ਆਲੋਚਨਾ ਪੁਸਤਕ**

*ਸਰੂਪ ਸਿਆਲਵੀ ਬਿਰਤਾਂਤ ਤੇ ਵਿਚਾਰਧਾਰਾ*

*ਸੰਪਾਦਕ ਡਾ. ਸੰਤੋਖ ਸਿੰਘ*

**ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਕ, ਜਲੰਧਰ**






# ‘ਮੈਂ ਆਪਣੀਆਂ ਕਹਾਣੀਆਂ ਵਿਚ ਔਰਤ ਦੀ ਹੋਣੀ ਅਤੇ ਹੋਂਦ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ’- ਬਲਬੀਰ ਕੌਰ ਸੰਘੇੜਾ

## ਮੁਲਾਕਾਤ-ਭਗਵੰਤ ਰਸੂਲਪੁਰੀ

?

–ਪਰਵਾਸੀ ਜੀਵਨ ਜਿੱਥੇ ਬਹੁਤ ਮਿਹਨਤ ਮੰਗਦਾ ਹੈ ਉੱਥੇ ਇਸਦੇ ਕਈ ਚੰਗੇ ਪੱਖ ਵੀ ਹਨ। ਗੱਲ ਮਿਹਨਤ ਦੀ ਕਰੀਏ ਤਾਂ ਕੋਈ ਵੀ ਬੰਦਾ ਕੰਮ ਬਿਨਾਂ ਸਫ਼ਲ ਨਹੀਂ ਹੋ ਸਕਦਾ। ਜੇ ਕਰ ਕੰਮ ਤੋਂ ਵਿਹਲਾ ਹੋ ਜਾਵੇ ਤਾਂ ਵੀ ਸਰਕਾਰ ਕੁਝ ਸਮੇਂ ਵਾਸਤੇ ਹੀ ਮਦਦ ਕਰਦੀ ਹੈ ਪਰ ਬੰਦੇ ਨੂੰ ਆਪਣੇ ਆਪ ’ਤੇ ਨਿਰਭਰ ਹੋਣਾਂ ਲਾਜ਼ਮੀ ਹੈ। ਮੇਰੀਆਂ ਤਕਰੀਬਨ ਸਾਰੀਆ ਕਹਾਣੀਆਂ ਵਿਚ ਕੰਮ ਬਾਰੇ, ਮਿਹਨਤ ਕਰਨ ਬਾਰੇ, ਘਰ-ਘਾਟ ਬਣਾਉਣ ਬਾਰੇ ਅਕਸਰ ਜ਼ਿਕਰ ਹੈ। ਨਾਵਲ ‘ਜਾਲ਼’ ਪੜ੍ਹੋ ਤਾਂ ਉਸ ਵਿਚ ਇਸਦਾ ਬਹੁਤ ਸ਼ਿੱਦਤ ਨਾਲ਼ ਜ਼ਿਕਰ ਕੀਤਾ ਗਿਆ ਹੈ। ਪਰਵਾਸ ਹੰਢਾ ਰਿਹਾ ਮਨੁੱਖ ਜਿੱਥੇ ਸੁੱਖ ਸਹੁਲਤਾਂ ਹਾਸਲ ਕਰਦਾ ਹੈ ਉੱਥੇ ਮਿਹਨਤ ਵੀ ਬਹੁਤ ਕਰਦਾ ਹੈ। ਦੂਜਾ ਪੱਖ ਇਸਦਾ ਸਵੈ ਨਿਰਭਰਤਾ ਵੀ ਹੈ। ਜੋ ਆਰਥਿਕਤਾ ਨਾਲ਼ ਜੁੜੀ ਏਥੇ ਆ ਕੇ ਔਰਤਾਂ ਆਤਮ ਨਿਰਭਰ ਹਨ ਕਿਉਂਕਿ ਉਹ ਆਰਥਿਕ ਤੌਰ ਤੇ ਆਪਣੇ ਆਪ ਨੂੰ ਮਜ਼ਬੂਤ ਕਰ ਲੈਂਦੀਆਂ ਹਨ ਅਤੇ ਉਨ੍ਹਾਂ ਨੂੰ ਉਹ ਮੌਕੇ ਵੀ ਮਿਲਦੇ ਹਨ। ਜਦੋਂ ਇਨਸਾਨ ਆਰਥਿਕ ਪੱਖੋਂ ਠੀਕ-ਠੀਕ ਹੋਵੇ ਤਾਂ ਉਹ ਆਪ ਵੀ ਖ਼ੁਸ਼ ਰਹਿੰਦਾ ਹੈ ਅਤੇ ਪਰਿਵਾਰ ਨੂੰ ਵੀ ਖ਼ੁਸ਼ ਰੱਖਦਾ ਹੈ। ਗੱਲ ਲੋੜਾਂ ਦੀ ਹੈ। ਜੇ ਕਰ ਇਹ ਲੋੜਾਂ ਪੰਜਾਬ ਰਹਿੰਦਿਆਂ ਪੂਰੀਆਂ ਹੁੰਦੀਆਂ ਤਾਂ ਸ਼ਾਇਦ ਪਰਵਾਸ ਧਾਰਨ ਹੀ ਨਾ ਹੁੰਦਾ ਅਤੇ ਇਸਦੇ ਅਰਥ ਵੀ ਹੋਰ ਹੁੰਦੇ। ਔਰਤਾਂ ਦੀ ਇਸ ਨਿਰਭਰਤਾ ਨੂੰ ਵੀ ਮੈਂ ਆਪਣੀਆਂ ਕਹਾਣੀਆ ਵਿਚ ਬਿਆਨਿਆਂ ਹੈ। ਨਾਵਲ ‘ਜਾਲ਼’ ਵਿਚ ਪ੍ਰੀਤੀ ਦੀ ਜੱਦੋ ਜਹਿਦ, ਬੱਸ ਹੋਰ ਨ੍ਹੀ ਦੀ “ਮੈਂ” ਪਾਤਰ ਹੋਵੇ, ਮੁਕਤੀ ਦੀ “ਸੁਰਜੀਤ ਕੌਰ” ਹੋਵੇ ਜਾਂ ‘ਤੇ ਆਖ਼ਰ ਉਹ ਜਿੱਤ ਗਿਆ ਦੀ “ਮੈਂ” ਪਾਤਰ ਹੋਵੇ। ਪਰਵਾਸ ਦਾ ਸਿਸਟਮ, ਜਿਸ ਵਿਚ ਸੁਰੱਖਿਅਤ ਰਹਿਣ ਦੀ ਭਾਵਨਾ, ਲਾਅ ਐਂਡ ਆਰਡਰ, ਬੱਚਿਆਂ ਨੂੰ ਚੰਗੇ ਭਵਿੱਖ ਲਈ ਪ੍ਰੋਤਸਾਹਨ ਕਰਨਾ। ਇਸਦਾ ਇਹ ਭਾਵ ਨਹੀਂ ਕਿ ਪਰਵਾਸ ਨੇ ਬੰਦੇ ਦੇ ਮਨ ਨੂੰ ਤੋੜਿਆ ਭੰਨਿਆ ਨਹੀਂ। ਉਹ ਵੀ ਮੇਰੀਆ ਕਹਾਣੀਆ ਨੇ ਸਮੇਟਿਆ ਹੈ ਜਿਵੇਂ ਪੀੜ੍ਹੀ ਪਾੜ੍ਹੇ ਕਾਰਨ ਬੱਚਿਆ ਦਾ ਗ਼ਲਤ ਰਾਹਾਂ ਤੇ ਤੁਰ ਪੈਣਾ “ਚੱਪਾ ਕੁ ਸੂਰਜ।” ਦੂਜੀਆਂ ਕੌਮਾਂ ਨੂੰ ਸਮਝਣਾ ਅਤੇ ਉਨ੍ਹਾਂ ਦੇ ਦੁੱਖ ਦਰਦ ਨੂੰ ਸਮਝਣਾ ਵੀ ਪਰਵਾਸੀ ਜੀਵਨ ਦ੍ਰਿਸ਼ਟੀ ਵਿਚ ਆਉਂਦਾ ਹੈ। ਸਭ ਤੋਂ ਚੰਗਾ ਕਾਰਨ ਮੈਨੂੰ ਇਹ ਜਾਪਦਾ ਹੈ ਕਿ ਦੂਜੀਆਂ ਕੌਮਾਂ ਨੂੰ ਸਮਝਦਿਆਂ ਹੋਇਆ ਮਨੁੱਖ ਦੀ ਸੋਚ ਹੁਣ ਸੌੜੀ ਨਹੀਂ ਰਹੀ। ਸ਼ਾਇਦ ਇਹ ਵੀ ਪਰਵਾਸ ਦੀ ਦੇਣ ਹੀ ਐ ਕਿ ਬੰਦਾ ਵਲਗਣਾਂ ਵਿੱਚੋਂ ਨਿਕਲ ਕੇ ਖੁੱਲ੍ਹੀ ਸੋਚ ਰੱਖਣ ਲੱਗਿਆ ਹੈ। ਇਹ ਵੀ ਮੇਰੀਆਂ ਕਹਾਣੀਆਂ ਵਿਚ ਦੇਖਿਆ ਜਾ ਸਕਦਾ ਹੈ ਜਿਵੇਂ ਬੰਦੀ, ਚੱਪਾ ਕੁ ਸੂਰਜ, ਖੰਡਰ, ਜੰਗ ਤੇ ਹੋਰ ਵੀ ਕਈ।

**? ਤੁਹਾਡੀ ਕਥਾ ਸ਼ੈਲੀ ਦੇ ਉਭਰਵੇਂ ਲੱਛਣ ਕਿਹੜੇ ਹਨ। ਭਾਵ ਕਿ ਤੁਸੀਂ ਕਹਾਣੀ ਵਿਚ ਕਿਸ ਤਰ੍ਹਾਂ ਦੀ ਸ਼ੈਲੀ ਦੀ ਵਰਤੋਂ ਕਰਦੇ ਹੋ।**

–ਮੈਂ ਕੋਸ਼ਿਸ਼ ਕੀਤੀ ਹੈ ਕਿ ਆਪਣੀ ਕਹਾਣੀ ਵਿਚ ਸਧਾਰਣ ਤੋਂ ਸਧਾਰਣ ਭਾਸ਼ਾ ਵਰਤਾਂ। ਮੈਨੂੰ ਜਾਪਦਾ ਹੈ ਕਿ ਜੇ ਕਰ ਮੇਰਾ ਪਾਠਕ ਮੇਰੀ ਰਚਨਾ ਦੇ ਨਾਲ਼ ਨਹੀਂ ਤੁਰੇਗਾ ਤਾਂ ਉਸਦਾ ਕੋਈ ਅਰਥ ਨਹੀਂ ਹੋਵੇਗਾ। ਸ਼ਾਇਦ ਇਹੋ ਮੇਰੀ ਕਹਾਣੀ ਦੀ ਸ਼ੈਲੀ ਦੀ ਵਿਲੱਖਣਤਾ ਹੈ। ਜੇ ਕਰ ਲੇਖਕ ਲੱਛੇਦਾਰ ਭਾਸ਼ਾ ਨਾਲ਼ ਕਹਾਣੀ ਨੂੰ ਕਹਾਣੀ ਨਹੀਂ ਰਹਿਣ ਦੇਵੇਗਾ ਤਾਂ ਪਾਠਕ ਉਸਤੋਂ ਦੂਰ ਹੋ ਜਾਵੇਗਾ। ਇਸ ਤਰ੍ਹਾਂ ਦੀ ਸ਼ੈਲੀ ਨੂੰ ਬੁੱਧੀਜੀਵੀ ਹੀ ਮਾਨਣਗੇ ਪਰ ਆਮ ਪਾਠਕ ਨਹੀਂ ਮਾਣ ਸਕੇਗਾ। ਭਾਸ਼ਾ ਉਹ ਹੋਣੀ ਚਾਹੀਦੀ ਹੈ

ਜੋ ਸਾਡੇ ਨਿੱਤ ਪ੍ਰਤੀ ਬੋਲਣ ਵਿਚ ਆਉਂਦੀ ਹੋਵੇ। ਪਾਠਕ ਨੂੰ ਸ਼ਬਦਾਂ ਦੇ ਪੜ੍ਹਨ ਦੀ ਜਗਿਆਸਾ ਹੋਵੇ। ਕਲਾਤਮਕ ਛੋਹਾਂ ਹੋਣ। ਕਹਾਣੀ ਦੀ ਸ਼ੈਲੀ ਵਿਚ ਪਹਿਲੀ ਲਾਈਨ ਤੋਂ ਪਾਠਕ ਬੱਝ ਜਾਵੇ।

**? ਭੂ-ਹੇਰਵਾ ਅਤੇ ਰੁਦਨ ਤੁਹਾਡੀ ਕਹਾਣੀ ਵਿਚ ਕਿਸ ਤਰ੍ਹਾਂ ਆਉਂਦਾ ਹੈ। ਭਾਰਤੀ ਪੰਜਾਬ ਨੂੰ ਲੈ ਕੇ ਤੁਹਾਡੀ ਕਹਾਣੀ ਵਿਚ ਕਿੰਨਾ ਕੁ ਰੁਦਨ ਹੈ।**

-ਭਾਵੇਂ ਅਸੀਂ ਆਖਦੇ ਰਹੀਏ ਕਿ ਸਾਡੀ ਕਹਾਣੀ ਵਿੱਚੋਂ ਭੂ-ਹੇਰਵਾ ਖ਼ਤਮ ਹੋ ਚੁੱਕਾ ਹੈ। ਪਰ ਇਹ ਸਹੀ ਨਹੀਂ ਹੈ। ਘੱਟੋ-ਘੱਟ ਸਾਡੀ ਪੀੜ੍ਹੀ ਜਿਹੜੀ ਪੰਜਾਬ ਵਿੱਚੋਂ ਆਈ ਹੈ, ਜਾਂ ਸਾਥੋਂ ਬਾਅਦ ਵਾਲੇ ਵੀ ਪੰਜਾਬ ਵਿਚ ਪੜ੍ਹ-ਲਿਖ ਕੇ ਆਏ ਹਨ ਉਨ੍ਹਾਂ ਦੀਆਂ ਲਿਖਤਾਂ ਵਿਚ ਪੰਜਾਬ ਦਾ ਜ਼ਿਕਰ ਕਿਸੇ ਨਾ ਕਿਸੇ ਪੱਖੋਂ ਆਉਣਾ ਲਾਜ਼ਮੀ ਹੈ। ਇਸਨੂੰ ਅਸੀਂ ਭੂ-ਹੇਰਵਾ ਜਾਂ ਰੁਦਨ ਨਹੀਂ ਆਖ ਸਕਦੇ। ਭੂ-ਹੇਰਵਾ ਉਸ ਵੇਲੇ ਸੀ ਜਦੋਂ ਬਹੁਤੇ ਲੋਕ ਪੰਜਾਹਵਿਆ/ ਸੱਠਵਿਆਂ ਵਿਚ ਪਰਵਾਸ ਧਾਰਨ ਕਰ ਕੇ ਇੱਧਰ ਆਏ ਸਨ। ਉਸ ਵੇਲੇ ਲਿਖਤਾਂ ਵਿਚ ਸਾਫ਼ ਤੌਰ ਤੇ ਭੂ-ਹੇਰਵਾ ਜਾਂ ਰੁਦਨ ਵਿਖਾਈ ਦਿੰਦਾ ਸੀ। ਪਰ ਹੁਣ ਇਹ ਤਾਂ ਹੋ ਸਕਦਾ ਹੈ ਕਿ ਅਸੀਂ ਪੰਜਾਬ ਦੀ ਗੱਲ ਜਾਂ ਪੰਜਾਬ ਦੇ ਸਿਸਟਮ ਦੀ ਗੱਲ, ਰਿਸ਼ਤਿਆਂ ਦੇ ਨਿਘਾਰ ਦੀ ਗੱਲ ਕਰੀਏ ਪਰ ਇਸਨੂੰ ਨਾ ਭੂ-ਹੇਰਵਾ/ ਹੇਰਵਾ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਰੁਦਨ। ਇਹ ਹੋ ਨਹੀਂ ਸਕਦਾ ਕਿ ਅਸੀਂ ਬਿਨਾਂ ਪੰਜਾਬ ਦੇ ਗੱਲ ਕਰੀਏ। ਹਰ ਹਾਲਤ ਵਿਚ ਅਸੀਂ ਯਾਦਾ ਦੀਆਂ ਸਿਮਰਤੀਆਂ ਵਿੱਚੀਂ ਲੰਘਦੇ ਹਾਂ ਤੇ ਉਹ ਰਚਨਾ ਦਾ ਹਿੱਸਾ ਵੀ ਬਣਨਗੀਆਂ ਹੀ। ਇਹ ਸੁਭਾਵਕ ਹੈ ਕਿ ਮੇਰੀਆਂ ਲਿਖਤਾਂ ਵਿਚ ਵੀ ਪੰਜਾਬ ਦੀ ਗੱਲ ਅਕਸਰ ਆਉਂਦੀ ਹੈ। ਕਹਾਣੀ 'ਖੰਡਰ' ਹੀ ਲੈ ਲਵੋ। ਇਹ ਭੂ-ਹੇਰਵੇ ਦੀ ਗੱਲ ਨਹੀਂ ਹੈ ਜਦੋਂ ਮੈਂ ਮਾਰਥਾ ਅਤੇ ਈਸਰੋ ਦੇ ਜੀਵਨ ਦੀ ਗੱਲ ਕਰਦੀ ਹਾਂ। ਇਹ ਸੁਵਿਧਾਵਾਂ ਦੀ ਗੱਲ ਹੈ। ਜੀਵਨ ਜਾਚ ਦੀ ਗੱਲ ਹੈ ਨਾ ਕਿ ਹੇਰਵੇ ਦੀ ਗੱਲ ਹੈ। ਇਸੇ ਤਰ੍ਹਾਂ ਸਿਓਂਕ ਕਹਾਣੀ ਵਿਚ ਵੀ ਆਏ ਰਿਸ਼ਤਿਆਂ ਦੇ ਨਿਘਾਰ ਦੀ ਗੱਲ ਹੈ। ਕਹਾਣੀ ਹਿਰਾਸਤ ਵਿਚ ਵੀ ਮਨ ਦੇ ਵਹਿਮ ਨੂੰ ਲਾਂਭੇ ਕਰਨਾ ਹੈ ਕਿ ਜਿਵੇਂ ਅਸੀਂ ਸੋਚਦੇ ਹਾਂ ਸਾਡਾ ਸਭਿਆਚਾਰ ਚੰਗਾ ਹੈ ਅਤੇ ਦੂਜਾ ਮਾੜਾ। ਇਹ ਜ਼ਰੂਰੀ ਨਹੀਂ ਕਿ ਸਾਡੀ ਸੋਚ ਸਹੀ ਹੋਵੇ। ਭੂਹੇਰਵਾ ਸ਼ਬਦ ਹੁਣ ਮਾਇਨੇ ਨਹੀਂ ਰੱਖਦਾ। ਪਰ ਹਾਂ ਜਿੰਨਾ ਚਿਰ ਸਾਡੀ ਪੀੜ੍ਹੀ ਹੈ, ਪਿੱਛਲੀਆਂ ਯਾਦਾਂ ਦੇ, ਪਿੱਛਲੀ ਧਰਤੀ ਦੇ ਚੰਗੇ-ਮਾੜੇ ਪੱਖ ਜ਼ਰੂਰ ਉਜਾਗਰ ਹੁੰਦੇ ਰਹਿਣਗੇ। ਲਿਖਤਾਂ ਵਿਚ ਵੀ ਪੁਰਾਣੀਆਂ ਸਿਮਰਤੀਆਂ ਦਾ ਆਉਣਾ ਕੋਈ ਗ਼ੈਰ ਵਾਜਵ ਨਹੀਂ ਪਰ ਇਹ ਨਾ ਰੁਦਨ ਹੈ ਅਤੇ ਨਾ ਭੂ-ਹੇਰਵਾ।

**? ਬਹੁਤੇ ਪਰਵਾਸੀ ਕਹਾਣੀਕਾਰ ਮਰ ਰਹੇ ਪੰਜਾਬੀ ਸਭਿਆਚਾਰ ਦੇ ਕੀਰਨੇ ਪਾ ਰਹੇ ਹਨ। ਪਰਵਾਸੀ ਲੋਕਾਂ ਦੀ ਕਨੇਡਾ ਵਿਚ ਜੰਮੀ ਨਵੀਂ ਪੀੜ੍ਹੀ, ਪੰਜਾਬੀ ਅਤੇ ਪੰਜਾਬੀ ਸਭਿਆਚਾਰ ਨਾਲੋਂ ਟੁੱਟ ਰਹੀ ਹੈ। ਇਸ ਸਾਰੇ ਵਰਤਾਰੇ ਨੂੰ ਤੁਸੀਂ ਆਪਣੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਲੈ ਕੇ ਆਂਦਾ ਹੈ।**

- ਮੈਨੂੰ ਨਹੀਂ ਲਗਦਾ ਕਿ ਪਰਵਾਸੀ ਕਹਾਣੀਕਾਰ ਮਰ ਰਹੇ ਪੰਜਾਬੀ ਸਭਿਆਚਾਰ ਦੇ ਕੀਰਨੇ ਪਾ ਰਹੇ ਹੋਣ। ਇਹ ਜ਼ਰੂਰ ਮਹਿਸੂਸ ਹੁੰਦਾ ਹੈ ਕਿ ਜਿਵੇਂ ਪੰਜਾਬ ਬੈਠਾ ਬੰਦਾ ਪਰਵਾਸ ਦੇ ਬੱਚਿਆਂ ਜਾਂ ਸਭਿਆਚਾਰ ਬਾਰੇ ਵੱਖ ਨਜ਼ਰੀਆ ਰੱਖ ਸਕਦਾ ਹੈ ਤੇ ਇਸੇ ਤਰ੍ਹਾਂ ਪਰਵਾਸ ਵਿਚ ਬੈਠੇ ਬੰਦੇ ਜਾਂ ਕਹਾਣੀਕਾਰ ਅੱਡ ਦ੍ਰਿਸ਼ਟੀ ਨਾਲ਼ ਪਿੱਛਲੇ ਸਭਿਆਚਾਰ ਨੂੰ ਦੇਖ-ਪਰਖ ਰਹੇ ਹੋਣ। ਗੱਲ ਨਜ਼ਰੀਏ ਦੀ ਹੈ। ਜੇ ਕਰ ਕਿਸੇ ਦੀ ਕਹਾਣੀ ਵਿਚ ਇਸ ਤਰ੍ਹਾਂ ਦੀ ਗੱਲ ਆਉਂਦੀ ਵੀ ਹੈ ਤਾਂ ਉਹ ਇਸ ਕਰਕੇ ਕਿ ਦੂਰ ਬੈਠਾ ਲੇਖਕ ਉਸਨੂੰ ਸਾਫ਼ ਨਜ਼ਰ ਨਾਲ਼ ਦੇਖ ਰਿਹਾ ਹੁੰਦਾ ਹੈ ਜਦੋਂ ਕਿ ਪੰਜਾਬ ਵਿਚ ਬਦਲ ਰਹੇ ਸਮਾਜ ਦਾ ਪੰਜਾਬੀ ਲੇਖਕ ਖੁਦ ਆਪ ਉੱਥੇ ਦੇ ਸਿਸਟਮ ਦਾ ਇਕ ਹਿੱਸਾ ਹੁੰਦਾ ਹੈ। ਉਸਨੂੰ ਉਹ ਫ਼ਰਕ ਨਜ਼ਰ ਆ ਹੀ ਨਹੀਂ ਸਕਦਾ। ਇਸੇ



ਤਰ੍ਹਾਂ ਕਨੇਡਾ ਵਿਚ ਜੰਮੀ ਨਵੀਂ ਪੀੜ੍ਹੀ ਬਾਰੇ ਵਿਚਾਰ ਪੰਜਾਬ ਵਿਚ ਬੈਠਾ ਬੰਦਾ ਹੋਰ ਧਾਰਨਾ ਬਣਾ ਸਕਦਾ ਹੈ। ਕੀ ਨਵੀਂ ਪੀੜ੍ਹੀ ਪੰਜਾਬ ਵਿਚ ਨਹੀਂ ਬਦਲ ਰਹੀ? ਸੁਭਾਵਕ ਹੈ ਵਿਦੇਸ਼ ਵਿਚ ਵੀ ਬਦਲੇਗੀ ਹੀ। ਫਰਕ ਐਨਾ ਹੈ ਕਿ ਪਰਵਾਸ ਵਿਚ ਰਹਿਣ ਵਾਲੀ ਨਵੀਂ ਪੀੜ੍ਹੀ ਬਹੁਤ ਪਰੈਕਟੀਕਲ ਹੈ। ਉਹ ਆਪਣੇ ਵਿਰਸੇ ਵਿਚੋਂ ਜੋ ਚੰਗਾ ਹੈ ਰੱਖ ਲੈਂਦੇ ਹਨ ਅਤੇ ਬਾਕੀ ਨੂੰ ਛੱਡ ਦਿੰਦੇ ਹਨ। ਮੈਂ ਆਪਣੀਆਂ ਕਹਾਣੀਆਂ ਵਿਚ ਨਵੀਂ ਪੀੜ੍ਹੀ ਦੇ ਚੰਗੇ ਪੱਖ ਅਤੇ ਮਾੜੇ ਪੱਖ ਦੋਨੋਂ ਹੀ ਲਿਆਂਦੇ ਹਨ। ਮੇਰੀ ਕਹਾਣੀ 'ਚੱਪਾ ਕੁ ਸੂਰਜ' ਵਿਚ ਉਨ੍ਹਾਂ ਬੱਚਿਆਂ ਦੀ ਗੱਲ ਕੀਤੀ ਹੈ ਜੋ ਇੱਧਰਲੇ ਸਮਾਜ ਵਿਚ ਵਿਗੜਕੇ, ਫੇਰ ਸੁਧਰਦੇ ਹਨ ਅਤੇ 'ਖੰਡਰ' ਕਹਾਣੀ ਵਿਚ ਉਹ ਬੱਚਾ ਹੈ ਜੋ ਆਪਣੀ ਦਾਦੀ ਨੂੰ ਤਰਕ ਨਾਲ਼ ਵਿਆਹ ਸੰਸਥਾ ਬਾਰੇ ਸਵਾਲ ਕਰਦਾ ਹੈ ਅਤੇ ਆਪਣੇ ਵਿਚਾਰ ਦਿੰਦਾ ਹੈ। ਇਸਦਾ ਇਹ ਭਾਵ ਨਹੀਂ ਕਿ ਉਹ ਪੰਜਾਬੀ ਜਾਂ ਪੰਜਾਬੀਅਤ ਤੋਂ ਟੁੱਟ ਗਿਆ ਹੈ। ਫਰਕ ਐਨਾ ਹੈ ਕਿ ਉਸਦੀ ਸੋਚਣੀ ਰਿਜ਼ਿਡ ਨਹੀਂ ਹੈ। ਇੱਥੇ ਦੇ ਬੱਚੇ ਅੰਦਰੋਂ-ਬਾਹਰੋਂ ਇਕੋ ਜਿਹੇ ਹਨ। ਸੱਚ ਬੋਲਣਾ ਉਨ੍ਹਾਂ ਦੀ ਫਿਤਰਤ ਹੈ। ਜਦੋਂ ਕਿ ਸਾਡੇ ਪੰਜਾਬੀ ਸਭਿਆਚਾਰ ਵਿਚ ਡੂੰਘੇ ਉੱਤਰੇ ਹੋਏ ਲੋਕ ਸੱਚ ਸੁਣਨ ਦੇ ਆਦੀ ਨਹੀਂ ਹੁੰਦੇ। ਮਹਿਸੂਸ ਹੁੰਦਾ ਹੈ ਕਿ ਪੰਜਾਬ ਦੇ ਬੱਚੇ ਦਿਖਾਵਾ ਹੋਰ ਕਰਦੇ ਹਨ ਅਤੇ ਅੰਦਰੋਂ ਹੋਰ ਹੁੰਦੇ ਹਨ। ਨਾ ਤਾਂ ਇੱਥੋਂ ਦੀ ਪੰਜਾਬੀ ਪੀੜ੍ਹੀ ਪਿੱਛਲੀ ਪੀੜ੍ਹੀ ਨਾਲੋਂ ਟੁੱਟ ਰਹੀ ਹੈ ਤੇ ਨਾ ਹੀ ਸਭਿਆਚਾਰ ਨਾਲੋਂ। ਬਸ ਕੁਝ ਤੌਰ ਤਰੀਕਿਆ ਵਿਚ ਫਰਕ ਆ ਗਿਆ ਹੈ ਜੋ ਸੁਭਾਵਕ ਵੀ ਹੈ। ਹਰ ਜੈਨਰੇਸ਼ਨ ਕੁਝ ਨਾ ਕੁਝ ਨਵਾਂ ਲੈ ਕੇ ਆਉਂਦੀ ਹੈ। ਦੂਜਾ ਉਨ੍ਹਾਂ ਦਾ ਦੇਸ਼ ਕਨੇਡਾ ਹੈ ਅਤੇ ਸਭਿਆਚਾਰ ਕਨੇਡੀਅਨ ਹੈ। ਇਸ ਦੇ ਬਾਵਜੂਦ ਬੱਚੇ ਦੋਹਾਂ ਸਭਿਆਤਾਵਾਂ ਨੂੰ ਜਾਨਣ-ਮਾਨਣ ਦੀ ਕੋਸ਼ਿਸ਼ ਵਿਚ ਹਨ ਅਤੇ ਬੈਲੇਂਸ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।

**? ਤੁਸੀਂ ਪਰਵਾਸੀ ਪੰਜਾਬੀਆਂ ਦੇ ਸਮਾਜਿਕ ਸੰਕਟਾਂ, ਆਰਥਿਕ ਸੰਕਟਾਂ, ਰਾਜਨੀਤਿਕ ਸੰਕਟਾਂ ਨੂੰ ਆਪਣੇ ਗਲਪੀ ਬਿੰਬ 'ਚ ਕਿਸ ਤਰ੍ਹਾਂ ਢਾਲ ਰਹੇ ਹੋ।**

- ਕਿਸੇ ਵੀ ਦੇਸ਼ ਦੀ ਆਰਥਿਕਤਾ ਦਾ ਅਸਰ ਉੱਥੇ ਦੇ ਕਾਮਿਆਂ, ਜਨ-ਜੀਵਨ ਉੱਤੇ ਪੈਣਾ ਲਾਜ਼ਮੀ ਹੈ। ਜੇ ਕਰ ਆਰਥਿਕਤਾ ਦਾ ਅਸਰ ਪਵੇਗਾ ਤਾਂ ਮਨੁੱਖ ਦੀ ਸੋਚਣੀ, ਮਾਨਸਿਕਤਾ, ਘਰੇਲੂ ਤਨਾਵ, ਸਮਾਜਿਕ ਤੌਰ ਤੇ ਨਾ ਬਰਾਬਰੀ ਕਾਰਨ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਪਵੇਗਾ। ਇਹ ਵਿਸ਼ੇ ਮੇਰੀਆਂ ਕਹਾਣੀਆਂ ਦਾ ਅਕਸਰ ਹਿੱਸਾ ਬਣਦੇ ਰਹੇ ਹਨ ਅਤੇ ਬਣ ਰਹੇ ਹਨ। ਮੇਰੀ ਹੁਣੇ ਲਿਖੀ ਕਹਾਣੀ **'ਮਨੀ ਗੇਮ'** ਵਿਚ ਜਿੱਥੇ ਸਾਡੇ ਪਿੱਛਲੇ ਭਰਿਸ਼ਟਾਚਾਰ ਜੋ ਅਸੀਂ ਇੱਥੇ ਵੀ ਨਾਲ਼ ਚੁੱਕ ਲਿਆਏ ਹਾਂ, ਦੀ ਗੱਲ ਕਰਦੀ ਹੈ ਉੱਥੇ ਰਿਸ਼ਤਿਆਂ ਵਿਚ ਆਏ ਨਿਘਾਰ ਦੀ ਗੱਲ ਵੀ ਕਰਦੀ ਹੈ ਅਤੇ ਆਰਥਿਕਤਾ ਦੇ ਪੈ ਰਹੇ ਪ੍ਰਭਾਵ ਦੀ ਗੱਲ ਵੀ ਹੈ। ਰਿਸ਼ਤੇ ਵੀ ਹੁਣ ਖੁਦਗਰਜ਼ੀ ਦੇ ਕਿਨਾਰੇ ਖੜੇ ਹਨ। ਪੰਜਾਬੋਂ ਆਈ ਦਾਦੀ ਨੂੰ ਪੋਤੇ-ਪੋਤੀਆਂ ਸਾਂਭਣੇ ਵੀ ਪੈਸਿਆਂ ਦਾ ਘਾਟਾ ਮਹਿਸੂਸ ਹੁੰਦਾ ਹੈ। ਰਿਸ਼ਤਿਆਂ ਵਿਚ ਮੋਹ ਮੁਹੱਬਤ ਖ਼ਤਮ ਹੁੰਦਾ ਨਜ਼ਰ ਆ ਰਿਹਾ ਹੈ। ਇਹ ਇਕੱਲਾ ਪੱਛਮ ਵਿਚ ਹੀ ਨਹੀਂ, ਪੂਰਬ ਵਿਚ ਵੀ ਇਹੋ ਹਾਲ ਹੈ। ਹਰ ਇਕ ਨੂੰ "ਮੈਂ" ਦੀ ਚਿੰਤਾ ਹੈ। ਕਹਾਣੀ "ਖੰਡਰ" ਵਿਚ ਵੀ ਇਸਨੂੰ ਮਹਿਸੂਸਿਆ ਜਾ ਸਕਦਾ ਹੈ ਜਦੋਂ ਕਹਾਣੀ ਦੀ ਇਕ ਪਾਤਰ ਗੁਰਬਖ਼ਸ਼ ਆਪਣੀਆਂ ਨੂੰਹਾਂ-ਧੀਆਂ ਦੀ ਗੱਲ ਕਰਦੀ ਹੈ। ਦੀਦਾਰ ਦੇ ਪੁੱਤ-ਧੀ ਵੀ ਪੈਸਾ ਲੈ ਕੇ ਲਾਂਭੇ ਹੁੰਦੇ ਹਨ। ਹਰ ਰਾਜਨੀਤਿਕ ਸੰਕਟ ਦਾ ਅਸਰ ਸਮਾਜ ਉੱਤੇ ਵੀ ਪੈਂਦਾ ਹੈ ਅਤੇ ਆਰਥਿਕਤਾ ਉੱਤੇ ਵੀ। ਕਹਾਣੀ "ਅਸੀਂ ਹੁਣ ਠੀਕ-ਠਾਕ ਹਾਂ" ਜਿਹੜੀ ਗਲੋਬਲੀ/ਰਾਜਨੀਤਕ ਅਤੇ ਸਮਾਜਿਕ ਮਸਲੇ ਲਈ ਖੜੀ ਹੈ। ਜਿਨ੍ਹਾਂ ਕਾਰਨ ਦੇਸ਼ ਤਬਾਹ ਹੋ ਰਹੇ ਹਨ ਅਤੇ ਰਿਸ਼ਤਿਆਂ ਦੇ ਘਾਣ ਹੋ ਰਹੇ ਹਨ। ਨਾਵਲ 'ਜਾਲ਼' ਵਿਚ ਇਸਦੇ ਵੱਖ-ਵੱਖ ਪਹਿਲੂ ਵਿਚਾਰੇ ਗਏ ਹਨ ਕਿਵੇਂ ਫਰੀ ਟਰੇਡ ਨੇ ਕਨੇਡਾ ਦੀ ਆਰਥਿਕਤਾ ਨੂੰ ਪ੍ਰਭਾਵਤ ਕੀਤਾ। ਇਹ ਮਸਲਾ ਜਿੱਥੇ ਰਾਜਨੀਤਕ ਸੀ ਉਸਦੇ ਨਾਲ਼

ਸਮਾਜਿਕ ਅਤੇ ਆਰਥਿਕ ਤੌਰ ਤੇ ਵੀ ਮਨੁੱਖ ਟੁੱਟਿਆ। ਗੱਲ ਕੀ, ਪਰਵਾਸੀਆਂ ਨੇ ਇਨ੍ਹਾਂ ਸਾਰੇ ਸੰਕਟਾਂ ਨਾਲ਼ ਜੂਝਿਆ ਹੈ। ਤਕਰੀਬਨ ਮੇਰੀ ਹਰ ਕਹਾਣੀ ਨੇ ਸਮਾਜਿਕ ਤੌਰ ਤੇ ਨਾ ਬਰਾਬਰੀ ਦੀ ਗੱਲ ਕੀਤੀ ਹੈ। ਭਾਵੇਂ ਉਹ ਰਿਸ਼ਤਿਆ ਦੀ ਟੁੱਟ-ਭੱਜ ਕਿਉਂ ਨਾ ਹੋਵੇ। ਹੁੰਦਾ ਇਹ ਹੀ ਹੈ ਕਿ ਇਕ ਇਨਸਾਨ ਦੂਜੇ ਨੂੰ ਆਪਣੇ ਅਧੀਨ ਕਰਨਾ ਲੋਚਦਾ ਹੈ।

**? ਕਨੇਡਾ ਦੀ ਕਹਾਣੀ ਪਰਵਾਸੀ ਔਰਤ ਦੀ ਹੋਂਦ ਅਤੇ ਹੋਣੀ ਦੇ ਮਸਲਿਆਂ ਨੂੰ ਕਿਸ ਤਰ੍ਹਾਂ ਸੰਬੋਧਤ ਹੁੰਦੀ ਹੈ। ਕਹਾਣੀਆਂ ਦੇ ਹਵਾਲਿਆਂ ਨਾਲ਼ ਦੱਸੋ।**

– ਮੈਂ ਇੱਥੇ ਸਿਰਫ਼ ਆਪਣੀ ਕਹਾਣੀ ਦੀ ਗੱਲ ਕਰਾਂਗੀ। ਔਰਤ ਦੀਆਂ ਸਮੱਸਿਆਵਾਂ ਦੀਆਂ ਬਹੁਤ ਪਰਤਾਂ ਹਨ। ਮਰਦ ਜਿੱਥੇ ਬਾਹਰਲੀ ਦੁਨੀਆਂ ਨਾਲ਼ ਜੂਝਦਾ ਹੈ ਉੱਥੇ ਇਸ ਦੇ ਉਲਟ ਔਰਤ ਨੂੰ ਘਰ-ਬਾਹਰ, ਰਿਸ਼ਤਿਆਂ, ਬੱਚਿਆਂ, ਦੰਪਤੀ ਜੀਵਨ, ਕੰਮ ਕਰਨ ਵਾਲੇ ਥਾਂ, ਹਰ ਉਸ ਸਮੱਸਿਆ ਨਾਲ਼ ਜੂਝਣਾ ਪੈਂਦਾ ਹੈ ਅਤੇ ਆਪਣੀ ਹੋਂਦ ਨੂੰ ਵੀ ਸੰਭਾਲਣਾ ਪੈਂਦਾ ਹੈ। ਇਹ ਅਜ ਦੀ ਸਥਿਤੀ ਹੈ। ਔਰਤ ਇਕ ਜੀਵ ਨਹੀਂ ਜਿਵੇਂ ਮਸ਼ੀਨ ਬਣ ਗਈ ਹੋਵੇ। ਮਲਟੀ ਟਾਸਕ ਉਸਦਾ ਕਰਮ ਬਣ ਗਿਆ ਹੋਵੇ। ਤੇ ਇਸ ਸਭ ਵਿਚ ਉਸਨੇ ਬੱਚਿਆਂ ਦੀ ਪਰਵਰਿਸ਼ ਵੀ ਕਰਨੀ ਹੋਈ। ਨਵੇਂ ਸਮਾਜ ਅਨੁਸਾਰ ਉਨ੍ਹਾਂ ਦਾ ਬੈਲੈਂਸ ਵੀ ਰੱਖਣਾ ਹੋਇਆ। ਦੰਪਤੀ ਜੀਵਨ ਵਿਚ ਆਪਣਾ ਰਿਸ਼ਤਾ ਵੀ ਸੰਭਾਲਣਾ ਹੋਇਆ। ਰਹੀ ਗੱਲ ਬਾਕੀ ਰਿਸ਼ਤਿਆਂ ਦੀ, ਉਨ੍ਹਾਂ ਨੂੰ ਵੀ ਹਰ ਹੀਲੇ ਨਾਲ਼ ਲੈ ਕੇ ਚੱਲਣਾ ਹੋਇਆ। ਉਸਦੀ ਹੋਂਦ ਅਤੇ ਹੋਣੀ ਦੇ ਅਰਥ ਵੀ ਉਸਨੇ ਆਪ ਹੀ ਭਾਲਣੇ ਹੋਏ। ਮੇਰੀ ਕਹਾਣੀ ਕੁਸੱਤ ਦੀ "ਮੈਂ" ਪਾਤਰ ਇਨ੍ਹਾਂ ਸਥਿਤੀਆਂ ਨਾਲ਼ ਜੂਝਦੀ ਹੋਈ ਆਪਾ ਸੰਭਾਲਦੀ ਹੈ। ਸੱਸ ਵੱਲੋਂ ਦੁਰਕਾਰੀ ਗਈ, ਆਦਮੀ ਵੱਲੋਂ ਛੱਡੀ ਗਈ, ਵਕਤ ਪੈਣ ਤੇ ਜਦੋਂ ਉਸਦਾ ਸਹੁਰਾ ਉਸਦੇ ਘਰ ਆ ਕੇ ਆਖਦਾ ਹੈ, "ਇਹ ਘਰ ਦੀ ਤਬਾਹੀ ਰੋਕ ਲੈ ਪੁੱਤਰ। ਦੇਵ ਨੂੰ ਮਾਫ਼....।" ਤਾਂ ਉਸਦਾ ਉੱਤਰ ਸਾਫ਼ ਹੁੰਦਾ ਹੈ ਕਿ, "ਭਾਪਾ ਜੀ ਮੈਂ ਨਜ਼ਰ ਮਿਲਾ ਕੇ ਗੱਲ ਕਰਨਾ ਚਾਹੁੰਦੀ ਹਾਂ। ਝੁਕਾ ਕੇ ਨਹੀਂ" ਉਸਦੀ ਇਸ ਗੱਲ ਉੱਤੇ "ਮੈਂ" ਪਾਤਰ ਦਾ ਸਹੁਰਾ ਵੀ ਖ਼ੁਸ਼ ਹੋ ਜਾਂਦਾ ਹੈ। ਭਾਵੇਂ ਉਸਨੂੰ ਉਸਦੀ ਪਤਨੀ ਅਤੇ ਪੁੱਤਰ ਵੱਲੋਂ ਭੇਜਿਆ ਗਿਆ ਸੀ ਤੇ ਉਹ ਆ ਵੀ ਗਿਆ ਸੀ ਪਰ ਨੂੰਹ ਦਾ ਉੱਤਰ ਸੁਣ ਕੇ ਉਸਨੂੰ ਖ਼ੁਸ਼ੀ ਹੋਈ। ਉਸਨੇ ਵੀ ਮਹਿਸੂਸ ਕੀਤਾ ਕਿ ਮੇਰੀ ਨੂੰਹ ਦੀ ਹੋਂਦ ਅਤੇ ਹੋਣੀ ਮਿਟਣੀ ਨਹੀਂ ਚਾਹੀਦੀ। ਮੈਂ ਕੋਸ਼ਿਸ਼ ਕੀਤੀ ਹੈ ਕਿ ਆਪਣੀਆਂ ਸਭ ਕਹਾਣੀਆਂ ਵਿਚ ਔਰਤ ਦੀ ਹੋਣੀ ਅਤੇ ਹੋਂਦ ਨੂੰ ਕਾਇਮ ਰੱਖਾਂ। ਇਕ ਹੋਰ ਉਦਾਹਰਣ ਨਾਵਲ 'ਜਾਲ਼' ਦੀ ਪ੍ਰੀਤੀ ਹੈ। ਜੋ ਸਭ ਕੁਝ ਠੀਕ ਹੋਣ ਤੋਂ ਬਾਅਦ ਵੀ ਆਪਣੀਆਂ ਸ਼ਰਤਾਂ ਉੱਤੇ ਜਿਉਂਦੀ ਹੈ। ਬੱਚੇ ਪਾਲ਼ਦੀ ਹੈ। ਉਹ ਗਰਿੰਦਰ ਦੇ ਹਰ ਔਗਣ ਮੁਆਫ਼ ਕਰ ਦਿੰਦੀ ਰਹੀ ਹੈ। ਪਰ ਜਦੋਂ ਗੱਲ ਉਸਦੇ ਸਵੈਮਾਣ ਉੱਤੇ ਆਉਂਦੀ ਹੈ ਤਾਂ ਉਹ ਕੁਝ ਵੀ ਸਹਿਨ ਨਹੀਂ ਕਰਦੀ। ਉਸ ਵੇਲੇ ਉਹ ਗੁਰਿੰਦਰ ਦੇ ਭਰਾ-ਭਰਜਾਈ ਮਿੰਦੋ ਅਤੇ ਜਗੀਰ ਸਿੰਘ ਨੂੰ ਸੱਦ ਕੇ ਆਖ ਦਿੰਦੀ ਹੈ ਕਿ, "ਵੀਰ ਜੀ! ਤੁਸੀਂ ਆਪ ਸਿਆਣੇ ਓਂ। ਮੇਰੀ ਬੱਸ ਐ। ਮੈਂ ਹੋਰ ਬਰਦਾਸ਼ਤ ਨ੍ਹੀ ਕਰ ਸਕਦੀ। ਮੈਂ ਲੀਹੋਂ ਲੱਥਣਾਂ ਤਾਂ ਨਹੀਂ ਚਾਹੁੰਦੀ ਪਰ ਮੈਂ ਮਜ਼ਬੂਰ ਹਾਂ। ਮੇਰੇ ਬੱਚਿਆ 'ਤੇ ਵੀ ਅਸਰ ਪੈ ਰਿਹੈ। ਮੈਂ ਰਾਹ ਅੱਡ ਚੁਣਨਾ ਚਾਹੁੰਦੀ ਹਾਂ।" ਇਕ ਹੋਰ ਕਹਾਣੀ "ਬੱਸ ਹੋਰ ਨ੍ਹੀ" ਦੀ "ਮੈਂ" ਪਾਤਰ ਪੂਰੀ ਜ਼ਿੰਦਗੀ ਸਭ ਕੁਝ ਬਰਦਾਸ਼ਤ ਕਰਦੀ ਹੈ ਪਰ ਜਦੋਂ ਉਸਦਾ ਪਤੀ, ਆਪਣੀ ਹੀ 'ਧੀ' ਵਾਸਤੇ ਗੰਦੇ ਸ਼ਬਦ ਬੋਲਦਾ ਹੈ ਤਾਂ ਉਹ 'ਧੀ' ਦੀ ਬਾਂਹ ਫੜ ਕੇ ਦਰੋਂ ਬਾਹਰ ਹੋ ਜਾਂਦੀ ਹੈ। ਇਹ ਅੱਜ ਦੀ ਔਰਤ ਦੀ ਹੋਣੀ ਹੈ। ਉਹ ਆਪਣੀ ਹੋਣੀ ਅਤੇ ਹੋਂਦ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਵਿਚ ਹੈ। ਹੋਰ ਬਹੁਤ ਉਦਾਹਰਣਾ ਹਨ। ਅੱਜ ਦੀ ਔਰਤ, ਆਦਮੀ ਨਾਲ਼ ਬਰਾਬਰ ਚੱਲਣ ਵਿਚ ਵਿਸ਼ਵਾਸ ਰੱਖਦੀ ਹੈ। ਬਰਾਬਰ ਦਾ ਹੱਕ ਚਾਹੁੰਦੀ ਹੈ। ਇੱਜ਼ਤ ਕਰਨਾ ਅਤੇ ਇੱਜ਼ਤ ਕਰਾਉਣਾ ਚਾਹੁੰਦੀ ਹੈ। ਜਦੋਂ ਉਸਦੀ ਹੋਂਦ



ਮਿਟਦੀ ਦਿਸੇ ਤਾਂ ਉਸਨੂੰ ਅਜਿਹੇ ਫ਼ੈਸਲੇ ਲੈਣੇ ਪੈਂਦੇ ਹਨ। ਹੋਰ ਲੇਖਕਾਂ ਨੇ ਵੀ ਇਸ ਵਿਸ਼ੇ ਨੂੰ ਅੱਗੇ ਲਿਆਂਦਾ ਹੈ। ਇਹ ਮਸਲਾ ਸਿਰਫ਼ ਪਰਵਾਸ ਦਾ ਨਹੀਂ। ਅਜ ਗਲੋਬਲ ਤੌਰ ਤੇ ਔਰਤ ਆਪਣੀ ਹੋਂਦ ਨੂੰ ਕਾਇਮ ਰੱਖਣ ਦੇ ਯਤਨ ਵਿਚ ਹੈ। ਜਿੱਥੋਂ ਤੱਕ ਮੈਂ ਸਮਝਦੀ ਹਾਂ, ਕਨੇਡਾ ਦੀ ਕਹਾਣੀ ਵਿਚ ਔਰਤ ਦੀ ਹੋਂਦ ਦੇ ਵਿਭਿੰਨ ਮਸਲਿਆਂ ਅਤੇ ਪਰਤਾਂ ਨੂੰ ਕਹਾਣੀਆਂ ਨੇ ਵਿਚਾਰਿਆ ਹੈ।

**? ਤੁਸੀਂ ਆਪਣੀ ਕਹਾਣੀ ਵਿਚ ਕਿਸ ਕਿਸਮ ਦੀਆਂ ਕਥਾ ਜੁਗਤਾਂ ਦੀ ਵਰਤੋਂ ਕਰਦੇ ਹੋ।**

– ਕਿਹਾ ਜਾਂਦਾ ਹੈ ਕਿ ਕਹਾਣੀ ਤਿੰਨ ਜੁਗਤਾਂ ਵਿਚ ਸਮੇਟੀ ਜਾਂਦੀ ਹੈ। ਫਸਟ ਪਰਸਨ, ਸੈਕੰਡ ਪਰਸਨ ਅਤੇ ਥਰਡ ਪਰਸਨ। ਮੈਂ ਸੋਚਦੀ ਹਾਂ ਕਿ ਬਹੁਤ ਘੱਟ ਕਹਾਣੀ ਥਰਡ ਪਰਸਨ ਵਿਚ ਲਿਖੀ ਗਈ ਹੈ। ਫਸਟ ਪਰਸਨ ਜਾਂ ਸੈਕੰਡ ਪਰਸਨ ਵਿਚ ਆਮ ਤੌਰ ਤੇ ਕਹਾਣੀ ਪੜ੍ਹਣ ਨੂੰ ਮਿਲਦੀ ਹੈ। ਇਨ੍ਹਾਂ ਦੋਹਾਂ ਜੁਗਤਾਂ ਵਿਚ ਮੈਂ ਕਹਾਣੀ ਲਿਖਦੀ ਹਾਂ। ਪਰ ਸਭ ਤੋਂ ਵੱਧ ਮੈਂ ਫਸਟ ਪਰਸਨ ਵਿਚ ਲਿਖਣ ਦੀ ਕੋਸ਼ਿਸ਼ ਕਰਦੀ ਹਾਂ। ਫਸਟ ਪਰਸਨ ਵਿਚ ਲਿਖੀ ਕਹਾਣੀ ਵੱਧ ਯਥਾਰਥਕ ਅਤੇ ਰੌਚਿਕ ਜਾਪਦੀ ਹੈ। ਪਾਠਕ ਅਕਸਰ ਉਸਨੂੰ ਸਵੈ ਜੀਵਨੀ ਮੂਲਕ ਪੜ੍ਹਣ ਅਤੇ ਮਾਨਣ ਦੀ ਕੋਸ਼ਿਸ਼ ਕਰਦਾ ਹੈ। ਪਿਛਲ ਝਾਤ ਵਿਧੀ ਮੈਂ ਅਕਸਰ ਵਰਤਦੀ ਹਾਂ। ਨਿਰੇਸ਼ਨ ਅਤੇ ਸੰਵਾਦ ਦਾ ਸੰਤੁਲਨ ਵੀ ਰੱਖਣ ਦੀ ਕੋਸ਼ਿਸ਼ ਕਰਦੀ ਹਾਂ।

**? ਤੁਸੀਂ ਆਪਣੀ ਕਹਾਣੀ ਵਿਚ ਪੂਰਬੀ ਅਤੇ ਪੱਛਮੀ ਸਮਾਜ ਦੀ ਡਾਇਲੈਕਟਸ ਨੂੰ ਪਕੜਿਆ ਹੈ? ਕਿਸ ਤਰ੍ਹਾਂ?**

– ਲੋੜ ਅਨੁਸਾਰ ਮੈਂ ਪੱਛਮੀ ਡਾਇਲੈਕਟਸ ਨੂੰ ਵੀ ਵਰਤਿਆ ਹੈ। ਮੇਰੀ ਹਰ ਕਹਾਣੀ ਵਿਚ ਸਮੇਂ ਅਤੇ ਪਾਤਰ ਅਨੁਸਾਰ ਮੈਂ ਸੰਵਾਦ ਰਚਾਉਂਦੀ ਹਾਂ। ਜੇ ਕਰ ਬੱਚਿਆਂ ਦੇ ਬੋਲਣ ਦਾ ਢੰਗ ਹੋਵੇ ਤਾਂ ਅਕਸਰ ਮੈਂ ਉਨ੍ਹਾਂ ਦੀ ਭਾਸ਼ਾ ਅਤੇ ਅੰਦਾਜ਼ ਵਿਚ ਗੱਲ ਕਹਿਣ ਦੀ ਕੋਸ਼ਿਸ਼ ਕਰਦੀ ਹਾਂ। ਨਿਰੇਸ਼ਨ ਵਿਚ ਮੈਂ ਕੋਸ਼ਿਸ਼ ਕਰਦੀ ਹਾਂ ਕਿ ਪੰਜਾਬੀ ਵਿਚ ਹੀ ਗੱਲ ਕੀਤੀ ਜਾਵੇ। ਪਰ ਸੰਵਾਦ ਸਮੇਂ ਅਤੇ ਸਥਾਨ ਅਨੁਸਾਰ ਪੰਜਾਬੀ/ ਅੰਗ੍ਰੇਜ਼ੀ ਬਦਲ ਸਕਦੀ ਹੈ। ਜਿਹੜੇ ਬੱਚੇ ਕਨੇਡਾ ਵਰਗੇ ਦੇਸ਼ ਵਿਚ ਪਲ਼ੇ ਹੋਣ, ਉਨ੍ਹਾਂ ਦਾ ਡਾਇਲੈਕਟਸ ਅਕਸਰ ਅੱਡ ਹੋਵੇਗਾ। ਮੈਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਦੀ ਹਾਂ। ਜਿੱਥੇ ਕਈ ਲੇਖਕ ਆਖਦੇ ਹਨ ਕਿ ਪੰਜਾਬੀ ਕਹਾਣੀ ਵਿਚ ਸ਼ਬਦਾਵਲੀ ਸਿਰਫ਼ ਪੰਜਾਬੀ ਹੋਵੇ। ਮੈਨੂੰ ਇਹ ਸਹੀ ਨਹੀਂ ਲਗਦਾ। ਅੱਜ ਮਨੁੱਖ ਦੁਨੀਆਂ ਦੇ ਹਰ ਕੋਨੇ ਵਿਚ ਬੈਠਾ ਹੈ ਤੇ ਉਥੋਂ ਦੇ ਪ੍ਰਭਾਵ ਗ੍ਰਹਿਣ ਕਰਨੇ ਸੁਭਾਵਕ ਹਨ।

**? ਨਸਲੀ ਵਿਤਕਰੇ, ਪੀੜ੍ਹੀ ਪਾੜਾ, ਔਰਤ-ਮਰਦ ਦੇ ਤਣਾਅ ਭਰੇ ਰਿਸ਼ਤੇ, ਪਰਵਾਸੀਆਂ ਦੇ ਦੋਹਰੇ ਮਾਪਦੰਡ ਦੀ ਜ਼ਿੰਦਗੀ, ਵਿਵਰਜਤ ਰਿਸ਼ਤਿਆਂ ਨਾਲ਼ ਪ੍ਰਭਾਵਿਤ ਹੁੰਦੀ ਪਰਿਵਾਰਕ ਇਕਾਈ ਆਦਿ ਪੱਖਾਂ ਨੂੰ ਆਪਣੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਲੈਂਦੇ ਹੋ।**

– ਭਗਵੰਤ ਜੀ ਅਸਲ ਵਿਚ ਇਹ ਸਵਾਲ ਮੇਰੇ ਲਈ ਨਹੀਂ, ਸਗੋਂ ਪਾਠਕ ਜਾਂ ਅਲੋਚਕ ਵਾਸਤੇ ਹੈ ਕਿ ਉਹ ਇਹ ਵਿਸ਼ੇ ਕਿਵੇਂ ਕਹਾਣੀ ਵਿਚ ਮਹਿਸੂਸ ਕਰਦੇ ਹਨ। ਰਹੀ ਗੱਲ ਪਰਵਾਸੀਆਂ ਦੇ ਦੋਹਰੇ ਮਾਪਦੰਡ, ਮੈਨੂੰ ਇਹ ਗੱਲ ਜਚੀ ਨਹੀਂ। ਪਰਵਾਸੀਆਂ ਨੇ ਆਪਣੀ ਜ਼ਿੰਦਗੀ ਦਾ ਬੈਲੈਂਸ ਰੱਖਿਆ ਹੋਇਆ ਹੈ। ਇਹ ਦੋਹਰੇ ਮਾਪ-ਦੰਡ ਤਾਂ ਪੰਜਾਬ ਵਿਚ ਵੀ ਨੇ। ਬੰਦੇ ਕਹਿੰਦੇ ਕੁਝ ਅਤੇ ਕਰਦੇ ਕੁਝ ਨੇ। ਪਰਵਾਸ ਅਤੇ ਪਰਵਾਸੀਆਂ ਨੂੰ ਭੰਡੀ ਜਾਣਗੇ ਅਤੇ ਪਰਵਾਸ ਆਉਣ ਦੀ ਖਿੱਚ ਵੀ ਰੱਖਣਗੇ। ਰਹੀ ਗੱਲ ਔਰਤ ਮਰਦ ਦੇ ਤਣਾਅ ਭਰੇ ਰਿਸ਼ਤੇ ਦੇ ਵਿਸ਼ਿਆਂ ਦੀ, ਮੈਂ ਤਾਂ ਇਨ੍ਹਾਂ ਵਿਸ਼ਿਆ ਉੱਪਰ ਗੱਲ ਕਰਨੀ ਹੋਈ। ਸਵਾਲ ਹੈ ਕਿ ਮੈਂ ਇਨ੍ਹਾਂ ਨੂੰ ਕਹਾਣੀਆਂ ਵਿਚ ਕਿਵੇਂ ਲੈਂਦੀ ਹਾਂ? ਇਹ ਵੀ ਵਿਸ਼ੇ ਉੱਤੇ ਨਿਰਭਰ ਕਰਦਾ ਹੈ। ਔਰਤ-ਮਰਦ ਦਾ ਤਣਾਅ ਭਰਿਆ ਰਿਸ਼ਤਾ ਕਹਾਣੀ 'ਕੰਧਾਂ' ਵਿਚ ਦੇਖਿਆ ਜਾ ਸਕਦਾ ਹੈ ਜਾਂ 'ਬੰਦੀ' ਵਿਚ ਦੇਖਿਆ ਜਾ ਸਕਦਾ ਹੈ। ਇਹ ਵਿਸ਼ੇ ਹਨ ਜਿਹੜੇ ਕਹਾਣੀ ਦੀ ਵਿਧਾ ਅਨੁਸਾਰ ਉਸਦਾ

ਹਿੱਸਾ ਬਣਦੇ ਹਨ। ਪੀੜ੍ਹੀ ਪਾੜਾ ਤਾਂ ਹਰ ਸਮੇਂ ਰਿਹਾ ਹੈ ਅਤੇ ਰਹੇਗਾ ਵੀ। ਹਰ ਜੈਨਰੇਸ਼ਨ ਪਹਿਲੀ ਨਾਲੋਂ ਅੱਡ ਸੋਚਦੀ ਆਈ ਹੈ। ਨਾਵਲ 'ਜਾਲ਼' ਵਿਚ ਮੈਂ ਇਸ ਬਾਰੇ ਖੁੱਲ ਕੇ ਲਿਖਿਆ ਹੈ। 'ਬੱਸ ਹੋਰ ਨ੍ਹੀ' ਕਹਾਣੀ ਵਿਚ ਨੀਤੀ ਬਾਪ ਸਾਹਵੇਂ ਜਿਸ ਤਰ੍ਹਾਂ ਉੱਤਰ ਦਿੰਦੀ ਹੈ, ਸ਼ਾਇਦ ਹੋਰ ਕਿਸੇ ਵੇਲੇ ਜਾਂ ਸਥਾਨ ਉੱਤੇ ਧੀ ਇਸ ਤਰ੍ਹਾਂ ਨਾ ਦੇ ਸਕਦੀ ਹੋਵੇ। ਇਸੇ ਤਰ੍ਹਾਂ ਚੱਪਾ ਕੁ ਸੂਰਜ ਵਿਚ ਮੈਂ ਪਾਤਰ ਦੀਆਂ ਦੋਨੋਂ ਧੀਆਂ ਅਤੇ ਪੁੱਤਰ ਜਿਸ ਤਰ੍ਹਾਂ ਉਸ ਅੱਗੇ ਪੇਸ਼ ਆਉਂਦੇ ਹਨ ਇਹ ਪੀੜ੍ਹੀ ਪਾੜ੍ਹਾ ਹੀ ਹੈ। ਇਸਦਾ ਸੰਬੰਧ ਇਕੱਲੇ ਪੱਛਮ ਨਾਲ਼ ਨਹੀਂ ਹੈ। ਅੱਜ ਦੁਨਿਆਵੀ ਤੌਰ 'ਤੇ ਇਹ ਵਰਤਾਰਾ ਵਰਤ ਰਿਹਾ ਹੈ। ਵੈਸੇ ਵੀ ਬੱਚਿਆਂ ਦੀ ਸੋਚ ਮਾਂ-ਬਾਪ ਨਾਲੋਂ ਅੱਜ ਦੇ ਵੇਲੇ ਬਹੁਤ ਅੱਗੇ ਹੋ ਗਈ ਹੈ। ਸੋਸ਼ਲ ਮੀਡੀਏ ਦਾ ਅਸਰ, ਕੰਪਿਊਟਰ ਦਾ ਯੁੱਗ ਅਤੇ ਟੀ.ਵੀ ਨੇ ਆਪਣਾ ਰੋਲ ਅਦਾ ਕੀਤਾ ਹੈ। ਪਰਵਾਸੀ ਜਿਸ ਵੇਲੇ ਪੰਜਾਬ ਤੋਂ ਤੁਰਦੇ ਸਨ, ਉਨ੍ਹਾਂ ਦੇ ਸੋਚ ਦੀ ਸੂਈ ਉੱਥੇ ਹੀ ਅਟਕ ਜਾਂਦੀ ਰਹੀ ਹੈ। ਪਰ ਹੁਣ ਇਸ ਤਰ੍ਹਾਂ ਨਹੀਂ ਹੈ। ਮਾਂ-ਬਾਪ ਵੀ ਬੱਚਿਆਂ ਦੀ ਸੋਚਣੀ ਵੱਲ ਨੂੰ ਵੱਧਣ ਲੱਗੇ ਹਨ। ਉਨ੍ਹਾਂ ਨੂੰ ਸਮਝਣ ਲੱਗੇ ਹਨ। ਹੁਣ ਬੱਚੇ ਵੀ ਉਨ੍ਹਾਂ ਨੂੰ ਆਪਣੇ ਦੁਸ਼ਮਣ ਨਹੀਂ ਸਮਝਦੇ। ਮਾਂ-ਬਾਪ ਅਤੇ ਧੀਆਂ ਪੁੱਤਰਾਂ ਦੇ ਰਿਸ਼ਤੇ ਦੋਸਤੀ ਵੱਲ ਵੱਧ ਰਹੇ ਹਨ। ਇਹ ਸਮੱਸਿਆਵਾਂ ਹੁਣ ਬਹੁਤਾ ਮਤਲਬ ਨਹੀਂ ਰੱਖਦੀਆਂ। ਵੇਲਾ ਹੁਣ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੈ ਜਿਸਨੂੰ ਹਾਲੀਂ ਨਾ ਬੱਚੇ ਸਮਝ ਰਹੇ ਹਨ ਅਤੇ ਨਾ ਮਾਂ-ਬਾਪ। ਆਉਣ ਵਾਲਾ ਸਮਾਂ ਸ਼ਾਇਦ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਕਹਾਣੀਆਂ ਦੇ ਵਿਸ਼ੇ ਅੱਗੇ ਲਿਆਵੇ।

**? ਮੁੱਢਲੀ ਕਨੇਡਾ ਕਹਾਣੀ ਵਿਚ ਆਰਥਿਕ ਔਕੜਾਂ, ਹੱਡ ਭੰਨਵੀ ਮੁਸ਼ਕੱਤ, ਬਿਗਾਨੀ ਭਾਸ਼ਾ ਅੰਗਰੇਜ਼ੀ ਅਤੇ ਪੱਛਮੀ ਸਭਿਆਚਾਰ ਤੋਂ ਦੂਰੀ, ਮਿਲਾਪ ਨਾ ਬੈਠ ਸਕਣ ਦੀਆ ਸੱਮਸਿਆਵਾਂ, ਨਸਲੀ ਵਿਤਕਰੇ ਆਦਿ ਨਾਲ਼ ਜੂਝਦੀ ਰਹੀ ਸੀ, ਹੁਣ ਕਿਸ ਤਰ੍ਹਾਂ ਦੇ ਵਿਸ਼ਿਆਂ ਦੇ ਸੰਕਟਾਂ ਨਾਲ਼ ਜੂਝ ਰਹੀ ਹੈ।**

– ਹੁਣ ਮਸਲੇ ਆਰਥਿਕਤਾ ਦੇ ਅਤੇ ਮੁਸ਼ੱਕਤ ਦੇ ਵੀ ਹਨ ਪਰ ਇਸ ਤੋਂ ਅੱਗੇ ਗਲੋਬਲ ਮਸਲੇ ਬਹੁਤ ਹਨ ਜਿਨ੍ਹਾਂ ਨੇ ਮਨੁੱਖ ਨੂੰ ਭੰਨਿਆ ਤੋੜਿਆ ਹੈ। ਰੋਟੀ ਕਮਾਉਣ ਦੇ ਨਾਲ਼ ਉਸਦੇ ਅੰਦਰਲੇ ਨੂੰ ਫ਼ਿਕਰਾਂ ਵਿਚ ਪਾਇਆ ਹੋਇਆ ਹੈ। ਅੱਗੇ ਬੱਚਿਆਂ ਦੇ ਰੋਟੀ ਪਾਣੀ ਦੀ ਚਿੰਤਾ ਸੀ ਤੇ ਹੁਣ ਅੱਜ ਸਾਈਬਰ ਸਪੇਸ ਤੇ ਬੱਚਿਆਂ ਦੇ ਹੋਰ ਬਹੁਤ ਫਿਕਰ ਹਨ। ਮਨੁੱਖ ਇਕੱਲਾ ਰਹਿ ਗਿਆ ਪ੍ਰਤੀਤ ਹੁੰਦਾ ਹੈ। ਇਕੋ ਘਰ ਵਿਚ ਹਰ ਜੀਅ ਆਪਣੀ-ਇਕਾਈ ਵਿਚ ਜੀਅ ਰਹੇ ਹਨ। ਇਕ ਦੂਜੇ ਦਾ ਪਤਾ ਹੀ ਨਹੀਂ ਲਗਦਾ ਕਿ ਉਹ ਕੀ ਕਰ ਰਿਹਾ ਹੈ ਅਤੇ ਸੋਚ ਰਿਹਾ ਹੈ। ਬੱਚੇ ਆਪਣੀ ਦੁਨੀਆਂ ਵਿਚ ਮਸਰੂਫ਼ ਹਨ। ਇਹ ਸਿਰਫ਼ ਪੱਛਮ ਵਿਚ ਹੀ ਨਹੀਂ ਪੂਰੀ ਦੁਨੀਆਂ ਦਾ ਇਹੋ ਹਾਲ ਹੈ ਜਿਸਦਾ ਸਾਨੂੰ ਸਭ ਨੂੰ ਫ਼ਿਕਰ ਹੋਣਾ ਚਾਹੀਦਾ ਹੈ। ਅੱਜ ਕੰਪਿਊਟਰ ਨੇ ਸਾਡੇ ਘਰਾਂ ਵਿਚ ਸਾਨੂੰ ਅਤੇ ਸਾਡੇ ਟੱਬਰਾਂ ਨੂੰ ਆਪਣੇ ਵਿਚ ਸਮੇਟ ਲਿਆ ਹੈ ਜੋ ਮੈਨੂੰ ਜਾਪਦਾ ਹੈ ਕਿ ਆਉਣ ਵਾਲੇ ਸਮੇਂ ਬਹੁਤ ਘਾਤਕ ਸਿੱਧ ਹੋ ਸਕਦਾ ਹੈ। ਸਾਡੀਆਂ ਕਹਾਣੀਆਂ ਜਿੱਥੇ ਗਲੋਬਲ ਅੱਤਵਾਦ ਵੱਲ ਜਾ ਰਹੀਆਂ ਹਨ ਉੱਥੇ ਇਨ੍ਹਾਂ ਫਿਕਰਾਂ ਦੀ ਗੱਲ ਵੀ ਕਰਦੀਆਂ ਹਨ। ਹੁਣ ਉਹ ਸਮਾਂ ਨਹੀਂ ਰਿਹਾ ਜਿੱਥੇ ਅਵੈਧ ਰਿਸ਼ਤੇ ਜਾਂ ਨਜਾਇਜ ਸੰਬਧਾਂ ਬਾਰੇ ਗੱਲ ਚੱਲੇ। ਮੈਨੂੰ ਲਗਦੈ ਕਿ ਇਹ ਵਿਸ਼ੇ ਹੁਣ ਕੋਈ ਅਰਥ ਨਹੀਂ ਰੱਖਦੇ। ਹੁਣ ਸਮਾਂ ਸੋਚਣ ਦਾ ਹੈ ਕਿ ਮਨੁੱਖ ਨੇ ਇਸ ਸਥਿਤੀ ਵਿਚੋਂ ਕਿਵੇਂ ਨਿੱਕਲਣਾ ਹੈ ਅਤੇ ਆਪਣੇ ਬੱਚਿਆ ਨੂੰ ਕਿਵੇਂ ਬਚਾਉਣਾ ਹੈ। ਮੈਂ ਇਕ ਫਿਲਮ ਦੇਖੀ ਸੀ 'ਹੰਗਰ ਗੇਮਜ਼', ਜਿਸ ਵਿਚ ਇਹ ਦਿਖਾਇਆ ਗਿਆ ਕਿ ਮਨੁੱਖ, ਮਨੁੱਖ ਨੂੰ ਖ਼ਤਮ ਕਰਨ ਤੱਕ ਗੇਮ ਖੇਡਦਾ ਹੈ। ਉਸਦਾ ਟੀਚਾ ਹੀ ਇਹ ਹੈ ਕਿ ਮੈਂ ਦੂਜੇ ਨੂੰ ਖ਼ਤਮ ਕਰਕੇ ਆਪ ਸਰਵਾਈਵ ਕਰਾਂ। ਕਿੰਨਾ ਖਤਰਨਾਕ ਹੋ ਸਕਦਾ ਹੈ ਇਸ ਤਰ੍ਹਾਂ ਦਾ ਸਮਾਂ। ਮੈਨੂੰ ਲਗਦਾ ਹੈ ਨਵੀਂਆਂ ਕਹਾਣੀਆਂ ਸ਼ਾਇਦ ਇਨ੍ਹਾਂ ਸੰਕਟਾਂ ਵੱਲ ਸੰਕੇਤ ਕਰਨ ਅਤੇ ਕਰਨੀਆਂ ਵੀ ਚਾਹੀਦੀਆਂ ਹਨ। ਮਨੁੱਖ ਕੰਪਿਊਟਰ ਦੇ ਨਾਲ਼ ਖੁਦ ਕੰਪਿਊਟਰ ਬਣਦਾ ਜਾ ਰਿਹਾ ਹੈ।



## ਲੇਖ : ਨੈਤਿਕ ਸਿੱਖਿਆ/-ਅਜਾਇਬ ਸਿੰਘ ਚੱਠਾ

ਅੱਜ ਦੇ ਸਮੇਂ ਵਿਚ ਨੈਤਿਕ ਸਿੱਖਿਆ ਪੜ੍ਹਾਈ ਜਾਣੀ ਬਹੁਤ ਜ਼ਰੂਰੀ ਹੈ। ਅੱਜ ਕਲ ਸਕੂਲਾਂ, ਕਾਲਜਾਂ ਵਿੱਚ ਨੈਤਿਕਤਾ ਦੀ ਪੜ੍ਹਾਈ ਨਹੀਂ ਪੜ੍ਹਾਈ ਜਾਂਦੀ।

ਪਹਿਲੇ ਸਮਿਆਂ ਵਿਚ 'ਗੁਰੂ ਕੁਲ' ਵਿਚ ਨੈਤਿਕਤਾ ਦੀ ਪੜ੍ਹਾਈ ਕਰਾਈ ਜਾਂਦੀ ਸੀ। ਵਿਸ਼ਵ ਪੰਜਾਬੀ ਕਾਨਫਰੰਸ, 2015 ਵਿਚ ਇਹ ਸਵਾਲ ਉਠਾਇਆ ਗਿਆ ਸੀ ਕਿ ਮਾਤਾ-ਪਿਤਾ ਬੱਚੇ ਨੂੰ ਸਮੇਂ ਦਾ ਹਾਣੀ ਬਨਾਉਣ ਲਈ ਕਿੱਤਾ ਮੁੱਖੀ ਪੜ੍ਹਾਈ ਕਰਵਾਉਣ ਤੇ ਜ਼ੋਰ ਲਾਉਂਦੇ ਸਨ। ਉਨ੍ਹਾਂ ਦਾ ਉਦੇਸ਼ ਹੁੰਦਾ ਹੈ ਕਿ ਸਾਡਾ ਬੱਚਾ ਵਧੀਆਂ ਡਾਕਟਰ, ਵਧੀਆ ਵਕੀਲ ਅਤੇ ਵਧੀਆ ਇੰਜੀਨੀਅਰ ਬਣੇ। ਬੱਚੇ ਪੂਰਾ ਜੋਰ ਲਾ ਕੇ ਸਮਾਜ ਦੇ ਵਿੱਚ ਦੂਸਰੇ ਲੋਕਾਂ ਦੇ ਕੰਨ ਕੁਤਰੇ ਭਾਵ ਕਿ ਬਹੁਤ ਚੁਸਤ ਹੋਵੇ। ਲੋਕਾਂ ਦੇ ਕੰਨ ਕੁਤਰਦਾ-ਕੁਤਰਦਾ ਜਦੋਂ ਬੱਚਾ ਘਰਦਿਆਂ ਦੇ ਵੀ ਕੰਨ ਕੁਤਰਦਾ ਹੈ ਤਾਂ ਉਸ ਸਮੇਂ ਮਾਤਾ-ਪਿਤਾ ਕਹਿੰਦੇ ਹਨ ਕਿ ਇਸ ਵਿੱਚ ਨੈਤਿਕਤਾ ਨਹੀਂ ਹੈ। ਨੈਤਿਕ ਗੁਣਾ ਤੋਂ ਬਗੈਰ ਪੜ੍ਹਾਈ ਵਿਅਰਥ ਹੈ। ਡਾਕਟਰ ਇਖ਼ਲਾਕ ਕਦਰਾਂ-ਕੀਮਤਾਂ ਤੋਂ ਬਿਨ੍ਹਾਂ ਵਧੀਆਂ ਬਣਿਆਂ ਵੀ ਵਧੀਆਂ ਨਹੀਂ ਹੁੰਦਾ। ਜਿਵੇਂ ਡਾਕਟਰ ਪੈਸੇ ਕਮਾਉਣ ਦੇ ਲਾਲਚ ਵਿੱਚ ਮਰੀਜ਼ਾ ਦਾ ਸਹੀ ਇਲਾਜ਼ ਹੀ ਨਹੀਂ ਕਰਦੇ।

ਇਖ਼ਲਾਕ ਤੋਂ ਬਗੈਰ ਇਜਨੀਅਰਾਂ ਦੇ ਬਣਾਏ ਨਵੇਂ ਪੁਲ ਵੀ ਡਿੱਗਦੇ ਹੀ ਰਹਿਣਗੇ। ਇਖ਼ਲਾਕ ਤੋਂ ਬਗੈਰ ਇਨਸਾਨ ਚਿੱਟੇ ਤੇ ਕਾਲੇ ਕੋਟਾ ਨੂੰ ਬਦਨਾਮ ਹੀ ਕਰਦੇ ਰਹਿਣਗੇ। ਅੱਜ-ਕਲ ਦੇ ਸਮਾਜ ਵਿਚ ਪੈਸੇ ਨੂੰ ਕਮਾਉਣ ਦੇ ਲਾਲਚ ਨੇ ਲੋਕਾਂ ਦੇ ਇਖ਼ਲਾਕ ਨੂੰ ਢਾਹ ਲਾਈ ਹੋਈ ਹੈ। ਪੈਸੇ ਖਾਤਰ ਠੱਗੀਆਂ ਮਾਰਦੇ ਹਨ। ਲੋਕਾਂ ਦਾ ਨੁਕਸਾਨ ਕਰਦੇ ਹਨ। ਪੈਸੇ ਖਾਤਰ ਲੋਕ ਦੂਜਿਆਂ ਨੂੰ ਜਾਨੋ ਵੀ ਮਾਰ ਦਿੰਦੇ ਹਨ। ਪਰ ਸਾਡੇ ਸਮਾਜ ਵਿੱਚ ਮਾੜੇ ਲੋਕਾਂ ਦੀ ਗਿਣਤੀ ਘੱਟ ਹੈ। ਚੰਗੇ ਲੋਕਾਂ ਦੀ ਗਿਣਤੀ ਜਿਆਦਾ ਹੈ। ਇਸ ਲਈ ਨੈਤਿਕਤਾ ਨੂੰ ਮੰਨਣ ਵਾਲਿਆਂ ਦੀ, ਸੱਚੀ ਕਿਰਤ ਤੇ ਇਮਾਨਦਾਰੀ ਦੀ ਗਿਣਤੀ ਜਿਆਦਾ ਹੈ।

ਨੈਤਿਕਤਾ ਕੀ ਹੈ? ਭਾਵੇਂ ਸਾਰੀਆਂ ਕਹਾਣੀਆਂ, ਫਿਲਮਾਂ ਅਤੇ ਨਾਟਕਾਂ ਵਿੱਚ ਕੁਝ ਨਾ ਕੁਝ ਨੈਤਿਕਤਾ ਬਾਰੇ ਦੱਸਿਆ ਗਿਆ ਹੁੰਦਾ ਹੈ। ਪਰ ਨੈਤਿਕਤਾ ਕੀ ਹੈ? ਇਸ ਬਾਰੇ ਕੋਈ ਬਹੁਤ ਨਿਰੋਲ ਸਾਹਿਤ ਨਹੀਂ ਲਿਖਿਆ ਗਿਆ।

ਕਈ ਵਾਰ ਪੜ੍ਹਿਆ ਹੈ ਕਿ ਨੈਤਿਕਤਾ ਨੂੰ ਵਿਸ਼ਾ ਬਣਾ ਕੇ ਪੜ੍ਹਾਇਆ ਜਾਣਾ ਚਾਹੀਦਾ ਹੈ। ਪਰ ਲਿਖੇ ਸਾਹਿਤ ਤੋਂ ਬਿਨ੍ਹਾਂ ਪੜ੍ਹਾਇਆ ਨਹੀਂ ਜਾ ਸਕਦਾ। ਅੱਜ ਦੇ ਸਮੇਂ ਦੀ ਲੋੜ ਹੈ। ਨੈਤਿਕਤਾ ਬਾਰੇ ਸਾਹਿਤ ਲਿਖਣ ਦੀ। ਪਹਿਲੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਦੀਆਂ ਨੈਤਿਕਤਾ ਦੀਆਂ ਕਿਤਾਬਾਂ ਦੀ ਵੀ ਅੱਜ ਦੇ ਸਮੇਂ ਵਿਚ ਬਹੁਤ ਲੋੜ ਹੈ।

ਨੈਤਿਕਤਾ ਦੀ ਲੋੜ ਸਭ ਨੂੰ ਹੈ। ਬੱਚਾ, ਜਵਾਨ ਅਤੇ ਬਜ਼ੁਰਗ ਸਭ ਨੂੰ। ਪਰ ਬਚਪਨ ਵਿੱਚ ਨੈਤਿਕਤਾ ਸੌਖੀ ਅਤੇ ਛੇਤੀ ਸਿੱਖੀ ਜਾ ਸਕਦੀ ਹੈ। ਨੈਤਿਕਤਾ ਉਪਦੇਸ਼ਾਂ ਨਾਲ ਨਹੀਂ ਸਿਖੀ ਜਾਂਦੀ ਬਲਕਿ ਦੇਖ ਕੇ ਸਿਖੀ ਜਾਂਦੀ ਹੈ। ਬੱਚਿਆਂ ਵਿਚ ਜਜ਼ਬ ਕਰਨ ਦੀ ਸ਼ਕਤੀ ਬਹੁਤ ਹੁੰਦੀ ਹੈ ਉਹ ਜੋ ਕੁਝ ਘਰ ਵਿੱਚ ਮਾਤਾ-ਪਿਤਾ ਨੂੰ ਕਰਦੇ ਦੇਖਦੇ ਹਨ ਉਹੀ ਕੁਝ ਉਹ ਕਰਦੇ ਹਨ। ਸਕੂਲ ਵਿੱਚ ਅਧਿਆਪਕ ਅਤੇ ਸਾਥੀਆਂ ਨੂੰ ਦੇਖ ਕੇ ਉਹੀ ਕੁਝ ਕਰਦੇ ਹਨ। ਨੈਤਿਕਤਾ ਸਦਾਚਾਰਕ ਨੇਮਾਂ ਦਾ ਸਮੂਹ ਹੈ। ਜਿਨ੍ਹਾਂ ਦੇ ਮੁਤਾਬਕ ਇੱਕ ਇਨਸਾਨ ਸਹੀ ਤੇ ਗ਼ਲਤ ਸਮਝ ਕੇ ਵਿਵਹਾਰ ਤੇ ਫੈਸਲਾ ਕਰਦਾ ਹੈ। ਜੇ ਇਨਸਾਨ ਨੈਤਿਕਤਾ ਦੇ ਗੁਣਾਂ ਨਾਲ ਕਾਰ ਵਿਹਾਰ ਕਰੇ ਤਾਂ ਉਹ ਸਫ਼ਲ ਇਨਸਾਨ ਬਣ ਸਕਦਾ ਹੈ। ਨੈਤਿਕਤਾ ਦੇ

ਤਿੰਨ ਥੰਮ ਹਨ-

1. ਚਰਿਤਰ, 2. ਵਿਵਹਾਰ, 3. ਗਿਆਨ

ਚਰਿਤਰ ਵਿੱਚ ਇਮਾਨਦਾਰੀ, ਸੱਚ ਬੋਲਣਾ, ਅਨੁਸਾਸਨ, ਹੌਸਲਾ ਆਦਿ ਹਨ। ਵਿਵਹਾਰ ਵਿੱਚ ਨਿਮਰਤਾ, ਮੁਸਕਰਾਉਣਾ, ਪਿਆਰ ਕਰਨਾ, ਸ਼ਹਿਣ ਸ਼ੀਲਤਾ, ਇੱਜ਼ਤ ਕਰਨਾ ਆਦਿ ਗੁਣ ਹੁੰਦੇ ਹਨ। ਗਿਆਨ ਵਿੱਚ ਵਿਦਿਆ ਪ੍ਰਾਪਤ ਕਰਨੀ, ਗਿਆਨ ਤੋਂ ਬਿਨਾਂ, ਚਰਿੱਤਰ ਕਮਜ਼ੋਰ ਹੈ । ਚਰਿਤਰ ਤੋਂ ਬਿਨਾ ਗਿਆਨ ਖ਼ਤਰਨਾਕ ਹੈ।

2016 ਵਿੱਚ ਰਾਜਦੀਪ ਮਾਨ ਵੱਲੋਂ ਨੈਤਿਕ ਸਿੱਖਿਆ ਉੱਤੇ ਇਕ ਕਿਤਾਬ ਵੀ ਲਿਖੀ ਗਈ ਜਿਸ ਵਿਚ ਫੋਟੋਆਂ ਦੇ ਨਾਲ-ਨਾਲ ਬਹੁਤ ਹੀ ਵਧੀਆਂ ਨੈਤਿਕਤਾ ਦੀਆਂ ਵਰਗ ਵੰਡ ਮੁਤਾਬਕ ਕਹਾਣੀਆਂ ਲਿਖੀਆਂ ਗਈਆਂ ਹਨ। ਇਸ ਨੂੰ ਅਸੀਂ ਪੰਜਵੀਂ ਕਲਾਸ ਤੋਂ ਅੱਠਵੀਂ ਕਲਾਸ ਦੇ ਬਰਾਬਰ ਦੀ ਆਖ ਸਕਦੇ ਹਾਂ। ਨੈਤਿਕਤਾ ਵਿਚਾਰ ਤੇ ਵਿਹਾਰ ਬਾਰੇ ਸੁਖਦੇਵ ਸਿੰਘ ਨਾਗਰਾ ਵੱਲੋਂ ਇੱਕ ਕਿਤਾਬ ਛਪਾਈ ਗਈ ਜੋ ਬਾਲਗਾ ਦੇ ਪੜ੍ਹਨ ਯੋਗ ਹੈ। ਜਿਸ ਵਿੱਚ ਝੂਠ ਬੋਲਣਾ ਵੀ ਜਾਇਜ਼ ਹੈ ਜੇ ਕਿਸੇ ਦੇ ਭਲੇ ਲਈ ਬੋਲਿਆ ਗਿਆ ਹੋਵੇ। ਸਹਾਇਤਾ ਨਾ ਕਰਨਾ ਵੀ ਜਾਇਜ਼ ਹੈ ਜੇ ਕਿਸੇ ਜੁਮੇਵਾਰੀ ਦੇ ਉਲਟ ਹੋਵੇ।

2016 ਵਿੱਚ ਨੈਤਿਕਤਾ ਦੇ ਸੰਬੰਧ ਵਿਚ ਕਈ ਥਾਵਾਂ 'ਤੇ ਸੈਮੀਨਾਰ ਵੀ ਹੋਏ ਹਨ। ਪੰਜਾਬ ਵਿੱਚ ਗੁਰੂ ਤੇਗ ਬਹਾਦਰ ਕਾਲਜ ਦਸੂਹਾ ਵਿੱਚ ਦੋ ਦਿਨ ਦਾ ਅੰਤਰ ਰਾਸ਼ਟਰੀ ਸੈਮੀਨਾਰ ਹੋਇਆ। ਇਹ ਇਕ ਸਫ਼ਲ ਸੈਮੀਨਾਰ ਸੀ। ਸਰਕਾਰੀ ਐਜੂਕੇਸ਼ਨ ਕਾਲਜ ਪਟਿਆਲਾ ਵਿਚ ਅੰਤਰ ਰਾਸ਼ਟਰੀ ਸੈਮੀਨਾਰ ਦਾ ਇਕ ਦਿਨ ਨੈਤਿਕ ਕਦਰਾਂ ਕੀਮਤਾ ਉੱਤੇ ਰੱਖਿਆ ਗਿਆ। ਇਕ ਦਿਨ ਦਾ ਅੰਤਰ ਰਾਸ਼ਟਟਰੀ ਸੈਮੀਨਾਰ ਭਾਸ਼ਾ ਵਿਭਾਗ ਪਟਿਆਲਾ ਵਿਖੇ ਪੰਜਾਬੀ ਪੀਪਲ ਔਰਗੇਨਾਈਜੇਸ਼ਨ ਤੇ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਨੈਤਿਕਤਾ ਉਪਰ ਸ਼ੁਰੂ ਹੋਇਆ ਇਹ ਨੈਤਿਕਤਾ ਦਾ ਕੰਮ ਜਾਰੀ ਰਹੇਗਾ। 2017 ਵਿੱਚ ਹੋਣ ਵਾਲੀ ਕਾਨਫਰੰਸ ਦਾ ਵਿਸ਼ਾ ਵੀ ਨੈਤਿਕ ਕਦਰਾਂ-ਕੀਮਤਾਂ ਰਹੇਗਾ। ਪੰਜਾਬੀ ਲਈ ਕੰਮ ਕਰ ਰਹੀਆਂ ਬਹੁਤੀਆਂ ਸੰਸਥਾਵਾਂ ਹੁਣ ਨੈਤਿਕ ਕਦਰਾਂ-ਕੀਮਤਾਂ ਦੀ ਲੋੜ ਲਈ ਚਿੰਤਤ ਹਨ। ਇਸ ਦਾ ਹੱਲ ਲੱਭਣਾ ਸਮੇਂ ਦੀ ਲੋੜ ਹੈ। ਸਭ ਨੂੰ ਰਲ਼ ਕੇ ਇਸ ਮੁੱਦੇ ਉੱਤੇ ਕਾਰਜ ਕਰਨਾ ਚਾਹੀਦਾ ਹੈ।

**ਚੇਅਰਮੈਨ, ਵਰਲਡ ਪੰਜਾਬੀ ਕਾਨ.ਫਰੰਸ, ਕਨੇਡਾ ਤੇ ਕਲਮ ਫਾਉਡੇਸ਼ਨ, ਕਨੇਡਾ,**

**ਫੋਨ**-+1(905)791-1623






## ਇਸ ਅੰਕ ਦਾ ਸ਼ਾਇਰ : ਅੰਮ੍ਰਿਤ ਦੀਵਾਨਾ

*ਸਾਧਣ ਵਿਹੂਣੇ ਲੋਕਾਂ ਦੀ ਗੱਲ ਕਰਨ ਵਾਲੀ ਪੰਜਾਬੀ ਕਵਿਤਾ ਦੀ ਲੰਮੀ ਪ੍ਰੰਪਰਾ ਰਹੀ ਹੈ। ਸਬਾਲਟਰਨ ਦਾ ਮੁੱਦਾ ਪੰਜਾਬੀ ਕਵਿਤਾ ਵਿਚ ਆਪਣੇ ਵਿਲੱਖਣ ਕਾਵਿ ਮੁਹਾਵਰੇ ਨਾਲ ਆਉਂਦਾ ਹੈ। ਚਾਹੇ ਉਹ ਗੁਰਦਾਸ ਰਾਮ ਆਲਮ ਦੀ ਕਵਿਤਾ ਹੋਵੇ ਜਾਂ ਲਾਲ ਸਿੰਘ ਦਿਲ ਦੀ ਕਵਿਤਾ। ਇਨ੍ਹਾਂ ਤੋਂ ਬਾਅਦ ਵਿਚ ਪੰਜਾਬੀ ਦੇ ਹੋਰ ਬਹੁਤ ਸਾਰੇ ਸ਼ਾਇਰਾ ਨੇ ਦਲਿਤ ਪਛਾਣ ਦਾ ਮੁੱਦਾ ਆਪਣੀ ਕਵਿਤਾ ਵਿਚ ਲੈ ਕੇ ਆਂਦਾ। ਇਸੇ ਪ੍ਰਸੰਗ ਵਿਚ ਅੰਮ੍ਰਿਤ ਦੀਵਾਨਾ ਦੀ ਕਵਿਤਾ ਵੇਖੀ ਜਾ ਸਕਦੀ ਹੈ। ਉਸ ਦੀ ਕਵਿਤਾ ਅਨੁਭਵ ਦੀ ਕਵਿਤਾ ਹੈ। ਪਛਾਣ ਦੀ ਕਵਿਤਾ ਹੈ ਅਤੇ ਕਰੂਰ ਯਥਾਰਥ ਦੀ ਕਵਿਤਾ ਹੈ। ਇਸ ਅੰਕ ਵਿਚ ਛਪੀਆਂ ਕਵਿਤਾਵਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ। -ਸੰਪਾਦਕ*

### ਆਦਿ ਵਾਸੀ ਮੁੰਡੇ ਦੇ ਇਸ਼ਕ ਦੀ ਵੇਦਨਾ

ਤੁਹਾਡੀ ਮਹਿਬੂਬਾ ਦੇ ਮੱਥੇ 'ਤੇ ਹੀ ਸੱਜਦਾ ਹੈ ਚੰਦ।
ਮਾਂਗ ਵਿੱਚ ਸਿਤਾਰੇ,
ਜ਼ੁਲਫ਼ਾਂ 'ਚ ਖੁਸ਼ਬੂ ਦੇ ਹੁਲਾਰੇ,
ਹੋਠਾਂ ਤੇ ਮੁਸਕਾਨਾਂ ਦੇ ਫੁਹਾਰੇ,
ਸਾਡੀ ਸੱਜਣੀ ਦੇ ਮੱਥੇ 'ਤੇ,
ਤਾਂ ਹਨ ਜ਼ਖ਼ਮਾਂ ਦੇ ਨਿਸ਼ਾਨ ਤੇ ਵਾਲਾਂ
'ਚ ਫਸੇ ਹੁੰਦੇ ਹਨ ਧੂੜ ਤੇ ਕੱਖ-ਕਾਣ।
ਉਸ ਦੇ ਬੁੱਲਾਂ ਤੇ ਬੈਠੀ ਰਹਿੰਦੀ ਹੈ ਕਚਿਆਣ,
ਸਾਨੂੰ ਤੁਹਾਡੇ ਵਾਂਗ ਉਸਦੀ ਬੇਵਫਾਈ ਦਾ
ਸ਼ੱਕ ਨਹੀਂ ਰਹਿੰਦਾ।
ਸਾਡਾ ਤਾਂ ਹਰ ਪਲ ਪੱਖੀ ਥੀਂ, ਜੀਅ ਡੋਲਦਾ ਰਹਿੰਦਾ
ਕਿ ਕਿਤੇ ਬਾਲਣ ਲੈਣ ਗਈ ਦੀ
ਕੋਈ ਜੰਗਲਾਤ ਅਧਿਕਾਰੀ ਕਰ ਨਾ ਦੇਵੇ
ਉਸਦੀ ਕੰਜਕਤਾ ਦੀ ਚੀਰਫਾੜ।
ਹਵੇਲੀ ਮੂਹਰਿਉਂ ਲੰਘਣ ਲੱਗਿਆਂ
ਕਿਤੇ ਉਹ ਜੁੱਤੀ ਲਾਹਣੋਂ ਨਾ ਭੁੱਲ ਜਾਵੇ
ਤੇ ਇਸ ਪਾਪ ਦੇ ਬਦਲੇ ਕਿਤੇ ਉਹ
ਠਾਕੁਰ ਦੇ ਭਾਰ ਹੇਠਾਂ ਮਧੋਲੀ ਨਾ ਜਾਵੇ।
ਤੁਹਾਡੀ ਮਹਿਬੂਬਾ ਦੇ ਹੀ ਮੱਥੇ, ਤੇ ਹੀ ਸੱਜਦਾ ਹੈ ਚੰਦ।

## ਜੇਲ੍ਹ ਵਾਲੀ ਬੇਬੇ

ਭਗਤ ਸਿੰਘ ! ਤੇਰੀ ਜੇਲ੍ਹ ਵਾਲੀ ਬੇਬੇ
ਅੱਜ ਵੀ ਬਹੁਤ ਉਦਾਸ ਹੈ,
ਸ਼ਾਇਦ ਤੂੰ ਵਿਸ਼ਵਾਸ਼ ਨਾ ਕਰੇਂ
ਇਸ ਪ੍ਰਜਾਤਾਂਤਰਿਕ ਵਤਨ ਦੇ ਕਈ ਭਾਗਾਂ ਵਿੱਚ
ਉਸਦੇ ਪੁੱਤਰ ਨੂੰ ਅੱਜ ਵੀ ਨਹੀਂ ਇਹ ਹੱਕ
ਕਿ ਉਹ ਵਿਆਹ ਦੇ ਸ਼ਗਨਾਂ 'ਚ ਚੜ੍ਹ ਸਕੇ ਘੋੜੀ
ਨਾ ਹੀ ਉਹ ਲੰਘ ਸਕਦਾ ਹੈ
ਪਾ ਕੇ ਕੋਈ ਚੱਪਲ ਜੁੱਤੀ
ਠਾਕੁਰ ਦੀ ਹਵੇਲੀ ਅੱਗਿਉਂ।
ਅੱਜ ਵੀ ਬੇਬੇ ਦੀਆਂ ਧੀਆਂ ਦੀ
ਕੰਜ਼ਕਤਾ ਦੀ ਕਰਕੇ ਚੀਰਫਾੜ
ਤੇ ਮੁਰਦਾਂ ਦੇਹਾਂ ਨੂੰ
ਟੰਗ ਦਿੱਤਾ ਜਾਂਦਾ ਹੈ ਅੰਬਾਂ ਦੇ ਨਾਲ

ਭਗਤ ਸਿੰਘ ! ਬਹੁਤ ਮਜ਼ਬੂਤ ਹਨ
ਕੰਧਾਂ ਰੇਤ ਦੀਆਂ

ਵਰ੍ਹਦੀ ਅੱਗ ਵਿੱਚ
ਭੱਠਿਆਂ 'ਤੇ ਪਥੇਰ ਕਰਦਿਆਂ
ਸੜਕਾਂ 'ਤੇ ਲੁੱਕ ਪਾਉਂਦਿਆਂ
ਪੈਰਾਂ 'ਚ ਪਏ ਹੋਏ ਨੇ

ਕਾਲ਼ੇ ਅੰਗੂਰਾਂ ਜਿਹੇ ਛਾਲੇ
ਮੱਥੇ 'ਚ ਠੁਕੇ ਹੋਏ ਨੇ
ਜਾਤੀ-ਸੂਚਕ ਗਾਹਲਾਂ ਦੇ ਕਿੱਲ

ਭਗਤ ਸਿੰਘ ! ਤੇਰੀ ਸ਼ਹਾਦਤ ਤੋਂ ਲੈ ਕੇ ਅੱਜ ਤੱਕ
ਬਹੁਤ ਤੰਦਰੁਸਤ ਹੋਇਆ ਹੈ ਡਾਕਟਰੀ ਵਿਗਿਆਨ
ਪਰ ਨਹੀਂ ਕਰ ਸਕਿਆ ਉਹ
ਵਿਵਸਥਾ ਨੂੰ ਲੱਗੀ ਇਸ ਤਪਦਿਕ ਦਾ ਇਲਾਜ਼
ਭਗਤ ਸਿੰਘ ! ਮੁਆਫ਼ ਕਰਨਾ,
ਭਲਾ ਤੈਨੂੰ ਇਹ ਸਭ ਦੱਸ ਕੇ



ਮੈਂ ਕਿਉਂ ਕਰ ਰਿਹਾਂ ਤੇਰੀ ਰੂਹ ਨੂੰ ਬੇਆਰਾਮ?
ਇਸ ਹਨ੍ਹੇਰੀ ਸੁਰੰਗ ਨੂੰ ਪਾਰ ਕਰਨ ਲਈ ਤਾਂ
ਪਹਿਨ ਕੇ ਅੱਗ ਦਾ ਲਿਬਾਸ
ਖੁਦ ਨੂੰ ਹੀ ਬਣਨਾ ਪੈਣਾ ਬਲਦੀ ਮਿਸ਼ਾਲ

ਉਹ ਤਾਂ ਚੌਂਕ 'ਚ ਅੱਜ ਤੈਨੂੰ ਤੱਕਿਆ
ਤਾਂ ਕਲਮ ਵਿਚਲੀ ਸੰਵੇਦਨਾ ਦਾ
ਗੱਚ ਭਰ ਆਇਆ
ਕਿ ਤੈਨੂੰ ਵੀ ਪਤਾ ਲੱਗ ਜਾਵੇ
ਕਿ ਤੇਰੀ ਜੇਲ੍ਹ ਵਾਲੀ ਬੇਬੇ
ਅੱਜ ਵੀ ਬਹੁਤ ਉਦਾਸ ਹੈ।

## ਮੈਨੂੰ ਸਲਫਾਸ ਨੇ ਨਹੀਂ ਮਾਰਿਆ

ਮੇਰੇ ਬੱਚਿਉ !
ਤਿੰਨ-ਚਹੁੰ ਖੇਤਾਂ ਦੀ ਖੇਤੀ
ਆਪਣੇ ਲਈ ਨਹੀਂ ਸੀ ਲਾਹੇਵੰਦ
ਕਰਜ਼ਾ ਵੱਧਦਾ ਹੀ ਜਾ ਰਿਹਾ ਸੀ
ਦੇਸ਼ 'ਚ ਵੱਧਦੀ ਗਰੀਬੀ ਦੇ ਗਰਾਫ਼ ਵਾਂਗ।
ਮੈਂ ਚਾਹਿਆ ਸੀ ਕਿ ਜ਼ਮੀਨ ਵੇਚ ਕੇ
ਕਰ ਦੇਵਾਂ ਬਰਾਬਰ ਸਭ ਲੈਣ ਦੇਣ,
ਖਰੀਦ ਲਵਾਂ ਇਕ ਥ੍ਰੀਵੇਲਰ
ਸ਼ਹਿਰ 'ਚ ਚਲਾਉਣ ਲਈ,
ਤਾਂ ਕਿ ਤੁਸਾਂ ਬੋਟਾਂ ਨੂੰ ਪਾਲ ਸਕਾਂ
ਇਕ ਚੰਗੇ ਪਾਲਕ ਵਾਂਗ
ਪਰ ਫਿਰ ਮੈਂ ਸੋਚਿਆ ਕਿ
ਸ਼ਰੀਕੇ 'ਚੋਂ ਲਗਦੇ ਤੁਹਾਡੇ ਨਘੋਚੀ ਚਾਚੇ
ਬਿੱਕਰ ਨੇ ਆਖਣਾ ਸੀ
ਕਿ, 'ਲੈ ਜੱਟ ਦਾ ਪੁੱਤ ਹੋ ਕੇ
ਰਿਕਸ਼ਾ ਵਾਹੁੰਦਾ ਫਿਰਦਾ।'
ਫਿਰ ਮੈਂ ਸੋਚਿਆ ਕਿ ਖੋਲ੍ਹ ਲਵਾਂ
ਨਾਲ ਲਗਦੇ ਕਸਬੇ ਵਿਚ
ਕੋਈ ਮਨਿਆਰੀ ਦੀ ਦੁਕਾਨ
ਫਿਰ ਮੇਰੇ ਜ਼ਿਹਨ 'ਚ ਆਇਆ

ਕਿ ਤੁਹਾਡੀ ਬੜਬੋਲੀ ਚਾਚੀ ਕੇਸਰੋ ਨੇ ਆਖਣਾ
'ਲੈ ਜੱਟ ਦਾ ਪੁੱਤ ਹੋ ਕੇ
ਪਰਾਂਦੇ ਵੇਚਦਾ ਫਿਰਦਾ।'
ਇਹ ਖੰਜ਼ਰਾਂ ਵਰਗੇ ਮਿਹਣੇ
ਮੈਂ ਕਿੰਞ ਜਰਦਾਂ ਆਪਣੀ ਹਿੱਕ 'ਤੇ?
ਸੋ ਮੇਰੇ ਬੱਚਿਉ!
ਸਲਫ਼ਾਸ ਤਾਂ ਇਕ ਬਹਾਨਾ ਹੈ
ਦਰਅਸਲ ਮੈਨੂੰ ਜਾਤ-ਪਾਤ ਨੇ ਮਾਰਿਆ।

## ਗੋਲ ਗੱਪਿਆਂ ਵਾਲਾ ਮੁੰਡਾ

ਸੱਤਵੀਂ ਜਮਾਤ 'ਚ ਪੜ੍ਹਦਾ ਹੈ
ਉਹ ਗੋਲਗੱਪਿਆਂ ਵਾਲਾ ਮੁੰਡਾ,
ਰੋਜ਼ ਸਕੂਲੋਂ ਆ ਕੇ
ਸੜ੍ਹਕ ਕਿਨਾਰੇ
ਛਾਬੜੀ ਲਾ ਲੈਂਦਾ ਹੈ,
ਤੇ ਮੁਨਾਫ਼ੇ 'ਚੋਂ ਖਰੀਦ ਲੈਂਦਾ ਹੈ
ਡਰਾਇੰਗ ਦੀ ਕਾਪੀ ਤੇ
ਗਣਿਤ ਲਈ ਜੁਮੈਟਰੀ ਬੋਕਸ।
ਮਾਂ ਦੀ ਉਂਗਲ ਫੜ੍ਹੀ
ਖਰੀਦਦਾਰੀ ਲਈ ਜਾ ਰਹੀ
ਹਮ ਜਮਾਤਣ ਵੱਲ ਤਕਦਿਆਂ
ਉਹ ਨੀਵੀਂ ਪਾ ਲੈਂਦਾ ਹੈ
ਤੇ ਦੂਰ ਮੈਦਾਨ 'ਚ ਕ੍ਰਿਕਟ
ਖੇਡ ਰਹੇ ਹਮਉਮਰਾਂ ਨੂੰ ਦੇਖ
ਚਿਹਰੇ ਤੇ ਸੰਜੀਦਗੀ ਦਾ ਰੰਗ ਲੈ ਲਾਉਂਦਾ ਹੈ।
ਮੁਹੱਲੇ ਦਾ ਹੀ ਬਾਲ-ਅਪਰਾਧੀ
ਜਿਹਾ ਛੋਕਰਾ
ਧੱਕੇ ਨਾਲ ਹੀ ਖਾ ਜਾਂਦਾ ਹੈ,
ਉਸਦਾ ਮਾਂ ਦੇ ਹੱਥਾਂ ਦਾ ਬਣਿਆਂ
ਪੰਜ ਸੱਤ ਰੁਪਏ ਦਾ ਸੌਦਾ।
ਮਾਂ ਜੋ ਆਂਢ ਗੁਆਂਢ
ਆਖਦੀ ਫਿਰੇ 'ਅਫ਼ਸਰ ਬਣੂ ਮੇਰਾ ਪੁੱਤ'
ਪਰ ਸਾਹਮਣਿਆਂ ਦਾ



ਕਾਲਜੀਏਟ ਮੁੰਡਾ
ਉਸਦੀ ਇਹ ਗੱਲ ਸੁਣ
ਮਿੰਨਾ ਜਿਹਾ ਹੱਸ ਪੈਂਦਾ ਹੈ।
ਗੋਲ-ਗੱਪਿਆਂ ਵਾਲੇ ਮੁੰਡੇ ਦੀ ਮਾਂ ਨੂੰ
ਉਸ ਦੇ ਹਾਸੇ ਦੀ
ਉੱਕਾ ਹੀ ਸਮਝ ਨਹੀਂ ਆਉਂਦੀ...।

## ਸਰਦਾਰੀਆਂ

ਉਹ ਆਪਣੀ ਪਤਨੀ ਨਾਲ,
ਇਮਾਰਤਾਂ ਵਿਚ ਸਫ਼ਾਈ ਦੇ ਠੇਕੇ ਲੈਂਦਾ ਹੈ,
ਤੇ ਉਸਦੇ ਮਾਂ-ਪਿਓ ਬੇਰੀ ਦੀਆਂ ਪਾਲਾਂ 'ਚ,
ਅਪਾਹਜ਼ਾਂ ਵਾਂਗ ਰਿੜਦੇ ਹਨ
ਉਸਦਾ ਪੁੱਤ ਛੱਤਾਂ 'ਤੇ ਨੱਟ ਵਾਂਗ ਤੁਰਦਾ ਹੈ
ਅਤੇ ਨੂੰਹ ਮੈਲ਼ੇ ਲੇਖਾਂ ਨੂੰ ਧੋਣ ਲਈ
ਰੈਸਤਰਾਂ 'ਚ ਬਰਤਨ ਧੋਂਦੀ ਹੈ।
ਜਦੋਂ ਦੋ ਕੁ ਵਰ੍ਹਿਆਂ ਪਿੱਛੋਂ ਉਹ ਪਿੰਡ ਫੇਰਾ ਮਾਰਦਾ ਹੈ
ਤਾਂ ਹਰ ਰੋਜ਼ ਤ੍ਰਿਕਾਲਾਂ ਨੂੰ ਵਿਹੜੇ 'ਚ ਛਿੜਕਾਅ ਕਰਵਾ ਕੇ
ਮੇਜ ਉੱਤੇ ਦੇਸੀ ਮੁਰਗੇ ਨਾਲ ਵਲੈਤੀ ਦਾਰੂ ਟਿਕਾਉਂਦਾ ਹੈ
ਤਿੰਨ-ਚੌਂਹ ਚਾਪਲੂਸਾਂ ਨੂੰ ਸੱਦ ਕੇ ਮਹਿਫ਼ਲ ਸਜਾਉਂਦਾ ਹੈ
ਤੇ ਸਾਰਿਆਂ ਦੀ ਸੇਵਾ 'ਚ,
ਘਰ ਵਿਚ ਸੰਤੂ ਸੀਰੀ ਚੱਕੀ ਵਾਂਗੂੰ ਘੁੰਮਦਾ ਹੈ
ਫਿਰ ਬਾਹਰਲਾ ਮੇਜ਼ਬਾਨ ਹਾੜੇ ਤੇ ਹਾੜਾ ਚਾੜ੍ਹ
ਵਿਦੇਸ਼ੀ ਕਿੱਸੇ ਛੇੜਦਾ ਹੈ
ਤੇ ਨਾਲ ਹੀ ਪੀਤੀ ਹੋਈ ਸੰਤੂ ਸੀਰੀ 'ਤੇ ਖੇੜਦਾ ਹੈ
ਅੱਧੀ ਰਾਤ ਨੂੰ ਸ਼ਰਾਬੀ ਹੋਇਆ ਉਹ
ਉੱਚੀ ਉੱਚੀ ਗਾਉਣਾ ਸ਼ੁਰੂ ਕਰਦਾ ਹੈ
'ਸਾਡੇ ਕਰਮਾਂ 'ਚ ਯਾਰੋ ਸਰਦਾਰੀਆਂ, ਬਾਕੀ ਸਾਰੇ ਭੱਠ ਝੋਕਦੇ।"

## ਇੱਕ ਚੌਂਕ ਦਾ ਸਿਰਨਾਵਾਂ

ਸਵੇਰ ਸਾਰ
ਸ਼ਹਿਰ ਦੇ ਚੌਂਕ ਦੁਆਲੇ
ਹੱਡਾ ਰੋੜੀ 'ਚ ਕੱਠੀਆਂ ਹੋਈਆਂ

ਗਿਰਝਾਂ ਵਾਂਗ
ਜੁੜ ਕੇ ਬਹਿ ਗਏ ਗੁਲਾਮ
ਉਡੀਕ ਰਹੇ ਨੇ ਰੰਗ ਬਿਰੰਗੀਆਂ
ਕਾਰਾਂ, ਮੋਟਰ ਸਾਈਕਲਾਂ ਵਾਲੇ ਆਪਣੇ ਖਰੀਦਦਾਰ
ਸ਼ਹਿਰ ਦੇ ਚੌਂਕ ਵਿਚਾਲੇ
ਸੰਵਿਧਾਨ ਦੇ ਨਿਰਮਾਤਾ ਦਾ ਬੁੱਤ
ਬੇਬੱਸ ਚੁੱਪ ਚਾਪ ਖੜ੍ਹਾ ਹੈ।
ਹੋ ਗਈ ਹੈ ਨਿਲਾਮੀ ਸ਼ੁਰੂ,
ਵਿਕ ਰਹੇ ਹਨ ਦਿਨ ਭਰ ਲਈ
ਤੀਹ-ਤੀਹ ਰੁਪਏ 'ਚ ਇਨਸਾਨ
ਕੱਲ ਹੀ ਆਪਣੇ ਦੇਸੋਂ ਪੁੱਜਾ ਰਾਮ ਭਰੋਸੇ
ਔਹ ਬਹਿ ਗਿਆ ਹੈ ਮਾਰੂਤੀ ਦੀ,
ਪਿਛਲੀ ਗੁਦਗੁਦੀ ਸੀਟ 'ਤੇ
ਤੇ ਅੱਜ ਉਸ ਦੀਆਂ ਸੋਚਾਂ 'ਚ
ਪਿੰਡ ਦਾ ਠਾਕੁਰ ਉਸ ਨਾਲੋਂ
ਕਿਤੇ ਨੀਵਾਂ ਹੈ।
ਚੁਗ ਲਏ ਗਏ ਹਨ
ਕੁਝ ਮੋਕਲੇ ਹੱਡਾਂ ਵਾਲੇ ਜਿਸਮ
ਰਹਿ ਗਏ ਹਨ
ਮੁਫਲਸੀ ਦੀ ਧੁਨਖੀ 'ਚ
ਪਿੰਜੇ ਹੋਏ ਪਿੰਜਰ
ਕੁਝ ਲੰਮੇ ਪੈ ਗਏ ਹਨ ਫੁੱਟਪਾਥ ਤੇ
ਆਪਣੇ ਕਰਮਾਂ ਨੂੰ ਫਿਟਕਾਰਦੇ,
ਕਿ ਉਨ੍ਹਾਂ ਦਾ ਮੁੱਲ ਕਿਉਂ ਨਹੀਂ ਪਿਆ
ਅੱਜ ਮੰਡੀ ਵਿੱਚ?
ਤੇ ਬਾਕੀ ਪਰਤ ਪਏ ਹਨ ਆਪਣੇ ਘਰਾਂ ਨੂੰ
ਘਰ, ਕਿ ਜਿਸ ਵਿਚ ਉਡੀਕ ਹੈ ਅੱਜ ਦੀ ਕਮਾਈ 'ਚੋਂ
ਬਾਪ ਨੂੰ ਪੈਂਦੀਆਂ ਉੱਲਾਂ ਵਾਸਤੇ ਦਵਾਈ
ਗੁਆਂਢੀਆਂ ਤੋਂ ਉਧਾਰ ਲਿਆਂਦਾ ਮੋੜਨ ਲਈ ਆਟਾ
ਨਿੱਕੇ ਮੁੰਡੇ ਦੀ ਫੱਟੀ ਨੂੰ ਗਾਚਣੀ
ਸ਼ਹਿਰ ਦਾ ਚੌਂਕ ਮੁੜ ਖਾਲੀ ਹੋ ਗਿਆ ਹੈ
ਸਿਰਫ਼ ਭਾਰਤੀ ਸੰਵਿਧਾਨ ਦੇ ਨਿਰਮਾਤਾ ਦਾ
ਬੇਬੱਸ ਤੇ ਚੁੱਪ ਚਾਪ ਬੁੱਤ ਖੜ੍ਹਾ ਹੈ।

## ਰਿਕਸ਼ੇਵਾਲਾ ਅਤੇ ਮੈਂ

ਮੈਂ ਆਪਣੇ ਪੜ੍ਹਨ-ਕਮਰੇ 'ਚ ਬੈਠਾ
ਬਾਹਰ ਵਲ ਤਕਦਿਆਂ, ਵੇਖਦਾ
ਰੋਜ਼ ਦੁਪਹਿਰੇ ਸੜਕ ਕਿਨਾਰੇ
ਨਿੰਮ ਹੇਠਾਂ ਸ਼ਾਮੂ ਰਿਕਸ਼ਾ ਰੋਕਦਾ,
ਸੀਟ 'ਤੇ ਬੈਠ, ਪੋਟਲੀ ਖੋਲਦਾ
ਕਦੇ ਅਚਾਰ, ਆਲੂ ਜਾਂ
ਗੁੜ ਦੀ ਰੋੜੀ ਨਾਲ
ਰੋਟੀ ਖਾਣੀ ਸ਼ੁਰੂ ਕਰ ਦਿੰਦਾ।
ਮੈਂ ਉਸਦੀ ਗੁਰਬਤ ਦੀ ਅੱਗ
ਦੇ ਸੇਕ ਨੂੰ ਆਪਣੇ ਅੰਦਰ
ਦੂਰੋਂ-ਦੂਰੋਂ ਮਹਿਸੂਸ ਕਰਦਾ।
ਮੈਂ ਨਜ਼ਰਾਂ ਨਜ਼ਰਾਂ ਰਾਹੀਂ
ਉਸ ਵੱਲ ਹਮਦਰਦੀ ਦੀ
ਭਾਨ ਸੁੱਟਦਾ ਰਹਿੰਦਾ।
ਮੈਂ ਸੋਚਦਾ ਉਸਦਾ ਵੀ
ਹੋਵੇਗਾ ਕੋਈ ਪਰਿਵਾਰ
ਨਿੱਕਾ ਜਿਹਾ ਇਕ ਸੰਸਾਰ।
ਹੁਣ ਇਥੇ ਮੈਂ ਕਿਸੇ
ਗਲੀ ਦੀ ਨੁੱਕਰੇ ਆਪਣੀ
ਟੈਕਸੀ ਰੋਕ ਜਦੋਂ
ਲੰਚ ਬਾਕਸ ਖੋਲਦਾ ਹਾਂ
ਸ਼ਾਮੂ ਰਿਕਸ਼ੇ ਵਾਲਾ
ਮੇਰੇ ਨਾਲ ਪੋਟਲੀ ਲੈ ਕੇ
ਬੈਠ ਜਾਂਦਾ ਹੈ।
ਮੈਂ ਹੀਣ-ਭਾਵਨਾ ਦੇ
ਅਹਿਸਾਸ 'ਚ ਡੁੱਬ
ਜਾਂਦਾ ਹਾਂ ਕਿ ਕਿਸੇ
ਘਰ ਦੀ ਖਿੜਕੀ ਦੇ ਸ਼ੀਸ਼ੇ 'ਚੋਂ
ਮੈਨੂੰ ਕੋਈ ਵੇਖ ਰਿਹਾ ਹੈ
ਮੇਰੇ ਬਾਰੇ ਸੋਚ ਰਿਹਾ ਹੈ।

ਫੋਨ-604-825-5157
**Amrit Diwana, 12229, 80A Ave., Surrey, B.C.(CANADA) V 3 W 7R8**

## ਕਨੇਡਾ ਦੀ ਯਾਤਰਾ/- ਭਗਵੰਤ ਰਸੂਲਪੁਰੀ

## ਲੰਮੀ ਜਹਾਜ਼ੀ ਉਡਾਣ ਦਾ ਪਹਿਲਾ ਅਨੁਭਵ

ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡਾ ਜਿੱਥੇ ਮੈਂ ਪਹਿਲਾਂ ਅਨੇਕਾਂ ਵਾਰ ਰਿਸ਼ਤੇਦਾਰਾਂ ਨੂੰ ਛੱਡਣ ਅਤੇ ਲੈਣ ਆਉਂਦਾ ਰਿਹਾ ਸੀ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਹਵਾਈ ਅੱਡੇ ਦੇ ਅੰਦਰ ਜਾ ਕੇ ਹਵਾਈ ਜਹਾਜ ਦੀ ਲੰਮੇ ਸਫ਼ਰ ਲਈ ਜਾਵਾਂਗਾ। ਮਨ ਵਿਚ ਕਦੇ ਇਹ ਡਿਜਾਇਰ ਪੈਦਾ ਵੀ ਨਹੀਂ ਸੀ ਹੋਈ। ਪਰ ਕਦੇ-ਕਦੇ ਸੋਚਦਾ ਜ਼ਰੂਰ ਹੁੰਦਾ ਸੀ ਕਿ ਜਦੋਂ ਕਦੇ ਮੌਕਾ ਮਿਲਿਆ ਤਾਂ ਇਕ ਲੇਖਕ ਦੇ ਤੌਰ ਤੇ ਜਾਵਾਂਗਾ। ਭਾਵੇਂ ਕਿ ਮੇਰਾ ਸਹੁਰਾ ਪਰਿਵਾਰ ਦੇ ਸਾਰੇ ਮੈਂਬਰ ਕਨੇਡਾ ਵਿਚ ਹਨ ਅਤੇ ਕੁਝ ਲੇਖਕ ਦੋਸਤ ਵੀ ਹਨ ਜਿਹੜੇ ਮੈਨੂੰ ਬਤੌਰ ਕਹਾਣੀਕਾਰ ਅਤੇ 'ਕਹਾਣੀ ਧਾਰਾ' ਦੇ ਸੰਪਾਦਕ ਦੇ ਤੌਰ ਤੇ ਜਾਣਦੇ ਹਨ।

ਕਨੇਡਾ ਦੇ ਸ਼ਹਿਰ ਟਰਾਂਟੋ ਵਿਖੇ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਜਾਣਕਾਰੀ ਮੈਨੂੰ ਡਾ. ਰਜਨੀਸ਼ ਬਹਾਦਰ ਸਿੰਘ ਕੋਲੋਂ ਮਿਲੀ। ਉਹ ਅਜਾਇਬ ਸਿੰਘ ਚੱਠਾ ਦੇ ਸੰਪਰਕ ਵਿਚ ਸਨ। ਮੈਨੂੰ ਕਹਿਣ ਲੱਗੇ ਕਿ ਤੂੰ ਜਾਣਾ ਏ ਕਨੇਡਾ? ਮੈਂ ਹਾਂ ਕਰ ਦਿੱਤੀ। ਖੈਰ ਜਦੋਂ ਅਜਾਇਬ ਸਿੰਘ ਚੱਠਾ ਹੁਰੀਂ ਪੰਜਾਬ ਕਾਨਫਰੰਸ ਦੇ ਸਬੰਧ ਵਿਚ ਆਏ ਤਾਂ ਉਸ ਨੇ ਜਲੰਧਰ ਵਿਖੇ ਲੇਖਕਾਂ ਦੀ ਮੀਟਿੰਗ ਰੱਖੀ ਜਿਹੜੇ ਕਨੇਡਾ ਜਾਣਾ ਚਾਹੁੰਦੇ ਸਨ। ਮੈਂ ਵੀ ਉਥੇ ਗਿਆ। ਅਜਾਇਬ ਸਿੰਘ ਚੱਠਾ ਹੁਰਾਂ ਨੇ ਜਲੰਧਰ ਦੇ ਕੁਝ ਕਾਲਜ ਦੇ ਅਧਿਆਪਕਾਂ ਨੂੰ ਸਪੌਂਸ਼ਰਸ਼ਿਪ ਦਿੱਤੀਆਂ। ਮੈਂ ਸੋਚਿਆ ਮੈਂ ਤਾਂ ਬਹੁਤ ਪਿੱਛੇ ਹਾਂ। ਇਹ ਲੋਕ ਤਾਂ ਬਹੁਤ ਤੇਜ ਹਨ। ਖੈਰ ਮੇਰੇ ਬਾਰੇ ਰਜਨੀਸ਼ ਹੁਰਾਂ ਨੇ ਚੱਠੇ ਨੂੰ ਦੱਸਿਆ ਕਿ ਇਹ ਮੁੰਡਾ ਤੇਰੇ ਬਹੁਤ ਕੰਮ ਆਵੇਗਾ ਇੰਝ ਸਾਡੀ ਨੇੜਤਾ ਹੋ ਗਈ। ਮੈਂ ਉਨ੍ਹਾਂ ਨੂੰ ਪਾਸਪੋਰਟ ਦੀ ਈ-ਮੇਲ ਭੇਜ ਦਿੱਤੀ। ਕੁਝ ਚਿਰ ਬਾਅਦ ਸਪੌਂਸਰਸ਼ਿਪ ਪਟਿਆਲੇ ਆ ਗਈ ਤੇ ਮੈਂ ਤੇ ਮੱਖਣ ਮਾਨ ਦੀ ਸਪੌਂਸਰਸ਼ਿਪ ਪਟਿਆਲੇ ਤੋਂ ਲੈ ਆਇਆ। ਫਿਰ ਮੈਂ ਕਨੇਡਾ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ। ਕਾਗਜ਼ ਪੱਤਰ ਅਤੇ ਪੈਸਿਆ ਦਾ ਜੁਗਾੜ ਕਰਨਾ ਸ਼ੁਰੂ ਕਰ ਦਿੱਤਾ। ਮੁੱਖ ਸਮੱਸਿਆ ਪੈਸੇ ਦੀ ਸੀ। ਏਧਰੋਂ-ਉਧਰੋਂ ਪੈਸੇ ਇਕੱਠੇ ਕਰਕੇ ਬੁੱਤਾ ਸਾਰ ਲਿਆ। ਤੇ ਫਾਇਲ ਤਿਆਰ ਕਰਕੇ ਚੰਡੀਗੜ੍ਹ ਸਥਿਤ ਕਨੇਡਾ ਅੰਬੈਸੀ ਵਿਚ ਫ਼ਾਇਲ ਜਮਾ ਕਰਵਾ ਆਇਆ। ਕਾਨਫਰੰਸ ਦੇ ਦਿਨ ਨੇੜੇ ਆ ਰਹੇ ਸਨ। ਪਾਸਪੋਰਟ ਅਜੇ ਆਇਆ ਨਹੀਂ ਸੀ। ਇਕ ਚਿੰਤਾ ਲੱਗ ਗਈ ਸੀ, ਥੋੜ੍ਹੇ ਦਿਨਾਂ ਵਿਚ ਸਾਰਾ ਕੰਮ ਕਿਵੇਂ ਨੇਪਰੇ ਚੜ੍ਹੇਗਾ। ਇਕ ਹਫ਼ਤਾ ਪਹਿਲਾਂ ਪਾਸਪੋਰਟ ਪਹੁੰਚ ਗਿਆ। ਜਦੋਂ ਕੋਰੀਅਰ ਸਰਵਿਸ ਦੇ ਦਫ਼ਤਰ ਵਿਚ ਹੀ ਲਿਫ਼ਾਫ਼ਾ ਖੋਹਲਿਆ ਤਾਂ ਮੈਨੂੰ ਹੈਰਾਨੀ ਹੋਈ ਕਿ ਮੇਰਾ ਵੀਜ਼ਾ 2022 ਤੱਕ ਲੱਗਾ ਹੋਇਆ ਸੀ। ਮੈਂ ਆਪਣੀ ਖੁਸ਼ੀ ਆਪਣੀ ਜੀਵਨ ਸਾਥਣ ਸਰੋਜ ਨਾਲ ਸਾਂਝੀ ਕੀਤੀ।

**ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਇਕ ਸ਼ੈਸ਼ਨ ਵਿੱਚ ਪ੍ਰਧਾਨਗੀ ਮੰਡਲ ਵਿਚ ਪਾਲ ਕੌਰ ਤੇ ਹੋਰਾਂ ਨਾਲ ਬੈਠੇ ਭਗਵੰਤ ਰਸੂਲਪੁਰੀ**

**ਵਿਸ਼ਵ ਪੰਜਾਬੀ ਕਾਨ.ਫਰੰਸ ਵਿਚ 'ਕਹਾਣੀ ਧਾਰਾ' ਅੰਕ ਰੀਲੀਜ਼ ਕਰਦੇ ਹੋਏ ਪ੍ਰਬੰਧਕਾਂ ਨਾਲ ਸੰਪਾਦਕ**

ਫਿਰ ਟਿਕਟ ਜਲਦੀ ਲੈਣ ਦੀ ਕੋਸ਼ਿਸ਼ ਹੋਣ ਲੱਗੀ। ਬੜੀ ਮੁਸ਼ਕਲ ਨਾਲ ਟਿਕਟ ਜੋਗੇ ਪੈਸੇ ਇਕੱਠੇ ਕੀਤੇ, ਪੈਸੇ ਅਜੇ ਵੀ ਘਟਦੇ ਸਨ। ਫਿਰ ਸਰੋਜ ਨੇ ਆਪਣੇ ਕੰਨਾਂ ਦੀਆਂ ਵਾਲੀਆਂ ਵੇਚ ਕੇ ਸਾਰੇ ਪੈਸੇ ਮੇਰੇ ਹੱਥ ਰੱਖ ਦਿੱਤੇ। ਮੇਰੀਆਂ ਅੱਖਾਂ ਨਮ ਹੋ ਗਈਆਂ। ਐਨੇ ਸਾਲ ਦਾ ਵੀਜ਼ਾ ਲੱਗਣ ਦੀ ਖ਼ਬਰ ਸੁਣ ਕੇ ਸਾਰੇ ਹੈਰਾਨ ਤੇ ਕੁਝ ਪਰੇਸ਼ਾਨ ਹੋ ਗਏ ਸਨ। ਰਿਸ਼ਤੇਦਾਰ ਹੈਰਾਨ ਸਨ। ਉਹ ਵਧੇਰੇ ਹੈਰਾਨ ਸਨ ਜਿਨ੍ਹਾਂ ਨੇ ਕਨੇਡਾ ਦੇ ਚੱਕਰ ਵਿਚ ਲੱਖਾਂ ਰੁਪਏ ਖਰਾਬ ਕਰ ਦਿੱਤੇ ਸਨ। ਇਕ ਨੇ ਇਹ ਕਹਿ ਦਿੱਤਾ, "ਭਗਵੰਤ ਜੀ ਪਾਸਪੋਰਟ ਚੰਗੀ ਤਰ੍ਹਾਂ ਚੈਕ ਕਰ ਲਓ ਤੁਹਾਡਾ ਵੀਜ਼ਾ ਸੱਤ ਸਾਲ ਨਹੀਂ ਸੱਤ ਮਹੀਨੇ ਦਾ ਲੱਗਾ ਹੋਣਾ।' ਭਾਵ ਕਿ ਯਕੀਨ ਹੀ ਨਹੀਂ... ਇਸ ਸਮੇਂ ਮੇਰੇ ਅੰਦਰੋਂ ਵੱਖਰੀ ਤਰ੍ਹਾਂ ਦੀ ਪਰੇਸ਼ਾਨੀ ਪੈਦਾ ਹੋ ਰਹੀ ਸੀ ਮੈਂ ਪਹਿਲੀ ਵਾਰ ਆਪਣੇ ਘਰ ਤੋਂ ਆਪਣੇ ਬੱਚਿਆਂ ਤੋਂ ਅਤੇ ਆਪਣੇ ਦੋਸਤੀ ਦੇ ਸਰਕਲ ਵਿਚੋਂ ਚਾਰ ਮਹੀਨੇ ਲਈ ਸੱਤ ਸਮੁੰਦਰੋਂ ਪਾਰ ਜਾ ਰਿਹਾ ਸਾਂ। ਮੇਰੇ ਲਈ ਤਿੰਨ ਚਾਰ ਦਿਨ ਤਣਾਓ ਵਾਲੇ ਸਨ। ਮੈਂ ਕਨੇਡਾ ਜਾਣ ਦੀ ਤਿਆਰੀ, ਘਰ ਦੇ ਸਾਰੇ ਕੰਮ ਸਮੇਟਣ ਦੇ ਚੱਕਰਵਿਊ ਵਿਚ ਫਸਿਆ ਹੋਇਆ ਸਾਂ... ਜਿਵੇਂ ਮੇਰੇ ਜਾਣ ਬਾਅਦ ਘਰ ਦੇ ਸਾਰੇ ਕੰਮ ਰੁਕ ਹੀ ਜਾਣੇ ਹੁੰਦੇ ਨੇ... ਮੈਂ ਘਰ ਦਿਆਂ ਤੋਂ ਜਲੰਧਰੋਂ ਹੀ ਵਿਦਾਇਗੀ ਲੈਣੀ ਚਾਹੁੰਦਾ ਸੀ। ਖੈਰ ਇੰਡੋ ਕਨੇਡੀਅਨ ਬੱਸ ਰਾਹੀਂ ਦਿੱਲੀ ਏਅਰਪੋਰਟ ਤੇ ਪਹੁੰਚ ਗਿਆ। ਹੁਣ ਮੈਂ ਸਹਿਜ ਸੀ। ਮਨ ਅੰਦਰੋਂ ਰੁਮਾਂਚਿਤ ਹੋ ਰਿਹਾ ਸੀ। ਬ੍ਰਿਟਸ਼ ਏਅਰਵੇਜ਼ ਦੀ ਇਮੀਗ੍ਰੇਸ਼ਨ ਅਫ਼ਸਰ ਨੇ ਮੇਰਾ ਪਾਸਪੋਰਟ, ਟਿਕਟ ਅਤੇ ਵੀਜ਼ੇ ਦਾ ਸਟਿੱਕਰ ਵਾਰ ਵਾਰ ਵੇਖਿਆ। ਇਮੀਗ੍ਰੇਸ਼ਨ ਅਫ਼ਸਰ ਔਰਤ ਨੇ ਮੈਨੂੰ ਸਵਾਲ ਕਰਨੇ ਸ਼ੁਰੂ ਕਰ ਦਿੱਤੇ–

? ਆਪ ਕਿਆ ਕਰਨੇ ਜਾ ਰਹੇ ਹੋ?

–ਮੈਂ ਟਰਾਂਟੋ ਵਰਲਡ ਪੰਜਾਬੀ ਕਾਨਫਰੰਸ ਅਟੈਂਡ ਕਰਨ ਜਾ ਰਿਹਾ ਹਾਂ।

? ਆਪ ਕੋ ਕਿਸ ਨੇ ਸਪੌਂਸਰ ਕੀਆ। ਕੋਈ ਪੇਪਰ ਹੈ ਆਪ ਕੇ ਪਾਸ?

–(ਮੈਂ ਫੋਟੋ ਸਟੇਟ ਕੀਤੇ ਸਾਰੇ ਪੇਪਰ ਉਸ ਅੱਗੇ ਕਰ ਦਿੱਤੇ) ਮੈਡਮ ਮਿਸਟਰ ਕੰਗ ਜੀ ਨੇ ਸਪੌਸਰ ਕੀਆ ਹੈ... ਜੋ ਕਾਨ.ਫਰੰਸ ਕੇ ਮੇਨ ਪ੍ਰਬੰਧਕ

**ਵਿਸ਼ਵ ਪੰਜਾਬੀ ਕਾਨ.ਫਰੰਸ 'ਚ ਪਾਕਿਸਤਾਨੀ ਕਹਾਣੀਕਾਰ ਅਸ਼ਕ ਰਹੀਲ ਤੇ ਡਾ. ਤਰਲੋਕ ਬੰਧੂ ਨਾਲ ਭਗਵੰਤ ਰਸੂਲਪੁਰੀ**

**ਵਿਸ਼ਵ ਪੰਜਾਬੀ ਕਾਨ.ਫਰੰਸ 'ਚ ਕੈਨੇਡਾ ਦੇ ਕਹਾਣੀਕਾਰ ਕੁਲਜੀਤ ਮਾਨ ਤੇ ਮੇਜਰ ਮਾਂਗਟ ਨਾਲ ਭਗਵੰਤ ਰਸੂਲਪੁਰੀ**

ਹੈਂ।

? ਆਪ ਕਾਮ ਕਿਆ ਕਰਤੇ ਹੈਂ।

–ਮੈਡਮ ਮੈਂ ਬੁੱਕ ਪਬਲੀਕੇਸ਼ਨ ਦਾ ਕਾਮ ਕਰਤਾ ਹੂੰ ਔਰ ਏਕ ਜਰਨਲ 'ਕਹਾਣੀ ਧਾਰਾ' ਕਾ ਸੰਪਾਦਕ ਔਰ ਮਾਲਕ ਹੂੰ।

? (ਪੇਪਰ ਵੱਲ ਵੇਖਦੀ ਹੋਈ) ਜੇਹ ਕਿੰਨ ਲੋਗੋਂ ਕੇ ਸਾਇਨ ਔਰ ਨਾਂ ਹੈਂ।

–ਜੇਹ ਲੋਗ ਸਾਰੇ ਕਾਨਫਰੰਸ ਕੇ ਪ੍ਰਬੰਧਕ ਹੈਂ।

? ਕਾਨਫਰੰਸ ਮੈਂ ਆਪ ਕਿਆ ਕਰਨੇ ਜਾ ਰਹੇ ਹੋ।

–ਮੈਡਮ ਵਹਾਂ ਏਕ ਰਿਸਰਚ ਪੇਪਰ ਪੜ੍ਹਨੇ ਜਾ ਰਹਾਂ ਹੂੰ 'ਲਿਟਰੇਰੀ ਜਰਨਲਇਜ਼ਮ ਐਂਡ ਪੰਜਾਬੀ ਲਿਟਰੇਚਰ'

? ਵਾਪਸੀ ਕਬ ਕੀ ਹੈਂ?

–ਮੈਡਮ! 20 ਅਕਤੂਬਰ ਕੀ ਵਾਪਸੀ ਹੈ।

? ਕਾਨਫਰੰਸ ਤੋਂ ਦੋ ਦਿਨ ਕੀ ਹੈ ਆਪ ਇਤਨਾ ਸਮਾਂ ਕਿਆ ਕਰਨੇ ਕੇ ਲੀਏ ਜਾ ਰਹੇ ਹੋ।

–ਜੀ! ਮੇਰੇ ਰੈਲੇਟਿਵ ਵਹਾਂ ਪਰ ਹੈ। ਬ੍ਰਿਟਿਸ਼ ਕੋਲੰਬੀਆ ਕੇ ਕਲੋਨਾ ਸ਼ਹਿਰ ਮੈਂ। ਔਰ ਲੇਖਕ ਦੋਸਤ ਹੈਂ। ਵਹਾਂ ਮੈਂ [illegible] ਕੀ ਇੰਟਰਵਿਊ, ਉਸ ਕੀ ਰਚਨਾ ਔਰ ਸ਼ੋਸ਼ਲ ਮੁੱਦੋਂ ਪਰ ਡਿਸਕਸ਼ਨ ਕਰਨੀ ਹੈਂ। ਔਰ ਜੋ ਮੈਂ ਜਰਨਲ 'ਕਹਾਣੀ ਧਾਰਾ' ਨਿਕਾਲਤਾ ਹੂੰ ਉਸ ਕਾ ਏਕ ਸਪੈਸਲ ਇਸ਼ੂ ਪਬਲਿਸ਼ ਕਰਨਾ ਹੈਂ। ਇਸੇ ਲੀਏ ਇਤਨਾ [illegible] ਹੈਂ।

? ਔਰ [illegible] ਬੈਗ ਮੈਂ ਇਤਨਾ ਸਮਾਨ ਕਿਓ ਲਿਆ ਰਹੇ ਹੋ।

–ਮੈਡਮ ਜੋ ਮੇਰੇ ਰੈਲੇਟਿਵ ਹੈ ਔਰ ਦੋਸਤ ਹੈਂ ਉਨ ਕੇ ਲੀਏ ਗਿਫਟ ਕੇ ਰੂਪ ਮੈਂ ਕੱਪੜੇ ਔਰ ਸਮਾਨ ਹੈਂ। ਕੁਝ ਮੇਰਾ ਪਰਸਨਲ ਸਮਾਨ ਹੈਂ।

? ਓ ਕੇ ਰਸੂਲਪੁਰੀ ਜੀ।

– ਥੈਂਕਸ ਮੈਡਮ ਜੀ।

ਮੈਡਮ ਨੇ ਫਿਰ ਬੜੇ ਧਿਆਨ ਨਾਲ ਕਨੇਡਾ ਐਬੰਸੀ ਵਲੋਂ ਲਗਾਇਆ ਵੀਜੇ ਦਾ ਸਟਿੱਕਰ ਵੇਖਿਆ। ਸਕੈਨ ਕੀਤਾ ਤੇ ਬੋਰਡਿੰਗ

**ਵਿਸ਼ਵ ਪੰਜਾਬੀ ਕਾਨ.ਫਰੰਸ ਵਿਚ ਪ੍ਰਸਿੱਧ ਸ਼ਾਇਰਾ ਪਾਲ ਕੌਰ ਨਾਲੇ ਭਗਵੰਤ ਰਸੂਲਪੁਰੀ**

ਪਾਸ ਸਮੇਤ ਪਾਸਪੋਰਟ ਮੈਨੂੰ ਦੇ ਦਿੱਤਾ। ਉਸ ਦੇ ਸਾਰੇ ਸਵਾਲ ਮੈਂ ਬੜੇ ਸਹਿਜ ਹੋ ਕੇ ਦਿੱਤੇ। ਮੈਡਮ ਖੁਸ਼ ਹੋ ਗਈ। ਫਿਰ ਫਾਰਮ ਭਰ ਕੇ ਮੈਂ ਅੱਗੇ ਚਲੇ ਗਿਆ। ਅੱਗੇ ਇਕ ਹੋਰ ਇਮੀਗ੍ਰੇਸ਼ਨ ਅਫ਼ਸਰ ਬੈਠਾ ਸੀ, ਉਸ ਨੇ ਮੈਨੂੰ ਪੁੱਛਿਆ,

ਬਰਗਸ ਸ਼ਹਿਰ ਵਿਚ ਲੇਖਕ

? ਆਪ ਕਹਾਂ ਤੇ ਕਿਆ ਕਰਨੇ ਜਾ ਰਹੋ ਹੋ?

-ਜੀ ਟਰਾਂਟੋ ਜਾ ਰਹਾ ਹੂੰ, ਵਹਾਂ ਵਰਲਡ ਪੰਜਾਬੀ ਕਾਨਫਰੰਸ ਹੋ ਰਹੀ ਹੈ...ਵਹਾਂ ਰਿਸਰਚ ਪੇਪਰ ਪੜ੍ਹਨੇ ਜਾ ਰਹਾਂ ਹੂੰ।

? ਲੇਖਕ ਹੋ ਪੰਜਾਬੀ ਕੇ? ਕੀਆ ਲਿਖਤੇ ਹੋ?

ਜੀ ਸਰ! ਆਈ ਐਮ ਪੰਜਾਬੀ ਸਟੋਰੀ ਰਾਇਟਰ।

? ਵਾਹ! ਪੰਜਾਬੀ ਕੇ ਵਿਦੇਸ਼ ਮੇਂ ਝੰਡੇ ਗਾਡਨੇ ਜਾ ਰਹੋ ਹੋ।

-(ਖੁਸ਼ ਹੋ ਕੇ) ਜੀ ਸਰ।

? ਵੈਲਕਮ... ਤੇ ਅਫ਼ਸਰ ਨੇ ਬੋਰਡਿੰਗ ਪਾਸ ਤੇ ਮੋਹਰ ਲਾ ਕੇ ਮੈਨੂੰ ਵਾਪਸ ਕਰ ਦਿੱਤੇ। ਤੇ ਮੈਂ ਖੁਸ਼ ਹੋ ਕੇ ਅੱਗੇ ਲੰਘ ਗਿਆ। ਅੱਗੇ ਦੋ ਥਾਵਾਂ 'ਤੇ ਸਮਾਨ ਦੀ ਸਕੈਨਿੰਗ ਹੋਈ। ਦਿੱਲੀ ਏਅਰਪੋਰਟ ਦੇ ਅੰਦਰ ਦਾ ਨਜ਼ਾਰਾ ਬੜਾ ਸ਼ਾਨਦਾਰ ਸੀ। ਇਕ ਵੀ ਧੂੜ ਦਾ ਕਿਣਕਾ ਨਹੀਂ ਦਿਸਦਾ। ਇੰਝ ਲੱਗਦਾ ਹੈ ਜਿਵੇਂ ਤੁਸੀਂ ਕਿਸੇ ਹੋਰ ਧਰਤੀ ਤੇ ਪਹੁੰਚ ਜਾਂਦੇ ਹੋ। ਮੇਰੇ ਮਨ ਅੰਦਰ ਦਲਿਤ ਵਿਹੜਿਆਂ ਦੇ ਦ੍ਰਿਸ਼ ਘੁੰਮਣ ਲੱਗੇ। ਮਿੱਟੀ ਨਾਲ ਲਿਬੜੇ ਨਿਆਣੇ ਤੇ ਧੂੜ ਭਰੇ ਕੱਪੜੇ। ਸਾਧਣ ਵਿਹੂਣੇ ਲੋਕ, ਅਤਿ ਦੀ ਗਰੀਬੀ ਹੰਢਾ ਹਰੇ ਦਲਿਤ ਲੋਕ... ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਦਲਿਤ ਔਰਤ... ਜਿਨ੍ਹਾਂ ਬਾਰੇ ਮੈਂ ਕਹਾਣੀਆਂ ਲਿਖਦਾ ਹਾਂ...ਉਨ੍ਹਾਂ ਦੀ ਜ਼ਿੰਦਗੀ ਅਤੇ ਏਅਰਪੋਰਟ ਦੇ ਅੰਦਰ ਦੀ ਜ਼ਿੰਦਗੀ ਵਿਚ ਕਿੰਨਾ ਫਰਕ ਹੈ ਫਿਰ ਮੇਰੇ ਮਨ ਅੰਦਰ ਦਿੱਲੀ ਵਿਚ ਸਥਿਤ ਸਲੰਮ ਏਰੀਏ ਵਿਚ ਘੁੰਮਦੇ ਚੀਥੜਿਆਂ ਵਿਚ ਲਿਪਟੇ ਬੱਚੇ, ਔਰਤਾਂ ਅਤੇ ਮਰਦ ਘੁੰਮਣ ਲੱਗੇ... ਘੁੰਮਣ ਲੱਗਾ ਉਨ੍ਹਾਂ ਦਾ ਨਰਕ ਭਰਿਆ ਜੀਵਨ... ਸਾਡੇ ਸਮਾਜਿਕ ਜੀਵਨ ਵਿਚ ਬਹੁਤ ਵੱਡਾ ਪਾੜਾ ਪੈ ਗਿਆ ਹੈ। ਤੇ ਇਹ ਥਾਂ... ਕਲਪਨਾ ਦੀ ਨਵੀਂ ਉਡਾਰੀ।

ਕੈਨੇਡਾ ਵਿਖੇ ਟਰਾਂਟੋ ਦੀਆਂ ਵਿਸ਼ਾਲ ਅਕਾਰ ਦੀਆਂ ਇਮਾਰਤਾਂ, ਇਹੋ ਜਿਹੀਆਂ ਇਮਾਰਤਾਂ ਹਰ ਸ਼ਹਿਰ 'ਚ ਹੁੰਦੀਆਂ ਹਨ

ਹੁਣ ਮੈਂ ਬ੍ਰਿਟਿਸ਼ ਏਅਰਵੇਜ਼ ਦੇ

ਕੈਨੇਡਾ ਵਿਖੇ ਲੱਕੜ ਦਾ ਬਣ ਰਿਹਾ ਘਰ, ਹਰ ਘਰ ਇਸ ਤਰ੍ਹਾਂ ਲੱਕੜੀ ਨਾਲ ਤਿਆਰ ਹੁੰਦਾ ਹੈ।

ਜਹਾਜ਼ ਦੇ ਬਿਲਕੁਲ ਨਜ਼ਦੀਕ ਬੈਠਾ ਹੋਇਆ ਸਾਂ... ਸ਼ੀਸ਼ਿਆ ਥਾਣੀ ਮੈਨੂੰ ਵਿਸ਼ਾਲ ਅਕਾਰ ਦਾ ਜ਼ਹਾਜ ਦਿਸ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਧੰਨ ਹੈ ਇਹ ਜਹਾਜ਼ ਅਤੇ ਧੰਨ ਹੈ ਇਨ੍ਹਾਂ ਨੂੰ ਚਲਾਉਣ ਵਾਲੇ... ਕੰਟਰੋਲ ਕਰਨ ਵਾਲੇ... ਥੋੜੇ ਸਮੇਂ ਵਿਚ ਏਅਰ ਲਾਇਨ ਦਾ ਕਾਊਂਟਰ ਖੁੱਲ ਜਾਣਾ ਸੀ ਤੇ ਅਸੀਂ ਆਪਣੇ ਪਾਸਪੋਰਟ ਤੇ ਬੋਰਡਿੰਗ ਪਾਸ ਵਿਖਾ ਕੇ ਜਹਾਜ਼ ਵਿਚ ਬੈਠ ਜਾਣਾ ਸੀ। ਜਿਸ ਨੇ ਮੈਨੂੰ ਤੇ ਮੇਰੇ ਸੁਪਨਿਆ ਨੂੰ ਸੱਤ ਸਮੁੰਦਰ ਪਾਰ ਲੈ ਕੇ ਉੱਡ ਜਾਣਾ ਸੀ। ਕਾਊਂਟਰ ਦੇ ਆਲੇ-ਦੁਆਲੇ ਪਈਆਂ ਸ਼ਾਨਦਾਰ ਕੁਰਸੀਆਂ ਤਕਰੀਬਨ ਭਰ ਗਈਆਂ ਸਨ। ਰੰਗ ਬਰੰਗੇ ਲੋਕ ਦਿਸ ਰਹੇ ਸਨ। ਜਿਨ੍ਹਾਂ ਵਿਚ ਸੂਟ-ਬੂਟ ਵਾਲੇ ਲੋਕ ਵੀ ਸਨ ਅਤੇ ਪੰਜਾਬ ਦੇ ਬੂਝੜ ਲੋਕ ਵੀ, ਜਿਨ੍ਹਾਂ ਨੂੰ ਉਨ੍ਹਾਂ ਦੇ ਪੁੱਤ ਧੀ ਨੇ ਕਨੇਡਾ ਬੁਲਾ ਲਿਆ ਸੀ। ਜਮਾ ਦੇਸੀ ਮਾਰਕਾ। ਗਿਆਨ ਵਿਹੂਣੇ ਤੇ ਅਨਪੜ੍ਹ... ਮੈਂ ਸੋਚਿਆ ਇਹ ਉਥੇ ਜਾ ਕੇ ਕੀ ਕਰਨਗੇ? ਘਰਾਂ ਵਿਚ ਬੈਠ ਕੇ ਉਨ੍ਹਾਂ ਦੇ ਨਿਆਣੇ ਸਾਂਭਣਗੇ? ਇਹ ਲੋਕ ਕਨੇਡਾ ਸਰਕਾਰ ਤੋਂ ਪੈਨਸ਼ਨਾ ਲੈ ਕੇ ਮੈਡੀਕਲ ਭੱਤੇ ਲੈ ਕੇ ਉਨ੍ਹਾਂ ਤੇ ਬੋਝ ਬਣ ਰਹੇ ਹਨ। ਇਸੇ ਕਰਕੇ ਸਰਕਾਰ ਨੇ ਇਨ੍ਹਾਂ ਬਜ਼ੁਰਗਾਂ ਦੇ ਪੱਕੇ ਰਹਿਣ ਸਬੰਧੀ ਕਾਨੂੰਨ ਸਖ਼ਤ ਕਰ ਦਿੱਤੇ ਹਨ। ਉਸ ਦੀ ਥਾਂ ਸੂਪਰ ਵੀਜ਼ਾ ਲਾਗੂ ਕਰ ਦਿੱਤਾ ਹੈ।

ਅਸੀਂ ਜਹਾਜ਼ ਵਿਚ ਬੇਫਿਕਰ ਹੋ ਕੇ ਬੈਠ ਗਿਆ। ਮੇਰੀ ਨਾਲ ਦੀ ਸੀਟ ਉੱਤੇ ਇਕ ਗੋਰੀ ਅਧਖੜ ਔਰਤ ਬੈਠੀ ਸੀ ਜਿਹੜੀ ਇੰਗਲਿਸ਼ ਦਾ ਕੋਈ ਨਾਵਲ ਪੜ੍ਹ ਰਹੀ ਸੀ। ਮੈਂ ਵੀ ਉਹਨੂੰ ਸਿੱਧੀ ਪੱਧਰੀ ਇੰਗਲਿਸ਼ ਵਿਚ ਦੱਸਿਆ ਕਿ ਮੈਂ ਵੀ ਪੰਜਾਬੀ ਦਾ ਸਟੋਰੀ ਰਾਇਟਰ ਹਾਂ... ਉਹ ਖੁਸ਼ ਹੋਈ ... ਪਹਿਲਾਂ ਪਹਿਲਾਂ ਜਹਾਜ਼ ਵਿਚ ਘਬਰਾਹਟ ਹੋਈ ਫਿਰ ਉਪਰ ਜਾ ਕੇ ਜਹਾਜ ਟਿਕ ਗਿਆ... ਜਹਾਜ਼ ਦਿੱਲੀ, ਪਾਕਿਸਤਾਨ, ਇਰਾਨ, ਤਹਿਰਾਨ, ਅਜਿਰਬੇਨ, ਤੁਰਕੀ ਦੀ ਵੱਖੀ ਤੋਂ ਹੁੰਦਾ ਹੋਇਆ ਸਵੇਸ ਦੇ ਕੋਲੋਂ ਦੀ ਲੰਘਦਾ ਹੈ। ਵੱਖੀ ਚੋਂ ਸਮੁੰਦਰ ਦਿਖਾਈ ਦਿੰਦਾ ਹੈ। ਫਿਰ ਬਲੈਕ ਸੀਅ ਦੇ ਨਾਲ ਨਾਲ ਜਹਾਜ਼ ਉਡਦਾ ਹੈ। ਜਿਹਦੇ ਇਕ ਪਾਸੇ ਬੁਲਗਾਰੀਆ ਤੇ ਦੂਜੇ ਪਾਸੇ ਰੁਮਾਨੀਆ ਹੈ। ਜਹਾਜ਼ 38,000 ਫੁੱਟ ਤੇ ਉੱਡ ਰਿਹਾ ਸੀ। ਤੇ ਜਹਾਜ਼

'ਸੁਰ ਸਾਗਰ' ਟੀ ਵੀ ਦੇ ਦਫ਼ਤਰ 'ਚ ਨਿਰਮਲ ਜਸਵਾਲ, ਭਗਵੰਤ ਰਸੂਲਪੁਰੀ ਤੇ ਬਲਬੀਰ ਕੌਰ ਸੰਘੇੜਾ

ਦੀ ਸਪੀਡ 556 ਮੀਟਰ ਪਰ ਘੰਟਾ ਸੀ। ਫਿਰ ਜਹਾਜ਼ ਰੁਮਾਨੀਆ ਤੋਂ ਜਰਮਨੀ ਵੱਲ ਜਾਂਦਾ ਹੈ। ਉਪਰੰਤ ਜਰਮਨੀ ਤੇ ਫਰਾਂਸ ਦੇ ਵਿਚਕਾਰੋਂ ਲੰਘਦਾ ਹੈ।ਏਅਰ ਹੋਸਟਸ ਬੜੇ ਸਲੀਕੇ ਨਾਲ ਬੀਅਰ, ਵਾਇਨ, ਤੇ ਵਿਸਕੀ ਲੈ ਕੇ ਆ ਰਹੀਆਂ ਸਨ। ਮੈਂ Dudleys stone wine ਦੀਆਂ ਨਿੱਕੀਆਂ ਤਿੰਨ ਬੋਤਲਾਂ ਲੈਂਦਾ ਹਾਂ। ਸਿਪ ਸਿਪ ਕਰਕੇ ਪੀਂਦਾ ਹਾਂ ਤੇ ਜਹਾਜ਼ ਦਾ ਨਜ਼ਾਰਾ ਮਾਣਦਾ ਹਾਂ... ਫਿਰ ਸ਼ੀਸ਼ੇ ਥਾਂਣੀ ਬਾਹਰ ਦੇ ਨਜ਼ਾਰੇ ਦਾ ਆਨੰਦ ਲੈਣ ਲੱਗਦਾ ਹਾਂ।  ਇਕ ਦਮ ਰਿਲੈਕਸ ਹੋ ਜਾਂਦਾ ਹਾਂ... ਵਾਈਨ ਪੀ ਕੇ ਥਕਾਵਟ ਲੱਥ ਜਾਂਦੀ ਹੈ। ਸ਼ਾਨਦਾਰ ਖਾਣਾ ਆਉਂਦਾ ਹੈ। ਖਾਣਾ ਖਾ ਕੇ ਕੁਝ ਚਿਰ ਲਈ ਅੱਖ ਲੱਗ ਜਾਂਦੀ ਹੈ। ਐਨੇ ਨੂੰ ਹੀਥਰੋ ਹਵਾਈ ਅੱਡਾ ਨੇੜੇ ਆ ਜਾਂਦਾ ਹੈ। ਇਥੋਂ ਕੁਝ ਘੰਟੇ ਦੀ ਸਟੇਅ ਉਪਰੰਤ ਜਹਾਜ਼ ਟਰਾਂਟੋਂ ਲਈ ਉਡਾਰੀ ਭਰਨ ਵਾਲਾ ਸੀ। ਇਸ ਜਹਾਜ਼ ਦੀਆਂ ਸੀਟਾਂ ਕੁੱਝ ਖੁੱਲ੍ਹੀਆਂ ਸਨ। ਮੇਰੇ ਆਲੇ ਦੁਆਲੇ ਗੋਰੇ ਆ ਕੇ ਬੈਠ ਜਾਂਦੇ ਹਨ। ਮੈਂ ਇਕ ਕੈਬਨ ਵਿਚ ਇਕੱਲਾ ਸਾਂ। ਏਅਰ ਹੋਸਟਸ ਵੱਲੋਂ ਪਰੋਸਿਆ ਖਾਣਾ ਵੀ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਟਰਾਂਟੋਂ ਨੂੰ ਉੱਡ ਰਿਹਾ ਜਹਾਜ਼ ਗਹਿਰੇ ਸਾਗਰ ਤੋਂ ਲੰਘਦਾ ਹੈ। ਵਿਚ ਵਿਚ ਜੰਗਲ ਆਉਂਦਾ ਹੈ। ਕਿਊਬਿਕ ਤੋਂ ਹੁੰਦਾ ਹੋਇਆ ਜਹਾਜ਼ ਉਟਾਵਾ ਵੱਲ ਵੱਧਦਾ ਹੈ। ਉਂਟਰਾਈਓ ਉਹਦੀ ਵੱਖੀ 'ਚ ਹੈ। ਹੁਣ ਜਹਾਜ 753 ਕਿਲੋਮੀਟਰ ਪਰ ਘੰਟਾ ਦੀ ਸਪੀਡ ਨਾਲ ਚਲ ਰਿਹਾ ਹੈ। ਜਹਾਜ਼ ਦੇ ਸ਼ੀਸ਼ੇ ਥਾਣੀ ਪਹਾੜਾਂ ਤੇ ਪਈ ਬਰਫ਼ ਵੇਖਦਾ ਹਾਂ। ਉਂਨਟਾਰੀਓ ਦੀ ਲੰਮੀ ਲੇਕ ਵੱਖੀ 'ਤੇ ਪੈਂਦੀ ਹੈ। 9 ਘੰਟੇ ਚਲ ਕੇ ਜਹਾਜ਼ ਟਰਾਂਟੋ ਪਹੁੰਚ ਜਾਂਦਾ ਹੈ। ਇਹ ਹਵਾਈ ਅੱਡਾ ਵਿਸ਼ਾਲ ਤੇ ਵੱਖਰੀ ਕਿਸਮ ਦਾ ਸੀ। ਯਾਤਰੀਆਂ ਦੇ ਮਗਰ ਮਗਰ ਤੁਰਦਾ ਮੈਂ ਇਮੀਗਰੇਸ਼ਨ ਦੇ ਅਧਿਕਾਰੀਆਂ ਕੋਲ ਪਹੁੰਚ ਜਾਂਦਾ ਹਾਂ। ਇਮੀਗ੍ਰੇਸ਼ਨ ਦੇ ਅਧਿਕਾਰੀਆਂ ਮੋਹਰੇ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ। ਸਨ। ਇਮੀਗ੍ਰੇਸ਼ਨ ਦੇ ਅਧਿਕਾਰੀ ਬੜੇ ਡਰਾਉਣੇ ਲੱਗ ਰਹੇ ਸਨ। ਜਿਵੇਂ ਭਾਰਤ ਵਿਚ ਬਲੈਕ ਕੈਟ ਕਮਾਂਡੋ ਹੁੰਦੇ ਨੇ... ਕਾਲੀਆਂ ਵਰਦੀਆਂ ਪਾਈ ਤੇ ਹਥਿਆਰਾ ਨਾਲ ਲੈਸ...ਮੇਰੀ ਵਾਰੀ ਅਖੀਰ ਵਿਚ ਆਈ ਸੀ। ਪਹਿਲਾਂ ਮੇਰਾ ਭਰਿਆ ਹੋਇਆ ਫਾਰਮ ਚੈਕ ਹੋਇਆ। ਉਹਨੇ ਕੁਝ ਸਵਾਲ ਕੀਤੇ

? ਕਿਆ ਕਰਨ ਆਏ ਹੋ।

-ਜੀ ਮੈਂ ਵਿਸ਼ਵ ਪੰਜਾਬੀ



ਨਿਆਗਰਾ ਫਾਲ ਦਾ ਆਨੰਦ ਮਾਣਦੇ ਹੋਇਆ ਲੇਖਕ

ਨਿਆਗਰਾ ਫਾਲ ਵਿਖੇ ਅਮਰਜੀਤ ਬੱਧਣ ਨਾਲ ਭਗਵੰਤ ਰਸੂਲਪੁਰੀ

ਨਿਆਗਰਾ ਫਾਲ ਦੇ ਇਕ ਪਾਰਕ ਵਿਚ ਨਿਆਗਰਾ ਫਾਲ ਨੂੰ ਡਿਜ਼ਾਇਨ ਕਰਨ ਵਾਲੇ ਦੇ ਲੱਗੇ ਬੁੱਤ ਨਾਲ ਲੇਖਕ

ਕਾਨਫਰੰਸ ਮੈਂ ਪੇਪਰ ਪੜ੍ਹਨੇ ਕੇ ਲੀਏ ਆਇਆ ਹੂੰ।

? ਕਹਾ ਜਾ ਰਹੇ ਹੋ?

-ਟਰਾਂਟੋ ਜਾ ਰਿਹਾ ਹੂੰ।

? ਆਪ ਕੇ ਪਾਸ ਕਿਤਨੇ ਡਾਲਰ ਹੈਂ।

-200 ਡਾਲਰ ਹੈਂ ਸਰ।

ਫਿਰ ਉਨ੍ਹਾਂ ਮੈਨੂੰ ਅੱਗੇ ਭੇਜ ਦਿੱਤਾ। ਇਹ ਹੀ ਮੇਨ ਇਮੀਗ੍ਰੇਸ਼ਨ ਅਫ਼ਸਰ ਸੀ। ਉਸ ਨੇ ਮੇਰਾ ਭਰਿਆ ਹੋਇਆ ਫਾਰਮ ਚੈਕ ਕੀਤਾ... ਮੇਰਾ ਪਾਸਪੋਰਟ ਵੇਖਿਆ ਅਤੇ ਮੈਨੂੰ ਸਵਾਲ ਕਰਨ ਲੱਗ ਪਿਆ... ਮੈਨੂੰ ਉਹਦੀ ਅੰਗਰੇਜ਼ੀ ਸਮਝ ਆਉਣ ਵਿਚ ਦਿਕਤ ਆ ਰਹੀ ਸੀ। ਫਿਰ ਉਸ ਨੇ ਇਕ ਹੋਰ ਇਮੀਗਰੇਸ਼ਨ ਅਫ਼ਸਰ ਜੋ ਭਾਰਤੀ ਮੂਲ ਦਾ ਸੀ ਅਤੇ ਹਿੰਦੀ ਜਾਣਦਾ ਸੀ ਬੁਲਾ ਲਿਆ। ਉਹ ਮੈਨੂੰ ਸਵਾਲ ਕਰਨ ਲੱਗਾ-

? ਕਿਹਾ ਕਰਨੇ ਜਾ ਰਹੇ ਹੋ।

-ਜੀ ਕਾਨਫਰੰਸ ਮੇਂ ਪੇਪਰ ਪੜ੍ਹਨੇ ਕੇ ਲੀਏ ਜਾ ਰਿਹਾ ਹੂੰ।

? ਕਬ ਔਰ ਕਹਾਂ ਹੋ ਰਹੀ ਹੈਂ ਕਾਨਫਰੰਸ।

-ਬਰੈਂਮਟਨ, ਓਨਟਾਰੀਓ ਮੇਂ ਹੋ ਰਹੀ ਹੈ 13-14 ਜੂਨ ਕੋ।

? ਪੇਪਰ ਦਖਾਓ। (ਉਸ ਨੇ ਪੇਪਰ ਦਿਖਾਉਣ ਲਈ ਕਿਹਾ। ਕਿੰਨਾ ਚਿਰ ਉਹ ਪੇਪਰ ਪੜ੍ਹਦਾ ਰਿਹਾ ਤੇ ਕੰਪਿਊਟਰ ਤੇ ਸਰਚ ਕਰਦਾ ਰਿਹਾ।

? ਆਪ ਕੋ ਕਿਸ ਨੇ ਸਪੌਂਸਰ ਕੀਆ।

-ਮਿਸਟਰ ਗਿਆਨ ਸਿੰਘ ਕੰਗ ਜੀ ਨੇ, ਵੋਹ ਕਾਨਫਰੰਸ ਕੇ ਮੁੱਖ ਔਰਗੇਨਾਈਜਰ ਹੈਂ।

? ਆਪ ਕਿਹਾ ਕਰਤੇ ਹੋ।

-ਜੀ ਬੁੱਕ ਪਬਲੀਕੇਸ਼ਨ ਕਾ ਕਾਮ ਕਰਤਾਂ ਹੂੰ। ਔਰ ਏਕ 'ਕਹਾਣੀ ਧਾਰਾ' ਮੈਗਜ਼ੀਨ ਕਾ ਸੰਪਾਦਕ ਹੂੰ।

? ਕਾਨਫਰੰਸ ਕਾ ਖਰਚ ਕੌਣ ਦੇਗਾ।

-ਜੀ ਪ੍ਰਬੰਧਕ ਦੇਗੇ। ਉਨ ਨੇ ਸਪੌਂਸਰਸ਼ਿਪ ਮੇਂ ਜ਼ਿਕਰ ਕੀਆ ਹੈਂ।

? ਆਪ 20 ਅਕਤੂਬਰ ਕੋ ਕਿਓ ਵਾਪਸ ਆ ਰਹੇ ਹੋ। ਇਤਨਾ ਸਮਾਂ ਕਹਾ ਰਹੋਗੇ ਔਰ ਕੈਸੇ ਰਹੋਗੇ।

-ਜੀ ਟਰਾਂਟੋ ਮੈਂ ਏਕ ਹਫ਼ਤਾ ਰਹੂਗਾ, ਔਰ ਉਸ ਕੇ ਉਪਰੰਤ ਵੈਨਕੂਵਰ ਜਾਊਂਗਾ। ਵਹਾਂ ਮੇਰੇ

ਸ੍ਰੀ ਗੁਰੂ ਰਵਿਦਾਸ ਸਭਾ ਗੁਰਦਵਾਰੇ  ਵੈਨਕੂਵਰ ਵਿਖੇ ਲੇਖਕ

**ਦਰਿਆ ਦੇ ਕੰਢੇ ਭਵਨਦੀਪ ਨਾਲ ਲੇਖਕ**

ਸਹੁਰਾ ਪਰਿਵਾਰ ਹੈਂ। ਉਨ ਕੋ ਮਿਲੂਗਾ। ਔਰ ਕਨੇਡਾ ਕੇ ਪੰਜਾਬੀ ਲੇਖਕਾਂ ਕੋ ਮਿਲ ਕਰ ਉਨ ਕੀ ਕਹਾਣੀਆਂ ਕਵਿਤਾਏਂ ਔਰ ਮੁਲਾਕਾਤ ਇਕੱਤਰ ਕਰੂੰਗਾ।

? ਆਪ ਕਹਿਤੇ ਹੋ ਕਿ 17 ਕੋ ਵਾਪਸ ਵੈਨਕੂਵਰ ਜਾਊਂਗਾ... ਔਰ ਦੋ ਦਿਨ ਕਾਨਫਰੰਸ ਮੈਂ ਰਹਿਣਾ ਪੜੇਗਾ...ਜੇਹ ਕੈਸੇ ਕਰੋਗੇ?

-ਜੀ ਸਭੀ ਲੇਖਕ ਕਾਨਫਰੰਸ ਮੇਂ ਆਏਂਗੇ। ਵਹਾਂ ਮਿਲ ਕਰ ਉਨ ਲੋਗੋ ਕੋ ਕਹਾਣੀਆਂ, ਕਵਿਤਾ ਔਰ ਲੇਖ ਈ ਮੇਲ ਕੇ ਜਰੀਏ ਭੇਜਨੇ ਕੇ ਲੀਏ ਕਹੂੰਗਾ। ਫਿਰ ਵੈਨਕੂਵਰ ਜਾ ਕੇ ਵਹਾਂ ਰਹਿ ਰਹੇ ਪੰਜਾਬੀ ਲੋਗੋ ਕੇ ਕਾਮ ਕੇ ਸਬੰਧ ਮੇਂ, ਰਹਿਣ-ਸਹਿਣ ਕੇ ਸਬੰਧ ਮੇਂ ਜਾਣਕਾਰੀ ਲੂੰਗਾ ਔਰ ਲਿਖੂਗਾ।

? ਸੱਚ ਸੱਚ ਬਤਾਓ ਕਿਆ ਕਰਨ ਆਏ ਹੋ? ਅਖ਼ਬਾਰ ਕੇ ਲੀਏ ਕਾਮ ਕਰਨ ਆਓ ਹੋ।

-ਨੋ ਸਰ ! ਕਾਨਫਰੰਸ ਮੇਂ ਪੇਪਰ ਪੜ੍ਹਨ ਔਰ ਮੈਗਜ਼ੀਨ ਕਾ ਮੈਟਰ ਇਕੱਤਰ ਕਰਨੇ ਆਇਆ ਹੂੰ।

? ਆਪ ਲੇਖਕੋਂ ਸੇ ਪੈਸੇ ਲੇਗੇ। ਕਿਤਾਬੇ ਪੈਸੇ ਲੈ ਕਰ ਪ੍ਰਕਾਸ਼ਤ ਕਰਤੇ ਹੋ। ਕਿਸ ਕਿਸਮ ਕੀ ਕਿਤਾਬੇ ਛਾਪਤੇ ਹੋ।

– ਨੋ ਸਰ ਲੇਖਕੋਂ ਦਾ ਮੈਟਰ ਫ੍ਰੀ ਮੇਂ ਪ੍ਰਕਾਸ਼ਤ ਕਰਤਾ ਹੂੰ, ਔਰ ਕਿਤਾਬੇ ਪ੍ਰਕਾਸ਼ਤ ਕਰਨ ਕੇ ਪੈਸੇ ਨਹੀਂ ਲੇਤਾ। ਕਿਤਾਬੇ ਸੇਲ ਕਰਕੇ ਪੈਸੇ ਇਕੱਤਰ ਕਰਤਾ ਹੂੰ...ਮੈਂ ਲਿਟਰੇਰੀ ਕਿਤਾਬੇ.... ਪੋਇਮ, ਨੋਵਲ, ਸਟੋਰੀ, ਜੈਸੀ ਕਿਤਾਬੇ ਪ੍ਰਕਾਸ਼ਤ ਕਰਤਾ ਹੂੰ। ਔਰ ਕਨੇਡਾ ਕੇ ਲੇਖਕ ਦੀ ਤੋ ਕੋਈ ਕਿਤਾਬ ਪ੍ਰਕਾਸ਼ਤ ਨਹੀਂ ਕੀ।

? ਆਪ ਮੈਰਿਡ ਹੋ।

-ਜੀ ਸਰ।

? ਬੱਚੇ ਵੀ ਹੈਂ।

-ਜੀ ਦੋ ਬੱਚੇ ਹੈਂ... ਏਕ ਗਰਲ ਔਰ ਏਕ ਬੁਆਏ... ਗਰਲ 10+1 ਕੀ ਸਟੂਡੈਂਟ ਔਰ ਬੁਆਏ 6 ਕਲਾਸ ਕਾ ਸਟੂਡੈਂਟ ਹੈਂ।

? ਆਪ ਇਤਨਾ ਚਿਰ ਜਹਾ ਰਹੋਗੇ, ਫਿਰ ਬੱਚੋਂ ਕੀ ਕੌਣ ਕੇਅਰ ਕਰੇਗਾ।



**ਵੈਨਕੂਵਰ ਵਿਖੇ ਸਥਿਤ ਦਰਿਆ ਵਿਖੇ ਬਣੀ ਬੀਚ ਵਿਚ ਲਹਿਰਾਂ ਦਾ ਆਨੰਦ ਲੈਂਦੀਆਂ ਵਿਦੇਸ਼ੀ ਔਰਤਾਂ**

-ਜੀ ! ਮੇਰੀ ਵਾਇਫ਼ ਹੈਂ, ਘਰ ਮੇਂ ਮੇਰੀ ਮਾਤਾ ਜੀ ਹੈ। ਵੋਹ ਕੇਅਰ ਕਰੇਗੀ।

? ਘਰ ਕੇ ਬਿੱਲ ਦੇਨੇ ਕੇ ਲੀਏ ਪੈਸਾ ਕਹਾਂ ਸੇ ਆਏਗਾ।

-ਜੀ ਮੇਰੀ ਵਾਇਫ਼ ਜੌਬ ਕਰਤੀ ਹੈਂ। ਵੋਹ ਸਕੂਲ ਟੀਚਰ ਹੈਂ...ਉਨ ਕੀ ਸੈਲਰੀ 55 ਹਜ਼ਾਰ ਇੰਡੀਅਨ ਰੁਪੈ ਹੈਂ।

? ਆਪ ਕੀ ਵਾਇਫ਼ ਜੌਬ ਕਰੇਗੀ ਫਿਰ ਬੱਚੋਂ ਕੀ ਕੇਅਰ ਕੌਣ ਕਰੇਗਾ।

-ਜੀ ਜੁਲਾਈ ਤੀਕ ਸਕੂਲ ਬੰਦ ਹੈਂ। ਫਿਰ ਮੇਰੀ ਮਦਰ ਕੇਅਰ ਟੇਕਰ ਦਾ ਕਾਮ ਕਰੇਗੀ।

? (ਮੇਰੇ ਅੱਗੇ ਪੇਪਰ ਕਰਕੇ) ਯਹਾਂ ਪ੍ਰਕਾਸ਼ਨ ਕਾ ਨਾਂ ਔਰ ਮੈਗਜ਼ੀਨ ਕਾ ਨਾਂ ਲਿਖੋ।

-ਮੈਂ ਲਿਖ ਦਿੱਤਾ, ਉਹ ਗੂਗਲ 'ਚ ਸਰਚ ਕਰਨ ਲੱਗਾ। ਪਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਬਣੀ ਹੋਈ ਸੀ। ਉਹ ਖੁੱਲ ਗਈ। 'ਕਹਾਣੀ ਧਾਰਾ' ਭਾਰਤ ਸਰਕਾਰ ਵਲੋਂ ਰਜਿ. ਸੀ। ਉਸ ਦਾ ਨਾਂ ਆ ਗਿਆ।

ਫਿਰ ਉਨ੍ਹਾਂ ਵਰਲਡ ਪੰਜਾਬੀ ਕਾਨਫ਼ਰੰਸ ਦੀ ਵੈਬ ਸਾਇਟ ਖੋਲ ਲਈ। ਉਸ ਵਿਚ ਮੇਰਾ ਨਾਂ ਤੇ ਫੋਟੋ

ਹੈ ਨਹੀਂ।

। ਜੇਹ ਵੈਬ ਪਹਿਲੇ ਕੀ ਬਣੀ ਹੋਈ ਹੈਂ...ਕਾਨਫਰੰਸ ਮੇਂ

ਾਂ ਔਰ ਫੋਟੋ ਨਹੀਂ ਹੈਂ।

ਕਰਤੇ।

ਹਰ ਔਰ ਬਾਹਰ ਪੰਜਾਬੀ ਬੋਲਤੇ ਹੈਂ... ਇੰਗਲਿਸ਼ ਸਮਝ

? ਆਪ ਕੀ ਕਿਤਾਬੇ ਕਹਾਂ ਹੈਂ। ਉਸ ਮੇਂ ਕਿਆ ਲਿਖਤੇ ਹੋ।

-ਮੇਰੀ ਕਿਤਾਬੇ ਔਰ ਮੈਗਜ਼ੀਨ ਮੇਰੇ 'ਟੈਚੀ ਮੈਂ ਹੈਂ। ਮੈਂ ਨਿਕਾਲ ਕਰ ਵਹਾਂ ਸੇ ਦਖਾ ਸਕਤਾ ਹੂੰ। ਔਰ ਮੈਂ ਸਟੋਰੀ ਲਿਖਤਾ ਹੂੰ ਮੇਰੀ ਸਟੋਰੀ ਸੋਸ਼ਲ ਹੋਤੀ ਹੈ। ਮੈਂ ਪੁਲੀਟੀਕਲ ਆਰਟੀਕਲ ਨਹੀਂ ਲਿਖਤਾ।

? ਆਪ ਵੈਨਕੂਵਰ ਜਾ ਰਹੇ ਹੋ ਵਹਾਂ ਲੇਖਕ ਨਹੀਂ ਹੈਂ, ਉਨ ਕੇ ਐਡਰਸ ਕਹਾਂ ਹੈਂ।

-ਹੈ ਸਰ ! (ਮੈਂ ਕੁਝ ਐਡਰਸ ਦਿਖਾਏ) ਔਰ ਵੋਹ ਮੇਰੇ ਸਾਥ ਫੇਸ ਬੁੱਕ ਪਰ ਜੁੜੇ ਹੁਏ ਹੈਂ।

ਇਸ ਤਰ੍ਹਾਂ ਦੋ ਇਮੀਗਰੇਸ਼ਨ ਅਫ਼ਸਰ ਇਕੱਠੇ ਹੋ ਕੇ ਮੈਨੂੰ ਸਵਾਲ ਤੇ ਸਵਾਲ ਕਰੀ ਜਾ ਰਹੇ ਸਨ। ਮੈਂ ਬੜੇ ਠਰੰਮੇ ਨਾਲ ਜਵਾਬ ਦੇ ਰਿਹਾ ਸੀ। ਮੈਂ ਬਿਲਕੁਲ ਜੋ ਸੱਚ ਸੀ ਉਹ ਹੀ ਉਨ੍ਹਾਂ ਨੂੰ ਦੱਸਿਆ ਕਿ ਮੈਂ ਏਥੇ ਰਹਿ ਕੇ ਕੋਈ ਕੰਮ ਕਰਨ ਨਹੀਂ ਆਇਆ। ਅਖੀਰ ਹਿੰਦੀ ਜਾਣਦੇ ਅਫ਼ਸਰ ਨੇ ਕੰਪਿਊਟਰ ਅੱਗੇ ਬੈਠੇ

**ਵੈਨਕੂਵਰ ਦੇ ਜੰਗਲੀ ਇਲਾਕੇ ਵਿਚ ਲੇਖਕ**

ਅਫ਼ਸਰ ਨੂੰ ਅੰਗਰੇਜ਼ੀ 'ਚ ਦੱਸਿਆ। ਉਹਨੇ ਆਪਣੇ ਕੰਪਿਊਟਰ 'ਚ ਮੇਰੀ ਦੱਸੀ ਜਾਣਕਾਰੀ ਭਰੀ। ਜੋ ਜੋ ਮੈਂ ਕਰਦਾ ਹਾਂ ਤੇ ਏਥੇ ਐਨਾ ਚਿਰ ਕੀ ਕਰਨਾ ਹੈ। ਸਾਰਾ ਭਰ ਦਿੱਤਾ। ਮੇਰਾ ਸਾਰਾ ਦੱਸਿਆ ਰਿਕਾਰਡ ਕੰਪਿਊਟਰ ਵਿਚ ਭਰਿਆ ਗਿਆ ਸੀ। ਅਤੇ ਅੰਤ ਅਧਿਕਾਰੀ ਨੇ ਮੇਰਾ ਪਾਸਪੋਰਟ ਚੁੱਕਿਆ ਤੇ ਉਥੇ ਮੋਹਰ ਲਾ ਕੇ ਮੇਰੀ ਛੇ ਮਹੀਨੇ ਰਹਿਣ ਦੀ ਐਂਟਰੀ ਲਾ ਦਿੱਤੀ। ਪਾਸਪੋਰਟ ਮੇਰੇ ਅੱਗੇ ਕਰਦਿਆਂ ਕਿਹਾ, "ਵੈਲਕਮ ਟੂ ਕਨੇਡਾ!!" ਮੈਂ ਥੈਂਕਸ ਕਿਹਾ। ਤੇ ਖੁਸ਼ ਹੋ ਗਿਆ। ਤੇ ਇਹ ਵੀ ਕਿਹਾ ਕਿ ਇਹ ਪੁੱਛ ਪੜਤਾਲ ਕਰਨੀ, ਤੁਹਾਡੀ ਡਿਊਟੀ ਹੈ। ਜਦੋਂ ਮੈਂ ਬੈਗ ਵਾਲੀ ਬੈਲਟ ਵਾਲੇ ਹਾਲ ਵਿਚ ਪਹੁੰਚਿਆ ਤਾਂ ਉਥੇ ਕੇਵਲ ਮੇਰਾ ਬੈਗ ਪਿਆ ਸੀ। ਬੈਗ ਵਾਲੇ ਹਾਲ ਵਿਚੋਂ ਸਾਰੇ ਵਿਜਟਰ ਜਾ ਚੁੱਕੇ ਸਨ। ਅਧਿਕਾਰੀਆਂ ਦੀ ਲੰਮੀ ਪੁੱਛ ਪੜਤਾਲ ਨੇ ਮੈਨੂੰ ਪਰੇਸ਼ਾਨ ਕਰ ਦਿੱਤਾ ਸੀ। ਮੇਰੇ ਚਿਹਰੇ ਤੇ ਤਣਾਓ ਸੀ। ਮੈਂ ਆਪਣਾ ਬੈਗ ਚੁੱਕਿਆ ਅਤੇ ਇਕ ਸਰਦਾਰ ਅਧਿਕਾਰੀ ਨੂੰ ਆਪਣਾ ਭਰਿਆ ਫਾਰਮ ਫੜਾ ਕੇ ਬਾਹਰ ਆ ਗਿਆ। ਬਾਹਰ ਮੇਰੇ ਸਹੁਰਾ ਪਰਿਵਾਰ ਦੇ ਰਿਸ਼ਤੇਦਾਰ ਮੇਰੀ ਉਡੀਕ ਕਰ ਰਹੇ ਸਨ। ਸੋਢੀ ਦਾ ਵੱਡਾ ਭਰਾ ਮੈਨੂੰ ਪਛਾਣ ਕੇ ਬੋਲਿਆ, "ਭਗਵੰਤ!!" ਸਾਡੀਆਂ ਅੱਖਾ ਮਿਲੀਆਂ, ਨੇੜੇ ਆ ਕੇ ਉਹਨੇ ਮੈਨੂੰ ਕਲਾਵੇ 'ਚ ਲੈ ਲਿਆ। ਮੈਂ ਕਹਿਣ ਲੱਗਾ, "ਇਮੀਗਰੇਸ਼ਨ ਵਾਲਿਆਂ ਨੇ ਮੇਰੀ ਲੰਮੀ ਇੰਟਰਵਿਊ ਲੈ ਕੇ ਮੇਰਾ ਤਾਂ ਪਾਣੀ ਕੱਢ ਦਿੱਤਾ।" ਸੋਢੀ ਦਾ ਭਰਾ ਕਹਿਣ ਲੱਗਾ, "ਲੈ ਹੁਣ ਕੋਈ ਫਿਕਰ ਨਾ ਕਰ, ਕੋਈ ਮਾਈ ਦਾ ਲਾਲ ਸਾਨੂੰ ਰੋਕ ਨਹੀਂ ਸਕਦਾ। ਯਾਰ ਆਪਾ ਕਨੇਡਾ 'ਚ ਐਂਟਰ ਕਰ ਚੁੱਕੇ ਆ। ਲੈ ਖੁੱਲ ਕੇ ਬੜਕ ਮਾਰ।" ਐਨੇ ਕਹਿ ਕੇ ਉਹਨੇ ਜ਼ੋਰ ਦੀ ਚੀਕ ਮਾਰੀ। ਉਹਦਾ ਦਲੇਰੀ ਵਾਲਾ ਵਿਹਾਰ ਵੇਖ ਕੇ ਮੇਰਾ ਤਣਾਓ ਘੱਟ ਗਿਆ।

"ਲੈ ਹੁਣ ਬੋਨਟ ਤੇ ਰੱਖ ਕੇ ਪੈੱਗ ਪੀਂਦੇ ਆ... ਤੇਰਾ ਥਕੇਵਾ ਲਾਹੁੰਦੇ ਆ।" ਉਹ ਕਹਿ ਰਿਹਾ ਸੀ।

ਐਨੇ ਨੂੰ ਸੋਢੀ ਵੀ ਆ ਗਿਆ। ਗੱਡੀ ਵਿਚ ਬੈਠ ਕੇ ਅਸੀਂ ਘਰ ਵੱਲ ਨੂੰ ਤੁਰ ਪਏ। ਗੱਡੀ ਵਿਚ



ਬੈਠਦਿਆਂ ਹੀ ਸੋਢੀ ਨੇ ਮੈਨੂੰ ਇਕ ਮੋਬਾਇਲ ਫੋਨ ਫੜਾ ਦਿੱਤਾ। ਤੇ ਕਹਿਣ ਲੱਗਾ, "ਭਗਵੰਤ ਭਾਜੀ ਆਹ ਫੋਨ ਤੁਹਾਡਾ ਆ, ਤੁਸੀਂ ਜਿੱਥੇ ਮਰਜ਼ੀ ਫੋਨ ਕਰੋ, ਇੰਡੀਆ ਕਰੋ ਜਾਂ ਏਥੇ ਕਰੋ। ਕੋਈ ਚਿੰਤਾ ਨ੍ਹੀਂ ਕਰਨੀ। ਉਹਨੇ ਮੇਰੀ ਗੱਡੀ ਵਿਚ ਹੀ ਦਿਨੇਸ਼ ਕੁਮਾਰ ਤੇ ਇੰਡੀਆ ਸਰੋਜ ਨਾਲ ਗੱਲ ਕਰਵਾ ਦਿੱਤੀ। ਮੈਂ ਹਲਕਾ ਹੋ ਗਿਆ। ਕਨੇਡਾ ਦੀ ਰਾਤ ਦੀਆਂ ਸੜਕਾਂ ਬੜੀਆਂ ਸ਼ਾਨਦਾਰ ਦਿਸ ਰਹੀਆਂ ਸਨ। ਉਥੇ ਗੱਡੀ ਸੱਜੇ ਪਾਸੇ ਚਲਦੀ ਹੈ। ਜਦੋਂ ਲਾਇਟਾ ਆਉਂਦੀਆਂ ਸਨ ਮੈਨੂੰ ਕੁਝ ਪਤਾ ਹੀ ਨਹੀਂ ਲੱਗਦਾ ਕਿ ਗੱਡੀਆਂ ਕਿਵੇਂ ਚਲ ਰਹੀਆਂ ਹਨ। ਸਾਰਾ ਕੁਝ ਪੁੱਠਾ ਤੇ ਵੱਖਰਾ ਸੀ। ਅਸੀਂ ਹਨੇਰੇ ਹੋਏ ਘਰ ਪਹੁੰਚੇ, ਇਕ ਇਕ ਪੈੱਗ ਲਾਇਆ। ਸੋਢੀ ਨੇ ਕਿਹਾ ਕਿ ਮੈਂ ਸਵੇਰੇ ਕੰਮ ਤੇ ਜਾਣਾ ਹੈ। ਆਪਾਂ ਫਿਰ ਮਿਲਦੇ ਹਾਂ। ਭਾਜੀ ਤੁਹਾਨੂੰ ਕਾਨਫਰੰਸ ਤੇ ਲੈ ਜਾਣਗੇ ਤੇ ਲੈ ਆਉਣਗੇ। ਮੈਂ ਵੀ ਥੱਕਿਆ ਹੋਇਆ ਸਾਂ। ਸੋਢੀ ਦੇ ਪਿਤਾ ਜੀ ਮਾਤਾ ਜੀ ਅਤੇ ਉਸ ਦੀ ਜੀਵਨ ਸਾਥਣ ਰਾਜਵਿੰਦਰ ਨੂੰ ਮਿਲਿਆ। ਕੁਝ ਚਿਰ ਗੱਲਾਂ ਕਰਦੇ ਰਹੇ। ਸਾਰੇ ਬੜੇ ਖੁਸ਼ ਸਨ। ਕਮਰੇ ਵਿਚ ਬੈੱਡ ਤੇ ਲੰਮਾ ਪਿਆ ਮੈਨੂੰ ਲੱਗ ਰਿਹਾ ਸੀ ਜਿਵੇਂ ਮੈਂ ਜਹਾਜ਼ ਵਿਚ ਬੈਠਾ ਹੋਇਆ ਹੋਵਾ। ਫਿਰ ਪਤਾ ਨਹੀਂ ਕਦੋਂ ਨੀਂਦ ਨੇ ਮੈਨੂੰ ਘੇਰਾ ਪਾ ਲਿਆ।

## ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਅਨੁਭਵ

13-14 ਜੂਨ, 2015 ਨੂੰ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਸ਼ਿਰਕਤ ਕਰਨ ਮੈਂ ਪੰਜਾਬ ਤੋਂ ਬਰੈਂਮਟਨ, ਹੋਰ ਪੰਜਾਬੀ ਲੇਖਕ ਵਾਂਗ ਪਹੁੰਚਿਆ ਸੀ। ਕਈ ਲੇਖਕ ਸਾਥੀ ਤਾਂ 15-15 ਦਿਨ ਪਹਿਲਾਂ ਹੀ ਪਹੁੰਚੇ ਹੋਏ ਸਨ। ਮੇਰੇ ਕੋਲੋਂ ਇਕ ਦਿਨ ਪਹਿਲਾਂ ਹੀ ਪਹੁੰਚ ਹੋਇਆ ਸੀ। ਜਲੰਧਰ ਤੋਂ ਕਲਦੀਪ ਸਿੰਘ ਬੇਦੀ

**ਵੈਨਕੂਵਰ ਵਿਖੇ ਲਾਇਬਰੇਰੀ ਦੇ ਕਰਮਚਾਰੀਆਂ ਨਾਲ ਲੇਖਕ**

ਮੇਰੇ ਤੋਂ ਪਹਿਲਾਂ ਦੇ ਤੁਰੇ ਹੋਏ ਸਨ ਤੇ ਕਾਨਫਰੰਸ ਤੋਂ ਦੂਜੇ ਦਿਨ ਪਹੁੰਚੇ ਸਨ। ਉਹ ਇਕ ਦਿਨ ਹੀ ਕਾਨਫਰੰਸ ਵਿਚ ਸ਼ਿਰਕਤ ਕਰ ਸਕੇ ਸਨ। ਵਰਲਡ ਪੰਜਾਬੀ ਕਾਨਫ਼ਰੰਸ ਦੇ ਚੇਅਰਮੈਨ ਅਜਾਇਬ ਸਿੰਘ ਚੱਠਾ ਇਸ ਕਾਨਫ਼ਰੰਸ ਦੇ ਸਿਲਸਿਲੇ ਵਿਚ ਪੰਜਾਬ, ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿਚ ਤਿੰਨ ਚਾਰ ਗੇੜੇ ਮਾਰ ਆਏ ਸਨ। ਭਾਵੇਂ ਕਿ ਚੱਠਾ ਹੁਰਾਂ ਨੇ ਮੈਨੂੰ ਈ ਮੇਲ ਕਰਕੇ ਟਰਾਂਟੋ ਦੇ ਏਅਰਪੋਰਟ ਤੋਂ ਲੈ ਕੇ ਆਉਣ ਤੇ ਠਹਿਰਨ ਲਈ ਪ੍ਰਬੰਧ ਕੀਤਾ ਹੋਇਆ ਸੀ ਪਰ ਮੈਂ ਆਪਣਾ ਪ੍ਰਬੰਧ ਨਿੱਜੀ ਤੌਰ ਤੇ ਕਰ ਲਿਆ ਸੀ ਖ਼ੈਰ 13 ਜੂਨ ਨੂੰ ਕਾਨਫਰੰਸ ਸਥਾਨ ਤੇ ਮੈਨੂੰ ਸੋਢੀ ਦਾ ਭਰਾ ਬੱਬੂ ਛੱਡ ਗਿਆ ਸੀ। ਮੈਂ ਸਵੇਰੇ ਹੀ ਹਾਲ ਵਿਚ ਪਹੁੰਚ ਗਿਆ ਸੀ। ਦੋ ਤਿੰਨ ਬੇਪਛਾਣ ਚਿਹਰੇ ਹਾਲ ਵਿਚ ਘੁੰਮ ਫਿਰ ਰਹੇ ਸਨ। ਕੁਝ ਲੋਕ ਬੈਨਰ ਲਗਾ ਰਹੇ ਸਨ। ਉਦੋਂ ਮੈਨੂੰ ਲੁਧਿਆਣੇ ਤੋਂ ਸਵਰਨਜੀਤ ਸਵੀ ਮਿਲ ਪਿਆ। ਉਸ ਨੇ ਗੁਰੂ ਨਾਨਕ ਦੀਆਂ ਪੇਂਟਿੰਗਜ਼ ਦੀ ਸੀਰੀਜ਼ ਬਣਾਈ ਹੋਈ ਸੀ। ਕੁਝ ਪੇਂਟਿੰਜ਼ ਮੈਂ ਪਹਿਲਾਂ ਵੀ ਉਸ ਦੇ ਸਟੂਡੀਓਜ਼ ਵਿਚ ਵੇਖੀਆਂ ਹੋਈਆਂ ਸਨ। ਉਸ ਦੇ ਨਾਲ ਰਲ ਕੇ ਉਹ ਪੇਂਟਿੰਜ਼ ਮੈਂ ਕੰਧ ਤੇ ਲਗਾਉਣ ਲੱਗ ਪਿਆ। ਐਨੇ ਨੂੰ ਹਾਲ ਵਿਚ ਰੌਣਕ ਹੋਣ ਲੱਗ ਪਈ। ਔਰਤਾਂ ਪੰਜਾਬੀ ਸੂਟ ਪਾ ਕੇ ਆਉਣ ਲੱਗੀਆਂ। ਬੰਦੇ ਕੋਟ-ਪੈਂਟ ਤੇ ਪ੍ਰੈਸ ਕੀਤੇ ਕੱਪੜੇ ਪਾ ਕੇ ਆਉਣ ਲੱਗੇ। ਪੰਜਾਬ, ਦਿੱਲੀ ਅਤੇ ਚੰਡੀਗੜ੍ਹ ਤੋਂ ਲੇਖਕ ਦੋਸਤ ਹਾਲ ਵਿਚ ਆਉਣ ਲੱਗ ਪਏ। ਹਾਲ ਵਿਚੋਂ ਪੰਜਾਬੀ ਫੀਲਿੰਗ ਆਉਣ ਲੱਗ ਪਈ। ਦਿੱਲੀ ਤੋਂ ਪਹੁੰਚਿਆ ਕਹਾਣੀਕਾਰ ਨਛੱਤਰ ਮਿਲ ਪਿਆ। ਉਹ ਰਾਤ ਵਾਲੇ ਰਹਿਣ ਦੇ ਪ੍ਰਬੰਧ ਤੋਂ ਦੁਖੀ ਹੋਇਆ ਪਿਆ ਸੀ। ਵਧੇਰੇ ਉਹ ਹੀ ਲੇਖਕ ਪਹੁੰਚੇ ਸਨ ਜਿਨ੍ਹਾਂ ਦੇ ਰਿਸ਼ਤੇਦਾਰ ਜਾਂ ਧੀਆਂ ਪੁੱਤਰ ਕਨੇਡਾ ਪੜ੍ਹਨ ਆਏ ਹੋਏ ਸਨ ਤੇ ਕੁਝ ਵਿਆਹ ਕਰਵਾ ਕੇ ਪੱਕੇ ਹੋ ਗਏ ਸਨ। ਪਾਕਿਸਤਾਨ ਤੋਂ ਅਸ਼ਕ ਰਹੀਲ ਮਿਲ ਪਏ। ਕਾਫ਼ੀ ਸਾਲਾਂ ਬਾਅਦ ਕਨੇਡਾ ਦੀ ਧਰਤੀ ਤੇ ਮਿਲੇ ਸਨ। ਹੁਣ ਕਾਫੀ ਬਜ਼ੁਰਗ ਹੋ ਗਏ ਸਨ। ਕਈ ਸਾਲ ਪਹਿਲਾਂ ਜਲੰਧਰ ਮਿਲੇ ਸੀ। ਅਸੀਂ ਦੋਵੇਂ ਇਕ ਟੇਬਲ ਤੇ ਬੈਠ ਗਏ। ਉਹ ਮੈਨੂੰ ਜਲੰਧਰ ਦੇ ਕਹਾਣੀਕਾਰਾਂ ਪ੍ਰੇਮ ਪ੍ਰਕਾਸ਼, ਦੇਸ ਰਾਜ ਕਾਲੀ, ਜਿੰਦਰ ਅਤੇ ਹੋਰ ਦੋਸਤਾਂ ਬਾਰੇ ਪੁੱਛਣ ਲੱਗੇ। ਉਨ੍ਹਾਂ ਦਾ ਬੇਟਾ ਕਨੇਡਾ ਰਹਿੰਦਾ ਸੀ। ਉਹ ਦੱਸ ਰਿਹਾ ਸੀ ਕਿ ਕਨੇਡਾ ਤੋਂ ਬਹੁਤ ਥੋੜੇ ਲੇਖਕ ਪਹੁੰਚੇ ਹਨ। ਫਿਰ ਨਾਲ ਹੀ ਕੁਲਵੰਤ ਸੰਧੂ ਤੇ ਡਾ. ਮਹਿਲ ਸਿੰਘ ਆ ਕੇ ਬੈਠ ਗਏ। ਸਾਡੀ ਵੱਖੀ ਤੇ ਪੰਜਾਬ ਦੀ ਵੱਡੇ ਕੱਦ ਵਾਲੀ ਸ਼ਾਇਰਾ ਪਾਲ ਕੌਰ ਆ ਬੈਠੀ। ਐਂ ਲੱਗ ਰਿਹਾ ਸੀ ਜਿਵੇਂ ਪੰਜਾਬ ਤੋਂ ਕਨੇਡਾ ਚੱਠੇ ਦੀ ਬਰਾਤੇ ਆਏ ਹੋਈਏ। ਪਿੱਛੇ ਬਲਬੀਰ ਕੌਰ ਸੰਘੇੜਾ, ਮਿਨਾਕਸ਼ੀ ਰਾਠੌਰ, ਨਿਰਮਲ ਜਸਵਾਲ ਤੇ ਮਿੰਨੀ ਗਰੇਵਾਲ ਆ ਬੈਠੀਆਂ।

ਦੋ ਦਿਨ ਕਾਨਫਰੰਸ ਚੱਲੀ। ਪੇਪਰ ਪੜ੍ਹਨ ਵਾਲੇ ਬਹੁਤ ਸਨ। ਸਮਾਂ ਬਹੁਤ ਘੱਟ ਸੀ। ਹਰ ਪੇਪਰ ਪੜ੍ਹਨ ਵਾਲੇ ਨੂੰ ਬਹੁਤ ਘੱਟ ਸਮਾਂ ਮਿਲ ਰਿਹਾ ਸੀ। ਬਹੁਤੇ ਪੇਪਰ ਪੰਜਾਬੀ ਭਾਸ਼ਾ ਨੂੰ ਲੈ ਕੇ ਸਨ। ਦੂਜੇ ਦਿਨ ਵੀ ਪੇਪਰ ਸਨ। ਦੂਜੇ ਦਿਨ ਪੇਪਰ ਪੜ੍ਹਨ ਵਾਲਿਆਂ ਦਾ ਸਮਾਂ ਹੋਰ ਘਟਾ ਦਿੱਤਾ। ਮੇਰਾ ਪੇਪਰ ਦੂਜੇ ਦਿਨ ਸੀ। ਮੈਨੂੰ ਪੰਜ ਕੁ ਮਿੰਟ ਬੋਲਣ ਦਾ ਸਮਾਂ ਮਿਲਿਆ। ਮੇਰਾ ਪੇਪਰ ਵੱਖਰੇ ਵਿਸ਼ੇ ਉੱਤੇ ਸੀ। 'ਸਾਹਿਤਕ ਪੱਤਰਕਾਰੀ ਦਾ ਪੰਜਾਬੀ ਸਾਹਿਤ ਵਿਚ ਯੋਗਦਾਨ' ਕਵੀ ਦਰਬਾਰ ਵੀ ਸੀ। ਪੰਜਾਬ ਤੋਂ ਕਈ ਕਵੀ ਐਡੀ ਦੂਰ ਕਵਿਤਾ ਪੜ੍ਹਨ ਵੀ ਪਹੁੰਚੇ ਹੋਏ ਸਨ। ਇਕ ਦਿਨ ਸ਼ਾਮ ਨੂੰ ਫਿਲਮ ਵੀ ਦਿਖਾਈ ਗਈ। ਜਿਹੜੀ ਮੈਨੂੰ ਬਹੁਤੀ ਚੰਗੀ ਨਾ ਲੱਗੀ। ਖੈਰ ਇਹ ਲੇਖਕਾਂ ਦਾ ਮਹਾਂ ਕੁੰਭ ਸੀ।

'ਕਹਾਣੀ ਧਾਰਾ' ਦਾ ਨਵਾਂ ਅੰਕ ਰਿਲੀਜ਼ ਕੀਤਾ ਗਿਆ। ਨਾਲ ਹੀ ਕਾਨਫਰੰਸ ਦਾ ਸੋਵੀਨਰ ਰਿਲੀਜ਼ ਕੀਤਾ ਗਿਆ। ਥੋੜ੍ਹੀਆਂ ਬਹੁਤ ਘਾਟਾਂ ਦੇ ਬਾਵਜੂਦ ਕਾਨਫਰੰਸ ਸਫ਼ਲਤਾ ਨਾਲ ਸਮਾਪਤ ਹੋਈ। ਜਿਸ ਵਿੱਚ ਹਰ ਮਸਲੇ 'ਤੇ ਬੜੀ ਗੰਭੀਰਤਾ ਨਾਲ ਸੰਵਾਦ ਤੁਰਿਆ। ਸ਼ੈਸ਼ਨਾਂ ਦੇ ਵਿਚਕਾਰ ਟੀ-ਬਰੇਕ ਅਤੇ ਖਾਣੇ ਦੇ ਸਮੇਂ ਦੂਰ ਦੂਰ ਤੋਂ ਪਹੁੰਚੇ ਪੰਜਾਬੀ ਦੇ ਚਿੰਤਕਾਂ, ਲੇਖਕਾਂ ਨੇ ਆਪਣੀਆਂ ਗੱਲਾਂ ਰਾਹੀਂ ਵੀ ਆਪਣੇ



ਮਨਾਂ 'ਚ ਪਏ ਸਾਹਿਤ ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਧੁੰਦਲਕੇ ਨੂੰ ਦੂਰ ਕੀਤਾ। ਇਹ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬੀ ਲੇਖਕਾਂ ਦਾ ਮਹਾਂ ਕੁੰਭ ਹੋ ਨਿਬੜਿਆ। ਇਸ ਗੱਲ ਦਾ ਵੀ ਮਾਣ ਰਹੇਗਾ ਕਿ ਕਨੇਡਾ ਸਰਕਾਰ ਨੂੰ ਪੰਜਾਬੀ ਭਾਸ਼ਾ ਪ੍ਰਤੀ, ਸਾਹਿਤ ਤੇ ਸੱਭਿਆਚਾਰ ਪ੍ਰਤੀ ਗੰਭੀਰਤਾ ਨਾਲ ਸੋਚਣ ਲਈ ਇਸ ਕਾਨਫਰੰਸ ਦਾ ਅਹਿਮ ਯੋਗਦਾਨ ਹੈ। ਕਾਨਫ਼ਰੰਸ ਦੀ ਨਿੰਦਿਆਂ ਕਰਨ ਵਾਲੇ ਵੀ ਬਹੁਤ ਸਨ ਅਤੇ ਤਾਰੀਫ਼ ਕਰਨ ਵਾਲੇ ਵੀ ਬਹੁਤ ਸਨ। ਖ਼ੈਰ ਇਹ ਕਨੇਡਾ ਦੇ ਪੰਜਾਬੀ ਸਾਹਿਤਕ ਗਲਿਆਰਿਆਂ ਵਿਚ ਹਲਚਲ ਪੈਦਾ ਕਰਨ ਵਾਲੀ ਘਟਨਾ ਸੀ।

**ਵੈਨਕੂਵਰ ਵਿਖੇ ਪਬਲਿਕ ਲਾਇਬਰੇਰੀ ਦੀ ਵਿਸ਼ਾਲ ਇਮਾਰਤ**

ਕਾਨਫ਼ਰੰਸ ਦੇ ਦਜੇ ਦਿਨ ਕਮਨਜੀਤ ਬੱਧਣ ਦੇ ਭਰਾ ਅਮਰਜੀਤ ਕਾਨਫਰੰਸ਼ ਵਾਲੇ ਹਾਲ ਵਿਚ

ਆਪਣੇ ਸਾਰੇ ਪਰਿਵਾਰ ਨਾਲ ਆਇਆ
ਦਰਬਾਰ ਚੱਲ ਰਿਹਾ ਸੀ। ਅਸੀਂ ਕੁਝ ਚਿਰ
ਘਰ ਜਾਣ ਦਾ ਪ੍ਰੋਗਰਾਮ ਬਣ ਗਿਆ। ਤੇ
ਅਤੇ ਉਨ੍ਹਾਂ ਦੇ ਘਰ ਵੱਲ ਤੁਰ ਪਏ। ਮੈਂ ਤਾਂ
ਅੰਦਰ ਸਮਾ ਲੈਣਾ ਚਾਹੁੰਦਾ ਸੀ। ਉਥੋਂ ਘਰ
ੜਕਾਂ ਤੇ ਚਲਦੀਆਂ ਕਾਰਾਂ, ਟਰੱਕ ਅਤੇ
ਨ ਨਾਲ ਚੱਲ ਰਹੀ ਸੀ। ਕੋਈ ਵੀ ਹਾਰਨ
ੀ ਮਿੱਟੀ ਨਹੀਂ ਸੀ। ਸ਼ਹਿਰ ਤੋਂ ਨਿਕਲ ਕੇ
ਣੇ ਦਰੱਖਤ ਸਨ, ਖੇਤਾਂ ਵਿਚ ਕਿਸਾਨਾ ਦੇ
ੀ। ਫਰਗਸ ਸ਼ਹਿਰ ਵਿਚ ਅਮਰਜੀਤ ਦਾ
ਘਰ ਸੀ। ਜਿਹੜਾ ਕਿ ਓਂਟਾਰੀਓ ਵਿਚ ਪੈਂਦਾ ਸੀ। ਜੂਨ ਮਹੀਨੇ ਕਨੇਡਾ ਵਿਚ ਦਿਨ ਬਹੁਤ ਵੱਡੇ ਹੁੰਦੇ ਹਨ, ਸੂਰਜ ਛਿਪਣ ਦਾ ਨਾਂ ਨਹੀਂ ਲੈਂਦਾ। ਛੇ ਵਜੇ ਸੂਰਜ ਨਿਕਲ ਆਉਂਦਾ ਹੈ ਤੇ ਸੱਤ ਵਜੇ ਤੋਂ ਬਾਅਦ ਛਿਪਦਾ ਹੈ। ਅਸੀਂ 7 ਕੁ ਵਜੇ ਅਮਰਜੀਤ ਦੇ ਘਰ ਪਹੁੰਚ ਗਏ। ਅਮਰਜੀਤ ਦਾ ਘਰ ਬਹੁਤ ਵੱਡਾ ਸੀ। ਘਰ ਵੇਖ ਕੇ ਰੂਹ ਖੁਸ਼ ਹੋ ਗਈ। ਨਹਾ ਕੇ ਮੈਂ ਤਰੋਂ ਤਾਜ਼ਾ ਹੋ ਗਿਆ। ਘਰ ਦੇ ਪਿਛਾੜੀ ਅਮਰਜੀਤ ਨੇ ਬਾਰਬੀਕਿਓ ਸ਼ੁਰੂ ਕਰ ਦਿੱਤਾ ਸੀ ਭਾਵ ਕਿ ਕੁੱਕੜ ਭੁੰਨਣਾ ਸ਼ੁਰੂ ਕਰ ਦਿੱਤਾ ਸੀ। ਪਿਛਾੜੀ ਦਰੱਖਤਾਂ ਦੀ ਭੀੜ ਸੀ ਨਾਲ ਨਾਲ ਨਿੱਕਾ ਪਾਣੀ ਦੀ ਨਦੀ ਵਗਦੀ ਹੈ, ਆਸੇ ਪਾਸੇ ਫੁੱਲ ਸਨ। ਕੁਦਰਤ ਦਾ ਨਜ਼ਾਰਾ ਵੇਖ ਕੇ ਭੁੱਖ ਲੱਥਦੀ ਸੀ।

# ਅਮਰਜੀਤ ਅਤੇ ਉਹਦਾ ਫਰਗਸ

ਅਮਰਜੀਤ ਬੱਧਣ ਦਾ ਲਿਟਲ ਸੀਜ਼ਰ ਪੀਜ਼ੇ ਦਾ ਬਿਜਨਸ ਹੈ। ਲਿਟਲ ਸੀਜ਼ਰ ਦਾ ਇਕ ਸ਼ੋ ਰੂਮ ਫਰਗਸ ਵਿਚ ਹੈ ਅਤੇ ਦੂਜਾ ਬਰੈਂਮਟਨ ਵਿਚ ਹੈ। ਦੋਹਾਂ ਥਾਵਾਂ ਉੱਤੇ ਉਸ ਨੇ ਕਾਮੇ ਰੱਖੇ ਹੋਏ ਸਨ ਆਪ ਉਹ ਸੁਪਰਵੀਜ਼ਨ ਕਰਦਾ ਹੈ। ਸਾਰਾ ਕੰਮ ਕੰਪਿਊਟਰ ਰਾਈਜ਼ਡ ਹੈ। ਇਸ ਕੰਮ ਵਿਚ ਕੋਈ ਵੀ ਵਰਕਰ ਹੇਰਾ-ਫੇਰੀ ਨਹੀਂ ਕਰ ਸਕਦਾ। ਉਂਝ ਕਨੇਡਾ ਵਿਚ ਹੇਰਾ ਫੇਰੀ ਨਾ ਮਾਤਰ ਹੀ ਹੈ। ਸਾਰਾ ਸਮਾਂ ਉਸ ਨੇ ਮੇਰੇ ਲਈ ਕੱਢਿਆ ਹੋਇਆ ਸੀ। ਉਹ ਮੈਨੂੰ ਵੱਧ ਤੋਂ ਵੱਧ ਇਸ ਸ਼ਹਿਰ ਨੂੰ ਦਿਖਾ ਦੇਣਾ ਚਾਹੁੰਦਾ ਸੀ ਅਤੇ ਕੁੱਝ ਨਾਮਵਰ ਲੋਕਾਂ ਨੂੰ ਮਿਲਾਉਣਾ ਚਾਹੁੰਦਾ ਸੀ। ਦੂਜੇ ਦਿਨ ਅਸੀਂ ਓਂਨਟਾਰੀਓਂ ਵੱਲ ਨੂੰ ਨਿਕਲ ਤੁਰੇ। ਅਮਰਜੀਤ ਨੇ ਮੈਨੂੰ ਦੱਸਿਆ ਕਿ ਇਸ ਇਲਾਕੇ ਵਿਚ ਵਧੇਰੇ ਕਣਕ ਹੁੰਦੀ ਹੈ ਅਤੇ ਇਹ ਕਣਕ ਦੋ ਢਾਈ ਮਹੀਨੇ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ। ਦੂਜੀ ਫ਼ਸਲ ਮੱਕੀ ਹੈ ਜਿਹੜੀ ਕਿ ਦੋ ਮਹੀਨੇ ਤੋਂ ਪਹਿਲਾਂ ਹੀ ਪੱਕ ਕੇ ਤਿਆਰ ਹੋ ਜਾਂਦੀ ਹੈ। 14 ਜੂਨ ਅਸੀਂ ਅਮਰਜੀਤ ਦੇ ਘਰ ਪਹੁੰਚ ਕੇ ਚਾਹ ਪੀਂਦਿਆਂ ਗੱਲਾਂ ਕਰ ਲੱਗ ਪਏ। ਉਹ ਮੇਰੇ ਬਾਰੇ ਅਤੇ ਮੇਰੀ ਸੋਚ ਅਤੇ ਵਿਚਾਰਧਾਰਾ ਬਾਰੇ ਜਾਨਣਾ ਚਾਹੁੰਦਾ ਸੀ ਕਿ ਮੈਂ ਪੰਜਾਬ ਦੇ ਦਲਿਤ ਸਮਾਜ ਬਾਰੇ ਕਿਸ ਤਰ੍ਹਾਂ ਸੋਚਦਾ ਹਾਂ ਅਤੇ ਕਨੇਡਾ ਵਿਚ ਬੈਠੇ ਦਲਿਤ ਲੋਕਾਂ ਬਾਰੇ ਮੇਰੀਆਂ ਕਿਸ ਕਿਸਮ ਦੀਆਂ ਧਾਰਨਾਵਾਂ ਹਨ। ਅਮਰਜੀਤ ਅੱਜ ਤੋਂ 25 ਕੁ ਸਾਲ ਪਹਿਲਾਂ ਆਪਣੇ ਪਰਿਵਾਰ ਨਾਲ ਕਨੇਡਾ ਆ ਗਿਆ ਸੀ। ਉਦੋਂ ਪੰਜਾਬ ਵਿਚ ਬਾਮਸੇਫ਼ ਦੀ ਚੜ੍ਹਤ ਦੇ ਦਿਨ ਸਨ। ਕਾਂਸ਼ੀ ਰਾਮ ਰਾਜਨੀਤਿਕ ਤੌਰ 'ਤੇ ਸੰਗਠਤ ਹੋ ਰਿਹਾ ਸੀ। ਪੰਜਾਬ ਦੇ ਦਲਿਤ ਲੋਕ ਕਾਂਸ਼ੀ ਰਾਮ ਮਗਰ ਵਹੀਰਾ ਘੱਤ ਕੇ ਤੁਰ ਪਏ ਸਨ। ਅਮਰਜੀਤ ਦਾ ਉਦੋਂ ਜਵਾਨੀ ਵਾਲਾ ਲਹੂ ਸੀ ਉਸ ਨੇ ਇਸ ਲਹਿਰ ਨੂੰ ਨੇੜਿਓ ਹੀ ਨਹੀਂ ਵੇਖਿਆ ਬਲਕਿ ਇਸ ਵਿਚ ਹਿੱਸਾ ਵੀ ਲਿਆ ਸੀ। ਅਮਰਜੀਤ ਨੇ ਪੰਜਾਬ ਦੇ ਪਿੰਡਾਂ ਵਿਚ ਰਹਿੰਦੇ ਦਲਿਤਾਂ ਦੀ ਗਰੀਬੀ ਅਤੇ ਨਰਕ ਭਰਿਆ ਜੀਵਨ ਵੇਖਿਆ ਸੀ। ਇਨ੍ਹਾਂ ਸਵਾਲਾਂ ਨੂੰ ਲੈ ਕੇ ਉਹ ਕਨੇਡਾ ਦੀ ਧਰਤੀ ਪਹੁੰਚਿਆ ਸੀ। ਮੈਨੂੰ ਉਨ੍ਹਾਂ ਬਾਮਸੇਫ਼ ਬਾਰੇ ਪੁੱਛਿਆ ਕਿ ਤੁਸੀਂ ਉਸ ਬਾਰੇ ਕਿਸ ਤਰ੍ਹਾਂ ਸੋਚਦੇ ਹੋ? ... ਕਾਂਸ਼ੀ ਰਾਮ ਆਖਰ ਕਿਉਂ ਪੰਜਾਬ ਵਿਚ ਰਾਜਨੀਤਿਕ ਤੌਰ ਤੇ ਕਾਮਯਾਬ ਨਹੀਂ ਹੋਇਆ? ... ਦਿੱਲੀ ਵਿਚ ਜੋ ਕੇਜਰੀਵਾਲ ਦੀ ਸਰਕਾਰ ਹੈ ਤੁਸੀਂ ਉਸ ਬਾਰੇ ਕਿਸ ਤਰ੍ਹਾਂ ਸੋਚਦੇ ਹੋ? ... ਹੋਇਆ ਇਹ ਕਿ ਸਾਡੇ ਵਿਚਾਰ ਮੇਲ ਖਾ ਗਏ। ਕੁੱਝ ਮੁੱਦਿਆਂ ਤੇ ਕਲੈਸ਼ ਵੀ ਹੋਇਆ। ਅਮਰਜੀਤ ਨੇ ਅੰਬੇਡਕਰ ਦੀ ਵਿਚਾਰਧਾਰਾ ਬਾਰੇ, ਬੁੱਧ ਧਰਮ ਬਾਰੇ ਅਤੇ ਰਵਿਦਾਸ ਦੀ ਵਿਚਾਰਧਾਰਾ ਬਾਰੇ ਪੜ੍ਹਿਆ ਹੋਇਆ ਸੀ। ਕੁਝ ਲਿਖਤਾਂ ਉਸ ਨੇ ਗੁਰਨਾਮ ਸਿੰਘ ਮੁਕਤਸਰ ਦੀਆਂ ਪੜ੍ਹੀਆਂ ਸਨ। 'ਬੇ ਗ਼ਮ ਸ਼ਹਿਰ' ਪਰਚਾ ਉਹਦੇ ਘਰ ਆਉਂਦਾ ਸੀ ਅਤੇ ਗੁਰਨਾਮ ਸਿੰਘ ਮੁਕਤਸਰ ਉਸ ਦੇ ਘਰ ਇਕ ਮਹੀਨੇ ਰਹਿ ਕੇ ਵੀ ਗਿਆ ਸੀ। ਉਨ੍ਹਾਂ

ਡਾ. ਮਨਜੀਤ ਦੇ ਡਾਗ ਕਲੀਨਿਕ ਸਾਹਮਣੇ ਲੇਖਕ



ਦੀ ਸੰਸਥਾ ਨੇ ਗੁਰਨਾਮ ਸਿੰਘ ਨੂੰ ਕਨੇਡਾ ਬੁਲਾਇਆ ਵੀ ਸੀ। ਅਮਰਜੀਤ ਪੰਜਾਬ ਦੇ ਦਲਿਤਾਂ ਬਾਰੇ ਚਿੰਤਤ ਸੀ। ਅੰਦਰੋਂ ਕੁਝ ਕਰਨਾ ਵੀ ਚਾਹੁੰਦਾ ਸੀ। ਚਾਹ ਦਾ ਘੁੱਟ ਭਰਦਿਆਂ ਉਹ ਕਹਿਣ ਲੱਗਾ, "ਭਗਵੰਤ ਪੰਜਾਬ ਵਿਚ ਹੁਣ ਬਸਪਾ ਕਿਉਂ ਨਹੀਂ ਉੱਠ ਰਹੀ। ਮੈਨੂੰ ਲੱਗਦਾ ਹੈ ਕਿ ਪੰਜਾਬ ਵਿਚ ਕਾਂਸ਼ੀ ਰਾਮ ਤੋਂ ਬਾਅਦ ਕੋਈ ਵੱਡਾ ਲੀਡਰ ਨਹੀਂ ਮਿਲਿਆ। ਮਾਇਆਵਤੀ ਨੇ ਸਾਰਾ ਕੰਟਰੋਲ ਆਪਣੇ ਕੋਲ ਰੱਖਿਆ ਹੋਇਆ ਹੈ। ਉਹ ਪੰਜਾਬ ਵਿਚੋਂ ਕੋਈ ਵੱਡਾ ਲੀਡਰ ਉੱਠਣ ਨਹੀਂ ਦੇਣਾ ਚਾਹੁੰਦੀ। ਜਿਹੜੇ ਲੀਡਰ ਉੱਠੇ ਉਹ ਆਪਣੇ ਸਵੈ ਸਵਾਰਥ ਭਰੀ ਸੋਚ ਨਾਲ ਦੂਜੀਆਂ ਪਾਰਟੀਆਂ ਵਿਚ ਚਲੇ ਗਏ, ਦਲਿਤ ਲੋਕ ਫਿਰ ਰੜੇ ਮੈਦਾਨ ਰਹਿ ਗਏ। ਅਸੀਂ ਵਿਦੇਸ਼ ਵਿਚ ਬੈਠੇ ਹਾਂ, ਏਥੋਂ ਕੇਵਲ ਆਰਥਿਕ ਮਦਦ ਹੀ ਕਰ ਸਕਦੇ ਹਾਂ ਬਾਕੀ ਲਹਿਰ ਤਾਂ ਪੰਜਾਬ ਦੇ ਲੀਡਰਾਂ ਨੇ ਬਣਾਉਣੀ ਹੈ।" ਉਸ ਨੂੰ ਪੰਜਾਬ ਦੇ ਦਲਿਤ ਭਾਈਚਾਰੇ ਦੀ ਬਹੁਤ ਚਿੰਤਾ ਸੀ। ਉਹ ਅੱਗੇ ਕਹਿਣ ਲੱਗਾ, "ਕਨੇਡਾ ਵਿਚ ਬੈਠੇ ਅਸੀਂ ਦਲਿਤ ਭਾਈਚਾਰੇ ਨਾਲ ਜੁੜੇ ਵੀ

ਡੇਰੇ ਵਲੋਂ ਵੱਖਰਾ ਗ੍ਰੰਥ ਬਣਾ ਲਿਆ। ਏਧਰ ਦੇ
ਾ। ਦਲਿਤ ਦੋ ਥਾਵਾਂ ਵਿਚ ਵੰਡੇ ਗਏ। ਇਕ ਗਰੁੱਪ
ਗੁਰੂ ਗ੍ਰੰਥ ਸਾਹਿਬ ਦੇ ਹੱਕ ਵਿਚ ਖੜ੍ਹ ਗਿਆ। ਸਿੱਟਾ
ਦਵਾਰੇ ਬਣ ਗਏ। ਵੰਡੇ ਹੋਏ ਤਾਂ ਅਸੀਂ ਪਹਿਲਾਂ ਹੀ
ਰਨ ਲੱਗੀ ਸੀ ਉਹ ਖਿੰਡ ਗਈ।" ਮੈਂ ਏਥੇ ਆਪਣੇ
ਪੰਜਾਬੀ ਖਾਸ ਕਰਕੇ ਦਲਿਤ ਪਰਵਾਸੀਆਂ ਦੀਆਂ
ਪੀਂਦਿਆਂ ਅਸੀਂ ਇਸ ਕਿਸਮ ਦੀਆਂ ਗੱਲਾਂ ਕਰਦੇ
ੜਾ ਲਾਉਣ ਲੈ ਗਿਆ। ਅਮਰਜੀਤ ਮੈਨੂੰ ਏਥੋਂ ਦੇ
। ਐਨੇ ਨੂੰ ਅਸੀਂ ਨਵੇਂ ਬਣ ਰਹੇ ਮਕਾਨ ਅੱਗੇ ਖੜੇ ਹੋ

ਗਏ। ਸੀਮਿੰਟ , ਕੰਟਰੀਟ ਤੇ ਰੇਤਾ ਬਜ਼ਰੀ ਲੋਹੇ ਨਾਲ ਮਕਾਨ ਦਾ ਬੇਸ ਬਣ ਰਿਹਾ ਸੀ। ਉਨ੍ਹਾਂ ਦੱਸਿਆ, "ਏਥੇ ਮਕਾਨ ਬਣਾਉਣ ਲੱਗਿਆ ਪਹਿਲਾਂ ਬੇਸਮੇਂਟ ਦਾ ਬਾਹਰੀ ਢਾਂਚਾ ਬਣਦਾ ਹੈ। ਕੰਕਰੀਟ, ਸੀਮੈਂਟ, ਰੇਤਾ ਬਜ਼ਰੀ ਨਾਲ। ਇਹਦੇ ਅੰਦਰ ਲੱਕੜ ਤੇ ਬੋਰਡ ਦੀ ਪਾਰਟੀਸ਼ਨ ਹੁੰਦੀ ਹੈ। ਫਿਰ ਉਸ ਵਿਚ ਰੂੰ ਭਰਿਆ ਜਾਂਦਾ ਹੈ। ਤਾਂ ਕਿ ਬਰਫ਼ ਪੈਣ ਵੇਲੇ ਏਥੇ ਠੰਡ ਨਾ ਪਵੇ। ਉਪਰਲਾ ਭਾਗ ਜੋ ਬਾਹਰੀ ਹੁੰਦਾ ਹੈ, ਉਹ ਕੰਕਰੀਟ-ਸੀਮੈਂਟ ਦਾ ਬਣਦਾ ਹੈ। ਅੰਦਰ ਲੱਕੜ ਲੱਗਦੀ ਹੈ। ਫਿਰ ਉਹਦੀ ਬਾਹਰੀ ਦੀਵਾਰ ਤਿਆਰ ਤਿਆਰ ਹੁੰਦੀ ਹੈ।" ਮੈਨੂੰ ਉਸ ਨੇ ਮਕਾਨ ਦਾ ਬਾਹਰੀ ਢਾਂਚਾ ਵਿਖਾਇਆ। ਇਸ ਘਰ ਦਾ ਬੇਸ ਤਿਆਰ ਹੋ ਚੁੱਕਾ ਸੀ ਅਤੇ ਬਾਕੀ ਲੱਕੜ ਨਾਲ ਦੀਵਾਰਾ ਤਿਆਰ ਹੋ ਰਹੀਆਂ ਸਨ। ਏਥੋਂ ਦੀ ਲੱਕੜ ਬੜੀ ਖ਼ੂਬਸੂਰਤ ਹੁੰਦੀ ਹੈ।

ਮਨਜੀਤ ਦੇ ਡਾਗ ਕਲੀਨਿਕ ਵਿਚ ਕੰਮ ਕਰਦੀ ਇਕ ਕਰਮਚਾਰੀ ਆਪਣੀ ਪਿਆਰੀ ਕੈਟ ਨਾਲ

ਅਮਰਜੀਤ ਪੰਜਾਬ ਦੇ ਦਲਿਤਾਂ ਦੀ ਚਿੰਤਾਂ ਕਰਨ ਵਾਲਾ ਇਨਸਾਨ ਹੈ ਉਹਦੀ ਧਾਰਨਾ ਸੀ ਕਿ ਪੰਜਾਬ 'ਚ ਦਲਿਤ ਲੋਕਾਂ ਨੂੰ ਜਿਨ੍ਹਾਂ ਚਿਰ ਰਾਜਨੀਤਿਕ ਸ਼ਕਤੀ ਨਹੀਂ ਮਿਲਦੀ ਓਨਾ ਚਿਰ ਲੋਕਾਂ ਦਾ ਕੋਈ ਸੁਧਾਰ ਨਹੀਂ ਹੋ ਸਕਦਾ। ਜਾਤ-ਪਾਤ ਬਾਰੇ ਉਹ ਕਾਫ਼ੀ ਫ਼ਿਕਰਮੰਦ ਸੀ। ਉਨ੍ਹਾਂ ਕਿਹਾ, "ਪੰਜਾਬ ਵਿਚ ਜਾਤ-ਪਾਤ ਇਕ ਵੱਡਾ ਮਸਲਾ ਹੈ। ਏਧਰ ਵੀ ਏਹਦਾ ਇਹੋ ਜਿਹਾ ਰੂਪ ਹੈ। ਜਿੰਨਾ ਚਿਰ ਪੰਜਾਬ ਵਿਚ ਜਾਤ ਪਾਤ ਨਹੀਂ ਟੁੱਟਦੀ... ਏਧਰ ਦੇ ਲੋਕਾਂ ਵਿਚ ਜਾਤ ਪਾਤ ਨਹੀਂ ਟੁੱਟ ਸਕਦੀ। ਜੱਟ ਸਾਡੇ ਨਾਲ ਏਧਰ ਵੀ ਓਨੀ ਨਫ਼ਰਤ ਕਰਦੇ ਹਨ ਜਿਨੀ ਪੰਜਾਬ 'ਚ ਕਰਦੇ ਹਨ। ਇਹ ਤਾਂ ਹੀ ਟੁੱਟ ਸਕਦੀ ਹੈ ਜੇ ਕਰ ਉਹ ਗੁਰੂ ਗ੍ਰੰਥ ਸਾਹਿਬ ਦੇ ਮੂਲ ਉਦੇਸ਼ ਤੇ ਚੱਲਣ। ਉਧਰ ਸਾਡੇ ਲੋਕ ਵੀ ਜਾਤ ਪਾਤ ਨੂੰ ਪੱਕਿਆ ਕਰ ਕਰੇ ਹਨ। ਨਵੇਂ ਵਿਚਾਰ ਵਾਲੇ ਮੁਲਖ ਵਿਚ ਆ ਕੇ ਅਸੀਂ ਪੁਰਾਣੀਆਂ ਰੂੜੀਵਾਦੀ ਕਦਰਾਂ ਕੀਮਤਾਂ ਨੂੰ ਸਿਰਾਂ ਤੇ ਚੁੱਕੀ ਫਿਰਦੇ ਹਾਂ।"

ਮੈਂ ਕਿਹਾ, "ਭਾਜੀ ਸਾਡੇ ਪੰਜਾਬੀ ਲੋਕਾਂ ਅਤੇ ਏਥੋਂ ਤੱਕ ਭਾਰਤੀ ਲੋਕਾਂ ਵਿਚ ਜਾਤ ਪਾਤ ਟੁੱਟ ਨਹੀਂ ਸਕਦੀ। ਜਿੰਨਾ ਚਿਰ ਇਹ ਜਿਉਂਦੇ ਹਨ ਜਾਤ ਪਾਤ ਜਿਉਂਦੀ ਰਹੇਗੀ। ਜਿਨ੍ਹਾਂ ਚਿਰ ਭਾਰਤ ਚੋਂ ਆਏ ਲੋਕ ਏਧਰ ਜਿਉਂਦੇ ਰਹਿਣਗੇ ਜਾਤ ਪਾਤ ਬਣੀ ਰਹੇਗੀ ਹਾਂ ਇਥੇ ਦੀ ਜੰਮਪਲ ਪੀੜ੍ਹੀ ਅਤੇ ਅੱਗੇ ਉਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਭਾਰਤੀ ਸਮਾਜਿਕ ਸਿਸਟਮ ਨਾਲ ਕੋਈ ਲੈਣਾ ਦੇਣਾ ਨਹੀਂ। ਉਹ ਇਨ੍ਹਾਂ ਨੂੰ ਤੋੜਨਗੇ ਅਤੇ ਤੋੜ ਵੀ ਰਹੇ ਹਨ। ਭਾਵੇਂ ਕਿ ਅੰਬੇਡਕਰ ਕਹਿੰਦੇ ਸਨ ਕਿ ਜਾਤ ਪਾਤ ਤਾਂ ਹੀ ਟੁੱਟ ਸਕਦੀ ਹੈ ਜੇਕਰ ਅਸੀਂ ਅੰਤਰਜਾਤੀ ਵਿਆਹ ਕਰਾਗੇ। ਪਰ ਅਸੀਂ ਇਹ ਵੀ ਨਹੀਂ ਕਰ ਸਕੇ। ਜਦੋਂ ਏਥੋਂ ਦੇ ਜੰਮਪਾਲ ਬੱਚੇ ਅਜਿਹਾ ਕਰਦੇ ਹਨ ਤਾਂ ਅਸੀਂ ਸਮਝੌਤਾ ਜ਼ਰੂਰ ਕਰ ਲੈਂਦੇ ਹਾਂ।"

ਅਮਰਜੀਤ ਕਹਿੰਦਾ ਹੈ, "ਜਿੰਨ੍ਹਾ ਚਿਰ ਸਾਡਾ ਕੋਈ ਰਾਜਨੀਤਿਕ ਅਧਾਰ ਨਹੀਂ ਹੈ, ਓਨਾ ਚਿਰ ਅਸੀਂ ਤਰੱਕੀ ਨਹੀਂ ਕਰ ਸਕਦੇ। ਬੱਲਾਂ ਦੇ ਡੇਰੇ ਨੂੰ ਬੀ ਐਸ ਪੀ ਦੀ ਸਪੋਟ ਕਰਨੀ ਚਾਹੀਦੀ ਹੈ।"

"ਬੀ ਐਸ ਪੀ ਪਾਰਟੀ ਵਿਚ ਜੋ ਲੀਡਰ ਕਾਬਜ ਹਨ, ਅਸਲ ਵਿਚ ਉਨ੍ਹਾਂ ਨੇ ਪਾਰਟੀ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ। ਪੰਜਾਬ ਦੇ ਦਲਿਤਾਂ ਕੋਲ ਲੀਡਰਸਿਪ ਦੀ ਬਹੁਤ ਘਾਟ ਹੈ।"

ਅਮਰਜੀਤ ਨੇ ਏਥੋਂ ਦੇ ਦਲਿਤ ਲੋਕਾਂ ਬਾਰੇ ਦੱਸਣਾ ਸ਼ੁਰੂ ਕੀਤਾ, "ਏਥੇਂ ਟਰਾਂਟੋ ਵਿਚ ਸਾਡੇ ਚਮਾਰ ਲੋਕ ਬਹੁਤ ਹਨ। ਉਨ੍ਹਾਂ ਵਿਚ ਪੈਸੇ ਕਮਾਉਣ ਦੀ ਦੌੜ ਲੱਗੀ ਹੋਈ ਹੈ। ਪਰ ਜੇਕਰ ਸਮਾਜ ਲਈ ਕੋਈ ਕਾਰਜ ਕਰਨਾ ਹੋਵੇ ਤਾਂ ਸਾਰੇ ਪਿੱਛੇ ਹਟ ਜਾਂਦੇ ਹਨ। ਦੂਜੇ ਪਾਸੇ ਹੋਰ ਉੱਚ ਜਾਤਾਂ ਦੇ ਲੋਕ ਹਨ, ਸਿੱਖ ਹਨ, ਉਨ੍ਹਾਂ ਨੇ ਪੈਸਾ ਵੀ ਕਮਾਇਆ ਹੈ। ਏਥੇ ਉਨ੍ਹਾਂ ਦੇ ਵੱਡੇ ਵੱਡੇ ਗੁਰਦਵਾਰੇ ਹਨ ਅਤੇ ਉਨ੍ਹਾਂ ਕੋਲ ਮੀਡੀਆ ਹੈ, ਅਖ਼ਬਾਰਾਂ ਹਨ, ਰੇਡੀਓ ਹਨ ਟੀ ਵੀ ਹਨ। ਅਤੇ ਸਾਡੇ ਲੋਕਾਂ ਕੋਲ

ਬੀਚ 'ਚ ਲਹਿਰਾਂ ਦਾ ਆਨੰਦ ਲੈਂਦੇ ਹੋਏ ਭਵਨਦੀਪ ਤੇ ਲੇਖਕ



ਏਥੇ ਮੀਡੀਏ ਵਰਗੀ ਕੋਈ ਚੀਜ਼ ਨਹੀਂ। ਇਨ੍ਹਾਂ ਸਾਧਨਾ ਨਾਲ ਉਹ ਆਪਣੇ ਧਰਮ ਦਾ ਪ੍ਰਚਾਰ ਕਰਦੇ ਹਨ। ਸਾਡੇ ਗੁਰੂਆਂ ਜਾਂ ਅੰਬੇਡਕਰ ਦਾ ਨਾਂ ਤੱਕ ਨਹੀਂ ਲੈਂਦੇ। ਸਾਡੇ ਲੋਕ ਆਰਥਿਕ ਤੌਰ ਤੇ ਭਾਵੇਂ ਅਮੀਰ ਹੋਏ ਹਨ। ਉਨ੍ਹਾਂ ਦਾ ਰਹਿਣ ਸਹਿਣ ਦਾ ਪੱਧਰ ਉੱਚਾ ਹੋਇਆ ਹੈ ਪਰ ਕੌਮ ਲਈ ਕੁੱਝ ਨਹੀਂ ਕਰਦੇ।"

ਮੈਂ ਕਿਹਾ, "ਖੁੱਲ ਕੇ ਦੱਸੋਂ?"

"ਕਈ ਵਾਰ ਕੋਸ਼ਿਸ਼ਾਂ ਹੋਈਆਂ ਹਨ। ਮੇਰੇ ਵਿਚਾਰ ਹੋਰ ਤਰ੍ਹਾਂ ਦੇ ਹੁੰਦੇ ਹਨ। ਬਹੁਤੇ ਲੋਕ ਲੱਤਾਂ ਖਿੱਚਣ ਵਾਲੇ ਆ ਜਾਂਦੇ ਹਨ। ਕੋਈ ਚੌਧਰ ਦਾ ਭੁੱਖਾ ਹੁੰਦਾ ਹੈ ਪਰ ਜਦੋਂ ਵੀ ਕੋਈ ਕਾਰਜ ਉਲੀਕਿਆ ਜਾਂਦਾ ਹੈ ਉਹ ਪੈਸੇ ਖਰਚਣ ਨੂੰ ਪਿੱਛੇ ਹਟ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਸਾਨੂੰ ਇਕ ਹੋ ਕੇ ਕੰਮ ਕਰਨਾ ਚਾਹੀਦਾ ਹੈ। ਪਰ ਉਨ੍ਹਾਂ ਦੀਆਂ ਰੁੱਚੀਆਂ ਵੱਖਰੀਆਂ ਹਨ। ਫਿਰ ਮੈਂ ਪਿੱਛੇ ਹਟ ਜਾਂਦਾ ਹਾਂ। ਮੇਰੇ ਵਿਚਾਰ ਉਨ੍ਹਾਂ ਨਾਲ ਮਿਲਦੇ ਨਹੀਂ। ਸੋ ਇਸ ਤਰ੍ਹਾਂ ਕੋਈ ਤਸੱਲੀਵਾਲਾ ਕੰਮ ਨਹੀਂ ਹੋ ਰਿਹਾ, ਜੋ ਹੋਣਾ ਚਾਹੀਦਾ ਸੀ। ਏਥੇ ਇਕ ਯੂਨੀਵਰਸਿਟੀ ਵਿਚ ਅਸੀਂ ਅੰਬੇਡਕਰ ਦਾ ਬੁੱਤ ਲਗਾਉਣ ਦਾ ਯਤਨ ਕੀਤਾ। ਕਾਮਯਾਬ ਵੀ ਹੋਏ। ਭਾਰਤ ਵਿਚ ਬੁੱਤ ਤਿਆਰ ਕਰਵਾਇਆ ਅਤੇ ਹੁਣ ਇਹ ਲੱਗ ਗਿਆ ਹੈ। ਏਹਦਾ ਉਦਘਾਟਨ ਅਜੇ ਰਹਿੰਦਾ ਹੈ।"

ਅਮਰਜੀਤ ਦੇ ਮਨ ਦੀ ਇੱਛਾ ਸੀ ਕਿ ਏਧਰ ਰਹਿੰਦੇ ਭਾਈਚਾਰੇ ਦੇ ਲੋਕ ਲਈ ਕੋਈ ਅਜਿਹਾ ਕਾਰਜ ਕਰਦੇ ਰਹੀਏ ਜਿਸ ਨਾਲ ਸਾਡਾ ਸਮਾਜ ਅੱਗੇ ਵਧੇ। ਤਰੱਕੀ ਕਰੇ। ਉਨ੍ਹਾਂ ਲਈ ਇਸ ਕਾਰਜ ਲਈ 100-200 ਡਾਲਰ ਦੇਣ ਦੀ ਕੋਈ ਸਮੱਸਿਆ ਨਹੀਂ। ਮੈਂ ਉਨ੍ਹਾਂ ਨੂੰ ਭਵਿੱਖ ਦੀਆਂ ਕੁਝ ਯੋਜਨਾਵਾਂ ਦੱਸੀਆਂ ਕਿ ਮੈਂ ਪ੍ਰਕਾਸ਼ਨ ਦਾ ਕਾਰਜ ਕਰਦਾ ਹਾਂ। ਮੇਰੀ ਇੱਛਾ ਹੈ ਕਿ ਦਲਿਤ ਸਾਹਿਤ ਨੂੰ ਪੰਜਾਬੀ ਵਿਚ ਛਾਪ ਕੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ। ਮੇਰੇ ਕੋਲ ਘੱਟੋ ਘੱਟ 50 ਕੁ ਅਜਿਹੀਆਂ ਕਿਤਾਬਾਂ ਹਨ ਜਿਨ੍ਹਾਂ ਨੂੰ ਅਨੁਵਾਦ ਕਰਵਾ ਕੇ ਪੰਜਾਬੀ ਵਿਚ ਛਾਪੀਆਂ ਜਾਣ। ਇਨ੍ਹਾਂ ਕਿਤਾਬਾਂ ਵਿਚ ਦਲਿਤ ਸਾਹਿਤ ਦੀ ਇਤਿਹਾਸਕਾਰੀ ਹੈ, ਸਮਾਜਿਕ ਮਸਲੇ ਹਨ, ਰਾਜਨੀਤਿਕ ਮਸਲੇ ਹਨ, ਦਲਿਤ ਦਰਸ਼ਨ ਹੈ। ਇਸ ਕਾਰਜ ਲਈ ਧਨ ਦੀ ਬਹੁਤ ਲੋੜ ਹੈ।"

ਅਮਰਜੀਤ ਨੂੰ ਮੇਰੀ ਇਹ ਯੋਜਨਾ ਚੰਗੀ ਲੱਗੀ ਤੇ ਉਹਨੇ ਕਿਹਾ ਕਿ ਮੈਂ ਇਸ ਕੰਮ 'ਚ ਜਿੰਨੀ ਹੋ ਸਕੇ ਸਹਾਇਤਾ ਕਰਨ ਦੀ ਕੋਸ਼ਿਸ਼ ਕਰਾਗਾ ਅਤੇ ਦੋਸਤਾਂ ਨੂੰ ਇਹ ਕੰਮ ਬਾਰੇ ਜਾਣਕਾਰੀ ਦੇਵਾਗਾ।

ਇਕ ਦਿਨ 16 ਜੂਨ ਨੂੰ ਬਲਬੀਰ ਕੌਰ ਸੰਘੇੜਾ ਨੇ ਟੀ ਵੀ 'ਸੁਰ ਸਾਗਰ' ਵਿਚ ਮੇਰੀ ਮੁਲਾਕਾਤ ਕੀਤੀ। ਉਨ੍ਹਾਂ ਦੇ ਰਿਸ਼ਤੇਦਾਰ ਇਸ ਦੇ ਮਾਲਕ ਸਨ। ਅਸੀਂ ਗੱਲਬਾਤ ਵਿਚ ਸਾਹਿਤ ਦੀਆਂ, ਸਾਹਿਤਕ ਮਸਲਿਆਂ ਦੀਆਂ ਅਤੇ ਪ੍ਰਕਾਸ਼ਨ ਦੀਆਂ ਗੱਲਾਂ ਕੀਤੀਆਂ। ਮੈਂ ਆਪਣੀ ਰਚਨਾ ਦੇ ਪਿਛੋਕੜ, ਸਿਰਜਣ ਪ੍ਰਕ੍ਰਿਆ, ਸਾਹਿਤਕ ਪੱਤਰਕਾਰੀ ਬਾਰੇ ਗੱਲਾਂ ਕੀਤੀਆ। ਉਨ੍ਹਾਂ ਦੇ ਨਾਲ ਨਿਰਮਲ ਜਸਵਾਲ ਆਈ ਹੋਈ ਸੀ। ਅਸੀਂ ਕੁਝ ਚਿਰ ਬੈਠ ਕੇ ਕਾਨਫਰੰਸ ਬਾਰੇ ਗੱਲਾਂ ਕਰਦੇ ਰਹੇ। ਫਿਰ ਅਮਰਜੀਤ ਮੈਨੂੰ ਹਰਮੇਸ਼ ਵਿਰਦੀ ਕੋਲ ਲੈ ਗਏ। ਉਹ ਡੇਰਾ ਬੱਲਾ ਵਾਲੇ ਸੰਤ ਸਰਵਣ ਦਾਸ ਦੇ ਭਰਾ ਦੇ ਲੜਕੇ ਹਨ ਅਤੇ ਬੱਲਾਂ ਵਲੋਂ ਚੱਲ ਰਹੇ ਹਸਪਤਾਲ ਤੇ ਫਗਵਾੜਾ ਵਿਖੇ ਚੱਲਦੇ ਸਕੂਲ ਦੇ ਮੁੱਖ ਪ੍ਰਬੰਧਕ ਹਨ। ਅਮਰਜੀਤ ਜੀ ਨੇ ਵਿਰਦੀ ਜੀ ਨੂੰ ਡੇਰਾ ਬੱਲਾਂ ਦੇ ਕੰਮਾਂ ਬਾਰੇ, ਗੱਦੀ ਬਾਰੇ, ਰਵਿਦਾਸੀਆਂ ਧਰਮ ਬਾਰੇ ਅਤੇ ਡੇਰੇ ਦੀ ਰਾਜਨੀਤਿਕ ਪਹੁੰਚ ਬਾਰੇ ਸਵਾਲ ਕੀਤੇ ਜਿਨ੍ਹਾਂ ਦੇ ਉਤਰ ਉਨ੍ਹਾਂ ਆਪਣੀ ਪ੍ਰਤੀਬੱਧਤਾ ਨਾਲ ਦਿੱਤੇ।

ਹਰਮੇਸ਼ ਵਿਰਦੀ ਦੇ ਵਿਚਾਰ ਦਾ ਸੰਖੇਪ ਰੂਪ ਕੁਝ ਇਸ ਤਰ੍ਹਾਂ ਸੀ, "ਡੇਰਾ ਬੱਲਾਂ ਦੀ ਮਾਨਤਾ ਦਿਨੋਂ ਦਿਨ ਵਧ ਰਹੀ ਹੈ। ਸੰਤ ਰਾਮਾ ਨੰਦ ਦੀ ਸ਼ਹਾਦਤ ਤੋਂ ਬਾਅਦ ਡੇਰੇ ਦੀ ਪੰਜਾਬ ਤੋਂ ਇਲਾਵਾ ਦੂਜੇ ਰਾਜਾਂ 'ਚ ਮਾਨਤਾ ਵਧੀ ਹੈ। ਡੇਰੇ ਵੱਲੋਂ ਜੋ ਹਸਪਤਾਲ ਚਲਾਇਆ ਜਾ ਰਿਹਾ ਹੈ, ਉਹ ਚੈਰੀਟੇਬਲ ਹੈ। ਅਸੀਂ

ਬਿਨਾ ਕਿਸੇ ਪੱਖਪਾਤ ਦੇ ਹਰ ਮਰੀਜ਼ ਦਾ ਇਲਾਜ਼ ਬਹੁਤ ਘੱਟ ਪੈਸਿਆ ਨਾਲ ਕਰਦੇ ਹਾਂ। ਉਥੇ ਹਰ ਧਰਮ ਦਾ ਮਰੀਜ਼ ਆਪਣਾ ਇਲਾਜ਼ ਕਰਵਾ ਸਕਦਾ ਹੈ। ਜੋ ਫਗਵਾੜੇ ਵਿਚ ਸਕੂਲ ਹੈ। ਉਹ ਸੀ ਬੀ ਐਸ ਸੀ ਦੇ ਅਧੀਨ ਹੈ। ਉਸ ਵਿਚ ਹਰ ਧਰਮ ਦੇ ਬੱਚੇ ਪੜ੍ਹਦੇ ਹਨ। ਫੀਸ਼ਾ ਬਹੁਤ ਘੱਟ ਹਨ। ਅਤੇ ਪੜ੍ਹਾਈ ਦਾ ਮਿਆਰ ਬਹੁਤ ਉੱਚਾ ਹੈ। ਡੇਰੇ ਨੇ ਜੋ ਰਵਿਦਾਸੀਆਂ ਧਰਮ ਅਪਨਾਇਆ ਹੈ, ਉਸ ਦਾ ਗ੍ਰੰਥ 'ਅੰਮ੍ਰਿਤਬਾਣੀ' ਹੈ। ਇਸ ਨੂੰ ਕੋਈ ਵੀ ਬੰਦਾ ਲਿਜਾ ਕੇ ਆਪਣੇ ਘਰ ਰੱਖ ਸਕਦਾ ਹੈ। ਅਸੀਂ ਹੌਲੀ ਹੌਲੀ ਸਿਰ ਢੱਕ ਕੇ ਬੈਠਣ ਦੀ ਮਰਿਯਾਦਾ ਖਤਮ ਕਰਨ ਬਾਰੇ ਸੋਚ ਰਹੇ ਹਾਂ। ਡੇਰਾ ਰਾਜਨੀਤਿਕ ਤੌਰ ਤੇ ਕਿਸੇ ਪਾਰਟੀ ਨਾਲ ਜੁੜਿਆ ਹੋਇਆ ਨਹੀਂ ਹੈ। ਹਰ ਪਾਰਟੀ ਵਾਲੇ ਡੇਰੇ ਆਉਂਦੇ ਹਨ। ਪਰ ਅੰਦਰੋਂ ਅਸੀਂ ਬੀ ਐਸ ਪੀ ਦੀ ਸਪੋਰਟ ਕਰਦੇ ਹਾਂ। ਡੇਰੇ ਵਿੱਚੋਂ ਸੰਤ ਸੁਰਿੰਦਰ ਦਾਸ ਬਾਵਾ ਨੂੰ ਇਸ ਕਰਕੇ ਬਾਹਰ ਦਾ ਰਸਤਾ ਦਿਖਾਇਆ ਕਿਉਂਕਿ ਉਹ ਵੱਡੇ ਸੰਤਾਂ ਦਾ ਕਹਿਣਾ ਮੰਨਣ ਤੋਂ ਇਨਕਾਰੀ ਹੋਈ ਜਾਂਦੇ ਸਨ। ਅਤੇ ਆਪਣੀ ਮਨ ਮਰਜ਼ੀ ਨਾਲ ਕਾਰਜ ਕਰਨ ਲੱਗ ਪਏ ਸਨ। ਭਵਿੱਖ ਵਿਚ ਗੱਦੀ ਦਾ ਤਾਂ ਅਜੇ ਕੋਈ ਫੈਸਲਾ ਨਹੀਂ ਹੋਇਆ ਪਰ ਸੰਤ ਜੀ ਕਿਸੇ ਸਿਆਣੇ ਨੂੰ ਗੱਦੀ ਦੇਣਗੇ।"

ਇੰਝ ਅਸੀਂ ਉਨ੍ਹਾਂ ਕੋਲ ਬਹੁਤ ਦੇਰ ਬੈਠੇ ਰਹੇ। ਇਸ ਸ਼ਹਿਰ ਦੀਆਂ ਬਹੁਤ ਉੱਚੀਆਂ ਉੱਚੀਆਂ ਇਮਾਰਤਾਂ ਸਨ। ਅਸਮਾਨ ਛੂੰਹਦੀਆਂ ਇਮਾਰਤਾਂ ਨੂੰ ਵੇਖ ਕੇ ਮੈਂ ਹੈਰਾਨ ਹੋ ਰਿਹਾ ਸੀ। ਉਨ੍ਹਾਂ ਨੂੰ ਮਿਲ ਕੇ ਅਸੀਂ ਨਿਆਗਰਾ ਫਾਲ ਦੇਖਣ ਦਾ ਮਨ ਬਣਾ ਲਿਆ। ਮੇਰੀ ਇੱਛਾ ਸੀ ਕਿ ਉਹ ਵੀ ਵੇਖ ਲਿਆ ਜਾਵੇ। ਕਿਉਂਕਿ ਮੇਰੇ ਕੋਲੋ ਸਮਾਂ ਬਹੁਤ ਘੱਟ ਸੀ। ਅਮਰਜੀਤ ਨੇ ਗੱਡੀ ਉਧਰ ਨੂੰ ਮੋੜ ਲਈ। 4-0 ਰੋਡ ਤੇ ਬਹੁਤ ਭੀੜ ਸੀ। ਰਸਤੇ ਵਿਚ ਹਮਿਲਟਨ ਸ਼ਹਿਰ ਆਇਆ। ਅਮਰਜੀਤ ਨੇ ਦੂਰੋਂ ਹੀ ਹਮਿਲਟਨ ਵਿਖੇ ਗੁਰੂ ਰਵਿਦਾਸ ਦਾ ਗੁਰਦੁਆਰਾ ਦਿਖਾਇਆ। ਅਸੀਂ 7.30 ਦੇ ਕਰੀਬ ਨਿਆਗਰਾ ਫਾਲ਼ ਪਹੁੰਚ ਗਏ। ਇਹ ਅਜੂਬਾ ਅਮਰੀਕਾ ਦੇ ਬਾਰਡਰ ਦੇ ਕੋਲ ਪੈਂਦਾ ਹੈ। ਅਮਰੀਕਾ ਅਤੇ ਕਨੇਡਾ ਵਿਚਕਾਰ ਇਕ ਪੁੱਲ ਹੀ ਹੈ। ਅਸੀਂ ਉਸ ਦੇ ਬਿਲਕੁਲ ਨੇੜੇਂ ਦੀ ਲੰਘੇ। ਨਿਆਗਰਾ ਫਾਲ਼ ਦਾ ਨਜ਼ਾਰਾ ਬੜਾ ਪਿਆਰਾ ਸੀ। ਉਥੇ ਗੋਰਿਆ ਦੀ ਬਹੁਤ ਭੀੜ ਸੀ। ਖੂਬਸੂਰਤ ਗੋਰੀਆਂ ਦੇਖ ਕੇ ਮਨ ਖੁਸ਼ ਹੋ ਰਿਹਾ ਸੀ। ਅਮਰੀਕਾ ਵਾਲੇ ਪਾਸੇ ਤੋਂ ਪਾਣੀ ਆਉਂਦਾ ਸੀ ਤੇ ਤਕਰੀਬਨ 80-90 ਫੁੱਟ ਥੱਲੇ ਬੜੀ ਤੇਜੀ ਨਾਲ ਡਿੱਗਦਾ ਸੀ। ਡਿੱਗਣ ਨਾਲ ਪਾਣੀ ਭਾਫ਼ ਦੀ ਸ਼ਕਲ ਬਣਾ ਕੇ ਉਪਰ ਨੂੰ ਉਡਦਾ। ਵਿਚੋਂ ਦੀ ਸੂਰਜ ਦੀਆਂ ਤੇਜ਼ ਕਿਰਨਾ ਪੈਂਦੀਆਂ. ਜਿਸ ਨਾਲ ਕੁਦਰਤ ਦਾ ਨਜ਼ਾਰਾ ਵੇਖਣ ਵਾਲਾ ਬਣਦਾ। ਇਸ ਨਾਲ ਅਸਮਾਨ ਵਿਚ ਸਤਰੰਗੀ ਪੀਂਘ ਬਣਦੀ। ਨਿਆਗਰਾ ਫਾਲ਼ ਦੇ ਨਜ਼ਾਰੇ ਨੂੰ ਅਸੀਂ ਕੈਮਰੇ ਵਿਚ ਕੈਦ ਕਰ ਲਿਆ। ਉਥੇ ਅਸੀਂ ਘੰਟਾ ਕੁ ਰੁਕੇ ਤੇ ਤੁਰ ਪਏ। ਕੁਦਰਤ ਦੀ ਖੂਬਸੂਰਤੀ ਵੇਖ ਕੇ ਮਨ ਤਰੋ-ਤਾਜਾ ਹੋ ਗਿਆ ਸੀ।

18 ਜੂਨ ਨੂੰ ਮੇਰੀ ਵੈਨਕੂਵਰ ਦੀ ਵਾਪਸੀ ਸੀ। ਭਾਵੇਂ ਕਿ ਅਮਰਜੀਤ ਬੱਧਣ ਮੈਨੂੰ ਆਪਣੇ ਕੋਲ ਇਕ ਹਫ਼ਤਾ ਹੋਰ ਰੱਖਣਾ ਚਾਹੁੰਦੇ ਸਨ ਪਰ ਮੈਂ ਜਲਦੀ ਵੈਨਕੂਵਰ ਪਹੁੰਚਣਾ ਚਾਹੁੰਦਾ ਸੀ। ਉੱਥੇ ਡਾ. ਮਨਜੀਤ ਕੌਰ-ਭਵਨਦੀਪ ਕੋਲ ਪਹੁੰਚਣਾ ਸੀ। 18 ਜੂਨ ਨੂੰ ਅਮਰਜੀਤ ਇਕ ਦੋ ਹੋਰ ਦੋਸਤਾਂ ਨੂੰ ਮਿਲਾਉਣਾ ਚਾਹੁੰਦੇ ਸਨ। ਉਹ ਤਲਵਿੰਦਰ ਸਿੰਘ ਨੂੰ ਮਿਲਾਉਣਾ ਚਾਹੁੰਦੇ ਸਨ। ਜੋ ਦਲਿਤ ਸਮਾਜ, ਦਲਿਤ ਮਸਲੇ ਨੂੰ ਅਤੇ ਗੁਰਬਾਣੀ ਨੂੰ ਆਪਣੀ ਸਮਰੱਥਾ ਤੇ ਦ੍ਰਿਸ਼ਟੀ ਨਾਲ ਸਮਝਦੇ ਸਨ ਅਤੇ ਆਪਣੇ ਵਿਚਾਰ ਰੱਖਦੇ ਸਨ। ਖ਼ੈਰ ਅਸੀਂ ਮਿਲ ਤਾਂ ਨਾ ਸਕੇ ਪਰ ਅਮਰਜੀਤ ਹੁਰਾਂ ਨੇ ਫ਼ੋਨ ਕਰਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ। ਮੁਬਾਇਲ ਦਾ ਸਪੀਕਰ ਆਨ ਕਰਕੇ ਮੈਨੂੰ ਉਨ੍ਹਾਂ ਦੀਆਂ ਗੱਲਾਂ ਸੁਣਾਈਆਂ। ਉਹ ਗੱਲਾਂ ਕਰਨ ਲੱਗੇ ਮੈਂ ਸਾਰੀਆਂ ਗੱਲਾਂ ਸੁਣ ਰਿਹਾ ਸੀ। ਨਾਲ ਨਾਲ ਗੱਡੀ ਚਲਾ ਰਹੇ ਸਨ।

ਤਲਵਿੰਦਰ ਸਿੰਘ ਚਾਹੁੰਦੇ ਸਨ ਕਿ ਦਲਿਤ ਸਮਾਜ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਨਹੀਂ ਹੋਣਾ ਚਾਹੁੰਦਾ



ਸੀ ਅਤੇ 'ਅੰਮ੍ਰਿਤ ਬਾਣੀ' ਨਹੀਂ ਸੀ ਬਣਾਉਣੀ ਚਾਹੀਦੀ ਸੀ। ਉਹ ਕਬੀਰ ਬਾਰੇ, ਫਰੀਦ ਬਾਰੇ ਉਨ੍ਹਾਂ ਦੀ ਬਾਣੀ ਬਾਰੇ ਗੱਲਾਂ ਕਰ ਰਹੇ ਸਨ। ਨਾਲ ਹੀ ਉਹ ਅੰਬੇਡਕਰ ਨੂੰ ਵੱਡਾ ਸਮਾਜ ਸੁਧਾਰਕ ਵੀ ਮੰਨਦੇ ਸਨ। ਏਧਰ ਜਿਹੜੀ ਜਾਤਪਾਤ ਪੰਜਾਬੀਆਂ ਦੇ ਮਨਾਂ ਵਿਚ ਫੈਲ ਰਹੀ ਹੈ ਉਸ ਦੀ ਚਿੰਤਾ ਕਰ ਰਹੇ ਸਨ। ਉਹ ਉਨ੍ਹਾਂ ਗੁਰੂ ਰਵਿਦਾਸ ਦੇ ਗੁਰਦਆਰੇ ਦਾ ਸਮਰੱਥਨ ਕਰਦੇ ਸਨ ਜੋ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਸਨ। ਅਮਰਜੀਤ ਨੇ ਕਿਹਾ, "ਭਾਜੀ! ਟਰਾਂਟੋ ਅਮਰੀਕ ਵਿਰਦੀ ਆਇਆ ਹੋਇਆ ਹੈ। ਜੋ ਬੱਲਾਂ ਡੇਰਾ ਦਾ ਮੁੱਖ ਪ੍ਰਬੰਧਕਾਂ ਵਿਚੋਂ ਇਕ ਹੈ, ਤੁਸੀਂ ਉਨ੍ਹਾਂ ਨੂੰ ਇਹ ਗੱਲਾਂ ਦੱਸੋ ਸ਼ਾਇਦ ਹੁਣ ਵੀ ਕੋਈ ਮਸਲੇ ਦਾ ਕੋਈ ਵਿਚਕਾਰਲਾ ਹੱਲ ਨਿਕਲ ਸਕੇ।"

"ਦੇਖੋਂ ਅਮਰਜੀਤ ਜੀ ਅਮਰੀਕ ਵਿਰਦੀ ਦਾ ਅਸੀਂ ਸਤਿਕਾਰ ਕਰਦੇ ਹਾਂ। ਉਸ ਨੇ ਸਾਡੇ ਵੱਲੋਂ ਮਨਾਏ ਜਾਂਦੇ ਰਵਿਦਾਸ ਗੁਰਪੁਰਬ ਤੇ ਸਾਨੂੰ ਹਜ਼ਾਰ ਡਾਲਰ ਦਾਨ ਵੀ ਦਿੱਤਾ ਸੀ ਉਹ ਰਵਿਦਾਸ ਬਾਰੇ ਲੈਕਚਰ ਵੀ ਕਰਕੇ ਗਏ ਸਨ। ਪਰ ਜਦੋਂ ਇਹ 'ਅੰਮ੍ਰਿਤਬਾਣੀ' ਜਾਂ 'ਰਵਿਦਾਸੀਆਂ ਧਰਮ' ਬਣਿਆ ਸਾਡੇ ਨਾਲ ਕੋਈ ਮੀਟਿੰਗ ਕੀਤੀ? ਕਦੇ ਨਹੀਂ ਕੀਤੀ। ਇਸ ਮਸਲੇ ਬਾਰੇ ਮੇਰੀ ਕੋਈ ਇੱਛਾ ਨਹੀਂ ਉਨ੍ਹਾਂ ਨਾਲ ਗੱਲ ਕਰਨ ਦੀ।"

ਉਹ ਗੱਲਾਂ ਕਰਕੇ ਆਪਣੇ ਸਾਰੇ ਵਿਚਾਰ ਮੇਰੇ ਤੱਕ ਪਹੁੰਚਾਉਣੇ ਚਾਹੁੰਦਾ ਸੀ। ਤਲਵਿੰਦਰ ਦੂਰ ਬੈਠਾ ਦਲਿਤ ਸਮਾਜ ਬਾਰੇ ਸੋਚਦਾ ਹੈ। ਉਹਦੇ ਸੋਚਣ ਦਾ ਢੰਗ ਆਪਣਾ ਹੈ ਅਤੇ ਵਿਚਾਰ ਆਪਣੇ ਹਨ। ਗੱਲਾਂ ਕਰਦਿਆਂ ਕਰਦਿਆਂ ਅਮਰਜੀਤ ਹੁਰਾਂ ਦਾ ਬਰੈਂਮਟਨ ਵਿਖੇ 'ਲਿਟਲ ਸੀਜ਼ਰ' ਪੀਜ਼ਾ ਆ ਗਿਆ। ਉਹ ਅੱਗੇ ਕਾਊਂਟਰ ਉੱਤੇ ਆਪ ਨਹੀਂ ਹੁੰਦੇ। ਉਸ ਨੇ ਅੱਗੇ ਗੋਰੇ ਮੁੰਡੇ ਕੁੜੀਆਂ ਰੱਖੇ ਹੋਏ ਹਨ। ਉਹ ਹਮੇਸ਼ਾ ਬੈਕ ਤੇ ਰਹਿੰਦੇ ਹਨ। ਪਿੱਛੇ ਉਸ ਦਾ ਬਹੁਤ ਸ਼ਾਨਦਾਰ ਨਿੱਕਾ ਜਿਹਾ ਦਫ਼ਤਰ ਬਣਾਇਆ ਹੋਇਆ ਹੈ। ਉਥੇ ਬਿਠਾ ਕੇ ਮੈਨੂੰ ਉਨ੍ਹਾਂ ਨੇ ਆਪ ਜਾ ਕੇ ਨਾਨ ਵੈੱਜ ਪੀਜ਼ਾ ਤਿਆਰ ਕਰਵਾਇਆ। ਸਾਰਾ ਪੀਜ਼ਾ ਮੇਰੇ ਲਈ ਸੀ। ਮੈਂ ਕੁਝ ਦੇਰ ਬਾਅਦ ਵੈਨਕੂਵਰ ਲਈ ਫਲਾਇਟ ਲੈਣੀ ਸੀ। ਉਹ ਪੀਜ਼ਾ ਮੈਨੂੰ ਸੱਚਮੁੱਚ ਲਜ਼ੀਜ਼ ਲੱਗਾ। ਫਿਰ ਅਸੀਂ ਕੁਝ ਚਿਰ ਬਾਹਰ ਆ ਗਏ। ਉਥੋਂ ਇਕ ਸਟੋਰ ਵਿਚੋਂ ਉਸ ਨੇ ਮੇਰੇ ਲਈ ਇਕ ਲਾਟਰੀ ਦੀ ਟਿੱਕਟ ਖਰੀਦੀ। ਤੇ ਟਿੱਕਟ ਮੈਨੂੰ ਦੇ ਕੇ ਕਹਿਣ ਲੱਗੇ, "ਭਗਵੰਤ ਇਹ ਤੇਰੀ ਕਿਸਮਤ ਹੈ। ਤੈਨੂੰ ਲੱਖਾ ਡਾਲਰ ਦੀ ਲਾਟਰੀ ਵੀ ਨਿਕਲ ਸਕਦੀ ਹੈ।" ਫਿਰ ਅਸੀਂ ਏਅਰਪੋਰਟ ਨੂੰ ਤੁਰ ਪਏ। ਵਿਚਕਾਰ ਸਾਡੇ ਕੋਲ ਸਮਾਂ ਸੀ ਅਸੀਂ ਟਰਾਂਟੋ ਦਾ ਗੁਰੂ ਰਵਿਦਾਸ ਗੁਰਦਵਾਰਾ ਵੇਖਣ ਤੁਰ ਪਏ। ਜਦੋਂ ਉਥੇ ਪਹੁੰਚੇ ਤਾਂ ਉਹ ਬੰਦ ਸੀ। ਉਥੇ ਕੋਈ ਨਹੀਂ ਸੀ। ਇਹ ਗੁਰੂਦਵਾਰਾ ਡੇਰਾ ਬੱਲਾਂ ਦੇ ਅਧੀਨ ਹੈ ਅਤੇ ਇਥੇ 'ਅੰਮ੍ਰਿਤਬਾਣੀ' ਦਾ ਪ੍ਰਕਾਸ਼ ਹੁੰਦਾ ਹੈ। ਉਸ ਤੋਂ ਬਾਅਦ ਅਸੀਂ ਸਵਾਮੀ ਨਰਾਇਣ ਮੰਦਰ ਵੇਖਣ ਚਲੇ ਗਏ। ਇਹ ਹਿੰਦੂ ਮੰਦਰ ਸੀ। ਇਥੇ ਵਧੇਰੇ ਭਾਰਤੀ ਹਿੰਦੂ ਕਮਿਊਨਟੀ ਦੇ ਲੋਕ ਆਉਂਦੇ ਹਨ। ਮੰਦਰ ਬਹੁਤ ਵਿਸ਼ਾਲ ਖੇਤਰ ਵਿਚ ਫੈਲਿਆ ਹੋਇਆ ਸੀ। ਚਿੱਟੇ ਸੰਗਮਰਮਰ ਦਾ ਮੰਦਰ ਸੁੰਦਰਤਾ ਦਾ ਉੱਤਮ ਨਮੂਨਾ ਸੀ। ਮੈਂ ਦੇਖਿਆ ਕਿ ਇਸ ਮੰਦਰ ਦੇ ਬਣਾਉਣ ਦੀ ਸ਼ੈਲੀ ਦੱਖਣ ਦੇ ਪ੍ਰਚੀਨ ਮੰਦਰਾ ਵਾਲੀ ਸੀ। ਸਾਡੇ ਕੋਲ ਸਮਾਂ ਬਹੁਤ ਘੱਟ ਸੀ ਇਸ ਲਈ ਇਸ ਮੰਦਰ ਨੂੰ ਅਸੀਂ ਚੰਗੀ ਤਰ੍ਹਾਂ ਨਹੀਂ ਵੇਖ ਸਕੇ। ਅਮਰਜੀਤ ਨੇ ਛੇ ਵਜੇ ਮੈਨੂੰ ਏਅਰਪੋਰਟ ਪਹੁੰਚਾ ਦਿੱਤਾ। ਮੈਨੂੰ ਲੱਗਦਾ ਸੀ ਏਥੇ ਵੀ ਮੇਰੀ ਪੁੱਛ ਪੜਤਾਲ ਕਰਨਗੇ। ਪਰ ਇਮੀਗਰੇਸ਼ਨ ਵਾਲੀ ਮੈਡਮ ਨੇ ਮੇਰਾ ਟਿਕਟ ਅਤੇ ਪਾਸਪੋਰਟ ਵੇਖਿਆ ਤੇ ਮੈਨੂੰ ਅੱਗੇ ਤੋਰ ਦਿੱਤਾ। ਅਸੀਂ ਕੁਝ ਦੇਰ ਏਅਰਪੋਰਟ ਵੇਖਿਆ ਤੇ ਮੈਨੂੰ ਲਾਇਨ 'ਚ ਲਾ ਕੇ ਅਮਰਜੀਤ ਵਾਪਸ ਮੁੜ ਗਏ। ਸਨਵਿੰਗ ਏਅਰ ਲਾਇਨ ਦਾ ਜਹਾਜ਼ ਚੰਗਾ ਸੀ ਉਸ ਨੇ 4.30 ਘੰਟੇ ਵਿਚ ਮੈਨੂੰ ਵੈਨਕੂਵਰ ਦੇ ਏਅਰਪੋਰਟ ਤੇ ਲਾ ਦਿੱਤਾ। ਅੱਗੇ ਮੈਨੂੰ ਮਨਜੀਤ ਅਤੇ ਭਵਨਦੀਪ ਲੈਣ ਆਏ ਹੋਏ ਸਨ। ਅਸੀਂ ਰਾਤ ਨੂੰ 12 ਕੁ ਵਜੇ ਮਨਜੀਤ ਦੇ ਘਰ ਪਹੁੰਚ ਗਏ।

# ਵੈਨਕੂਵਰ ਗੁਜ਼ਾਰੇ ਕੁਝ ਦਿਨ

**ਪਰਿਵਾਰਕ ਮੈਂਬਰ ਜਸਲੀਨ, ਦਿਨੇਸ਼ ਕੁਮਾਰ ਬਾਲੂ, ਭਗਵੰਤ ਰਸੂਲਪੁਰੀ, ਭਵਨਦੀਪ,ਰਕੇਸ਼ ਕੁਮਾਰ ਬਾਲੂ , ਡਾ. ਮਨਜੀਤ ਤੇ ਅਵਲੀਨ ਨਾਲ**

ਵੈਨਕੂਵਰ ਮੈਂ ਦੋ ਦਿਨ ਪਹਿਲਾਂ ਰਿਹਾ ਅਤੇ ਵਾਪਸੀ ਮੌਕੇ ਦੋ ਕੁ ਦਿਨ ਰਿਹਾ। ਮਨਜੀਤ ਮੇਰੀ ਪਤਨੀ ਸਰੋਜ ਦੀ ਸਭ ਤੋਂ ਛੋਟੀ ਭੈਣ ਹੈ। ਉਹ ਹੁਣ ਏਥੇ ਵੈਟਨਰੀ ਡਾਕਟਰ ਹੈ। ਆਪਣਾ ਕਲੀਨਿਕ ਚਲਾਉਂਦੀ ਹੈ। ਮਿੰਨੀ ਹਸਪਤਾਲ। ਸਵੇਰੇ ਉੱਠ ਕੇ ਮੈਂ ਚਾਹ ਪੀਤੀ। ਮਨਜੀਤ ਨੇ ਪਰੌਠੇ ਬਣਾਏ। ਤੇ 8 ਵਜੇ ਕਲੀਨਿਕ ਪਹੁੰਚ ਗਈ। ਉਹ ਬਹੁਤ ਬਿਜੀ ਸੀ। ਸਮੇਂ ਸਿਰ ਕਲੀਨਿਕ ਤੇ ਜਾਣਾ ਤੇ ਰਾਤ ਨੂੰ ਆਉਣਾ। ਇਹ ਉਸ ਦੀ ਨਿੱਤ ਦੀ ਰੁਟੀਨ ਸੀ। ਉਪਰੰਤ ਮੈਂ ਤੇ ਭਵਨਦੀਪ ਵੈਨਕੂਵਰ ਸ਼ਹਿਰ ਦੀ ਗੇੜੀ ਮਾਰਨ ਚਲੇ ਗਏ। ਵੈਨਕੂਵਰ ਟਰਾਂਟੋ ਨਾਲੋਂ ਵੱਖਰਾ ਸਿਟੀ ਹੈ। ਇਹ ਪਹਾੜੀ ਇਲਾਕਾ ਹੈ। ਇਹਦੇ ਨਾਲ ਅਮਰੀਕਾ ਲੱਗਦਾ ਹੈ। ਵੈਨਕੂਵਰ ਦੀ ਵਸੋਂ ਸੰਘਣੀ ਹੈ। ਕਿਤੇ ਕਿਤੇ ਚੜ੍ਹਾਈ ਆਉਂਦੀ ਹੈ ਕਿਤੇ ਨਿਵਾਣ। ਕਿਤੇ ਕਿਤੇ ਉਚਾਈ ਤੋਂ ਸਾਰਾ ਸ਼ਹਿਰ ਦਿਸਦਾ ਹੈ। ਸਭ ਤੋਂ ਪਹਿਲਾਂ ਅਸੀਂ ਗੁਰਦਵਾਰਾ ਸਿੰਘ ਸਭਾ ਗਏ। ਇਸ ਗੁਰਦਵਾਰੇ ਦਾ ਗੁੰਬਦ ਸਟੀਲ ਦੀ ਪੱਤੀਆਂ ਦਾ ਬਣਿਆ ਹੋਇਆ ਹੈ। ਉਸ ਦਿਨ ਉਥੇ ਪੰਜਾਬੀ ਸਿੱਖ ਕਮਿਊਨਟੀ ਦਾ ਵਿਆਹ ਸਮਾਗਮ ਸੀ। ਵੱਡੀ ਗਿਣਤੀ ਵਿਚ ਪੰਜਾਬੀ ਪਰਵਾਸੀ ਪਰਿਵਾਰ ਕੋਟ ਪੈਂਟ ਤੇ ਔਰਤਾਂ ਪੰਜਾਬੀ ਸੂਟ ਪਾ ਕੇ ਪਹੁੰਚੇ ਹੋਏ ਸਨ। ਗੁਰਦਵਾਰੇ ਮੱਥਾ ਟੇਕ ਕੇ ਅਸੀਂ ਥੱਲੇ ਲੰਗਰ ਹਾਲ ਪਹੁੰਚ ਗਏ। ਲੰਗਰ ਹਾਲ ਪੰਜਾਬੀਆਂ ਨਾਲ ਭਰਿਆ ਹੋਇਆ ਸੀ। ਇੰਜ ਲੱਗ ਰਿਹਾ ਸੀ ਜਿਵੇਂ ਪੰਜਾਬ ਵਿਚ ਪਹੁੰਚ



ਗਏ ਹੋਈਏ। ਇਥੇ ਲੰਗਰ ਕੁਰਸੀਆਂ ਉੱਤੇ ਬੈਠ ਕੇ ਛਕਿਆ ਜਾਂਦਾ ਹੈ। ਟਰਾਂਟੋ ਦੇ ਸਿੱਖ ਗੁਰਦਵਾਰੇ ਵਿਚ ਲੰਗਰ ਟਾਟਾ ਉੱਤੇ ਬੈਠ ਕੇ ਛੱਕਣ ਦੀ ਪ੍ਰੰਪਰਾ ਹੈ। ਉਥੋਂ ਨਿਕਲ ਕੇ ਅਸੀਂ ਮਾਰਕੀਟ ਵਿਚ ਚੱਕਰ ਲਾਇਆ। ਮਾਰਕੀਟ ਕਾਫੀ ਸੰਘਣੀ ਸੀ। ਨਿੱਕੀਆਂ ਦੁਕਾਨਾਂ ਸਨ। ਉਥੋਂ ਦੁਕਾਨਾਂ ਦੇ ਬਾਹਰ ਪਈਆਂ ਅਸੀਂ ਪੰਜਾਬੀ ਅਖ਼ਬਾਰਾਂ ਚੁੱਕੀਆਂ। ਤੇ ਗੁਰੂ ਰਵਿਦਾਸ ਦੇ ਗੁਰਦਵਾਰੇ ਪਹੁੰਚ ਗਏ। ਇਹ ਗੁਰਦਵਾਰਾ ਕਾਫੀ ਵੱਡਾ ਸੀ। ਗੱਡੀ ਵਿਚੋਂ ਉੱਤਰ ਕੇ ਮੈਂ ਗੁਰਦਵਾਰੇ ਦੀ ਫੋਟੋ ਖਿਚੀ। ਮੈਂ ਅੰਦਰ ਜਾ ਕੇ ਵੇਖਣਾ ਚਾਹੁੰਦਾ ਸੀ ਪਰ ਭਵਨਦੀਪ ਕਹਿੰਦਾ ਕਿ ਗੁਰਦਵਾਰਾ ਬੰਦ ਹੈ।' ਅਸੀਂ ਬਾਹਰੋਂ ਹੀ ਦੇਖ ਕੇ ਮੁੜ ਆਏ।

**ਸਰੀ ਦੀ ਪੰਜਾਬੀ ਮਾਰਕੀਟ ਵਿਖੇ [illegible] ਹੱਟੀ ਦੇ ਨੇੜੇ ਲੇਖਕ। ਇਸ ਤਰ੍ਹਾਂ ਦੀਆਂ ਹੱਟੀਆਂ ਕੈਨੇਡਾ ਵਿਚ ਆਮ ਨੇ**

ਅਸੀਂ ਮਨਜੀਤ ਦੇ ਡੌਂਗ ... ਨਿਕ ਚਲੇ ਗਏ। ਇਹ ਛੋਟੀ ... ਮਾਰਕੀਟ ਵਿਚ ਬਣਿਆ ... ਲੀਨਿਕ ਦੇ ਹਰ ਸੈਕਸਨ ਨੂੰ ... ਓਪਰੇਸ਼ਨ ਥੀਏਟਰ, ਦਫ਼ਤਰ ... ਆਂ ਸਨ। ਮਨਜੀਤ ਨੇ ਕਨੇਡਾ ... ਕੀਤੀ ਸੀ ਫਿਰ ਕਿਤੇ ਜਾ ਕੇ ... ਤ ਹੋਣ ਲਈ ਬਹੁਤ ਮਿਹਨਤ ... ਹੈ। ਉਸ ਦੇ ਨੇੜੇ ਹੀ ਸਿਟੀ ... ਰੀ ਵਿਚ ਬੜੇ ਸਲੀਕੇ ਨਾਲ ... ਗੇ ਵਿਕਸਿਤ ਦੇਸ਼ ਵਿਚ ਬੁੱਕ ... ਰੱਖੀਆਂ ਹੋਈਆਂ ਸਨ। ਇਥੇ ... ਡੀ ਪਹਾੜੀ ਸਪੌਟ ਵੱਲ ਤੋਰ ਲਈ। ਇਹ ਕਾਫੀ ਉਚਾਈ ਉੱਤੇ ਸੀ। ਸਿਖਰ ਤੇ ਇਕ ਹਿੱਲ ਸਟੇਸ਼ਨ ਸੀ। ਜਿਥੋਂ ਅੱਗੇ ਹੋਰ ਉੱਚੇ ਪਹਾੜ ਉੱਤੇ ਟਰਾਲੀ ਰਾਹੀਂ ਜਾਇਆ ਜਾਂਦਾ ਸੀ। ਇਥੇ ਖੜੇ ਹੋ ਕੇ ਅਸੀਂ ਕੁਦਰਤ ਦਾ ਭਰਪੂਰ ਆਨੰਦ ਮਾਣਿਆ। ਏਥੇ ਤੱਕ ਬਹੁਤੇ ਲੋਕ ਸਾਇਕਲ ਰਾਹੀਂ ਜਾਂ ਤੁਰ ਕੇ ਆਉਂਦੇ ਹਨ। ਗੋਰੇ ਸੰਘਣੀਆਂ ਪਹਾੜੀਆਂ ਦੇ ਜੰਗਲ ਵਿਚੋਂ ਟਰੈਕਿੰਗ ਕਰਦੇ ਹਨ। ਸ਼ਾਮ ਨੂੰ ਅਸੀਂ ਮਨਜੀਤ ਨੂੰ ਕਲੀਨਿਕ ਤੋਂ ਲੈ ਕੇ ਘਰ ਆ ਗਏ। ਦੇਰ ਰਾਤ

ਤੱਕ ਪੰਜਾਬ ਬਾਰੇ ਅਤੇ ਪੰਜਾਬ ਦੀ ਰਾਜਨੀਤੀ ਬਾਰੇ ਗੱਲਾਂ ਕਰਦੇ ਰਹੇ।

ਉਧਰੋਂ ਕਲੋਨੇ ਵੱਲੋਂ ਦਿਨੇਸ਼ ਕੁਮਾਰ ਤੇ ਰਕੇਸ਼ ਕੁਮਾਰ ਵੈਨਕੂਵਰ ਮੈਨੂੰ ਲੈਣ ਗੱਡੀ ਵਿਚ ਆ ਗਏ। ਗੱਲਾਂ ਹੋਣ ਲੱਗੀਆਂ। ਕਨੇਡਾ ਬਾਰੇ ਮੇਰੇ ਵਿਚਾਰ ਪੁੱਛ ਰਹੇ ਸਨ। ਮੈਂ ਕਹਿ ਰਿਹਾ ਸੀ ਤੁਸੀਂ ਲੋਕ ਤਾਂ ਸਵਰਗ ਵਿਚ ਰਹਿੰਦੇ ਹੋ। ਪ੍ਰਕਿਰਤੀ ਦਾ ਨਜ਼ਾਰਾ ਬਹੁਤ ਖ਼ੂਬਸੂਰਤ ਹੈ। ਪਹਾੜ ਹਨ, ਜੰਗਲ ਹਨ ਤੇ ਝੀਲਾਂ ਹਨ। ਚਾਹ ਪੀ ਅਸੀਂ ਕਲੋਨੇ ਵੱਲ ਨੂੰ ਤੁਰ ਪਏ। ਉਹ ਮੈਨੂੰ ਸਰੀ ਪੰਜਾਬੀ ਮਾਰਕੀਟ ਦਿਖਾਉਣੀ ਚਾਹੁੰਦੇ ਸਨ। ਅਸੀਂ ਪੰਜਾਬੀ ਮਾਰਕੀਟ ਵਿਚ ਪਹੁੰਚ ਗਏ। ਇਹ ਪੰਜਾਬੀਆਂ ਦੀ ਬਹੁਤ ਵੱਡੀ ਮਾਰਕੀਟ ਸੀ। ਏਥੇ ਪੰਜਾਬੀ ਲੋਕਾਂ ਕੋਲ ਦੁਕਾਨਾਂ ਹਨ। ਮਠਿਆਈ ਦੀਆਂ, ਕੱਪੜੇ ਦੀਆਂ ਅਤੇ ਚਾਟ, ਗੋਲਗੱਪੇ ਤੇ ਹੋਰ ਲਜ਼ੀਜ਼ ਚੀਜ਼ਾਂ ਇਥੇ ਮਿਲ ਜਾਂਦੀਆਂ ਹਨ। ਦੁਕਾਨਾਂ ਦੇ ਨਾਂ ਪੰਜਾਬੀ ਵਿਚ ਲਿਖੇ ਹੋਏ ਸਨ। ਕਈ ਜੋਤਸ਼ੀਆਂ, ਤਾਂਤਰਿਕਾਂ ਦੀਆਂ ਦੁਕਾਨਾ ਵੀ ਸਨ। ਏਥੇ ਅਸੀਂ ਗੋਲਗੱਫੇ ਤੇ ਚਾਟ ਖਾਧੀ ਅਤੇ ਤੁਰ ਪਏ ਕਲੋਨੇ ਸ਼ਹਿਰ ਵੱਲ ਨੂੰ। ਜਿਉਂ ਜਿਉਂ ਅਸੀਂ ਕਲੋਨੇ ਵੱਲ ਨੂੰ ਵੱਧ ਰਹੇ ਸੀ ਪਹਾੜੀਆਂ ਉੱਚੀਆਂ ਹੋਈ ਜਾ ਰਹੀਆਂ ਸਨ। ਸੜਕ ਬੜੀ ਖੁੱਲੀ ਤੇ ਟੂ ਵੇਅ ਸੀ। ਕਦੇ ਉੱਚੀ ਕਦੇ ਨੀਵੀਂ। ਆਲੇ ਦੁਆਲੇ ਦੇ ਦ੍ਰਿਸ਼ ਵੇਖ ਕੇ ਮਨ ਖੁਸ਼ ਹੋ ਰਿਹਾ ਸੀ। ਆਲੇ ਦੁਆਲੇ ਉੱਚੀਆਂ ਪਹਾੜੀਆਂ ਅਤੇ ਵਿਚਕਾਰ ਸੜਕ। ਦਿਨੇਸ਼ ਕੁਮਾਰ ਗੱਡੀ 120 ਦੀ ਸਪੀਡ ਤੇ ਚਲਾ ਰਿਹਾ ਸੀ। ਅਸੀਂ 8 ਵਜੇ ਕਲੋਨਾ ਸ਼ਹਿਰ ਪਹੁੰਚ ਗਏ। ਕਲੋਨਾ ਪਹਾੜੀਆਂ ਵਿਚ ਘਿਰਿਆ ਅਤਿ ਸੁੰਦਰ ਸ਼ਹਿਰ ਹੈ। ਇਕ ਦਮ ਸ਼ਾਂਤ। ਰਸਤੇ 'ਚ ਕੈਮਲੂਪਸ ਸ਼ਹਿਰ ਆਇਆ ਤਾਂ ਮੈਨੂੰ ਆਤਮਜੀਤ ਦਾ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਚੇਤੇ ਆ ਗਿਆ। ਟਰਾਂਟੋ ਵਾਂਗ ਭੀੜ ਵਾਲਾ ਸ਼ਹਿਰ ਨਹੀਂ ਸੀ। ਰਕੇਸ਼ ਕੁਮਾਰ ਦੇ ਘਰ ਮੋਹਰੇ ਪਹੁੰਚ ਕੇ ਅਸੀਂ ਗੱਡੀ ਤੋਂ ਉੱਤਰ ਪਏ।

**ਵੈਨਕੂਵਰ ਤੋਂ ਕਲੋਨਾ ਸ਼ਹਿਰ ਆਉਂਦਿਆਂ ਰਸਤੇ ਵਿਚ ਪਹਾੜਾ ਦਾ ਖ਼ੂਬਸੂਰਤ ਨਜ਼ਾਰਾ-ਰਕੇਸ਼ ਕੁਮਾਰ, ਇਸ਼ਾਨ ਤੇ ਭਗਵੰਤ ਰਸੂਲਪੁਰੀ**



**ਕਲੋਨਾ ਵਿਖੇ ਆਈਸ ਕ੍ਰੀਮ ਦਾ ਆਨੰਦ ਮਾਣਦੇ ਹੋਏ ਦਿਨੇਸ਼ ਕੁਮਾਰ ਨਾਲ ਲੇਖਕ**

ਸਾਰੇ ਬੱਚੇ ਸਾਡੇ ਦੁਆਲੇ ਹੋ ਗਏ। ਘਰ ਦੇ ਬੂਹੇ ਵਿਚ ਗੁਰਿੰਦਰ ਜੀਤ ਕੌਰ ਉਰਫ਼ ਰੈਂਪੀ ਭਾਵ ਕਿ ਮੇਰੀ ਪਤਨੀ ਦੀ ਭਰਜਾਈ ਖੜੀ ਸੀ। ਉਸ ਨੇ ਪੰਜਾਬੀ ਰਵਾਇਤੀ ਤਰੀਕੇ ਨਾਲ ਮੇਰਾ ਸਵਾਗਤ ਕੀਤਾ। ਤੇਲ ਚੁਆ ਕੇ ਅੰਦਰ ਵਾੜਿਆ। ਮੇਰਾ ਮੂੰਹ ਮਿੱਠਾ ਕਰਵਾਇਆ। ਮੈਂ ਅੰਦਰੋਂ ਭਾਵੁਕ ਹੋ ਗਿਆ। ਆਪਣੇ ਜਵਾਈ ਨੂੰ ਉਨ੍ਹਾਂ ਸਭ ਨੇ ਐਨਾ ਸਤਿਕਾਰ ਤੇ ਪਿਆਰ ਦਿੱਤਾ ਮੈਂ ਅੰਦਰੋਂ ਗਦ ਗਦ ਹੋ ਗਿਆ। ਚਾਹ ਪੀ ਕੇ ਮੈਨੂੰ ਸਾਰਾ ਘਰ ਦਿਖਾਇਆ ਗਿਆ। ਕਨੇਡਾ ਦਾ ਹਰ ਘਰ ਹੀ ਆਪਣੀ ਕਿਸਮ ਦਾ ਅਨਟੀਕ ਹੁੰਦਾ ਹੈ ਇਹ ਘਰ ਵੀ ਮੈਨੂੰ ਚੰਗਾ ਲੱਗਾ। ਦਿਨੇਸ਼ ਕੁਮਾਰ ਦਾ ਪਰਿਵਾਰ ਬੱਚੇ ਅਤੇ ਰਮਨ ਵੀ ਉਥੇ ਆਈ ਹੋਈ ਸੀ। ਸਭ ਨੇ ਖਾਣਾ ਖਾਧਾ। ਖਾਣੇ ਦਾ ਅੰਦਾਜ਼ ਸ਼ਾਹੀ ਸੀ। ਪਨੀਰ, ਚਾਵਲ, ਰੈਤਾ ਅਤੇ ਹੋਰ ਪਤਾ ਨੀ ਕੀ ਕੀ। ਸਵਾਦ ਵਿਚ ਲੋੜੋ ਵੱਧ ਖਾਧਾ ਗਿਆ। ਖਾਣਾ ਖਾ ਕੇ ਅਸੀਂ ਦਿਨੇਸ਼ ਕੁਮਾਰ ਦੇ ਘਰ ਵੱਲ ਤੁਰ ਪਏ। ਬੱਚੇ ਖਿੜਕਿੱਲੀ ਪਾ ਰਹੇ ਸਨ। ਨਵੇਂ ਮਹਿਮਾਨ ਦਾ ਸਭ ਨੂੰ ਚਾਅ ਸੀ। ਕੁਝ ਚਿਰ ਠਹਿਰ ਕੇ ਅਸੀਂ ਫਿਰ ਤੁਰ ਪਏ। ਦਿਨੇਸ਼ ਕੁਮਾਰ

ਗੱਲਾਂ ਕੀਤੀਆਂ। ਰੈਂਪੀ ਨੇ ਮੈਨੂੰ ਮੇਰੇ ਸੌਣ ਦਾ ਕਮਰਾ
। ਕਲੋਨਾ ਆ ਕੇ ਮਨ ਸਹਿਜ ਤੇ ਠਰੰਮੇ ਵਾਲਾ ਬਣ
ਤੇ ਰਕੇਸ਼ ਕੁਮਾਰ ਕੰਮ ਤੇ ਚਲੇ ਜਾਂਦੇ ਜਦੋਂ ਸ਼ਾਮ ਪੈਂਦੀ
ਬਹੁਤ ਘੱਟ ਘੁੰਮਿਆ। ਬਸ ਮਾਰਕੀਟ ਵਿਚ ਚਲੇ
ਨੂੰ ਮੈਂ ਕਮਨਜੀਤ ਤੇ ਕਮਲ ਹੁਰਾਂ ਦੇ ਘਰ ਪਹੁੰਚ
ਦਰ ਹੈ। ਪਹਾੜੀਆਂ ਨੂੰ ਕੱਟ ਕੇ ਖੁੱਲ੍ਹੀ ਰੋਡ ਬਣਾਈ
ਦੀ ਝੀਲ ਚੱਲਦੀ ਹੈ। ਝੀਲ ਤੋਂ ਪਾਰ ਉੱਚੇ ਉੱਚੇ
ਹੈ। ਕਿਤੇ ਕਿਤੇ ਮੋਟਰ ਬੋਟ ਪਾਣੀ ਵਿਚ ਚਲਦੀ ਹੈ।
ਬਸੂਰਤ ਹੈ। ਏਥੋਂ ਦੇ ਪਹਾੜ ਮਨ ਨੂੰ ਮੋਹ ਲੈਂਦੇ ਹਨ।
ਸਾਡੇ ਨਾਲ ਨਾਲ ਤੁਰਦੀ ਝੀਲ ਦਾ ਰੰਗ ਕਦੇ ਗਹਿਰਾ ਨੀਲਾ ਹੋ ਜਾਂਦਾ ਸੀ, ਕਦੇ ਸਲੇਟੀ ਅਤੇ ਕਦੇ ਹਲਕਾ ਨੀਲਾ... ਮੈਨੂੰ ਕਮਨਜੀਤ ਦੱਸ ਰਿਹਾ ਸੀ ਕਿ ਇਹ ਝੀਲ ਅਨੇਕਾਂ ਰੰਗ ਬਦਲਦੀ ਹੈ, ਇਹੀ ਇਸ ਦੀ ਸੁੰਦਰਤਾ ਦਾ ਰਾਜ਼ ਹੈ।" ਗੱਲਾਂ ਕਰਦੇ ਅਸੀਂ ਵਰਨਨ ਸ਼ਹਿਰ ਪਹੁੰਚ ਗਏ। ਮੈਨੂੰ ਦੂਰੋਂ ਹੀ ਕਮਨਜੀਤ ਨੇ ਦੱਸਿਆ ਕਿ ਔਹ ਪਹਾੜੀਆਂ ਵਿਚ ਘਿਰਿਆ ਵਰਨਨ ਸ਼ਹਿਰ ਦਿਸਦਾ ਹੈ।" ਵੈਨਕੂਵਰ ਤੋਂ ਕਲੋਨੇ ਤੱਕ ਜਦੋਂ ਵੀ ਕੋਈ ਸ਼ਹਿਰ ਆਉਂਦਾ ਤਾਂ ਮੇਨ ਹਾਈ ਵੇਅ ਤੋਂ ਹੱਟ ਕੇ ਹੁੰਦਾ, ਦੂਰੋਂ ਗਹਿਰੀ ਖਾਈ ਵਿਚ ਵਸਿਆ ਹੋਇਆ ਸ਼ਹਿਰ ਦਿਸ ਪੈਂਦਾ, ਘਰ ਨਿੱਕੇ ਨਿੱਕੇ ਡੱਬੇ ਜਿਹੇ ਲੱਗਦੇ। ਫਿਰ ਵਰਨਨ ਆਉਣ ਤੇ ਮੇਨ ਹਾਈ ਵੇਅ ਤੋਂ ਕਾਲਜ ਕੋਲੋਂ ਅਚਾਨਕ ਗੱਡੀ ਮੁੜੀ ਮੇਰਾ ਝੀਲ ਵੱਲੋਂ ਧਿਆਨ ਅਚਾਨਿਕ ਟੁੱਟ ਗਿਆ। 'ਲਓ ਜੀ ਘਰ ਨੇੜੇ ਆ ਗਿਆ ਹੈ।' ਅਤੇ ਕੁਝ ਪਲਾ ਬਾਅਦ ਅਸੀਂ ਕਮਨਜੀਤ ਦੇ ਘਰ ਅੱਗੇ ਖੜੇ ਸੀ। ਘਰ

**ਕੈਲਗਰੀ ਜੂਹ ਵਿਖੇ ਦਿਨੇਸ਼ ਕੁਮਾਰ ਬਾਲੂ ਤੇ ਪਰਿਵਾਰਕ ਮੈਂਬਰਾਂ**

ਦੇ ਮੂਹਰੇ ਮੈਨੂੰ ਇਕ ਹੋਰ ਝੀਲ ਦਿੱਸੀ। ਜਿਹੜੀ ਉਸ ਵੇਲੇ ਸਲੇਟੀ ਰੰਗ ਦੀ ਲੱਗਦੀ ਪਈ ਸੀ। ਇਸ ਝੀਲ ਦਾ ਨਾਂ 'ਕੈਲਾਮਲਕਾ' ਝੀਲ ਮੈਨੂੰ ਦੱਸਿਆ ਗਿਆ। ਘਰ ਦੇ ਬਾਹਰ 'ਕਰਨ' ਬੱਜਰੀ ਵਾਲੀ ਪੋਰਚ ਉੱਤੇ ਕੋਈ ਰੋਲਰ ਨਾਲ ਕੈਮੀਕਲ ਲਗਾ ਰਿਹਾ ਸੀ। ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈ ਰਹੀਆਂ ਸਨ। ਘਰ ਦੇ ਬਾਹਰ ਕਮਨਜੀਤ ਦੇ ਬਜ਼ੁਰਗ ਪਿਤਾ ਜਿਨ੍ਹਾਂ ਨੂੰ ਸਾਰੇ 'ਬਾਈ' ਕਹਿੰਦੇ ਹਨ ਇਕ ਸਟੂਲ 'ਤੇ ਬੈਠੇ ਹੋਏ ਸਨ। ਨਾਲ ਕਮਨਜੀਤ ਦੀ ਮਾਤਾ ਭਾਵ ਕਿ ਮੇਰੀ ਮਾਸੀ ਵੀ ਬੈਠੀ ਸੀ। ਪੰਜਾਬੀ ਪਹਿਰਾਵੇ ਤੇ ਸਟਾਇਲ ਨਾਲ। ਮੈਂ ਬਾਈ ਨੂੰ ਸਤਿਕਾਰ ਵਜੋਂ ਪੈਰੀ ਹੱਥ ਲਾਇਆ। ਉਹ ਖੁਸ਼ ਹੋ ਗਿਆ। "ਲੈ ਬਈ ਜਲੰਧਰੀਆਂ ਮੁੰਡਾ ਆ ਗਿਆ।" ਬਾਈ ਬੈਠਦੇ ਸਾਰ ਹੀ ਕਨੇਡਾ ਬਾਰੇ ਗੱਲਾਂ ਕਰਨ ਲੱਗ ਪਿਆ। ਉਧਰੋਂ ਜੋਬਨ ਆ ਗਿਆ। ਉਹ ਆਉਂਦਾ ਹੀ ਮੇਰੇ ਵੱਲ ਹੱਥ ਕਰਦਾ ਬੋਲਿਆ, "ਮਾਸੜ! ਕੀ ਹਾਲ ਆ... ?" ਜੋਬਨ ਬੜਾ ਸਿਆਣਾ ਹੋ ਗਿਆ ਸੀ। ਉਹ ਮੇਰੇ ਨਾਲ ਪੰਜਾਬ ਬਾਰੇ ਗੱਲਾਂ ਕਰਨ ਲੱਗ ਪਿਆ। ਪੰਜਾਬੀ ਦੀਆਂ ਰਾਜਨੀਤਿਕ ਪਾਰਟੀਆਂ ਬਾਰੇ ਗੱਲਾਂ ਕਰਨ ਲੱਗਾ। ਉਹਨੂੰ ਪੰਜਾਬ ਦੇ ਦਲਿਤ ਲੋਕਾਂ ਬਾਰੇ ਜਾਣਕਾਰੀ ਸੀ। ਉਹ ਉਨ੍ਹਾਂ ਦੀ ਸਮਾਜਿਕ ਸਥਿਤੀ ਬਾਰੇ ਜਾਣਦਾ ਸੀ ਅਤੇ ਅੰਬੇਡਕਰ ਦੀਆਂ ਗੱਲਾਂ ਵੀ ਕਰਦਾ ਸੀ। ਨਾਲ ਭਾਰਤ ਦੀ ਜਾਤ-ਪਾਤ ਪ੍ਰਣਾਲੀ ਨੂੰ ਨਿੰਦ ਰਿਹਾ ਸੀ। ਉਹਦੇ ਨਾਲ ਗੱਲਾਂ ਕਰਕੇ ਬੜਾ ਆਨੰਦ ਆਇਆ। ਉਹ ਪੰਜਾਬੀ ਲੋਕਾਂ ਨੂੰ ਬਹੁਤ ਘੱਟ ਪਸੰਦ ਕਰਦਾ ਹੈ। ਉਨ੍ਹਾਂ ਲਈ 'ਦੇਸੀ' ਸ਼ਬਦ ਵਰਤਦੇ। ਗੱਲਾਂ ਕਰਦਿਆਂ ਅਸੀਂ ਘਰ ਅੰਦਰ ਵੜ ਗਏ। ਕਮਨਜੀਤ-ਕਮਲ ਹੁਰਾਂ ਦਾ ਘਰ ਬਹੁਤ ਹੀ ਵੱਡਾ ਸੀ। ਥੱਲੇ ਬਾਈ ਤੇ ਮਾਸੀ ਤੇ ਜੋਬਨ ਸਨ ਉਪਰ ਬਾਕੀ ਪਰਿਵਾਰ। ਉਨ੍ਹਾਂ ਦੀ ਰਸੋਈ ਥਾਣੀ ਝੀਲ ਦਾ ਨਜ਼ਾਰਾ ਵੇਖਣ ਵਾਲਾ ਸੀ। ਐਂ ਲੱਗਦਾ ਸੀ ਜਿਵੇਂ ਕਿਸੇ ਹਿੱਲ ਸਟੇਸ਼ਨ ਉੱਤੇ ਆ ਗਏ ਹੋਈਏ।

ਕਲੋਨਾ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਹਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ ਹੈ।



ਇਹ 110 ਸਾਲਾਂ 'ਚ ਵਿਕਾਸ ਦੀ ਮੰਜਲਾ ਪਾਰ ਕਰ ਸਕਿਆ ਹੈ। ਇਹ ਸ਼ਹਿਰ ਓਕਾਨਾਗਨ ਵੈਲੀ ਵਿਚ 1859 'ਚ ਹੋਂਦ ਵਿਚ ਆਇਆ ਸੀ। ਇਸ ਵੈਲੀ ਵਿਚ ਰੈੱਡ ਇੰਡੀਅਨ ਲੋਕ ਜੋ ਜੰਗਲਾਂ ਵਿਚ ਰਹਿੰਦੇ ਸਨ ਉਹ ਏਥੇ ਸ਼ਿਕਾਰ ਕਰਨ ਅਤੇ ਰਹਿਣ ਆਏ ਸਨ। ਇਥੋਂ ਦੀ ਕੁਦਰਤੀ ਸੁੰਦਰਤਾ ਵੇਖ ਕੇ ਉਹ ਏਥੇ ਰਹਿਣ ਲੱਗੇ ਸਨ। 1905 ਵਿਚ ਇਸ ਵੈਲੀ ਨੂੰ ਕਲੋਨਾ ਦਾ ਨਾਂ ਦਿੱਤਾ ਗਿਆ। ਉਸ ਵੇਲੇ 600 ਲੋਕ ਇਥੇ ਰਹਿ ਰਹੇ ਸਨ। ਇਨ੍ਹਾਂ ਲੋਕਾਂ ਦਾ ਕਿੱਤਾ ਖੇਤੀ ਬਾੜੀ, ਵਪਾਰ, ਕਾਰੀਗਰ ਸੀ। ਵਧੇਰੇ ਲੋਕ ਸ਼ਿਕਾਰ ਕਰਨ ਵਾਲੇ ਸਨ। 1955 ਵਿਚ 9000 ਲੋਕ ਹੋ ਗਏ। ਉਸ ਵੇਲੇ ਇਹਦੀ ਗੋਡਲਨ ਜੁਬਲੀ ਮਨਾਈ ਗਈ। 1976 ਵਿਚ ਇਹਦੀ ਅਬਾਦੀ 53,000 ਹੋ ਗਈ। ਹੁਣ ਇਸ ਦੀ ਅਬਾਦੀ 106,000 ਹੈ। 122,000 ਲੋਕਾਂ ਦੇ ਰਹਿਣ ਦਾ ਅੰਦਾਜਾ ਵੀ ਹੈ। ਗਰਮੀਆਂ ਵਿਚ ਇਥੋਂ ਦੇ ਲੋਕ ਅਤੇ ਦੂਰੋਂ ਆ ਕੇ ਲੋਕ ਬੀਚਾ 'ਚ, ਗੋਲਫ਼ ਤੇ, ਪਿਕਨਿਕ ਥਾਂਵਾਂ 'ਚ ਜਾ ਕੇ ਕੁਦਰਤ ਦਾ ਨਜ਼ਾਰਾ ਮਾਣਦੇ ਹਨ। ਬੀ ਸੀ ਵਿਚ ਫਰੂਟ ਵਾਲੇ ਦਰਖੱਤਾਂ ਦੀਆਂ ਕਿਸਮਾਂ 800 ਹਨ। ਫਰੂਟ ਤੋਂ ਹਰ ਸਾਲ 130 ਮਿਲੀਅਨ ਡਾਲਰ ਦੀ ਆਮਦਨ ਹੁੰਦੀ ਹੈ। 900 ਮਿਲੀਅਨ ਡਾਲਰ ਦੀ ਇਕੋਨਮੀ ਬਣਦੀ ਹੈ। 1500 ਲੋਕ ਸਿੱਧੇ ਤੌਰ ਤੇ ਅਤੇ ਹਜ਼ਾਰਾਂ ਲੋਕ ਅਸਿੱਧੇ ਤੌਰ ਤੇ ਫਰੂਟ ਉਦਯੋਗ ਨਾਲ ਜੁੜੇ ਹੋਏ ਹਨ। ਇਸ ਵੈਲੀ ਦਾ 10,000 ਏਕੜ ਏਰੀਆ ਸੇਬਾਂ ਦੇ ਬਾਗਾਂ ਥੱਲੇ ਹੈ।

ਮੈਂ ਵਧੇਰੇ ਸਮਾਂ ਵਰਨਨ ਦੀ ਵੱਖੀ ਤੇ ਸਥਿਤ ਸ਼ਹਿਰ ਕੋਲਡ ਸਟਰੀਮ ਰਿਹਾ। ਆਪਣੇ ਭਰਾਵਾਂ ਵਰਗੇ ਸਾਂਢੂ ਕਮਨਜੀਤ ਕੋਲ। ਉਸ ਦਾ ਘਰ ਉੱਚੀ ਪਹਾੜੀ ਨੂੰ ਕੱਟ ਕੇ ਬਣਾਇਆ ਗਿਆ ਹੈ। ਇਸ ਇਲਾਕੇ ਵਿਚ ਵਧੇਰੇ ਗੋਰੇ ਲੋਕ ਰਹਿੰਦੇ ਹਨ। ਸਾਹਮਣੇ ਕੈਲਾਮਲਕਾ ਝੀਲ ਹੈ। ਜਦੋਂ ਸ਼ਾਮ ਪੈਂਦੀ ਹੈ ਤਾਂ ਉਦੋਂ ਖਾਣਾ ਖਾ ਕੇ ਮੈਂ ਓਕਾਨਾਗਨ ਕਾਲਜ ਵੱਲ ਸੈਰ ਕਰਨ ਚਲੇ ਜਾਂਦਾ ਸਾਂ। ਕਦੇ ਕਦੇ ਮੇਰੇ ਨਾਲ 'ਕਰਨ' ਤੇ 'ਪ੍ਰਿੰਸ'

ਅੱਗੇ ਜਾ ਕੇ ਹਾਈਵੇ ਆ ਜਾਂਦਾ ਹੈ। ਜਿਹੜਾ ਕਿ
ਕਾ ਝੀਲ' ਦਾ ਨਜ਼ਾਰਾ ਕੁੱਝ ਵੱਖਰਾ ਹੀ ਦਿਸਦਾ ਹੈ।
ਜਦੋਂ ਸਿਖ਼ਰ ਦੁਪਹਿਰਾ ਹੁੰਦਾ ਹੈ ਝੀਲ ਗਹਿਰੀ ਨੀਲੇ
ਜਵੇਂ ਸੂਰਜ ਘੁੰਮਦਾ ਹੈ, ਅਸਮਾਨ ਤੇ ਬੱਦਲ ਬਣਦੇ
ਜੇਕਰ ਅੱਜ 12 ਵਜੇ ਝੀਲ ਦਾ ਰੰਗ ਹਲਕਾ ਨੀਲਾ
। ਇਕੱਲਿਆ ਝੀਲ ਨੂੰ ਵੇਖਣ ਦਾ ਆਪਣਾ ਹੀ ਨਜ਼ਾਰਾ ਹੈ। ਮੈਂ ਸ਼ਾਮ ਨੂੰ ਓਕਾਨਾਗਨ ਕਾਲਜ ਦੇ ਨੇੜੇ ਰੋਡ ਕੋਲ ਉੱਚੀ ਥਾਂ ਕਿੰਨਾ ਕਿੰਨਾ ਚਿਰ ਬੈਠਾ ਝੀਲ ਦੇ ਪਾਣੀ ਅਤੇ ਉਹਦੇ ਰੰਗਾਂ ਵਿਚ ਗਵਾਚ ਜਾਂਦਾ ਰਿਹਾ ਸਾਂ। ਅਕਸਰ ਹੀ ਅਸਮਾਨ ਉੱਤੇ ਸਤਰੰਗੀ ਪੀਂਘ ਪੈ ਜਾਂਦੀ ਹੈ। ਇਸ ਝੀਲ ਦੇ ਇਕ ਸਿਰੇ ਤੇ ਬੀਚ ਹੈ। ਜਿਹੜੇ ਕਿ ਘਰ ਤੋਂ ਥੋੜ੍ਹੀ ਦੂਰ ਹੈ। ਮੈਂ ਅਕਸਰ ਹੀ ਬੀਚ ਤੇ ਪਹੁੰਚ ਜਾਂਦਾ ਸਾਂ। ਜਦੋਂ ਗਰਮੀ ਹੁੰਦੀ ਹੈ। ਉਦੋਂ ਬੀਚ ਉੱਤੇ

**ਐਪਲ ਤੋੜਨ ਦਾ ਕੰਮ ਕਰਦੀਆਂ ਪੰਜਾਬੀ ਔਰਤਾਂ**

ਗੋਰਿਆਂ, ਗੋਰੀਆਂ ਤੇ ਉਨ੍ਹਾਂ ਦੇ ਬੱਚਿਆਂ ਦੀ ਬਹੁਤ ਰੌਣਕ ਹੁੰਦੀ ਸੀ। ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ ਹੁੰਦੀ। ਜਦੋਂ ਮੈਂ ਕਦੇ ਕਦੇ ਕਮਨਜੀਤ ਭਾਜੀ ਨਾਲ ਉਨ੍ਹਾਂ ਦੇ ਐਪਲ ਦੇ ਫਾਰਮ ਵਿਚ ਜਾਂਦਾ ਤਾਂ ਇਹ ਬੀਚ ਸੁੰਨੀ ਹੁੰਦੀ ਸੀ ਜਦੋਂ ਦੁਪਹਿਰ ਨੂੰ ਮੁੜਨਾ ਤਾਂ ਇਹ ਗੋਰੀਆਂ ਨਾਲ ਭਰੀ ਹੁੰਦੀ ਸੀ। ਗੋਰੇ ਗੋਰੀਆਂ ਨਿੱਕੀਆਂ ਨਿੱਕਰਾਂ ਤੇ ਬ੍ਰਾ ਲਗਾ ਕੇ ਝੀਲ ਦੇ ਕਿਨਾਰੇ 'ਸਨ ਬਾਥ' ਕਰਦੀਆਂ ਅਤੇ ਝੀਲ ਦੇ ਠੰਢੇ ਪਾਣੀ ਵਿਚ ਨਹਾਉਂਦੀਆਂ ਆਨੰਦ ਲੈਂਦੀਆਂ ਸਨ। ਸੱਚਮੁੱਚ ਗੋਰੇ ਅਸਲ ਰੂਪ ਵਿਚ ਕੁਦਰਤ ਨੂੰ ਮਾਣਦੇ ਹਨ। ਜ਼ਿੰਦਗੀ ਦਾ ਨਜ਼ਾਰਾ ਲੈਂਦੇ ਹਨ। ਆਮ ਤੌਰ ਤੇ ਬੀਚ ਤੇ ਪੰਜਾਬੀ ਲੋਕ ਨਹੀਂ ਜਾਂਦੇ... ਐਵੇ ਆਟੇ 'ਚ ਲੂਣ ਬਰਾਬਰ। ਗੋਰੇ ਤਾਂ ਸਾਰਾ ਸਾਰਾ ਦਿਨ ਬੀਚ 'ਤੇ ਬੈਠੇ ਰਹਿੰਦੇ ਹਨ। ਕੋਈ ਖੇਡਦਾ ਹੈ ਤੇ ਕੋਈ ਗੋਰੀ ਨਾਵਲ ਪੜ੍ਹਨ ਵਿਚ ਮਗਨ ਹੁੰਦੀ ਹੈ। ਪਰ ਪੰਜਾਬੀਆਂ ਲਈ ਇਹ ਸਮਾਂ ਕੰਮ ਦੇ ਸੀਜ਼ਨ ਦਾ ਹੁੰਦਾ ਹੈ। ਉਹ ਸੂਰਜ ਨਿਕਲਣ ਤੋਂ ਪਹਿਲਾਂ ਹੀ ਐਪਲਾਂ ਜਾਂ ਚੈਰੀ ਦੇ ਬਾਗ਼ ਵਿਚ ਪਹੁੰਚ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਐਪਲਾਂ ਦੀ ਥਿੰਨਗ ਅਤੇ ਪਰੂਨਿੰਗ ਦਾ ਕੰਮ ਚੱਲਦਾ ਹੈ। ਪੰਜਾਬੀ ਡਾਲਰ ਕਮਾਉਣ ਦੀ ਦੌੜ ਵਿਚ ਹੁੰਦੇ ਹਨ। ਪੈਸੇ ਇਕੱਠੇ ਕਰਨ ਆਉਂਦੇ ਹਨ। ਉਨ੍ਹਾਂ ਨੇ ਘਰਾਂ ਦੇ ਬਿੱਲ-ਬੱਤੀਆਂ ਵੀ ਦੇਣੇ ਹੁੰਦੇ ਹਨ। ਜਿਹੜੇ ਪੰਜਾਬੀ ਲੋਕ ਸੀਜਨਲ ਕੰਮ ਕਰਦੇ ਹਨ ਜਦੋਂ ਬਰਫ਼ ਪੈ ਜਾਂਦੀ ਹੈ ਤਾਂ ਸਰਕਾਰ ਉਨ੍ਹਾਂ ਨੂੰ ਬੇਰੁਜਗਾਰੀ ਭੱਤਾ ਵੀ ਦਿੰਦੀ ਹੈ। ਉਨ੍ਹਾਂ ਨੂੰ ਗੋਰੀਆਂ ਦਾ ਜਿਸਮ ਵੇਖਣ ਦਾ ਵਿਹਲ ਹੀ ਨਹੀਂ ਹੁੰਦਾ। ਮੈਂ ਅਕਸਰ 'ਕੈਲਾਮਲਕਾ ਝੀਲ' ਦੀ ਬੀਚ ਤੇ ਦੁਪਹਿਰਾ ਕੱਟਣ ਤੁਰ ਪੈਂਦਾ। ਝੀਲ ਦਾ ਪਾਣੀ ਬਰਫ਼ ਵਰਗਾ ਠੰਡਾ ਹੁੰਦਾ। ਗੋਰੇ ਤੇ ਗੋਰੀਆਂ ਬੀਅਰ ਦੇ ਕੈਨ ਪੀਂਦਿਆਂ ਝੀਲ ਤੇ ਬੀਚ ਦਾ ਆਨੰਦ ਮਾਣਦੇ ਹਨ।

## ਕਨੇਡਾ ਦੀ ਖੇਤੀਬਾੜੀ

ਕਨੇਡਾ ਦੀ ਖੇਤੀਬਾੜੀ ਪੰਜਾਬ ਨਾਲੋਂ ਬਹੁਤ ਭਿੰਨ ਹੈ। ਇਥੋਂ ਦੀ ਬਹੁਤੀ ਧਰਤੀ ਉੱਤੇ ਜੰਗਲ ਹੈ, ਜਾਂ ਝੀਲਾਂ ਹਨ। ਜੰਗਲ ਤੋਂ ਲੱਕੜੀ ਲੋੜੋਂ ਵੱਧ ਮਾਤਰਾ ਵਿਚ ਮਿਲਦੀ ਹੈ। ਸਮਤਲ ਭੂਮੀ ਵੀ ਹੈ ਅਤੇ ਪਹਾੜੀ ਭੂਮੀ ਵੀ। ਟਰਾਂਟੋਂ ਵਿਚ ਵਧੇਰੇ ਖੇਤੀ ਕਣਕ ਦੀ ਅਤੇ ਮੱਕੀ ਦੀ ਕੀਤੀ ਜਾਂਦੀ ਹੈ। ਇਥੋਂ ਦੀ ਕਣਕ ਦੋ ਮਹੀਨੇ ਵਿਚ ਤਿਆਰ ਹੋ ਜਾਂਦੀ ਹੈ। ਮੱਕੀ ਦੀ ਫ਼ਸਲ ਵੀ ਵੱਡੀ ਪੱਧਰ ਤੇ ਹੁੰਦੀ ਹੈ ਜਿਹੜੀ ਕਿ ਮੁੱਖ ਤੌਰ ਤੇ ਗਾਵਾਂ ਦੇ ਚਾਰੇ ਲਈ ਵਰਤੀ ਜਾਂਦੀ ਹੈ। ਮੱਕੀ ਚੋਂ ਤੇਲ ਵੀ ਕੱਢਿਆ ਜਾਂਦਾ ਹੈ। ਜੋ ਦਾਲ੍ਹਾ ਸਬਜੀਆਂ ਬਣਾਉਣ ਦੇ ਕੰਮ ਆਉਂਦਾ ਹੈ। ਕੁਝ ਮੱਕੀ ਚਾਰੇ ਦੇ ਤੌਰ ਤੇ ਵਰਤੀ ਜਾਂਦੀ ਹੈ। ਵਰਨਨ ਅਤੇ ਕਲੋਨਾ ਸ਼ਹਿਰ ਵਿਚ ਐਪਲ ਦੀ ਖੇਤੀ ਹੁੰਦੀ ਹੈ। ਇਥੇ ਐਪਲ ਦੇ ਬਹੁਤ ਸੰਘਣੇ ਬਾਗ਼ ਹਨ। ਨਾਲ ਹੀ ਚੈਰੀ ਦੇ ਬਾਗ਼ ਵੀ ਹਨ। ਵਧੇਰੇ ਕੰਮ ਪੰਜਾਬੀ ਲੋਕਾਂ ਕੋਲ ਹਨ। ਇਥੋਂ ਦੇ ਐਪਲ ਦੇ ਟ੍ਰੀ ਵਿਸ਼ਾਲ ਦਰੱਖਤ ਵਰਗੇ ਨਹੀਂ

ਵਰਨਨ ਵਿਖੇ ਖੇਤਾਂ ਵਿਚ ਖੜ੍ਹੇ ਟਰੈਕਟਰ ਦਾ ਢਾਂਚਾ



ਹੁੰਦੇ। ਪਿਉਂਦ ਲਗਾ ਕੇ ਐਪਲ ਦਾ ਟ੍ਰੀ ਤਿਆਰ ਕੀਤਾ ਜਾਂਦਾ ਹੈ। ਇਸ ਦਾ ਇਕਹਿਰਾ ਤਣਾ ਹੁੰਦਾ ਹੈ। ਨਾਲ ਪਤਲੀਆਂ ਟਾਹਣੀਆਂ ਹੁੰਦੀਆਂ ਹਨ। ਟ੍ਰੀ ਦਾ ਫੈਲਾਅ 2 ਤੋਂ 3 ਫੁੱਟ ਹੁੰਦਾ ਹੈ। ਪਰ ਫ਼ਲ ਬਹੁਤ ਲੱਗਦਾ ਹੈ। ਪਰ ਅੱਜ ਤੋਂ ਪੰਜ ਛੇ ਸਾਲ ਪਹਿਲਾਂ ਐਪਲ ਦੇ ਟ੍ਰੀ ਦਾ ਫੈਲਾਅ ਵਧੇਰੇ ਹੁੰਦਾ ਸੀ। ਉਹ ਆਲੇ ਦੁਆਲੇ ਦਸ ਤੋਂ ਪੰਦਰਾ ਫੁੱਟ ਤੱਕ ਫੈਲਿਆ ਹੁੰਦਾ ਸੀ। ਉਨ੍ਹਾਂ ਨੂੰ ਪੁੱਟ ਕੇ ਨਵੀਂ ਕਿਸਮ ਦੇ ਬੂਟੇ ਲਗਾਏ ਗਏ ਹਨ।

**ਐਪਲਾਂ ਨਾਲ ਭਰੇ ਹੋਏ ਲੱਕੜੀ ਦੇ ਬਕਸੇ ਜਿਨ੍ਹਾਂ ਨੂੰ ਬੈਨ ਕਿਹਾ ਜਾਂਦਾ ਹੈ,ਕਾਮੇ ਇਨ੍ਹਾਂ ਬਕਸਿਆਂ ਵਿਚ ਸੇਬ ਤੋੜ ਕੇ ਪਾਉਂਦੇ ਹਨ**

ਇਹ ਟ੍ਰੀ 4-5 ਸਾਲ ਵਿਚ ਫ਼ਸਲ ਦੇਣ ਲੱਗ ਪੈਂਦਾ ਹੈ। ਪਾਣੀ ਫੁਆਰਾ ਤਕਨੀਕ ਰਾਹੀਂ ਲਗਾਇਆ ਜਾਂਦਾ ਹੈ। ਕਣਕ ਦੀ ਫ਼ਸਲ ਨੂੰ ਤਾਂ ਪਾਣੀ ਲਗਾਉਣ ਦੀ ਲੋੜ ਹੀ ਨਹੀਂ ਪੈਂਦੀ, ਜਿੱਥੇ ਇਹ ਫ਼ਸਲ ਹੁੰਦੀ ਹੈ ਉਥੇ ਦੂਜੇ ਤੀਜੇ ਦਿਨ ਮੀਂਹ ਪੈ ਜਾਂਦਾ ਹੈ। ਜਦੋਂ ਕਣਕ ਪੱਕਣ ਵਾਲੀ ਹੁੰਦੀ ਹੈ ਉਦੋਂ ਗਰਮੀ ਹੋ ਜਾਂਦੀ ਹੈ। ਐਪਲ ਦੀ ਸਿੰਜਾਈ ਪਾਈਪ ਸਿਸਟਮ ਰਾਹੀਂ ਹੁੰਦੀ ਹੈ। ਬੂਟਿਆ ਦੇ ਨਾਲ ਨਾਲ ਪਾਈਪ ਪਾਏ ਜਾਂਦੇ ਹਨ। ਜਿਨ੍ਹਾਂ ਵਿਚ ਤਪਕਾ ਤਪਕਾ ਪਾਣੀ ਸਿੰਮਦਾ ਰਹਿੰਦਾ ਹੈ। ਜੋ ਦਰੱਖਤ ਦੀਆਂ ਜੜ੍ਹਾਂ ਨੂੰ ਗਿੱਲਾ ਕਰਦਾ ਹੈ। ਕਿਸਾਨ ਖੇਤਾਂ ਵਿਚ ਬੋਰ ਕਰਕੇ ਧਰਤੀ ਵਿਚੋਂ ਪਾਣੀ ਨਹੀਂ ਕੱਢਦੇ ਸਗੋਂ ਸ਼ਹਿਰ ਦਾ ਵਾਟਰ ਸਪਲਾਈ ਵਿਭਾਗ ਘਰਾਂ ਦੇ ਨਾਲ ਨਾਲ ਖੇਤਾਂ ਵਿਚ ਪਾਣੀ ਸਪਲਾਈ ਕਰਦਾ ਹੈ। ਬਕਾਇਦਾ ਮੀਟਰ ਲੱਗਾ ਹੁੰਦਾ ਹੈ ਮੀਟਰ ਦੀ ਰੀਡਿੰਗ ਦੇ ਹਿਸਾਬ ਨਾਲ ਬਿੱਲ ਆਉਂਦਾ ਹੈ। ਜਦੋਂ ਪਤਝੜ ਆ ਜਾਂਦੀ ਹੈ ਸਾਰੇ ਫ਼ਲ ਟੁੱਟ ਜਾਂਦੇ ਹਨ ਅਤੇ ਬਰਫ਼ ਪੈਣੀ ਹੁੰਦੀ ਹੈ ਉਸ ਤੋਂ ਪਹਿਲਾਂ ਹੀ ਪਾਇਪਾ ਵਿਚੋਂ ਪਾਣੀ

**ਐਪਲ ਤੋੜਾਈ ਦੇ ਸੀਜਨ ਵਿਚ ਮੈਕਸੀਕੋ ਤੋਂ ਆਏ ਮੈਕਸੀਕਨਾ ਕਾਮੇ**

ਬੰਦ ਕਰ ਦਿੱਤਾ ਜਾਂਦਾ ਹੈ ਕਿਸਾਨ ਖੇਤਾਂ ਵਿਚ ਵਿਛਾਏ ਪਾਇਪਾਂ ਵਿਚੋਂ ਵੀ ਪਾਣੀ ਕੱਢ ਦਿੰਦੇ ਹਨ। ਕਨੇਡਾ ਵਿਚੋਂ ਪਾਣੀ ਨੂੰ ਧਰਤੀ ਵਿਚੋਂ ਨਹੀਂ ਕੱਢਿਆ ਜਾਂਦਾ ਬਲਕਿ ਸਾਰਾ ਵਰਤੋਂ ਵਾਲਾ ਪਾਣੀ ਝੀਲਾਂ ਵਿਚੋਂ ਆਉਂਦਾ ਹੈ। ਵਰਨਨ ਦੀਆਂ ਝੀਲਾਂ ਵਿਚੋਂ ਸਿਟੀ ਨੂੰ ਪਾਣੀ ਸਪਲਾਈ ਹੁੰਦਾ ਹੈ। ਚੈਰੀ ਦੀ ਫ਼ਸਲ ਵਰਨਨ ਅਤੇ ਕਲੋਨਾ ਏਰੀਏ ਵਿਚ ਵਧੇਰੇ ਹੁੰਦੀ ਹੈ। ਇਹ ਚੈਰੀ ਚੀਨ, ਇੰਡੋਨੇਸੀਆ, ਅਮਰੀਕਾ ਨੂੰ ਭੇਜੀ ਜਾਂਦੀ ਹੈ।ਐਪਲ ਦਾ ਵਧੇਰੇ ਜੂਸ ਤਿਆਰ ਹੁੰਦਾ ਅਤੇ ਇਹ ਹੋਰ ਦੇਸ਼ਾਂ ਨੂੰ ਵੀ ਐਪਲ ਸਪਲਾਈ ਹੁੰਦਾ ਹੈ।

**ਕਮਨਜੀਤ ਬੱਧਣ, ਸੀਤਲ ਅਨਮੋਲ ਨਾਲ ਲੇਖਕ ਪਿਛੇ ਕੈਲਾਮਲਕਾ ਦੀ ਵਿਸ਼ਾਲ ਝੀਲ ਦਾ ਨਜ਼ਾਰਾ**

ਐਪਲਾਂ ਦੇ ਟ੍ਰੀ ਪੰਜਾਹ-ਪੰਜਾਹ, ਸੌ ਸੌ ਏਕੜਾ ਵਿਚ ਲੱਗੇ ਹੁੰਦੇ ਹਨ। ਏਥੋਂ ਦੇ ਫਾਰਮਰ ਐਪਲਾਂ ਨੂੰ ਬਚਾਉਣ ਲਈ, ਉਨ੍ਹਾਂ ਤੋਂ ਵਧੇਰੇ ਝਾੜ ਲੈਣ ਲਈ ਕੀਟ ਨਾਸ਼ਿਕ ਦਵਾਈਆਂ ਦੀ ਵਰਤੋਂ ਕਰਦੇ ਹਨ ਅਤੇ ਐਪਲਾਂ ਦੇ ਅਕਾਰ ਜਲਦੀ ਵੱਡਾ ਕਰਨ ਲਈ ਖਾਦਾ ਪਾਉਂਦੇ ਹਨ। ਉਨ੍ਹਾਂ ਉੱਤੇ ਕੈਲਸ਼ੀਅਮ ਦੀਆਂ ਸਪਰੇਆਂ ਕਰਦੇ ਹਨ। ਇਨ੍ਹਾਂ ਤੋਂ ਬਿਨਾ ਕਿਸਾਨਾ ਦਾ ਗੁਜਾਰਾ ਨਹੀਂ ਹੁੰਦਾ। ਚੰਗੀ ਫਸਲ ਦਾ ਹੀ ਮਾਰਕੀਟ ਵਿਚ ਚੰਗਾ ਭਾਅ ਲੱਗਦਾ ਹੈ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਐਪਲ ਮੰਡੀ ਵਿਚ ਚੰਗਾ ਮੁੱਲ ਨਹੀਂ ਦਿੰਦੇ। ਅਤੇ ਉਨ੍ਹਾਂ ਦਾ ਝਾੜ ਵੀ ਘੱਟ ਜਾਂਦਾ ਹੈ। ਹਫ਼ਤੇ ਬਾਅਦ ਸਪਰੇਅ ਹੁੰਦੀ ਹੈ। ਝੁਲਸ ਦੇ ਰੋਗ ਤੋਂ ਬਚਣ ਲਈ ਵੱਖਰੀ ਸਪਰੇ ਕਰਦੇ ਹਨ। ਚੈਰੀ ਦੀ ਫ਼ਸਲ ਜਦੋਂ ਪੱਕਣ ਤੇ ਆਉਂਦੀ ਹੈ ਅਤੇ ਜਦੋਂ ਪੱਕ ਵੀ ਜਾਂਦੀ ਹੈ। ਉਸ ਤੇ ਸਪਰੇ ਵਾਰ ਵਾਰ ਕੀਤੀ ਜਾਂਦੀ ਹੈ। ਤਾਂ ਕਿ ਉਸਦਾ ਅੰਦਰਲਾ ਪਰੈਸਰ ਬਣਿਆ ਰਹੇ ਅਤੇ ਅਤੇ ਫ਼ਲ ਨਰਮ ਨਾ ਪਵੇ। ਇਨ੍ਹਾਂ ਦਿਨ੍ਹਾਂ ਵਿਚ ਮੀਂਹ ਆਮ ਪੈ ਜਾਂਦਾ ਹੈ, ਚੈਰੀ ਦੀ ਫ਼ਸਲ ਲਈ ਮੀਂਹ ਘਾਤਕ ਹੁੰਦਾ ਹੈ।ਚੈਰੀ ਦੀ ਡੰਡੀ ਵਿਚ ਪਾਣੀ ਖੜਾ ਹੋ ਜਾਂਦਾ ਹੈ ਉਸ ਸਥਾਨ 'ਤੇ ਸੁੰਡੀ ਪੈ ਜਾਂਦੀ ਹੈ, ਇਸ ਲਈ ਕਿਸਾਨ ਮੀਂਹ ਦੇ ਤੁਰੰਤ ਬਾਅਦ ਹੈਲੀਕਪਟਰ ਚੈਰੀ ਦੇ ਪੌਦਿਆਂ ਉੱਤੇ ਘੁੰਮਾਉਂਦੇ ਹਨ। ਹੈਲਕਪਟਰ ਦੇ ਪਰਾਂ ਦੀ ਹਵਾ ਨਾਲ ਪਾਣੀ ਥੱਲੇ ਡਿੱਗ

**ਸੇਬਾਂ ਦੀ ਤੋੜਾਈ ਦਾ ਕੰਮ ਖਤਮ ਹੋਣ ਤੇ ਕਿਸਾਨ ਆਪਣੇ-ਆਪਣੇ ਫਾਰਮਾਂ ਤੇ ਇਸ ਤਰ੍ਹਾਂ ਪਾਰਟੀ ਕਰਦੇ ਹਨ ਫੋਟੋ ਵਿਚ ਕਮਨਜੀਤ ਬੱਧਣ, ਅਮਰਜੀਤ ਆਪਣੇ ਸਾਥੀਆਂ ਨਾਲ**



ਜਾਂਦਾ ਹੈ ਤਾਂ ਚੈਰੀ ਦਾ ਫਰੂਟ ਖਰਾਬ ਨਹੀਂ ਹੁੰਦਾ। ਛੋਟੇ ਫਾਰਮਰਾ ਨੂੰ ਇਸ ਤਰ੍ਹਾਂ ਪਾਣੀ ਸੁਕਾਉਣਾ ਕਾਫ਼ੀ ਮਹਿੰਦਾ ਪੈਂਦਾ ਹੈ। ਇਹ ਕੰਮ ਉਹ ਫਾਰਮਰ ਕਰਦੇ ਹਨ ਜਿਨ੍ਹਾਂ ਨੇ ਚੈਰੀ ਦੇ ਤਿੰਨ- ਤੋਂ ਸੱਤ ਸੌ ਏਕੜਾ ਵਿਚ ਚੈਰੀ ਲਗਾਈ ਹੁੰਦੀ ਹੈ। ਕਈਆਂ ਕੋਲ ਆਪਣੇ ਹੈਲੀਕਾਪਟਰ ਹੁੰਦੇ ਹਨ, ਚੈਰੀ ਦੀ ਫ਼ਸਲ ਨੂੰ ਬਚਾਉਣ ਲਈ ਉਹ ਹਰ ਯਤਨ ਕਰਦੇ ਹਨ। ਇਸ ਇਲਾਕੇ ਵਿਚ ਫ਼ਸਲਾਂ ਉੱਤੇ ਪੈਸਟੀਸਾਇਡ, ਫੰਗੀ ਸਾਇਡ ਦੀ ਵਰਤੋਂ ਹੁੰਦੀ ਹੈ। ਪ੍ਰੰਤੂ ਐਪਲਾਂ ਦੇ ਤੋੜਨ ਤੋਂ ਇਕ ਮਹੀਨਾ ਪਹਿਲਾਂ ਕੀਟ ਨਾਸ਼ਕ ਕਰਨ ਦੀ ਮਨਾਹੀ ਹੈ। ਵਰਨਨ ਦੇ ਐਪਲ ਦੀ ਖੇਤੀ ਕਰਨ ਵਾਲੇ ਫਾਰਮਰ ਮੈਕਸੀਕਨਾ ਨੂੰ ਵੀ ਫਾਰਮਾਂ ਵਿਚ ਕੰਮ ਕਰਨ ਬਲਾਉਂਦੇ ਹਨ। ਇਹ ਵਰਕਰ ਮੈਕਸੀਕੋ ਸਰਕਾਰ ਨਾਲ ਕਨੇਡਾ ਸਰਕਾਰ ਦੇ ਸਮਝੌਤੇ ਤਹਿਤ ਆਉਂਦੇ ਹਨ। ਜਿਹੜੇ ਵੀ ਕਿਸਾਨ ਇਨ੍ਹਾਂ ਨੂੰ ਬੁਲਾਉਂਦੇ ਹਨ, ਉਹ ਹੀ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ, ਲਾਂਡਰੀ ਦਾ ਪ੍ਰਬੰਧ ਕਰਦੇ ਹਨ। ਇਹ ਆਮ ਤੌਰ ਤੇ ਫਾਰਮਾਂ ਵਿਚ ਹੀ ਰਹਿੰਦੇ ਹਨ। ਇਹ ਸਾਰਾ ਕਾਰਜ ਇਕਰਾਰਨਾਮੇ ਤਹਿਤ ਹੁੰਦਾ ਹੈ। ਇਹ ਮੈਕਸੀਕੋ ਤੋਂ ਆਈ ਲੇਬਰ ਕਨੇਡਾ ਵਿਚ ਪੱਕੇ ਤੌਰ ਤੇ ਨਹੀਂ ਰਹਿੰਦੀ। ਇਹ ਯੂ. ਪੀ. ਬਿਹਾਰ ਦੇ ਭਈਆ ਵਾਂਗ ਆਪਣਾ ਕੰਮ ਕਰਦੇ ਹਨ। ਡਾਲਰ ਕਮਾਉਂਦੇ ਹਨ ਤੇ ਵਾਪਸ ਆਪਣੇ ਘਰ ਚਲੇ ਜਾਂਦੇ ਹਨ। ਮੈਕਸੀਕੋ ਵਿਚ ਬਹੁਤ ਗਰੀਬੀ ਅਤੇ ਕੰਮ ਵੀ ਘੱਟ ਹੈ। ਇਹ ਕਾਮੇ ਪੰਜਾਬੀਆਂ ਤੇ ਗੋਰਿਆਂ ਨਾਲੋਂ ਵੱਧ ਕੰਮ ਕਰਦੇ ਹਨ। ਇਨ੍ਹਾਂ ਦੀਆਂ ਸ਼ਕਲਾਂ ਭਾਰਤੀ ਅਤੇ ਪੰਜਾਬੀ ਲੋਕਾਂ ਨਾਲ ਮਿਲਦੀਆਂ ਜੁਲਦੀਆਂ ਹਨ। ਘੰਟਿਆਂ ਦੇ ਹਿਸਾਬ ਨਾਲ ਵਰਕਰ ਕੰਮ ਕਰਦੇ ਹਨ। ਐਪਲਾਂ ਦਾ ਕੰਮ ਕਰਨ ਵਾਲੇ ਵਰਕਰ ਵੀ ਵਧੇਰੇ ਪੰਜਾਬੀ ਹਨ। ਔਰਤਾਂ ਵੀ ਇਹ ਕੰਮ ਕਰਦੀਆਂ ਹਨ। ਇਹ ਕੰਮ ਸੀਜਨਲ ਹੁੰਦਾ ਹੈ।

ਐਪਲ ਦੇ ਫਾਰਮਾਂ ਵਿਚ ਅੰਬਰੋਸ਼ੀਆ ਅਤੇ ਰਾਇਲ ਗੈਲਾ ਦੀ ਖੇਤੀ ਵਧੇਰੇ ਮਾਤਰਾ ਵਿਚ ਹੁੰਦੀ ਹੈ।



**ਸੀਤਲ ਅਨਮੋਲ ਤੇ ਪਾਲ ਢਿੱਲੋਂ ਨਾਲ ਭਗਵੰਤ ਰਸੂਲਪੁਰੀ, ਪਾਲ ਢਿੱਲੋਂ ਦੇ ਘਰ ਜਿੱਥੋਂ ਕੈਲਾਮਲਕਾ ਦੀ ਵਿਸ਼ਾਲ ਝੀਲ ਦਾ ਨਜ਼ਾਰਾ ਦਿਸਦਾ ਹੈ**



**ਅੱਜ ਤੋਂ 50-60 ਸਾਲ ਪਹਿਲਾਂ ਖੇਤੀਬਾੜੀ ਲਈ ਵਰਤੀਆਂ ਜਾਣ ਵਾਲੀਆਂ ਟਰਾਲੀਆਂ**

ਇਨ੍ਹਾਂ ਕਿਸਮਾਂ ਤੋਂ ਪਹਿਲਾਂ ਅਤੇ ਹਨੀਕਰੇਪਸ, ਸੰਨਰਾਈਜ਼,ਅਰਲੀ ਗੋਲਡ ਅਤੇ ਸਪਾਰਟਨ ਕਿਸਮਾਂ ਦੇ ਐਪਲ ਵਧੇਰ ਹੁੰਦੇ ਸਨ। ਜਿਨ੍ਹਾਂ ਨੂੰ ਪੁੱਟ ਕੇ ਕਿਸਾਨਾਂ ਨੇ ਅੰਬਰੋਸ਼ੀਆ ਅਤੇ ਰਾਇਲ ਗੈਲਾ ਐਪਲ ਬੀਜ ਦਿੱਤੇ ਗਏ ਹਨ। ਮਾਰਕੀਟ ਵਿਚ ਇਨ੍ਹਾਂ ਦਾ ਮੁੱਲ ਵਧੇਰੇ ਮਿਲ ਜਾਂਦਾ ਹੈ। ਇਹ ਨਵੀਂ ਹਾਈ ਬਰੀਡ ਦੇ ਐਪਲ ਹਨ। ਹੁਣ ਵੀ ਇਨ੍ਹਾਂ ਹਾਈ ਬਰੀਡ ਦੇ ਐਪਲ ਦੀ ਖੋਜ ਕਰਨ ਵਾਲੇ ਖੇਤੀ ਮਹਿਰਾ ਨੂੰ ਬਕਾਇਦਾ ਐਪਲ ਦੀ ਖੇਤੀ ਕਰਨ ਵਾਲੇ ਫਾਰਮਰਾਂ ਦੀ ਕਮਾਈ ਚੋਂ ਰਾਇਲਟੀ ਜਾਂਦੀ ਹੈ। ਅਤੇ ਜੋ ਪਹਿਲਾਂ ਸਨ ਉਨ੍ਹਾਂ ਦੀ ਮਾਰਕੀਟ ਵੈਲਯੂ ਐਨੀ ਚੰਗੀ ਨਹੀਂ ਸੀ ਅਤੇ ਉਹ ਮਾਰਕੀਟ 'ਚ ਸਸਤੇ ਖਰੀਦੇ ਜਾਂਦੇ ਸਨ। ਐਪਲਾਂ ਦੀ ਨਵੀਂ ਕਿਸਮ ਪਿਉਂਦ ਵਿਧੀ ਰਾਹੀ ਹੁੰਦੀ ਹੈ। ਪਹਿਲਾਂ ਇਨ੍ਹਾਂ ਦੀਆਂ ਕਲਮਾਂ ਬੀਜੀਆਂ ਜਾਂਦੀਆਂ ਹਨ। ਫਿਰ ਜਦੋਂ ਉਨ੍ਹਾਂ ਕਲਮਾਂ ਤੇ ਟਾਹਣੀਆਂ ਦੋ ਫੁੱਟ ਦੇ ਕਰੀਬ ਪੁੰਗਰ ਕੇ ਆ ਜਾਂਦੀਆਂ ਹਨ ਤਾਂ ਉਨ੍ਹਾਂ ਉੱਤੇ ਗੈਲੇ ਅਤੇ ਅੰਬਰੋਸੀਆਂ ਦੀਆਂ ਅੱਖਾਂ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਐਪਲਾਂ ਤੇ ਟਾਨਕ ਅਤੇ ਕੀੜੇ ਮਾਰ ਦਵਾਈਆਂ ਦੀ ਸਪਰੇਅ ਕੀਤੀ ਜਾਂਦੀ ਹੈ। ਟ੍ਰੀ ਨੂੰ ਐਨਾ ਫ਼ਲ ਲੱਗਦਾ ਹੈ ਕਿ ਥਿੰਨਗ ਰਾਹੀਂ ਵਾਧੂ ਐਪਲ ਝਾੜੇ ਜਾਂਦੇ ਹਨ। ਤਾਂ ਜੋ ਹਰ ਐਪਲ ਦਾ ਸਹੀ ਅਕਾਰ ਬਣ ਸਕੇ ਅਤੇ ਮਾਰਕੀਟ ਵਿਚ ਉਹ ਐਪਲ ਏ ਗਰੇਡ ਵਿਚ ਵਿਕ ਸਕਣ।

ਐਪਲ ਲਗਾਉਣ ਦੀ ਤਕਨੀਕ ਵੱਖਰੀ ਹੈ। ਇਥੇ ਪਿਉਂਦ ਦੀ ਵਿਧੀ ਨਾਲ ਐਪਲ ਦੇ ਪੌਦੇ ਤਿਆਰ ਹੁੰਦੇ ਹਨ। ਪਹਿਲਾਂ ਰੋਗ ਰਹਿਤ ਕੀਤੀਆਂ ਐਪਲ ਜਾਤੀ ਦੇ ਪੌਦੇ ਦੀਆਂ ਟਾਹਣੀਆਂ ਜਾਂ ਕਲਮਾਂ ਲਗਾਈਆਂ ਜਾਂਦੀਆਂ ਹਨ। ਇਹ ਕਲਮਾਂ ਵਿਦੇਸ਼ ਵਿਚੋਂ ਆਉਂਦੀਆਂ ਹਨ। ਤਿੰਨ ਮਹੀਨਿਆਂ ਵਿਚ ਜਦੋਂ ਉਹ ਫੁੱਟ ਪੈਂਦੀਆਂ ਹਨ ਫਿਰ ਜੁਲਾਈ ਦੇ ਅਖੀਰ ਜਾਂ ਅਗਸਤ ਦੇ ਸ਼ੁਰੂ ਵਿਚ ਉਸ ਤੇ ਜਿਸ ਵੀ ਸੇਬ ਦੀ ਕਿਸਮ ਦੀ ਪਿਉਂਦ ਲਗਾਉਣੀ ਹੁੰਦੀ ਹੈ। ਉਸ ਦੀ ਅੱਖ ਜਾਂ ਪੰਗੂਰਾ ਉਸ ਨੂੰ ਕੱਟ ਕੇ ਲਗਾਈ ਜਾਂਦੀ ਹੈ। ਫਿਰ ਉਸ ਤੇ ਟੇਪ ਲਪੇਟੀ ਜਾਂਦੀ ਹੈ। ਇਕ ਮਹੀਨੇ ਬਾਅਦ ਇਹ ਟੇਪ ਉਤਾਰ ਦਿੱਤੀ ਜਾਂਦੀ ਹੈ। ਇਹ ਸਾਰਾ ਕੁਝ ਮਈ ਤੇ ਅਗਸਤ ਤੱਕ

**ਅੱਜ ਤੋਂ 50-60 ਸਾਲ ਪਹਿਲਾਂ ਖੇਤੀਬਾੜੀ ਲਈ ਵਰਤਿਆ ਜਾਣ ਵਾਲਾ ਟਰੈਕਟਰ**

**ਕੈਲਾਮਲਕਾ ਝੀਲ ਦੀ ਬੀਚ ਵਿਖੇ ਨਹਾਉਣ ਦਾ ਆਨੰਦ ਲੈਂਦਾ ਹੋਇਆ ਲੇਖਕ**

ਹੁੰਦਾ ਹੈ। ਜਦੋਂ ਕਲਮਾਂ ਲੱਗਦੀਆਂ ਹਨ ਉਦੋਂ ਏਥੋਂ ਦਾ ਤਾਪਮਾਨ 30 ਤੋਂ 35 ਡਿਗਰੀ ਤੱਕ ਰਹਿੰਦਾ ਹੈ। ਸਤੰਬਰ ਵਿਚ ਠੰਡ ਪੈਣ ਲੱਗਦੀ ਹੈ। ਫਿਰ ਇਸ ਨੂੰ ਖਾਦ ਪਾਈ ਜਾਂਦੀ ਹੈ। ਕੀੜੇ ਮਾਰ ਦਵਾਈਆਂ ਦੀ ਸਪਰੇ ਕੀਤੀ ਜਾਂਦੀ ਹੈ। ਸਤੰਬਰ-ਅਕਤਬਰ 'ਚ ਕਲਮਾਂ ਤੇ ਲਗਾਈਆਂ ਅੱਖਾਂ ਨਮੀ ਤੇ ਗਰਮੀ ਨਾਲ ਜੁੜ [illegible] ਬਾਅਦ ਬਰਫ਼ ਪੈਣ ਲਗਦੀ ਹੈ। ਬਰਫ਼ 'ਚ ਇਹ ਕਲਮਾਂ ਫਰੀਜ਼ ਹੋ [illegible] ਮਹੀਨੇ 'ਚ ਬਰਫ਼ ਦੇ ਪਿਘਲਣ ਨਾਲ ਇਹ ਪਿਓਂਦ ਚਾੜ੍ਹੀਆਂ ਅੱਖਾਂ ਤੋਂ [illegible] ਟ੍ਰੀ ਫੁੱਟ ਪੈਂਦਾ ਹੈ।

[illegible] ਵਰਗੇ ਫਰੂਟ ਬੀ ਸੀ ਵਿਚ ਵੱਡੀ ਮਾਤਰੀ ਵਿਚ ਹੁੰਦੇ ਹਨ। ਇਸ ਫਰੂਟ ਨੂੰ ਸਰਕਾਰੀ ਤਰ 'ਤੇ ਖਰੀਦਿਆ ਨਹੀਂ ਜਾਂਦਾ। ਕਿਸਾਨਾਂ ਨੇ ਆਪਣੇ ਪੱਧਰ ਉੱਤੇ ਕੋਆਪਰੇਟਿਵ ਸੁਸਾਇਟੀਆਂ ਬਣਾਈਆਂ ਹੋਈਆਂ ਹਨ। ਕਲੋਨਾ ਵਰਨਨ ਸ਼ਹਿਰਾ ਵਿਚ ਕਿਸਾਨਾਂ ਨੇ ਬੀ ਸੀ ਟ੍ਰੀ ਫਰੂਟ ਕੋਆਪਰੇਟਿਵ ਸੁਸਾਇਟੀ ਬਣਾਈ ਹੋਈ ਹੈ। ਇਸ ਇਲਾਕੇ ਦਾ ਸਾਰਾ ਸੇਬ ਅਤੇ ਹੋਰ ਫ਼ਲ ਇਹ ਕੋਆਪਰੇਟਿਵ ਸੁਸਾਇਟੀ ਲੈਂਦੀ ਹੈ। ਇਸ ਦੇ ਬਹੁਤ ਵੱਡੇ ਵੱਡੇ ਸਟੋਰ ਹਨ ਜਿਨ੍ਹਾਂ ਵਿਚ ਕਿਸਾਨਾਂ ਦੇ ਸੇਬਾਂ ਦੇ ਬੈੱਨ ਰੱਖੇ ਜਾਂਦੇ ਹਨ। ਇਨ੍ਹਾਂ ਬਿੱਨਾਂ ਉੱਤੇ ਹਰ ਫਾਰਮਰ ਦਾ ਕੋਡ ਲੱਗਾ ਹੁੰਦਾ ਹੈ ਜਿਹੜਾ ਕੋਡ ਹਰ ਫਾਰਮਰ ਨੂੰ ਇਹ ਸੁਸਾਇਟੀ ਦਿੰਦੀ ਹੈ। ਮੰਗ ਦੇ ਹਿਸਾਬ ਨਾਲ ਸੇਬ ਅਤੇ ਹੋਰ ਫ਼ਲ ਨੂੰ ਮਾਰਕੀਟ ਵਿਚ ਭੇਜਦੀ ਰਹਿੰਦੀ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਘਰ ਚੈਕ ਆਉਂਦੇ ਰਹਿੰਦੇ ਹਨ। ਕਿਸਾਨ ਆਪਣੇ ਵਿਚੋਂ ਹੀ ਸੁਸਾਇਟੀ ਦੇ ਮੁੱਖ ਅਹੁਦੇਦਾਰ ਚੁਣਦੀ ਹੈ। ਚੁਣੇ ਹੋਏ ਅਹੁਦੇਦਾਰ ਹੀ ਵਰਕਰ ਰੱਖਦੇ ਹਨ, ਉਨ੍ਹਾਂ ਨੂੰ ਤਨਖਾਹਾ ਦੇਣੀਆਂ, ਸਾਰਾ ਪ੍ਰਬੰਧ ਕਰਨਾ ਸਾਰਾ ਕੁਝ ਉਹ ਹੀ ਕਰਦੇ ਹਨ।

## ਗੈਰੀ ਮੌਕ ਵਾਇਨਰੀ

ਕਲੋਨਾ, ਵਰਨਨ ਤੇ ਕੋਲਡਸਟੀਮ ਝੀਲਾ, ਪਹਾੜ, ਵੈਲੀਆਂ ਦਾ ਸ਼ਹਿਰ ਹੈ। ਇਥੋਂ ਦੀ ਧਰਤੀ

ਪਹਾੜੀ ਹੋਣ ਕਰਕੇ ਉੱਚੀ ਨੀਵੀਂ ਹੈ। ਬ੍ਰਿਟਿਸ਼ ਕੋਲਬੀਆ ਦੀ ਓਕਾਨਾਗਨ ਵੈਲੀ ਬਹੁਤ ਹੀ ਖ਼ੂਬਸੂਰਤ ਵੈਲੀ ਹੈ। ਇਸ ਵੈਲੀ ਦਾ ਨਾਂ ਉਕਾਨਾਗਨ ਲੋਕਾਂ ਤੋਂ ਪਿਆ ਜਿਹੜੇ ਕਿ 6000 ਸਾਲ ਪਹਿਲਾਂ ਏਥੇ ਸ਼ਿਕਾਰ ਕਰਨ ਮੱਛੀਆਂ ਫੜਨ ਤੇ ਵਾਪਰ ਦੀ ਦ੍ਰਿਸ਼ਟੀ ਨਾਲ ਆਏ ਸਨ। ਫਿਰ ਇਹ ਏਥੇ ਦੇ ਹੋ ਕੇ ਰਹਿ ਗਏ। ਹੁਣ ਇਸ ਵੈਲੀ ਵਿਚ ਪੂਰਾ ਸ਼ਹਿਰ ਵਸ ਗਿਆ ਹੈ। ਇਸ ਸ਼ਹਿਰ ਦੀਆਂ ਝੀਲਾਂ ਬਹੁਤ ਸੁੰਦਰ ਹਨ। ਏਥੇ 30 ਦੇ ਕਰੀਬ ਬੀਚਾਂ ਹਨ।

**ਕੈਲਗਰੀ ਵਿਖੇ ਪਰਿਵਾਰਕ ਮੈਂਬਰਾ ਦਿਨੇਸ਼ ਕੁਮਾਰ, ਕਰਨ, ਜੋਬਨ ਬੱਧਣ ਨਾਲ ਲੇਖਕ**

ਜਿੱਥੇ ਗਰਮੀਆਂ ਨੂੰ ਗੋਰੇ ਲੋਕ ਝੀਲਾਂ 'ਚ ਤੈਰਦੇ ਹਨ। ਗੋਰੀਆਂ ਨਿੱਕੇ ਵਸਤਰ ਪਾ ਕੇ ਬੀਚ 'ਚ ਘੁੰਮਦੀਆਂ ਹਨ ਅਤੇ ਝੀਲਾਂ ਵਿਚ ਤੈਰਦੀਆਂ ਹਨ। ਇਹ ਇਥੋਂ ਦਾ ਕਲਚਰ ਹੈ। ਵਰਨਨ ਵੈਲੀ ਖੇਤੀ ਪ੍ਰਧਾਨ ਵੈਲੀ ਹੈ। ਏਥੇ ਇੰਡਸਟਰੀ ਬਹੁਤ ਘੱਟ ਹੈ। ਲੱਕੜ ਦੀਆਂ ਮਿੱਲ੍ਹਾਂ ਹਨ। ਖੇਤੀ-ਬਾੜੀ ਅਤੇ ਬਾਗਬਾਨੀ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਹੈ। ਮੁੱਖ ਤੌਰ ਤੇ ਐਪਲ ਤੇ ਚੈਰੀ ਦੀ ਖੇਤੀ ਹੁੰਦੀ ਹੈ ਵੈਨਕੂਵਰ ਸਾਇਡ ਉੱਤੇ ਸਟਾਬੇਰੀ, ਬਲਿਓ ਬੇਰੀ, ਰਸਿਪਬੇਰੀ ਆਦਿ ਫਰੂਟ ਹੁੰਦੇ ਹਨ। ਚੈਰੀ ਵਧੇਰੇ ਕਰਕੇ ਚੀਨ ਨੂੰ ਭੇਜੀ ਜਾਂਦੀ ਹੈ। ਇਕ ਦਿਨ ਜੋਬਨ ਮੈਨੂੰ ਗੈਰੀ ਮੌਕ ਵਾਇਨਰੀ ਲੈ ਗਿਆ। ਇਹ ਬੀ. ਸੀ. ਦੀ ਸਭ ਤੋਂ ਪੁਰਾਣੀ ਪਰਿਵਾਰਕ ਵਾਇਨਰੀ ਹੈ। ਇਹ ਬੜੀ ਹੀ ਸੁੰਦਰ ਵੈਲੀ ਵਿਚ ਬਣੀ ਹੋਈ ਹੈ। ਇਸ ਦੇ ਇਕ ਪਾਸੇ ਅੰਗੂਰਾਂ ਦੇ ਲੰਮੇ ਲੰਮੇ ਬਾਗ਼ ਹਨ। ਇਥੇ ਜੋ ਲੋਕ ਆਉਂਦੇ ਹਨ ਉਨ੍ਹਾਂ ਦੀ ਕਲਾਸ ਵੀ ਵੱਖਰੀ ਹੈ। ਮੈਨੂੰ ਇਥੇ ਇਕ ਵੀ ਪੰਜਾਬੀ ਨਹੀਂ ਦਿਸਿਆ। ਪੰਜਾਬੀ ਇਨ੍ਹਾਂ ਦਿਨ੍ਹਾਂ ਵਿਚ ਡਾਲਰ ਛਾਪਣ ਲੱਗੇ ਹੁੰਦੇ ਹਨ। ਬਿਨਾ ਸ਼ੱਕ ਪੰਜਾਬੀਆਂ ਨੇ ਕਨੇਡਾ ਦੀ ਅਕਾਨਮੀ ਨੂੰ ਉੱਪਰ ਚੁੱਕਿਆ ਹੈ। ਵਾਇਨਰੀ ਦੇ ਇਕ ਪਾਸੇ ਸੁੰਦਰ ਰੈਸਟੋਰੈਂਟ ਹੈ। ਜਿੱਥੇ ਵਾਇਨ ਦੇ ਸ਼ੌਕੀਨ ਵਾਈਨ ਦਾ ਆਨੰਦ ਲੈਂਦੇ ਹਨ। ਸਾਹਮਣੇ ਝੀਲ ਦਾ ਵਿਸ਼ਾਲ ਦ੍ਰਿਸ਼ ਮਨ ਨੂੰ ਮੋਹ ਲੈਂਦਾ ਹੈ। ਵਾਇਨਰੀ ਵਿਚ ਬਹੁਤ ਖ਼ੂਬਸੂਰਤ ਗੋਰੀਆਂ ਸਾਡਾ ਸਵਾਗਤ ਕਰ ਰਹੀਆਂ ਸਨ। ਉਹ ਇੰਝ ਲੱਗ ਰਹੀਆਂ ਸਨ ਜਿਵੇਂ ਰਬੜ ਦੀ ਗੁੱਡੀਆਂ ਵਾਇਨ ਸਰਵ ਕਰ ਰਹੀਆਂ ਹੋਣ। ਗਾਹਕ ਵਾਇਨ ਪੀਣ ਲਈ ਬਾਰ ਦੇ ਆਲੇ ਦੁਆਲੇ ਖੜੇ ਸਨ। ਇਕ ਗੋਰੀ ਕੁੜੀ ਨੇ ਵਾਇਨਰੀ ਬਾਰੇ ਸਾਨੂੰ ਜਾਣਕਾਰੀ ਦਿੱਤੀ ਅਤੇ ਉਹ ਸਾਨੂੰ ਲਿਫ਼ਟ ਰਾਹੀਂ ਥੱਲੇ ਲੈ ਕੇ ਗਈ ਜਿੱਥੇ ਵਾਇਨ ਤਿਆਰ ਹੁੰਦੀ ਹੈ। ਉਸ ਨੇ ਵਾਇਨਰੀ ਦੇ ਸਾਰੇ ਯੂਨਿਟ ਸਾਨੂੰ ਵਾਰੀ ਵਾਰੀ ਦਿਖਾਏ ਤੇ ਜਾਣਕਾਰੀ ਦਿੱਤੀ। ਸ਼ੁਰੂ ਤੋਂ ਵਾਇਨ ਦੇ ਬੋਤਲ ਵਿਚ ਪੈਣ ਤੱਕ ਦਾ ਸਾਰਾ ਪਰੋਸਿਸ ਸਾਨੂੰ ਦਿਖਾਇਆ। ਅੰਤ ਵਿਚ ਇਹ ਦੱਸਿਆ ਕਿ ਕਿਵੇਂ ਵਾਇਨ ਸਿਪ ਕਰਨੀ ਹੈ। ਪਹਿਲਾਂ ਹਿਲਾਉਣਾ ਹੈ ਫਿਰ ਉਸ ਦੀ ਮਹਿਕ ਨੱਕ ਰਾਹੀ ਸੁੰਘਣੀ ਹੈ। ਤਕਰੀਬਨ 10 ਤਰ੍ਹਾਂ ਦੀ ਵਾਇਨ ਦਾ ਅਸੀਂ ਸਵਾਦ ਲਿਆ। ਹਰ ਵਾਇਨ ਦਾ ਰੰਗ ਵੱਖਰਾ ਤੇ ਸਵਾਦ ਵੀ ਵੱਖਰਾ ਸੀ। ਫਿਰ ਜੋਬਨ ਮੈਨੂੰ ਨਾਲ ਦੇ ਰੈਸਟੋਰੈਂਟ ਵਿਚ ਲੈ ਗਿਆ ਅਸੀਂ ਵਾਇਨ ਦਾ ਇਕ ਇਕ ਗਲਾਸ ਲਿਆ ਤੇ ਵੈਸਟਨ ਫੂਡ ਖਾਧਾ। ਛੋਟੇ ਅਕਾਰ ਦੀ ਇਕ ਅੱਧ-ਪੱਕੀ ਮੱਛੀ ਦਾ ਲੁਤਫ਼ ਲਿਆ। ਵਾਇਨ ਨੂੰ ਥੋੜਾ ਥੋੜਾ ਸਿਪ ਕਰਕੇ ਸਾਹਮਣੇ

**ਕੈਲਗਰੀ ਵਿਖੇ ਖੇਤਾਂ ਵਿਚ ਤੇਲ ਕੱਢਣ ਲਈ ਇਸ ਤਰ੍ਹਾਂ ਦੇ ਖੂਹ ਲਗਾਏ ਜਾਂਦੇ ਹਨ। ਇਕ ਪੇਂਟਿੰਗ**

ਝੀਲ ਦਾ ਨਜ਼ਾਰਾ ਲਿਆ। ਇਕ ਪਾਸੇ ਅੰਗੂਰਾਂ ਦੀਆਂ ਵੇਲਾ ਦਾ ਅਦ੍ਰਿਸ਼ ਨਜ਼ਾਰਾ ਸੀ। ਮੈਂ ਇਹ ਦ੍ਰਿਸ਼ ਕੈਮਰੇ ਵਿਚ ਕੈਦ ਕਰ ਲਏ। ਇਹ ਪਲ ਮੇਰੇ ਅਵਚੇਤਨ ਵਿਚ ਯਾਦਗਾਰੀ ਬਣ ਗਏ।

ਇਨ੍ਹਾਂ ਦਿਨ੍ਹਾਂ ਵਿਚ ਮੈਨੂੰ ਇਕ ਪੰਜਾਬੀ ਪਰਿਵਾਰ ਦੀ ਜਨਮ ਦਿਨ ਦੀ ਪਾਰਟੀ ਵੇਖਣ ਦਾ ਮੌਕਾ ਮਿਲਿਆ। ਇਹ ਪਾਰਟੀ ਕਲੋਨੇ ਰੱਖੀ ਗਈ ਸੀ। ਇਸ ਪਾਰਟੀ ਵਿਚ 60-65 ਪਰਿਵਾਰ ਪੰਜਾਬੀ ਆਏ ਹੋਏ ਸਨ। ਤਕਰੀਬਨ ਸਾਰੇ ਦਲਿਤ ਪਿਛੋਕੜ ਵਾਲੇ ਪਰਿਵਾਰ। ਉਨ੍ਹਾਂ ਵਿਚ ਇਕ ਪਰਿਵਾਰ ਵੀ ਗੋਰਾ ਨਹੀਂ ਸੀ ਨਾ ਹੋਰ ਕਮਿਊਨਟੀ ਦਾ। ਮੈਂ ਸੋਚਿਆ ਕਨੇਡਾ ਆ ਕੇ ਅਸੀਂ ਪੰਜਾਬੀ ਇਕ ਦੂਜੀ ਕਮਿਊਨਟੀ ਵਿਚ ਰਚੇ ਮਚੇ ਨਹੀਂ ਹਾਂ। ਏਥੇ ਸਾਰੇ ਲੋਕ ਪੰਜਾਬੀ ਪਹਿਰਾਵਾ ਪਾ ਕੇ ਆਏ ਹੋਏ ਸਨ। ਔਰਤਾਂ ਸੂਟ ਅਤੇ ਬੰਦੇ ਪੈਂਟ ਕਮੀਜ। ਮੈਨੂੰ ਲੱਗ ਰਿਹਾ ਸੀ ਜਿਵੇਂ ਮੈਂ ਪੰਜਾਬ ਵਿਚ ਕਿਸੇ ਪਾਰਟੀ ਵਿਚ ਬੈਠਾ ਹੋਵਾਂ। ਪੰਜਾਬੀਆਂ ਦੇ ਬਹੁਤੇ ਚਿਹਰੇ ਸਧਾਰਨ ਲੱਗ ਰਹੇ ਸਨ। ਉਨ੍ਹਾਂ ਦੇ ਚਿਹਰੇ ਦੇ ਰੰਗ-ਰੂਪ, ਲਹਿਜੇ ਤੋਂ ਸਾਰੇ ਕਾਮੇ ਲੱਗ ਰਹੇ ਸਨ। ਬਹੁਤ ਥੋੜੇ ਸਨ ਜਿਹੜਾ ਵਾਇਟ ਕਾਲਰ ਵਾਲੀ ਜੌਬ ਕਰਦੇ ਹੋਣ। ਪਰ ਉਨ੍ਹਾਂ ਦਾ ਰਹਿਣ ਸਹਿਣ ਦਾ ਇਕ ਲੈਵਲ ਬਣ ਚੁੱਕਾ ਹੈ। ਕਾਮੇ ਕੋਲ ਵੀ ਉਹ ਸਾਰੀਆਂ ਸਹੂਲਤਾਂ ਹਨ ਜਿਹੜੀਆਂ ਸਹੂਲਤਾਂ ਵਾਇਟ ਕਾਲਰ ਜੌਬ ਕਰਨ ਵਾਲੇ ਕੋਲ ਹਨ। ਪਕੌੜਿਆਂ ਵਾਲੀ ਹੀ ਪਾਰਟੀ ਸੀ ਅਤੇ ਰੋਟੀ ਨਾਲ ਦਾਲ ਸੀ। ਇਹ ਵੈਸ਼ਨੂੰ ਭੋਜਨ ਖਾਣ ਵਾਲਿਆਂ ਦੀ ਪਾਰਟੀ ਸੀ। ਇਹੋ ਜਿਹੀਆਂ ਪਾਰਟੀਆਂ ਉੱਤੇ ਜੌਬਨ ਹੁਣੀ ਜਾਣਾ ਪਸੰਦ ਨਹੀਂ ਕਰਦੇ। ਦੂਜੇ ਦਿਨ ਕਲੋਨੇ ਦੇ ਗੁਰਦਵਾਰੇ ਵਿਚ ਪਾਠ ਸੀ। ਉਪਰੰਤ ਲੰਗਰ ਸੀ। ਸਭ ਨੇ ਲੰਗਰ ਕੁਰਸੀਆਂ ਉੱਤੇ ਬੈਠ ਕੇ ਕੀਤਾ। ਉਸ ਤੋਂ ਬਾਅਦ ਸੱਦੇ ਹੋਏ ਮਹਿਮਾਨਾਂ ਨੂੰ ਸੂਟ ਦਿੱਤੇ ਗਏ ਜਿਹੜੇ ਪੰਜਾਬੀ, ਪੰਜਾਬ ਫੇਰੀ ਦੌਰਾਨ ਟੈਚੀ ਭਰ ਕੇ ਲੈ ਆਉਂਦੇ ਹਨ। ਪੰਜਾਬੀਆਂ ਨੇ ਕਨੇਡਾ ਆ ਕੇ ਇਹ ਰਸਮਾਂ ਕਾਇਮ ਰੱਖੀਆਂ ਹੋਈਆਂ ਹਨ। ਸਾਇਦ ਇਹਨੂੰ ਉਹ ਪੰਜਾਬੀ ਕਲਚਰ ਕਹਿੰਦੇ ਹੋਣ। ਇਹ ਲੈਣ ਦੇਣ ਵਾਲੇ ਸੂਟ ਪੰਜਾਬ ਦੇ ਸੂਟਾਂ ਵਾਂਗ ਕਦੇ ਇਕ ਘਰ ਅਤੇ ਕਦੇ ਦੂਜੇ ਘਰ ਸਾਲਾਂ ਬੱਧੀ ਘੁੰਮਦੇ ਰਹਿੰਦੇ ਹਨ। ਇਨ੍ਹਾਂ ਸੂਟਾਂ ਨੂੰ

**ਕੈਲਗਰੀ ਸਥਿਤ ਰਿੱਕੀ ਦੇ ਘਰ ਦੇ ਬਾਹਰ ਲੇਖਕ, ਰਿੱਕੀ, ਕਾਟੀ, ਰਮਨ ਤੇ ਦਿਨੇਸ਼**

ਕੋਈ ਵੀ ਸਿਲਾ ਕੇ ਨਹੀਂ ਪਾਉਂਦਾ। ਪਤਾ ਨਹੀਂ ਸਾਡੇ ਪੰਜਾਬੀ ਤੇ ਭਾਰਤੀ ਇਹ ਬਿਰਧ ਹੋ ਚੁੱਕੀਆਂ ਰਸਮਾਂ ਨੂੰ ਆਪਣੇ ਸਿਰਾਂ ਤੇ ਕਿਉਂ ਚੁੱਕੀ ਫਿਰਦੇ ਹਨ। ਪੰਜਾਬੀ ਕਨੇਡਾ ਆ ਕੇ ਆਰਥਿਕ ਤੌਰ ਤੇ ਤਾਂ ਚੰਗੇ ਹੋ ਗਏ ਹਨ ਪਰ ਸਮਾਜਿਕ ਚੇਤਨਾ, ਬੌਧਿਕ ਗਿਆਨ ਆਪਣੇ ਅੰਦਰ ਪੈਦਾ ਨਹੀਂ ਕਰ ਸਕੇ। ਹਰ ਪੰਜਾਬੀ ਤੇ ਭਾਰਤੀ ਕਮਿਊਨਟੀ ਆਪਣੇ ਆਪਣੇ ਕਬੀਲੇ ਅੰਦਰ ਸੁੰਗੜੀ ਪਈ ਹੈ। ਖਾਸ ਕਰਕੇ ਪਹਿਲੀ ਪੀੜ੍ਹੀ ਦੱਖਣ ਦੇ ਲੋਕ ਪੰਜਾਬੀਆਂ ਨਾਲ ਕੋਈ ਭਾਈਚਾਰਕ ਸਾਂਝ ਨਹੀਂ ਰੱਖਦੇ ਅਤੇ ਪੰਜਾਬੀ ਵੱਖ-ਵੱਖ ਕਮਿਊਨਟੀਆਂ ਦੇ ਲੋਕ ਆਪਸ ਵਿਚ ਭਾਈਚਾਰਕ ਸਾਂਝ ਨਹੀਂ ਰੱਖਦੇ। ਉਨ੍ਹਾਂ ਦੀ ਉਥੇ ਦੀ ਜੰਮਪਾਲ ਪੀੜ੍ਹੀ ਜੇਕਰ ਆਪਣੀ ਮਰਜ਼ੀ ਨਾਲ ਇਹ ਸਾਂਝ ਬਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਤਕਲੀਫ਼ ਤਾਂ ਜ਼ਰੂਰ ਹੁੰਦੀ ਹੈ ਪਰ ਉਹ ਕਰ ਕੁਝ ਨਹੀਂ ਸਕਦੇ। ਪੰਜਾਬੀ ਰਿਸ਼ਤੇ-ਨਾਤੇ ਅਤੇ ਸੰਬੰਧ ਬਣਾਉਣ ਲਈ ਆਪਣੇ ਆਪਣੇ ਜਾਤੀ, ਗੋਤਰ ਅਤੇ ਕਬੀਲੇ ਨੂੰ ਮੁੱਖ ਰੱਖਦੇ ਹਨ। ਮੇਰੀ ਇਹ ਧਾਰਨਾ ਪੰਜਾਬੀਆਂ ਵਿਚ ਚਾਰ ਕੁ ਮਹੀਨੇ ਰਹਿ ਕੇ ਬਣੀ।

## ਕੈਲਗਰੀ ਅਤੇ ਐਡਮੈਂਟਨ ਦੀ ਯਾਤਰਾ

27 ਤੋਂ 31 ਅਗਸਤ ਤੱਕ ਪੰਜ ਦਿਨਾਂ ਦਾ ਕੈਲਗਰੀ ਅਤੇ ਐਡਮੈਂਟਨ ਦਾ ਟੂਰ ਸੀ। ਇਹ ਸ਼ਹਿਰ ਅਲਬਰਟਾ ਸਟੇਟ ਦਾ ਖੂਬਸੂਰਤ ਸ਼ਹਿਰ ਸੀ। ਇਹ ਸ਼ਹਿਰ ਬ੍ਰਿਟ੍ਰਿਸ ਕੋਲਬਈਆ ਤੋਂ ਵੱਖਰੀ ਤਰ੍ਹਾਂ ਦਾ ਸ਼ਹਿਰ ਹੈ। ਵਰਨਨ ਤੋਂ ਕੈਲਗਰੀ ਤੱਕ ਦਾ ਸਫ਼ਰ ਆਪਣੀ ਗੱਡੀ ਵਿਚ 7 ਤੋਂ 8 ਘੰਟੇ ਦਾ ਹੈ। ਵਰਨਨ ਤੋਂ ਕਮਨਜੀਤ-ਕਮਲ ਅਤੇ ਜੋਬਨ, ਕਰਨ ਸਾਰੇ ਜਣੇ ਇਕ ਗੱਡੀ ਵਿਚ ਬੈਠ ਗਏ। ਕਲੋਨੇ ਤੋਂ ਦਿਨੇਸ਼ ਕੁਮਾਰ ਆਪਣੇ ਪਰਿਵਾਰ ਨਾਲ ਆ ਗਿਆ। ਮੈਂ ਉਨ੍ਹਾਂ ਦੀ ਗੱਡੀ ਵਿਚ ਬੈਠ ਗਿਆ। ਕੈਲਗਰੀ ਨੂੰ ਜਾਣ ਵਾਲਾ ਹਾਈ ਵੇਅ ਪਹਾੜੀ ਦੇ ਨਾਲ ਨਾਲ ਜਾ ਰਿਹਾ ਸੀ ਅਤੇ ਨਾਲ ਨਾਲ ਨਿੱਕੀ ਨਦੀ ਵੀ ਵਹਿ ਰਹੀ ਸੀ। ਪਹਾੜਾ ਦੀ ਇਹ ਖੂਬਸੂਰਤੀ ਧੁਰ ਮਨ ਵਿਚ ਗਹਿਰੀ ਤਰ੍ਹਾਂ ਉਤਰ ਰਹੀ ਸੀ। ਨੈਸ਼ਨਲ ਹਾਈ ਵੇਅ ਤੇ ਸਾਡੀ ਗੱਡੀ 100 ਤੋਂ 120 ਦੀ ਸਪੀਡ ਤੇ ਜਾ ਰਹੀ ਸੀ। ਇਸ ਹਾਈ ਵੇਅ ਦੇ ਨਾਲ-ਨਾਲ ਰੇਲਵੇ ਦੀ ਲਾਇਨ ਕੈਲਗਰੀ ਤੱਕ ਜਾਂਦੀ ਹੈ। ਰੇਲਵੇਂ ਰਾਹੀਂ ਲੱਕੜ ਦੀ ਢੋਅ ਢੁਆਈ ਹੁੰਦੀ ਹੈ। ਸਫ਼ਰ ਦੌਰਾਨ ਸਾਡੇ ਸਮਾਂਤਰ ਰੇਲ ਗੱਡੀ ਸਮਾਨ ਨਾਲ ਭਰੇ ਕੰਨਟੇਨਰ ਲੈ ਕੇ ਸਾਡੇ ਬਰਾਬਰ ਲੰਘਦੀ ਹੈ। ਉਸਦੇ ਨਾਲ ਉੱਚੇ ਪਹਾੜ ਹਨ। ਕਿਤੇ ਕਿਤੇ ਪਹਾੜਾ ਤੋਂ ਝਰਨਾ ਵਹਿ ਰਿਹਾ ਦਿਸਦਾ ਹੈ। ਦੂਰੋਂ ਇਹ ਝਰਨਾ ਚਾਂਦੀ ਰੰਗੀ ਲੀਕ ਵਰਗਾ ਲੱਗਦਾ ਹੈ। ਜਿਹੜਾ ਕਿ ਨਦੀ ਵਿਚ ਡਿੱਗ ਕੇ ਆਪਣਾ ਵਜੂਦ ਮਿਟਾ ਦਿੰਦਾ ਹੈ, ਪਰ ਚਾਂਦੀ ਰੰਗੀ ਲੀਕ ਨਿਰੰਤਰ ਤੁਰਦੀ ਰਹਿੰਦੀ ਹੈ। ਹਾਈ ਵੇਅ ਦੇ ਨਾਲ ਨਾਲ ਸਰਕਾਰ ਨੇ

**ਐਪਲ ਤੋੜਨ ਦਾ ਜੋ ਕਾਮੇ ਕੰਮ ਕਰਦੇ ਹਨ ਉਹ ਆਪਣੇ ਗਲ਼ਾ ਵਿਚ ਇਸ ਤਰ੍ਹਾਂ ਝੋਲੇ ਪਾਉਂਦੇ ਹਨ ਅਤੇ ਪੌੜੀ ਲਾ ਕੇ ਐਪਲ ਤੋੜਦੇ ਹਨ, ਜਦੋਂ ਝੋਲਾ ਭਰ ਜਾਂਦਾ ਹੈ ਤਾਂ ਉਸ ਨੂੰ ਲੱਕੜ ਦੇ ਬਕਸੇ ਵਿਚ ਪਾਈ ਜਾਂਦੇ ਹਨ।**

**ਐਪਲਾਂ ਦੇ ਟ੍ਰੀ ਕੋਲ ਖੜ੍ਹਾ ਲੇਖਕ**

ਲੱਕੜ ਤੇ ਕੰਡਿਆਲੀ ਤਾਰ ਨਾਲ ਫੈਨਸ ਲਗਾਈ ਹੋਈ ਹੈ ਤਾਂ ਕਿ ਕੋਈ ਪਹਾੜੀ ਹਿਰਨ ਅਚਾਨਿਕ ਰੋਡ ਤੇ ਆ ਕੇ ਐਕਸੀਡੈਂਟ ਨਾ ਕਰ ਦੇਵੇ। ਕਿਉਂਕਿ ਨਦੀ ਵਿਚੋਂ ਪਾਣੀ ਪੀਣ ਆਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਦੋਂ ਅਲਬਰਟਾ ਸਟੇਟ ਦੀ ਹੱਦ ਅੰਦਰ ਦਾਖਲ ਹੁੰਦੇ ਹਾਂ ਤੇ ਪਹਾੜ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ। ਰੌਕੀ ਮੌਨਟੈਨ ਪਹਾੜਾਂ ਦੀ ਲੰਮੀ ਲੜੀ ਜਿਹੜੀ ਕਿ ਹਾਈ ਵੇਅ ਦੇ ਨਾਲ ਨਾਲ ਚਲਦੀ ਹੈ ਅਜਬ ਦਾ ਨਜ਼ਾਰਾ ਪੇਸ਼ ਕਰਦੀ ਹੈ। ਰਸਤੇ ਵਿਚ ਸਿਲਵਲ ਸਟਾਰ ਆਉਂਦੀ ਹੈ ਜੋ ਕਿ ਵੇਖਣ ਲਾਇਕ ਹੈ। ਇਕ ਦਮ ਸਾਨੂੰ ਸਮਤਲ ਮੈਦਾਨੀ ਇਲਾਕਾ ਦਿਸਣਾ ਸ਼ੁਰੂ ਹੋ ਜਾਂਦਾ ਹੈ। ਇਥੇ ਕਣਕ ਬਹੁਤ ਘੱਟ ਹੁੰਦੀ ਹੈ ਵਧੇਰੇ ਗਾਂਵਾਂ ਲਈ ਘਾਹ ਹੁੰਦਾ ਹੈ। ਮੈਨੂੰ ਦੂਰ ਤੱਕ ਮਸ਼ੀਨਾ ਨਾਲ ਕੱਟੇ ਘਾਹ ਦੀਆਂ ਗੱਠਾ ਵਿਖਾਈ ਦਿੰਦੀਆਂ ਹਨ। ਇਹ ਘਾਹ ਦੀਆਂ ਗੱਠਾ ਮਸ਼ੀਨਾਂ ਹੀ ਬਣਾਉਂਦੀਆਂ ਹਨ। ਟਾਟ ਵਾਂਗ ਰੋਲ ਕੀਤੀਆਂ ਘਾਹ ਦੀ ਗੱਠਾ ਮੈਨੂੰ ਦੂਰ ਤੱਕ ਦਿਖਾਈ ਦਿੰਦੀਆਂ ਹਨ। ਘਾਹ ਦੇ ਰੋਲ ਦਾ ਬੜਾ ਅਜੰਬੇ ਭਰਪੂਰ ਦ੍ਰਿਸ਼ ਬਣਦਾ ਹੈ। ਜਿਥੇ ਤੱਕ ਨਜ਼ਰ ਜਾਂਦੀ ਹੈ ਮੈਨੂੰ ਇਹ ਗੋਲ ਘਾਹ ਦੀਆਂ ਗੱਠਾ



...ਚੇ ਦਾ ਪਰਿਵਾਰ ਰਹਿੰਦਾ ਹੈ। ਕੈਲਗਰੀ ਬਹੁਤ ਵੱਡਾ

...ਮ ਅਸੀਂ ਇਕ ਪਰਿਵਾਰ ਵਿਚ ਬੈਠੇ ਸਾਂ। ਦਾਰੂ ਦਾ

...ਆਂ ਕਿ ਪੰਜਾਬ ਰਹਿੰਦੇ ਦਲਿਤ ਪਿਛੋਕੜ ਵਾਲੇ

...ਉੱਚਾ ਕੀਤਾ ਜਾਵੇ। ਮੈਂ ਕਿਹਾ ਕਿ 'ਕਨੇਡਾ ਰਹਿੰਦੇ

...ਰਾਂ ਦੇ ਬੱਚਿਆਂ ਦੀ ਆਰਥਿਕ ਸਹਾਇਤਾ ਕਰਨੀ ਚਾਹੀਦੀ ਹੈ ਜੋ ਪੜ੍ਹਾਈ ਕਰਨਾ ਚਾਹੁੰਦੇ ਹਨ ਪਰ ਉਹ ਗਰੀਬੀ ਕਾਰਨ ਪੜ੍ਹ ਨਹੀਂ ਸਕਦੇ। ਏਥੇ ਦੇ ਲੋਕ ਆਰਥਿਕ ਤੌਰ ਤੇ ਤਕੜੇ ਹਨ। ਉਨ੍ਹਾਂ ਲਈ ਇਹ ਕਾਰਜ ਕਰਨਾ ਅਸਾਨ ਹੈ। ਸਾਨੂੰ ਧਾਰਮਿਕ ਕਾਰਜਾਂ ਵਿਚ ਪੈਸਾ ਬਰਬਾਦ ਨਹੀਂ ਕਰਨਾ ਚਾਹੀਦਾ। ਸਾਡੇ ਲੋਕ ਮੰਦਰਾਂ, ਗੁਰਦਵਾਰਿਆਂ ਮਜ਼ਾਰਾਂ ਉੱਤੇ ਅੰਨੇਵਾਹ ਪੈਸਾ ਦਿੰਦੇ ਹਨ। ਕੀ ਉਨ੍ਹਾਂ ਦਾ ਫਰਜ਼ ਨਹੀਂ ਬਣਦਾ ਕਿ ਦਲਿਤਾਂ 'ਚ ਚੇਤਨਾ ਲਿਆਉਣ

**ਕੈਲਾਮਲਕਾ ਝੀਲ ਦੀ ਬੀਚ ਵਿਖੇ ਜੂਨ ਤੋਂ ਸਤੰਬਰ ਤੱਕ ਇਸੇ ਤਰ੍ਹਾਂ ਰੌਣਕਾ ਲੱਗੀਆਂ ਰਹਿੰਦੀਆਂ ਹਨ।**

ਲਈ ਬਨਦੀ ਸਹਾਇਤਾ ਕਰਨ।" ਮੈਂ ਚਾਹੁੰਦਾ ਸੀ ਕਿ ਇਹ ਲੋਕ ਆਪਣੇ ਵਿਚਾਰ ਦੇਣ ਕਿ ਉਹ ਇਸ ਸਾਰੇ ਵਰਤਾਰੇ ਨੂੰ ਕਿਸ ਤਰ੍ਹਾਂ ਲੈਂਦੇ ਹਨ। ਸਾਰੇ ਦੱਬਵੀ ਸੁਰ ਵਿਚ ਇਹ ਤਾਂ ਕਹਿੰਦੇ ਰਹੇ ਕਿ ਅਸੀਂ ਆਪਣੀ-ਆਪਣੀ ਪੱਧਰ ਤੇ ਬਣਦਾ ਕੰਮ ਕਰਦੇ ਰਹਿੰਦੇ ਹਾਂ। ਪਰ ਉਨ੍ਹਾਂ ਨੂੰ ਇਸ ਗੱਲ ਦਾ ਗੁੱਸਾ ਵੀ ਲੱਗਾ ਕਿ ਅਸੀਂ ਕਿਉਂ ਪੰਜਾਬ ਦੇ ਗਰੀਬ ਦਲਿਤ ਲੋਕਾਂ ਦੇ ਬੱਚਿਆਂ ਦੀ ਸਹਾਇਤਾ ਕਰੀਏ। ਅਸੀਂ ਏਥੇ ਸਖਤ ਮਿਹਨਤ ਕਰਕੇ ਕੰਮ ਕਰਦੇ ਹਾਂ ਤੇ ਡਾਲਰ ਕਮਾਉਂਦੇ ਹਾਂ। ਇਹ ਕਾਰਜ ਉਥੇ ਬੈਠੇ ਅਮੀਰ ਲੋਕ ਕਿਉਂ ਨਹੀਂ ਕਰਦੇ ਉਹ ਸਾਡੇ ਪਰਵਾਸੀ ਲੋਕਾਂ ਵੱਲ ਕਿਉਂ ਝਾਕਦੇ ਹਨ। ਹਰ ਬੰਦਾ ਅਜ਼ਾਦ ਹੈ ਉਹ ਆਪਣੀ ਮਰਜ਼ੀ ਨਾਲ ਇਹ ਪੈਸੇ ਚਾਹੇ ਕਿਸੇ ਧਾਰਮਿਕ ਥਾਂ ਨੂੰ ਦੇਵੇ ਜਾਂ ਨਾ। ਉਹਨੂੰ ਫੋਰਸ ਕਰਕੇ ਸਮਾਜਿਕ ਕੰਮ ਨਹੀਂ ਕਰਵਾਏ ਜਾ ਸਕਦੇ। ਗਰੀਬ ਦਲਿਤ ਬੱਚਿਆਂ ਦੀ ਸਹਾਇਤਾ ਕਰਨੀ ਸਰਕਾਰਾਂ ਦਾ ਕੰਮ ਹੈ ਲੀਡਰਾਂ ਦਾ ਕੰਮ ਹੈ।

ਉਥੇ ਬੈਠਾ ਹੀ ਮੈਂ ਕਮਨਜੀਤ ਦੇ ਟਰਾਂਟੋ ਵਾਲੇ ਭਰਾ ਅਮਰਜੀਤ ਦੇ ਇਕ ਪਰੋਜੈਕਟ ਬਾਰੇ ਜ਼ਿਕਰ ਕਰ ਬੈਠਾ ਕਿ ਉਹ ਕੁਝ ਲੋਕ ਰਲ ਕੇ ਇਕ ਰੇਡੀਓ ਜਾਂ ਐਫ. ਐਮ. ਚਲਾਉਣਾ ਚਾਹੁੰਦੇ ਨੇ ਜਿਸ ਵਿਚ ਦਲਿਤ ਸਮੱਸਿਆ, ਦਲਿਤ ਚੇਤਨਾ ਬਾਰੇ ਗੱਲਾਂ ਹੋ ਸਕਣ। ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਹੋ ਸਕੇ। ਮੇਰੀ ਇਸ ਗੱਲ ਤੇ ਇਕ ਪਰਵਾਸੀ ਸੱਜਣ ਐਨਾ ਹਾਈਪਰ ਹੋ ਗਿਆ ਕਿ ਉਹ ਮੇਰੇ ਗਲ ਹੀ ਪੈ ਗਿਆ, "ਸਾਡੀ ਐਸ ਸੀ ਜਾਂ ਦਲਿਤ ਹੋਣ ਦੀ ਹੁਣ ਕੋਈ ਸਮੱਸਿਆ ਨਹੀਂ, ਤੁਸੀਂ ਸਾਨੂੰ ਏਥੇ ਅਜ਼ਾਦੀ ਨਾਲ ਜੀਣ ਦਿਓ... ਇਹ ਦਲਿਤਵਾਦ ਨੂੰ ਪੰਜਾਬ ਵਿਚ ਪ੍ਰਚਾਰੋ...ਅਸੀਂ ਕੋਈ ਦਲਿਤ ਨਹੀਂ ਹਾਂ... ਯਾਰ ਪੰਜਾਬ ਵਿਚ ਮੈਂ ਤਾਂ ਕਿਤੇ ਜਾਤ ਪਾਤ ਨੂੰ ਲੈ ਕੇ ਵਿਤਕਰਾ ਨਹੀਂ ਵੇਖਿਆ... ਮੈਂ ਦਫ਼ਤਰਾਂ ਵਿਚ ਨੌਕਰੀ ਵੀ ਕੀਤੀ। ਪਤਾ ਨ੍ਹੀਂ ਤੁਸੀਂ ਕਿਥੋਂ ਦੀਆਂ ਗੱਲਾਂ ਕਰੀ ਜਾ ਰਹੇ ਓ...ਸਾਡੀ ਏਥੇ ਕੋਈ ਸਮੱਸਿਆ ਨਹੀਂ ਹੈ।" ਉਹਦੇ ਨਾਲ ਇਕ ਦੋ ਹੋਰ ਰਲ ਗਏ। ਮਾਹੌਲ ਵਿਚ ਗਰਮੀ ਆ ਗਈ। ਮੈਂ ਚੁੱਪ ਰਹਿਣਾ ਠੀਕ ਸਮਝਿਆ। ਬੜੀ ਮੁਸ਼ਕਲ ਨਾਲ ਮੈਂ ਗੱਲ ਨੂੰ ਹੋਰ ਪਾਸੇ ਪਾਇਆ। ਪਰ ਮੈਨੂੰ ਪਰਵਾਸੀ ਲੋਕਾਂ ਦੀ ਮਾਨਸਿਕ ਕੰਗਾਲੀ ਦਾ ਪਤਾ ਲੱਗ ਗਿਆ। ਜਦੋਂ ਕਿਸੇ ਵਿਚਾਰ ਕਰਨ ਵਾਲੇ ਕੋਲੋਂ ਤਰਕ ਮੁੱਕ ਜਾਂਦਾ ਹੈ ਤਾਂ ਉਹ ਲੜਨ ਲੱਗ ਪੈਂਦਾ ਹੈ ਜਾਂ ਗਾਲਾਂ ਤੇ ਉਤਰ ਆਉਂਦਾ ਹੈ। ਖ਼ੈਰ ਉਹ ਅਨੁਭਵ ਵੀ ਚੇਤੇ ਰਹਿਣ ਵਾਲਾ ਸੀ। ਮੈਂ ਕਨੇਡਾ ਦੇ ਪੰਜਾਬੀ ਖਾਸ ਕਰਕੇ ਦਲਿਤ ਕਮਿਊਨਟੀ ਵਿਚੋਂ ਲੋਕਾਂ ਨੂੰ ਵੇਖਿਆ ... ਉਹ ਦੱਬ ਕੇ ਕੰਮ ਕਰਦੇ ਹਨ.... ਚੰਗੇ ਖਾਣੇ ਖਾਂਦੇ ਹਨ.... ਸ਼ਾਮ ਨੂੰ ਦਾਰੂ ਪੀਂਦੇ ਹਨ ਤੇ ਸੌਂ ਜਾਂਦੇ ਹਨ। ਸਵਰੇ ਉੱਠ ਕੇ ਫਿਰ ਕੰਮ ਤੇ ਤੁਰ ਪੈਂਦੇ ਹਨ। ਉਹ ਆਪਣੇ ਮਗਰ ਪੰਜਾਬ ਤੋਂ ਸਾਰੇ ਮਾੜੇ ਸੰਸਕਾਰ, ਰੀਤਾਂ, ਕੁਰੀਤੀਆਂ ਤਾਂ ਨਾਲ ਚੁੱਕ ਲਿਆਉਂਦੇ ਹਨ ਪਰ ਸਮਾਜਿਕ ਚੇਤਨਾ ਵਾਲੀ ਗੱਲ ਭੁੱਲ ਜਾਂਦੇ ਹਨ। ਪਰਵਾਸੀ ਦਲਿਤ ਉਸੇ ਹੀ ਜਿੱਲਣ ਵਿਚ ਫਸੇ ਹੋਏ ਹਨ ਜਿਸ ਜਿੱਲਣ ਵਿਚ ਪੰਜਾਬ ਦੇ ਆਰਥਿਕ ਤੌਰ 'ਤੇ ਮਜਬੂਤ ਦਲਿਤ ਫਸੇ ਹੋਏ ਹਨ।



ਕੈਲਗਰੀ ਜੂਹ ਦੇ ਇਹ ਪੰਛੀ ਇਕ ਲੱਤ ਉੱਤੇ ਖੜੇ ਹੀ ਘੰਟਿਆ ਬੱਧੀ ਆਪਣੀ ਧੌਣ ਖੰਭਾ ਵਿਚ ਲਕੋ ਕੇ ਸੁੱਤੇ ਰਹਿੰਦੇ ਹਨ

ਮੈਂ ਕਮਨਜੀਤ ਹੁਰਾਂ ਨਾਲ ਐਡਮੈਂਟਨ ਤੀਜੇ ਦਿਨ ਪਹੁੰਚਿਆ। ਮੈਨੂੰ ਦੱਸਿਆ ਗਿਆ ਕਿ ਇਸ

ਐਡਮੈਂਟਨ ਦੇ ਵਿਸ਼ਾਲ ਅਕਾਰ ਵਿਚ ਬਣੇ ਮਾਲਜ਼ ਵਿਚ ਇਹ ਮਨਸੂਈ ਬੀਚ ਵੀ ਬਣੀ ਹੋਈ ਹੈ

ਇਲਾਕੇ ਵਿਚ ਤੇਲ ਬਹੁਤ ਨਿਕਲਦਾ ਹੈ। ਤੇ ਇਸੇ ਕਰਕੇ ਇਥੇ ਵੱਡੀ ਪੱਧਰ ਤੇ ਏਧਰ ਨੂੰ ਲੋਕ ਆਏ ਹਨ। ਕੱਚੇ ਤੇਲ ਕਰਕੇ ਇਹ ਸਟੇਟ ਅਮੀਰ ਹੈ। ਕਿਸਾਨ ਖੇਤਾਂ ਵਿਚ ਬੋਰ ਕਰਕੇ ਕੱਚਾ ਤੇਲ ਆਪ ਕੱਢਦੇ ਹਨ ਅਤੇ ਉਨ੍ਹਾਂ ਨੂੰ ਇਕੱਠਾ ਕਰਕੇ ਤੇਲ ਸੋਧਕ ਕਾਰਖਾਨਿਆਂ 'ਚ ਵੇਚਦੇ ਹਨ। ਇਸੇ ਕਰਕੇ ਇਥੋਂ ਦਾ ਕਿਸਾਨ ਅਮੀਰ ਹੈ। ਮੈਂ ਏਥੇ ਘੁੰਮਦਿਆਂ ਖੇਤਾਂ 'ਚ ਲੱਗੇ ਖੂਹ ਵੀ ਦੇਖੇ। ਉਥੇ ਐਲਬਰਟਾ ਵਿਚ ਇਹ ਦੇਸ਼ ਦਾ ਵੱਡਾ ਮਾਲਜ਼ ਵੀ ਦੇਖਿਆ। ਸਾਡੇ ਕੋਲ ਸਮਾਂ ਬਹੁਤ ਘੱਟ ਸੀ ਫਿਰ ਵੀ ਅਸੀਂ ਇਸਨੂੰ ਕਾਹਲੀ ਕਾਹਲੀ ਵੇਖਿਆ। ਵੇਖਣ ਵਿਚ ਸਾਡੇ ਤਿੰਨ ਘੰਟੇ ਲੱਗ ਗਏ। ਇਸ ਮਾਲਜ਼ ਵਿਚ ਇਕ ਆਇਸ ਗਰਾਊਂਡ ਵੇਖਣ ਨੂੰ ਮਿਲੀ ਜਿੱਥੇ ਮੁੰਡੇ ਆਇਸ ਹਾਕੀ ਖੇਡ ਰਹੇ ਸਨ। ਇਸ ਮਾਲਜ਼ ਵਿਚ ਇਕ ਖੁੱਲ੍ਹੇ ਪਾਣੀ ਦੀ ਬੀਚ ਬਣਾਈ ਗਈ ਹੈ। ਜਿਥੇ ਗੋਰੇ ਗੋਰੀਆਂ ਘੱਟ ਕੱਪੜਿਆਂ ਨਾਲ ਪਾਣੀ ਵਿਚ ਨਹਾ ਕੇ ਅਨੰਦ ਲੈ ਰਹੇ ਸਨ। ਇਹ ਬੀਚ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ। ਇਕ ਸੈਕਸ਼ਨ ਵਿਚ ਬੱਚਿਆਂ ਲਈ ਪੰਗੂੜੇ ਹਨ ਅਤੇ ਇਕ ਡਾਲਫਨ ਮੱਛੀ ਦੇ ਕਰਤੱਵ ਵੀ ਦਿਖਾਏ ਜਾਂਦੇ ਸਨ। ਮਾਲਜ਼ ਵਿਚ ਇਕ ਵੱਡਾ ਹੋਟਲ ਹੈ ਅਤੇ ਭਿੰਨ ਭਿੰਨ ਤਰ੍ਹਾਂ ਦੇ ਸਮਾਨ ਦੇ ਸਟੋਰ ਹਨ। ਜਿਨ੍ਹਾਂ ਨੂੰ ਵੇਖ ਕੇ ਅਤੇ ਉਨ੍ਹਾਂ ਦੇ ਰੇਟ ਸੁਣ ਕੇ ਬੰਦਾ ਦੰਗ ਰਹਿ ਜਾਂਦਾ ਹੈ। ਪਰ ਲੋਕੀ ਵਸਤਾ ਦੀ ਖਰੀਦ ਕਰ ਰਹੇ ਸਨ। ਅਸੀਂ ਇੰਡੀਅਨ ਲੋਕ ਭਾਰਤੀ ਕਰੰਸੀ ਨਾਲ ਗੁਣਾ ਕਰਦੇ ਰਹਿੰਦੇ ਹਾਂ। ਇਸ ਮਾਲਜ਼ ਨੂੰ ਵੇਖਣ ਲਈ ਹਰ ਰੋਜ਼ ਹਜ਼ਾਰਾ ਦੀ ਗਿਣਤੀ ਵਿਚ ਲੋਕ ਆਉਂਦੇ ਹਨ। ਉਸ ਤੋਂ ਉਪਰੰਤ ਅਸੀਂ ਇਕ ਗਰਾਊਂਡ ਵਿਚ ਪੰਜਾਬੀ ਗਾਇਕਾ ਦਾ ਮੇਲਾ ਵੇਖਣ ਚਲੇ ਗਏ। ਮੇਲੇ ਵਿਚ ਪੰਜਾਬੀ ਪਹਿਰਾਵੇ ਵਿਚ ਐਨੇ ਪੰਜਾਬੀ ਦੇਖੇ ਕਿ ਮਨ ਖੁਸ਼ ਹੋ ਗਿਆ। ਹੈਰਾਨੀ ਵੀ ਹੋਈ। ਕਈ ਜ਼ਮਾ ਦੇਸੀ ਬੰਦੇ ਸੀ। ਇੰਝ ਲੱਗ ਰਿਹਾ ਸੀ ਜਿਵੇਂ ਪੰਜਾਬ ਦੇ ਕਿਸੇ ਪਿੰਡ ਵਿਚ ਗਾਇਕਾਂ ਦਾ ਅਖਾੜਾ ਲੱਗਾ ਹੋਵੇ।

ਐਡਮੈਂਟਨ ਵਿਖੇ ਲੱਗੇ ਸਕਿਊਰਟੀ ਗਾਰਟ ਦੇ ਬੁੱਤ ਨਾਲ ਲੇਖਕ

# ਕੈਲਗਰੀ ਜੂਹ ਦੇ ਮਹਿਮਾਨਾ ਨਾਲ ਮੂਕ ਸੰਵਾਦ

28 ਅਗਸਤ ਨੂੰ ਕੈਲਗਰੀ ਜੂਹ ਦਾ ਪ੍ਰੋਗਰਾਮ ਬਣਾ ਲਿਆ। ਇਹ ਜੂਹ ਰਿੱਕੀ ਦੇ ਯਤਨਾ ਨਾਲ ਵੇਖਿਆ ਗਿਆ। ਕੈਲਗਰੀ ਵਿਚ ਪੰਛੀਆਂ ਅਤੇ ਜਾਨਵਰਾਂ ਦਾ ਅਜਿਹਾ ਜੂਹ ਹੈ ਜਿਸ ਵਿਚ ਕਨੇਡਾ, ਅਮਰੀਕਾ, ਅਫਰੀਕਾ ਤੇ ਹੋਰ ਦੇਸਾਂ ਦੇ ਜਾਨਵਰ ਤੇ ਪੰਛੀ ਹਨ। ਇਹ ਬਹੁਤ ਵੱਡਾ ਜੂਹ ਹੈ ਜਿਸ ਨੂੰ ਵੇਖਣ ਲਈ ਘੱਟੋ ਘੱਟ ਸਾਡੇ 4 ਘੰਟੇ ਲੱਗ ਗਏ। ਪਰ ਮੈਂ ਵੇਖਿਆ ਕਿ ਇਥੋਂ ਦੇ ਕਈ ਜਾਨਵਰ ਬਹੁਤ ਕਮਜ਼ੋਰ ਹਨ ਤੇ ਉਨ੍ਹਾਂ ਦੀ ਮਾਤਰਾ ਵੀ ਥੋੜ੍ਹੀ ਹੈ। ਮੈਨੂੰ ਉਹ ਜਾਨਵਰ ਜਾਂ ਪੰਛੀ ਪਸੰਦ ਆਏ ਜੋ ਮੈਂ ਪਹਿਲਾਂ ਦੇਖੇ ਨਹੀਂ ਸਨ। ਖਾਸ ਕਰਕੇ ਪੈਂਗੂਇਨ, ਚੀਤੇ, ਸ਼ੇਰ, ਜਿਰਾਫ਼, ਦਰਿਆਈ ਘੋੜੇ, ਭਾਲੂ, ਹਿਰਨ, ਅਫਰੀਕਨ ਊਠ ਆਦਿ। ਇਸ ਜੂਹ ਨੂੰ ਵੇਖਣ ਬਹੁਤ ਸਾਰੇ ਲੋਕ ਆ ਰਹੇ ਸਨ। ਬੱਚੇ ਥੱਕ ਗਏ ਸਨ। ਮੈਨੂੰ ਸਭ ਤੋਂ ਵੱਧ ਆਕਰਸ਼ਿਤ ਬੰਗਲੇ ਵਰਗਾ ਪੰਛੀ ਲੱਗਾ ਜੋ ਇਕ ਲੱਤ ਤੇ ਖੜਾ ਹੋ ਕੇ ਆਪਣੀ ਧੌਣ ਖੰਭਾਂ 'ਚ ਲਕੋ ਕੇ ਘੰਟਿਆ ਤੱਕ ਸੌਂ ਸਕਦਾ ਹੈ। ਇਹ ਪੰਛੀ ਪਾਣੀ 'ਚ ਜਾਂ ਧਰਤੀ ਤੇ ਬੈਠਦਾ ਨਹੀਂ ਹੈ। ਕਮਾਲ ਦਾ ਬੈਂਲਸ ਮੈਂ ਇਨ੍ਹਾਂ 'ਚ ਦੇਖਿਆ। ਇਨ੍ਹਾਂ ਦੀ ਫੋਟੋ ਗ੍ਰਾਫੀ ਕਰਕੇ ਮਜ਼ਾ ਆ ਗਿਆ। ਕੈਲਗਰੀ ਜੂਹ ਵਿਚ ਡਾਇਨਾਸੌਰ ਦੇ ਅਵਸੇਸ ਵਾਲਾ ਮਿਊਜ਼ੀਅਮ ਵੀ ਸੀ ਜੋ ਸਮੇਂ ਦੀ ਘਾਟ ਕਾਰਨ ਦੇਖਿਆ ਨਹੀਂ ਜਾ ਸਕਿਆ।

ਕੈਲਗਰੀ ਵਿਚ ਮੇਰਾ ਇਹ ਪਰਿਵਾਰਕ ਟੂਰ ਸੀ। ਮੈਂ ਰਿਸ਼ੀ ਨਾਗਰ ਨੂੰ ਵੀ ਨਹੀਂ ਮਿਲ ਸਕਿਆ। ਜੋ ਕੈਲਗਰੀ ਵਿਚ ਐਫ਼ ਐਮ. ਚਲਾਉਂਦਾ ਹੈ। ਨਾ ਹੀ ਕੈਲਗਰੀ ਸਾਹਿਤ ਸਭਾ ਦੇ ਲੇਖਕਾਂ ਨੂੰ ਮਿਲ ਹੋਇਆ।

## ਸਰੀ ਵਿਖੇ ਸਾਹਿਤਕ ਫੇਰੀ

**ਸਰੀ ਵਿਖੇ ਮੇਰੇ 'ਤੇ ਰੱਖੇ ਸਨਮਾਨ ਸਮਾਗਮ ਮੌਕੇ ਸੀਤਲ ਸਿੰਘ ਪੂੰਨੀ, ਸੀਤਲ ਅਨਮੋਲ, ਰਸੂਲਪੁਰੀ, ਸਾਧੂ ਸਿੰਘ ਤੇ ਅੰਮ੍ਰਿਤ ਦੀਵਾਨਾ**



**ਰਸੂਲਪੁਰੀ ਦੇ ਸਨਮਾਨ ਵਿਚ ਰੱਖੇ ਸਮਾਗਮ ਵਿਚ ਬੋਲਦੇ ਹੋਏ ਗੁਰਵਿੰਦਰ ਧਾਲੀਵਾਲ, ਅੰਮ੍ਰਿਤ ਦੀਵਾਨਾ, ਤੇ ਸਾਧੂ ਬਿਨਿੰਗ**

ਵਰਨਨ ਵਿਖੇ ਪਾਲ ਦਾ ਘਰ ਹੈ। ਪਾਲ ਢਿੱਲੋਂ ਨੇ 26 ਤੋਂ 28 ਤੱਕ ਸਰੀ ਦਾ ਪ੍ਰੋਗਰਾਮ ਉਲੀਕ ਲਿਆ ਸੀ। ਇਸ ਤੋਂ ਪਹਿਲਾਂ 23 ਜੁਲਾਈ ਨੂੰ ਮੈਂ ਕਮਨਜੀਤ ਤੇ ਸ਼ੀਤਲ ਅਨਮੋਲ ਪੰਜਾਬੀ ਦੇ ਗ਼ਜ਼ਲਗੋ ਪਾਲ ਢਿੱਲੋਂ ਦੇ ਘਰ ਜਾ ਆਏ ਸਾਂ। ਪਾਲ ਢਿੱਲੋਂ ਨੂੰ ਦੋ ਕੁ ਵਾਰ ਮੈਂ ਜਲੰਧਰ ਕਿਸੇ ਸਮਾਗਮ ਵਿਚ ਮਿਲਿਆ ਸੀ। ਉਸ ਨੇ ਬੜਾ ਖ਼ੂਬਸੂਰਤ ਘਰ ਬਣਾਇਆ ਹੋਇਆ ਹੈ। ਸ਼ਾਮ ਨੂੰ ਚਾਹ ਪੀਣ ਤੋਂ ਬਾਅਦ ਘਰ ਪਿੱਛੇ ਬੈਠ ਗਏ ਜਿੱਥੇ ਵਿਸ਼ਾਲ ਝੀਲ ਦਾ ਸੁੰਦਰ ਨਜ਼ਾਰਾ ਵਿਖਾਈ ਦਿੰਦਾ ਸੀ। ਉਥੇ ਹੀ ਪਾਲ ਹੁਰਾਂ ਨੇ ਦਾਰੂ ਗਲਾਸਾਂ ਵਿਚ ਪਾਉਣੀ ਸ਼ੁਰੂ ਕਰ ਦਿੱਤੀ। ਉਥੇ ਬੈਠਿਆ ਅਸੀਂ ਵਿਸ਼ਾਲ ਪਹਾੜ ਦੀ ਲੰਮੀ ਲੜੀ ਅਤੇ ਸੇਬਾਂ ਦੇ ਬਾਗ਼ ਵੇਖ ਰਹੇ ਸਾਂ। ਦਾਰੂ ਪੀਂਦਿਆਂ ਅਸੀਂ ਸਾਹਿਤ ਦੀਆਂ, ਪੰਜਾਬ ਦੀਆਂ, ਪਰਵਾਸੀਆਂ ਦੀਆਂ ਗੱਲਾਂ ਕਰਦੇ ਰਹੇ। ਪਾਲ ਢਿੱਲੋਂ ਦੀਆਂ ਹੁਣ ਤੱਕ 8-9 ਕਿਤਾਬਾਂ ਗ਼ਜ਼ਲਾਂ ਦੀਆਂ ਛਪ ਚੁੱਕੀਆਂ ਹਨ। ਉਹ ਜਦੋਂ ਵੀ ਪੰਜਾਬ ਸਥਿਤ ਗਰਾਇਆ ਆਪਣੇ ਘਰ ਆਉਂਦਾ ਹੈ ਤੇ ਲੇਖਕਾਂ ਨੂੰ ਬਹੁਤ ਘੱਟ ਮਿਲਦਾ ਹੈ। ਪੰਜਾਬ ਆ ਕੇ ਪੈਸੇ

ਉਹਨੂੰ ਪਸੰਦ ਨਹੀਂ। ਏਥੇ ਕਨੇਡਾ ਵਿਚ ਉਹ ਲੇਖਕਾਂ
ਬੀ ਸਾਹਿਤ ਦੀਆਂ, ਸਾਹਿਤ ਦੀ ਰਾਜਨੀਤੀ ਦੀਆਂ
ਗੱਲਾਂ ਮੈਂ ਦੱਸੀਆਂ ਅਨੇਕਾਂ ਉਸ ਨੇ ਦੱਸੀਆਂ। ਪਾਲ
ਕਿਆ ਸੀ। ਉਹ ਵੀ ਉਨ੍ਹਾਂ ਦਿਨ੍ਹਾਂ ਵਿਚ ਵਰਨਨ
ਤਲ ਪੰਜਾਬ ਦੇ ਹੁਸਿਆਰਪੁਰ ਦਾ ਰਹਿਣ ਵਾਲਾ ਹੈ।
ਨੇ ਆਪਣੇ ਫੀਲਡ ਵਿਚ ਆਪਣਾ ਚੰਗਾ ਨਾਂ ਬਣਾ
ਤੋਂ ਕਰਦਾ ਰਿਹਾ। ਹੁਣ ਉਹ ਬਜ਼ੁਰਗ ਹੋ ਗਿਆ ਹੈ।
ਤ ਗਏ। ਕਮਨਜੀਤ ਹੁਰਾਂ ਨੂੰ ਉਹ ਪਹਿਲਾਂ ਤੋਂ ਹੀ

ਸਰੀ ਵਿਖੇ ਪਾਲ ਢਿੱਲੋਂ ਦੀ ਕਿਤਾਬ ਤੇ ਗੋਸ਼ਟੀ ਸੀ। ਉਸ ਦਿਨ ਜਦੋਂ ਤੁਰੇ ਸੀ ਤਾਂ ਵਰਨਨ ਮੀਂਹ ਪੈ ਰਿਹਾ ਸੀ। ਏਥੋਂ ਇਕ ਵਜੇ ਤੁਰ ਪਏ। ਪਾਲ ਦੀ ਮਰਸੀਡੀਜ਼ ਕਾਰ ਬੜੀ ਸ਼ਾਨਦਾਰ ਸੀ। ਹਾਈ ਵੇਅ 97 ਦਾ ਨਜ਼ਾਰਾ ਇਸ ਵਾਰ ਵੱਖਰੀ ਤਰ੍ਹਾਂ ਸੀ। ਆਲੇ-ਦੁਆਲੇ ਪਹਾੜਾਂ ਤੇ ਉੱਗੇ ਦਰਖੱਤਾਂ ਦੇ ਪੱਤੇ ਪੀਲੇ ਹੋ ਰਹੇ ਸਨ। ਝੀਲ ਗਹਿਰੀ ਸਲੇਟੀ ਭਾਅ ਮਾਰਨ ਲੱਗ ਪਈ ਸੀ। ਜਾਂਦੇ ਹੋਏ ਅਸੀਂ ਸਾਹਿਤਕ ਗੱਲਾਂ ਕਰਦੇ ਗਏ। ਕਲੋਨੇ ਤੋਂ ਅਸੀਂ ਛਿੰਦਾ ਢਿੱਲੋਂ ਨੂੰ ਚੁੱਕ ਲਿਆ। ਉਹ ਪਾਲ ਦਾ ਰਿਸ਼ਤੇਦਾਰ ਵੀ ਸੀ। ਤੇ ਕਾਰ ਸਰੀ ਵੱਲ ਤੋਰ ਲਈ। ਪਾਲ ਹੁਰੀਂ ਨਾਲ-ਨਾਲ ਸਰੀ ਦੇ ਲੇਖਕਾਂ ਨਾਲ ਗੱਲ ਕਰੀ ਜਾਂਦੇ ਸਨ। ਉਸ ਦੀ ਕਾਰ ਵਿਚ ਅਜਿਹਾ ਸਿਸਟਮ ਲੱਗਾ ਹੋਇਆ ਸੀ ਕਿ ਫੋਨ ਦਾ ਸਾਰਾ ਕੰਟਰੋਲ ਸਟੇਰਿੰਗ ਵਿਚ ਸੀ। ਸਾਇਡ ਦੀ ਸਕਰੀਨ ਉੱਤੇ ਨੰਬਰ ਡਾਇਲ ਕਰਦੇ ਤੇ ਗੱਲ ਕਰ ਲੈਂਦੇ। ਅਸਮਾਨ ਉੱਤੇ ਬੱਦਲ ਮੰਡਰਾ ਰਹੇ ਸਨ। ਪਹਾੜਾਂ

ਉੱਤੇ ਹਰੇ ਭਰੇ ਦਰੱਖਤਾਂ ਦੀ ਥਾਂ ਹੁਣ ਪੀਲੇ ਪੱਤਿਆਂ ਨੇ ਲੈ ਲਈ ਸੀ। ਦਰਖੱਤਾਂ ਦੀ ਪਤਝੜ ਸ਼ੁਰੂ ਹੋ ਗਈ ਸੀ। ਅਸੀਂ ਗੱਲਾਂ ਕਰਦੇ ਕਰਦੇ ਪਾਲ ਦੇ ਸਰੀ ਸਥਿਤ ਘਰ ਪਹੁੰਚ ਗਏ। ਉਥੇ ਉਨ੍ਹਾਂ ਦੀ ਮਾਤਾ ਜੀ ਨੂੰ ਮਿਲ ਕੇ ਖੁਸ਼ ਹੋਏ। ਚਾਹ ਪੀ ਕੇ ਪਾਲ ਹੁਰਾਂ ਨੇ ਮੈਨੂੰ ਭੋਲੀ ਭੂਆ ਦੇ ਘਰ ਛੱਡ ਦਿੱਤਾ। ਜਿਹੜੀ ਕਿ ਨੇੜੇ ਹੀ ਸੀ। ਭੋਲੀ ਭੂਆ ਮੈਨੂੰ ਵੇਖ ਕੇ ਖੁਸ਼ ਹੋ ਗਈ। ਤਿੰਨ ਰਾਤਾਂ ਮੈਂ ਭੋਲੀ ਭੂਆ ਕੋਲ ਹੀ ਰਿਹਾ। ਦਿਨ ਵੇਲੇ ਪਾਲ ਹੁਰੀਂ ਮੈਨੂੰ ਚੁੱਕ ਲੈਂਦੇ ਤੇ ਸ਼ਾਮ ਨੂੰ ਘਰ ਛੱਡ ਦਿੰਦੇ। ਸ਼ਨੀਵਾਰ ਕਨੇਡਾ ਵਿਖੇ ਰਹਿ ਰਹੇ ਖੱਬੇਪੱਖੀ ਸੋਚ ਦੇ ਲੇਖਕਾਂ ਦਾ ਇਕ ਸਮਾਗਮ ਸੀ। ਅਮਰਜੀਤ ਚਾਹਲ ਹੁਰਾਂ ਨੇ ਆਲੋਚਨਾ ਪੁਸਤਕ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਤੇ ਗੋਸ਼ਟੀ ਕਰਵਾਈ ਸੀ। ਜਿਸ ਵਿਚ ਅਮਰੀਕਾ ਤੋਂ ਪ੍ਰੋ. ਹਰਿਭਜਨ ਸਿੰਘ ਵੀ ਪਹੁੰਚੇ ਹੋਏ ਸਨ। ਨਾਲ ਮਹਿੰਦਰਪਾਲ ਧਾਲੀਵਾਲ ਵੀ ਸੀ। ਉਥੇ ਆ ਕੇ ਮੈਨੂੰ ਪਤਾ ਲੱਗਾ ਕਿ ਇਹ ਸਮਾਗਮ ਕਿਨ੍ਹਾਂ ਦਾ ਹੈ। ਇਸ ਕਿਤਾਬ ਵਿਚ ਵਧੇਰੇ ਹਰਿਭਜਨ ਸਿੰਘ ਅਤੇ ਮਹਿੰਦਰਪਾਲ ਦੇ ਨਾਵਲਾਂ ਤੇ ਆਲੋਚਨਾ ਲੇਖ ਸਨ। ਜਿਹੜੇ ਕਿ ਨਕਸਲਬਾੜੀ ਲਹਿਰ ਬਾਰੇ ਲਿਖੇ ਹੋਏ ਸਨ। ਸਮਾਗਮ ਵਿਚ ਲੇਖਕਾਂ ਦੀ ਕਾਫੀ ਗਿਣਤੀ ਸੀ। ਹਾਲ ਭਰਿਆ ਹੋਇਆ ਸੀ। ਬੁਲਾਰਿਆਂ ਨੇ ਨਕਸਲਬਾੜੀ ਲਹਿਰ ਦੀਆਂ ਭਰਪੂਰ ਗੱਲਾਂ ਕੀਤੀਆਂ। ਲਹਿਰ ਦੌਰਾਨ ਲਿਖੇ ਨਾਵਲਾਂ ਦਾ ਵਿਸ਼ਲੇਸ਼ਣ ਵੀ ਹੋ ਰਿਹਾ ਸੀ ਅਤੇ ਲਹਿਰ ਦੀ ਪੁਨਰਸੁਰਜੀਤੀ ਦੀ ਕਾਮਨਾ ਜਾਂ ਲਹਿਰ ਦੇ ਖਤਮ ਹੋਣ ਦਾ ਹੇਰਵਾ, ਰੁਦਨ ਵੀ ਕੀਤਾ ਜਾ ਰਿਹਾ ਸੀ। ਖੈਰ ਮੈਨੂੰ ਸਮਾਗਮ ਵਿਚ ਪ੍ਰੋ ਹਰਿਭਜਨ ਮਿਲ ਪਿਆ, ਜਿਸ ਦੀ ਪਿਛਲੇ ਸਮੇਂ ਵਿਚ ਇਕ ਕਹਾਣੀਆਂ ਦੀ ਕਿਤਾਬ 'ਪਰਵਾਸ ਤੋਂ ਆਵਾਸ ਵੱਲ' ਮੈਂ ਪ੍ਰਕਾਸ਼ਤ ਕੀਤੀ ਸੀ। ਉਸ ਨੇ ਮੈਨੂੰ ਸ਼ਾਮ ਦੀ ਇਕ ਬੈਠਕ ਦਾ ਸੱਦਾ ਦੇ ਦਿੱਤਾ। ਪਰ ਮੈਂ ਉਥੇ ਜਾ ਨਾ ਸਕਿਆ। ਏਥੇ ਮੈਨੂੰ ਅਮਰਜੀਤ ਚਾਹਲ, ਹਰਪ੍ਰੀਤ ਸੇਖਾ, ਅੰਮ੍ਰਿਤ ਦਿਵਾਨਾ ਤੇ ਹੋਰ ਸਾਥੀ ਵੀ ਮਿਲੇ। ਮੈਂ ਪਾਲ ਹੁਰਾਂ ਦੇ ਨਾਲ ਸਾਂ ਸੋ ਅਸੀਂ ਕਿਤੇ ਹੋਰ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ ਵਿਚੋਂ ਉੱਠ ਕੇ ਆ ਗਏ।

ਉੱਥੋਂ ਉੱਠ ਕੇ ਮੈਂ, ਪਾਲ , ਮੋਹਨ ਗਿੱਲ ਤੇ ਛਿੰਦਾ ਢਿੱਲੋਂ ਅਸੀਂ ਚਾਰੇ ਜਣੇ ਇਕ ਪੰਜਾਬੀ ਰੈਸਟੋਰੈਂਟ ਵਿਚ ਪਹੁੰਚ ਗਏ। ਉਥੇ ਬੈਠ ਕੇ ਟਿੱਕੀ, ਛੋਲੇ ਨਾਲ ਸਾਹਿਤਕ ਚਰਚਾ ਕਰਨ ਲੱਗੇ। ਮੋਹਨ ਗਿੱਲ ਸਰੀ ਦੇ ਪੰਜਾਬੀ ਲੇਖਕਾਂ ਦੀਆਂ ਗੱਲਾਂ ਦੇ ਨਾਲ ਨਾਲ ਪੰਜਾਬ ਦੇ ਲੇਖਕਾਂ ਬਾਰੇ ਵੀ ਗੱਲਾਂ ਕਰਦਾ ਰਿਹਾ ਜੋ ਏਧਰ ਆਉਂਦੇ ਹਨ। ਗੱਲਾਂ ਪੰਜਾਬ ਦੇ ਨਕਸ਼ਲੀ ਸ਼ਾਇਰ ਪਾਸ਼ ਬਾਰੇ ਵੀ ਚੱਲੀਆਂ... ਉਹਦੇ ਨਿੱਜ ਨੂੰ ਲੈ ਕੇ, ਉਹਦੀ ਕਵਿਤਾ ਨੂੰ ਲੈ ਕੇ। ਦੋ ਤਿੰਨ ਗਰੁੱਪਾਂ ਵਿਚ ਵੰਡੇ ਹੋਏ ਸਰੀ ਦੇ ਲੇਖਕਾਂ ਦੀਆਂ ਗੱਲਾਂ ਵੀ ਚੱਲੀਆਂ। ਮੈਂ ਵੇਖਿਆ ਜਿਹੜੇ ਲੇਖਕ ਨਕਸਲਬਾੜੀ ਲਹਿਰ ਸਬੰਧੀ ਪੁਸਤਕ ਦੀ ਗੋਸ਼ਟੀ ਵਿਚ ਪਹੁੰਚੇ ਸਨ ਉਹ ਪਾਲ ਦੀ ਕਿਤਾਬ ਦੇ ਸਮਾਗਮ ਵਿਚ ਨਹੀਂ ਪਹੁੰਚੇ ਸਨ।

ਖੈਰ ਦੂਜੇ ਦਿਨ ਪਾਲ ਢਿੱਲੋਂ ਦੀ ਕਿਤਾਬ 'ਮੈਂ ਸ਼ੀਸ਼ਾ ਤੇ ਚਿਹਰਾ' ਤੇ ਗੋਸ਼ਟੀ ਸੀ। ਮੈਨੂੰ ਪਾਲ ਨੇ ਦੱਸਿਆ ਹੀ ਨਹੀਂ ਕਿ ਗੋਸ਼ਟੀ ਵਿਚ ਤੇਰਾ ਸਨਮਾਨ ਕਰਨਾ ਹੈ ਅਤੇ ਪ੍ਰਧਾਨਗੀ ਮੰਡਲ ਵਿਚ ਬਿਠਾਉਣਾ ਹੈ। ਮੋਹਨ ਗਿੱਲ ਨੇ ਸਟੇਜ ਸੰਚਾਲਨ ਸਾਂਭ ਲਿਆ। ਪ੍ਰਧਾਨਗੀ ਮੰਡਲ ਵਿਚ ਬਾਕੀ ਲੇਖਕਾਂ ਦੇ ਨਾਲ ਮੈਨੂੰ ਵੀ ਪ੍ਰਧਾਨਗੀ ਮੰਡਲ ਵਿਚ ਬੈਠਣ ਲਈ ਸੱਦ ਲਿਆ। ਮੈਨੂੰ ਅਚੰਭਾ ਤੇ ਖੁਸ਼ੀ ਹੋਈ ਕਿ ਪਾਲ ਹੁਰਾਂ ਨੇ ਮੈਨੂੰ ਵੀ ਮਾਣ ਦਿੱਤਾ ਹੈ। ਨਹੀਂ ਤਾਂ ਹਰਿਭਜਨ ਹੁਰਾਂ ਵਾਲੇ ਸਮਾਗਮ ਵਿਚ ਮੇਰਾ ਨਾਂ ਹੀ ਮਸਾਂ ਬੋਲਿਆ ਗਿਆ। ਹਾਲਾਂ ਕਿ ਹਰਿਭਜਨ ਨਾਲ ਮੇਰੀ ਬਹੁਤ ਨੇੜੇ ਦੀ ਨੇੜਤਾ ਸੀ। ਕੁਰਸੀਆਂ ਸਾਰੀਆਂ ਭਰ ਗਈਆਂ ਸਨ ਅਤੇ ਬੈਠਣ ਲਈ ਥਾਂ ਨਹੀਂ ਸੀ। ਲੋਕ ਖੜੇ ਹੋ ਕੇ ਸਮਾਗਮ ਦੇਖ ਰਹੇ ਸਨ। ਪਾਲ ਦੀ ਗ਼ਜ਼ਲ ਤੇ ਤਿੰਨ ਪੇਪਰ ਪੜ੍ਹੇ ਗਏ ਤੇ ਅੰਤ ਬਹਿਸ ਵੀ ਹੋਈ। ਫਿਰ ਮੇਰਾ ਸਨਮਾਨ ਪੱਤਰ ਨਾਲ ਸਨਮਾਨ ਕੀਤਾ ਗਿਆ। ਮੈਂ ਆਪਣੇ ਬਾਰੇ, ਆਪਣੀ ਸਿਰਜਣ ਪ੍ਰਕਿਰਿਆ ਬਾਰੇ ਅਤੇ ਪਾਲ ਦੀ ਗ਼ਜ਼ਲ ਬਾਰੇ ਬੋਲਿਆ। ਇਹ ਵੀ

ਰੇਡੀਓ ਮੀਡੀਆ ਵੇਵਜ਼ ਵਿਖੇ ਰਸੂਲਪੁਰੀ ਨਾਲ ਕੀਤੀ ਮੁਲਾਕਾਤ ਤੋਂ ਬਾਅਦ ਗੁਰਵਿੰਦਰ ਸਿੰਘ ਧਾਲੀਵਾਲ ਆਪਣੇ ਸਟੂਡਿਓ ਵਿਖੇ

ਦੱਸਿਆ ਕਿ ਮੈਂ ਟਰਾਂਟੋ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਭਾਗ ਲੈਣ ਲਈ ਆਇਆ ਸਾਂ। ਮੈਨੂੰ ਖੁਸ਼ੀ ਹੋਈ ਕਿ ਮੈਂ ਸਰੀ ਦੇ ਪੰਜਾਬੀ ਲੇਖਕਾਂ ਵਿਚ ਆਪਣੇ ਗੱਲ ਕਰ ਰਿਹਾ ਹਾਂ। ਚਾਹ ਪਕੌੜਿਆਂ ਉਪਰੰਤ ਕਵੀ ਦਰਬਾਰ ਹੋਇਆ। ਪ੍ਰੋਗਰਾਮ ਤੋਂ ਬਾਅਦ ਮੈਨੂੰ ਸਰੀ ਦੇ ਲੇਖਕ ਦੋਸਤ ਉਚੇਚਾ ਮਿਲਣ ਆਏ। ਜਿਨ੍ਹਾਂ ਨੇ ਮੇਰੀਆਂ ਰਚਨਾਵਾਂ ਪੜ੍ਹੀਆਂ ਹੋਈਆਂ ਸਨ ਜਾਂ ਜੋ 'ਕਹਾਣੀ ਧਾਰਾ' ਮੈਗਜ਼ੀਨ ਨਾਲ ਜੁੜੇ ਹੋਏ ਸਨ। ਐਨੇ ਨੂੰ ਮੇਰਾ ਜਲੰਧਰ ਦਾ ਦੋਸਤ ਸ਼ੀਤਲ ਸਿੰਘ ਪੂਨੀ ਆ ਗਿਆ। ਅਸੀਂ ਬਹੁਤ ਹੀ ਅਪਣਤ ਨਾਲ ਮਿਲੇ। ਇਹ ਦਿਨ ਮੇਰੇ ਲਈ ਯਾਦਗਾਰੀ ਰਿਹਾ।

ਇਸ ਦੌਰਾਨ ਜਰਨੈਲ ਸਿੰਘ ਸੇਖਾ ਨੂੰ ਉਹਦੇ ਘਰ ਮਿਲੇ। ਸੇਖਾ ਪਰਵਾਸੀ ਨਾਵਲ ਵਿਚ ਚਰਚਿਤ ਨਾਂ ਹੈ। ਉਨ੍ਹਾਂ ਨੇ ਮੇਰੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ। ਮੈਨੂੰ ਉਨ੍ਹਾਂ ਨੇ ਦੋ ਨਾਵਲ ਦਿੱਤੇ। ਦੂਜੇ ਦਿਨ ਅਸੀਂ 'ਇੰਡੋ ਕਨੈਡਾ ਟਾਇਮਜ਼' ਦੇ ਦਫ਼ਤਰ ਗਏ। ਮੋਹਨ ਗਿੱਲ ਉਥੇ ਹੀ ਕੰਮ ਕਰਦਾ ਹੈ। ਉਥੇ ਸਾਨੂੰ ਤਾਰਾ ਸਿੰਘ ਹੇਅਰ ਦੀ ਬੇਟੀ ਅਤੇ ਜਵਾਈ ਮਿਲੇ। ਜੋ ਕਿ ਅਖ਼ਬਾਰ ਦਾ ਸਾਰਾ ਕੰਮ ਵੇਖਦੇ ਹਨ। ਫਿਰ ਮੈਂ ਆਪਣੇ ਬਾਰੇ ਦੱਸਿਆ। ਅਸੀਂ ਕੁਝ ਸਾਹਿਤਕ ਗੱਲਾਂ ਕੀਤੀਆਂ। ਹੇਅਰ ਦੀ ਬੇਟੀ ਨੇ ਕਿਹਾ ਕਿ ਤੁਸੀਂ ਸਾਡੀ ਅਖ਼ਬਾਰ ਵਿਚ ਆਪਣੇ ਲੇਖ ਤੇ ਕਹਾਣੀਆਂ ਭੇਜਿਆ ਕਰੋ। ਇਸ ਦੌਰਾਨ ਪੰਜਾਬ ਦੀ ਰਾਜਨੀਤਿਕ ਸਥਿਤੀ ਬਾਰੇ ਗੱਲਾਂ ਹੋਈਆਂ। ਫਿਰ ਸਾਰਿਆਂ ਨਾਲ ਇਕ ਗਰੁੱਪ ਫੋਟੋ ਵੀ ਹੋਈ। ਇੰਡੋ ਕਨੈਡੀਅਨ ਟਾਇਮਜ਼ ਕਨੇਡਾ ਦਾ ਇਕੋ ਇਕ ਅਖ਼ਬਾਰ ਹੈ ਜੋ ਮੁੱਲ ਵਿਕਦਾ ਹੈ। ਉਥੋਂ ਵਿਦਾ ਹੋ ਕੇ ਅਸੀਂ ਵਾਪਸ ਤੁਰ ਪਏ। ਸਾਡੀ ਸਰੀ ਦੀ ਫੇਰੀ ਯਾਦਗਾਰੀ ਰਹੀ।

## ਵਿਛੜੇ ਦੋਸਤਾਂ ਦਾ ਭਰਤ ਮਿਲਾਪ

ਮੇਰੇ ਕੋਲ ਹਫ਼ਤਾ ਕੁ ਬਚਿਆ ਸੀ ਇੰਡੀਆ ਜਾਣ ਵਿਚ। ਇਨ੍ਹਾਂ ਦਿਨਾਂ ਵਿਚ ਮੈਂ ਆਪਣੇ ਦੋਸਤਾਂ ਨੂੰ ਮਿਲਣਾ ਸੀ। ਅੰਮ੍ਰਿਤ ਦੀਵਾਨਾ ਤੋਂ ਪਤਾ ਲੱਗ ਗਿਆ ਸੀ ਕਿ ਸੀਤਲ ਸਿੰਘ ਪੂਨੀ, ਅਵਤਾਰ ਡੱਬ, ਕਮਲਜੀਤ ਸਿੰਘ ਥਿੰਦ ਸਾਰੇ ਸਰੀ ਤੇ ਉਹਦੇ ਆਸ-ਪਾਸ ਰਹਿੰਦੇ ਹਨ। ਦਿਨੇਸ਼ ਕੁਮਾਰ ਮੈਨੂੰ ਨੌਰਥ ਵੈਨਕੂਵਰ ਮਨਜੀਤ ਹੁਰਾਂ ਦੇ ਘਰ ਛੱਡ ਗਿਆ ਸੀ। ਮਨਜੀਤ ਆਪਣੇ ਕਲੀਨਿਕ ਵਿਚ ਬਹੁਤ ਰੁਝੇਵੇ ਵਿਚ ਸੀ। ਮੇਰੇ ਲਈ ਇਕ ਦਿਨ ਹੀ ਇਕੱਲਿਆ ਉੱਥੇ ਰਹਿਣਾ ਮੁਸ਼ਕਲ ਹੋ ਗਿਆ ਸੀ। ਮੈਂ ਸੀਤਲ ਨੂੰ ਫੋਨ ਕੀਤਾ, "ਸੀਤਲ ਆ ਜਾਹ ਯਾਰ! ਮੈਨੂੰ ਮਿੱਠੀ ਜੇਲ੍ਹ ਵਿਚੋਂ ਕੱਢ ਲੈ...।" ਉਹਨੇ ਹੁੰਗਾਰਾ ਭਰਿਆ। ਤੇ ਮੈਨੂੰ ਲੈਣ ਆ ਗਿਆ। ਇਹ ਦਿਨ ਮੈਂ ਸ਼ੀਤਲ ਹੁਰਾਂ ਕੋਲ ਹੀ ਗੁਜਾਰਨੇ ਸੀ। ਸ਼ੀਤਲ ਨੇ ਵੱਡੀ ਗੱਡੀ ਰੱਖੀ ਹੋਈ

**ਕਈ ਸਾਲਾਂ ਬਾਅਦ ਮਿਲੇ ਦੋ ਦੋਸਤਾਂ ਦੀ ਪਿਆਰ ਗਲਵਕੜੀ ਅਵਤਾਰ ਡੱਬ ਨਾਲ ਰਸੂਲਪੁਰੀ**

ਹੈ।ਉਸ ਨੂੰ ਮਿਲ ਕੇ ਮੈਂ ਕਾਫੀ ਸਹਿਜ ਹੋ ਗਿਆ।ਅਸੀਂ ਗੱਲਾਂ ਕਰਦੇ ਕਰਦੇ ਸਰੀ ਵੱਲ ਨੂੰ ਤੁਰ ਪਏ।ਕਾਲਜ ਵੇਲੇ ਸਾਹਿਤ ਲਿਖਣ ਤੇ ਪੜ੍ਹਨ ਦਾ ਸਫ਼ਰ ਅਸੀਂ ਇਕੱਠੇ ਹੀ ਸ਼ੁਰੂ ਕੀਤਾ ਸੀ। ਉਸ ਵੇਲੇ ਅਵਤਾਰ ਡੱਬ, ਦਵਿੰਦਰ ਮੰਡ, ਜਸਵਿੰਦਰ ਤੀਰ, ਸੀਤਲ ਸਿੰਘ, ਕਮਲਜੀਤ ਥਿੰਦ ਸਾਰੇ ਹਫ਼ਤੇ ਵਿਚ ਇਕ ਵਾਰ ਜਲੰਧਰ ਦੀ ਲਾਇਬਰੇਰੀ ਵਿੱਚ ਬੈਠਦੇ ਅਤੇ ਆਪਣੀਆਂ ਆਪਣੀਆਂ ਰਚਨਾਵਾਂ ਪੜ੍ਹਦੇ ਤੇ ਸੁਣਦੇ। ਮੇਰਾ ਅਤੇ ਦੇਸ ਰਾਜ ਕਾਲੀ ਦਾ ਪਹਿਲਾਂ ਕਹਾਣੀ ਸੰਗ੍ਰਹਿ 'ਚਾਨਣ ਦੀ ਲੀਕ' ਦਾ ਟਾਇਟਲ ਸ਼ੀਤਲ ਸਿੰਘ ਨੇ ਬਣਾਇਆ ਸੀ।ਸਾਡੀ ਸਾਂਝ ਉਸ ਵੇਲੇ ਦੀ ਸੀ।ਕਮਲਜੀਤ ਥਿੰਦ 'ਕਲਮਾਂ' ਨਾਂ ਦਾ ਰਸਾਲਾ ਪ੍ਰਕਾਸ਼ਤ ਕਰਨ ਲੱਗਾ ਅਤੇ 'ਥਿੰਦ ਪ੍ਰਕਾਸ਼ਨ' ਨਾਂ ਹੇਠ ਦੋਸਤਾਂ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਨ ਲੱਗਾ।ਇਹ ਦੌਰ 1990-91 ਦਾ ਸੀ।ਫਿਰ ਇਕ ਸਮਾਂ ਇਹ ਆਇਆ ਕਿ ਸਾਡਾ ਗਰੁੱਪ ਖਿਲਰਨ ਲੱਗਾ। ਸ਼ੀਤਲ, ਕਮਲਜੀਤ, ਅਵਤਾਰ ਪੜ੍ਹਾਈ ਤੋਂ ਬਾਅਦ ਰੋਜ਼ਗਾਰ ਦੀ ਭਾਲ ਵਿਚ ਵਿਦੇਸ਼ ਵੱਲ ਤੁਰ ਪਏ।ਬਾਕੀ ਅਸੀਂ ਏਧਰ ਹੀ ਸੰਘਰਸ਼ ਕਰਨ ਲੱਗ ਪਏ।ਇਹ ਦੋਸਤ ਐਨੇ ਸਾਲਾਂ ਬਾਅਦ ਮਿਲੇ ਸਨ।ਉਹ ਪੁਰਾਣੀਆਂ ਯਾਦਾਂ ਮੈਂ ਤੇ ਸ਼ੀਤਲ ਤਾਜੀਆਂ ਕਰਨ ਲੱਗ ਪਏ। ਸ਼ਾਮ ਨੂੰ ਅਸੀਂ ਸਰੀ ਪਹੁੰਚ ਗਏ।ਸ਼ੀਤਲ 'ਸਬ ਵੇਅ' ਫਾਸਟ ਫੂਡ ਦੀ ਹੱਟੀ ਚਲਾਉਂਦਾ ਹੈ ਨਾਲ ਰੀਅਲ ਅਸਟੇਟ ਦਾ ਕਾਰੋਬਾਰ ਵੀ ਕਰ ਲੈਂਦਾ ਹੈ।ਬਾਕੀ ਸਮੇਂ ਵਿਚ ਕਨੇਡਾ ਦੀ ਲਾਇਫ ਦਾ ਆਨੰਦ ਲੈਂਦਾ ਹੈ। ਸਰੀ ਪਹੁੰਚ ਕੇ ਸੀਤਲ ਨੇ ਅੰਮ੍ਰਿਤ ਦੀਵਾਨੇ ਨੂੰ ਫ਼ੋਨ ਕੀਤਾ, "ਦੀਵਾਨਾ ਜੀ! ਆਪਣਾ ਭਰਾ ਰਸੂਲਪੁਰੀ ਆ ਗਿਆ ਹੈ, ਤੁਸੀਂ 'ਸਬ ਵੇਅ' ਤੇ ਆ ਜਾਓ, ਇਹਦੀ 'ਓਛਲਦੀ ਨਦੀ' ਵਿਚ ਡੁੱਬਕੀ ਲਗਾ ਦਈਏ।" ਮੈਂ ਉਹਦੀ ਗੱਲ ਸੁਣ ਕੇ ਸੋਚਾਂ ਵਿਚ ਪੈ ਗਿਆ। ਦੀਵਾਨਾ ਆਇਆ ਤਾਂ ਅਸੀਂ 'ਉਛਲਦੀ ਨਦੀ' ਦੀਆਂ ਲਹਿਰਾਂ ਦਾ ਆਨੰਦ ਮਾਨਣ ਤੁਰ ਪਏ।ਅਸੀਂ ਬੀਅਰ ਦੇ ਆਪਣੇ ਆਪਣੇ ਮੱਘ ਲੈ ਕੇ ਨਦੀਂ ਦੇ ਕੰਢੇ ਤੇ ਬੈਠ ਗਏ।ਨਦੀਂ ਵਿਚ ਪਾਣੀ ਆਇਆ, ਪਹਿਲਾਂ ਹੌਲੀ ਫਿਰ ਤੇਜ਼.. ਜਦੋਂ ਨਦੀਂ ਦੀਆਂ ਛੱਲਾਂ ਉਪਰ ਨੂੰ ਉੱਠਦੀਆਂ ਤਾਂ ਦੀਵਾਨਾ ਕਹਿੰਦਾ "ਵਾਹ!!" ਪ੍ਰਕ੍ਰਿਤੀ ਦਾ ਬਹੁਤ ਦੀ ਖੂਬਸੂਰਤ ਨਜ਼ਾਰਾ ਸੀ ਇਹ।ਪਾਰਦਰਸ਼ੀ ਨਦੀ ਦਾ ਪਾਣੀ ਕਦੇ ਨੀਲਾ ਤੇ ਕਦੇ ਸੁਨਿਹਰੀ ਦਿਸਦਾ, ਮੇਰੀਆਂ ਅੱਖਾਂ ਥਾਣੀਂ ਹੁੰਦਾ ਹੋਇਆ ਹਿਰਦਾ ਠਾਰ ਜਾਂਦਾ।ਜਦੋਂ ਨਦੀਂ ਵਿਚੋਂ ਪਿੱਛਿਓ ਪਾਣੀ ਦੀ ਛੱਲ ਆਉਂਦੀ ਤਾਂ ਉਛਲ ਕੇ ਉਹ ਛੱਲ ਸਾਡੇ ਐਨ ਮੋਹਰੇ ਡਿੱਗਦੀ...ਮੇਰੇ ਮੂੰਹ ਵਿਚੋਂ ਵੀ "ਵਾਹ!!" ਨਿਕਲਦਾ...ਬੀਅਰ ਦਾ ਸਰੂਰ ਅਤੇ ਉਛਲਦੀ ਨਦੀ.... ਅਸਮਾਨ ਨੂੰ ਛੂਹ ਰਹੀਆਂ ਛੱਲਾ....ਪ੍ਰਕ੍ਰਿਤੀ ਦਾ ਅਦਭੁੱਤ ਨਜ਼ਾਰਾ ਦੇਖ ਕੇ ਮੇਰੀ ਸਾਰੀ ਸਰੀਰਕ ਅਤੇ ਮਾਨਸਿਕ ਥਕਾਵਟ ਲੱਥ ਗਈ।

ਸੀਤਲ ਕਹਿੰਦਾ, "ਹੁਣ ਤੇਰੀ ਉਛਲਦੀ ਨਦੀ 'ਚ ਡੁੱਬਕੀ ਲਗਾਈਏ!"

ਮੈਂ ਤੌਬਾ ਕਰ ਜਾਂਦਾ, "ਨਾ ਬਈ, ਮੈਨੂੰ ਪਾਣੀ ਤੋਂ ਬਾਹਲਾ ਡਰ ਲੱਗਦਾ, ਪਾਣੀ ਚਾਹੇ ਸਮੁੰਦਰ ਦਾ ਹੋਵੇ

**ਸਰੀ ਵਿਖੇ ਸਥਿਤ ਇਕ ਲਿਕਿਓਡ ਸਟੋਰ ਵਿਖੇ ਲੇਖਕ**

ਚਾਹੇ ਨਦੀ ਦਾ ਡਰ... ਲਗਦਾ ਰਹਿੰਦਾ ਜੇ ਮੈਂ ਡੁੱਬਕੀ ਲਗਾਈ ਤਾਂ ਇਹਦਾ ਤੇਜ਼ ਪਾਣੀ ਮੈਨੂੰ ਆਪਣੇ ਨਾਲ ਵਹਾ ਕੇ ਲੈ ਜਾਵੇਗਾ। ਨਾ ਬਈ... ਉਛਲਦੀ ਨਦੀ ਨੂੰ ਦੂਰੋਂ ਹੀ ਵੇਖਣਾ ਚੰਗਾ।"

"ਲੈ ਤੂੰ ਤਾਂ ਜਮਾਂ ਡਰਪੋਕ ਐ.... ਲੇਖਕ ਨੂੰ ਹਰ ਤਰ੍ਹਾਂ ਦਾ ਅਨੁਭਵ ਲੈਣਾ ਚਾਹੀਦਾ.... ਤੂੰ ਕਹਾਣੀਆਂ ਕਿਵੇਂ ਲਿਖੇਗਾ... ।" ਅੰਮ੍ਰਿਤ ਦੀਵਾਨਾ ਬੀਅਰ ਦਾ ਜੱਗ ਖਾਲੀ ਕਰਦਾ ਕਹਿੰਦਾ।

ਫਿਰ ਜਦੋਂ ਮਨ ਕਰਦਾ ਅਸੀਂ ਨਦੀ ਦੇ ਕੰਢੇ ਬੈਠ ਉਛਲਦੀ ਨਦੀ ਦੇ ਵਹਾ ਨੂੰ ਵਹਿੰਦੇ... ਹਰ ਵਾਰ ਮੈਨੂੰ ਉਛਲਦੀ ਨਹੀਂ ਦੀ ਤੋਰ ਵੱਖਰੀ ਲੱਗਦੀ.... ਪੈਲਾ ਪਾਉਂਦੀ... ਅਠਖੇਲੀਆਂ ਕਰਦੀ ਸਜ ਵਿਆਹੀ ਨਾਰ ਵਰਗੀ ਨਦੀ ਦੀ ਤੋਰ ਲੱਗਦੀ.... ਇਕ ਦਮ ਪਵਿੱਤਰ.... ਪਾਕ ਅਤੇ ਸੁੱਚੀ ਸੱਚੀ.... ਮੈਂ ਨਦੀ ਦੇ ਵਹਾ ਵਿਚ ਖੁੱਭ ਜਾਂਦਾ.... ਬੀਅਰ ਮੇਰੇ ਸਿਰ ਨੂੰ ਚੜਦੀ ਤੇ ਮੈਨੂੰ ਲੱਗਦਾ ਮੈਂ ਨਦੀਂ ਵਿਚ ਡੁੱਬਕੀਆਂ ਲਾ ਰਿਹਾ ਹਾਂ.... ਉਲਟ ਦਿਸ਼ਾ ਵੱਲ ਤੈਰ ਰਿਹਾ ਹਾਂ, ਨਦੀ ਦਾ ਵਹਾ ਮੇਰੀਆਂ ਬਾਹਾਂ ਨੂੰ ਥਕਾ ਰਿਹਾ ਹੈ.... ਮੈਨੂੰ ਕਿਸੇ ਸ਼ਾਇਰ ਦੀਆਂ ਸਤਰਾਂ ਚੇਤੇ ਆਉਂਦੀਆਂ... 'ਨਦੀਏ ਨੀ ਨਦੀਏ... ਤੇਰੀ ਪਿਆਸ ਤਾਂ ਅੰਬਰ ਜਿੱਡੀ ਤੈਥੋਂ ਬੁੱਝੇ ਨਾ ਟਹਿਣਾ' ਬਾਹਰਹਾਲ ਉਛਲਦੀ ਨਦੀਂ ਨੂੰ ਕੰਢੇ 'ਤੇ ਬੈਠ ਕੇ ਉਹਦੀਆਂ ਲਹਿਰਾਂ ਦੀ ਗਿਣਤੀ ਕਰਨ ਦੇ ਅਨੁਭਵ ਬਹੁਤ ਪਵਿੱਤਰ ਸਨ।ਕਨੇਡਾ ਦੀਆਂ ਨਦੀਆਂ, ਝਰਨੇ, ਝੀਲਾਂ, ਖੂਬਸੂਰਤ ਔਰਤਾਂ ਤੇ ਪਹਾੜ ਤੁਹਾਨੂੰ ਪ੍ਰਕਿਰਤੀ ਦੇ ਬਹੁਤ ਨੇੜੇ ਲੈ ਜਾਂਦੇ ਹਨ।

ਅੰਮ੍ਰਿਤ ਦੀਵਾਨਾ ਕਨੇਡਾ ਆਉਣ ਤੋਂ ਪਹਿਲਾਂ ਮੈਨੂੰ ਜਲੰਧਰ ਅਕਸਰ ਹੀ ਮਿਲਦਾ ਰਹਿੰਦਾ ਸੀ।ਮੈਂ ਉਦੋਂ ਕਹਾਣੀ ਲਿਖਣੀ ਸ਼ੁਰੂ ਹੀ ਕੀਤੀ ਸੀ। ਉਦੋਂ ਉਹ 'ਅਕਾਲੀ ਪੱਤ੍ਰਿਕਾ' ਵਿਚ ਨਿਊਜ਼ ਸੰਪਾਦਕ ਸੀ। ਅਸੀਂ ਕਦੇ ਕਦੇ ਉਨ੍ਹਾਂ ਦੇ ਦਫ਼ਤਰ ਜਾ ਕੇ ਆਪਣੀਆਂ ਨਿੱਕੀਆਂ ਕਹਾਣੀਆਂ ਛਪਣ ਲਈ ਦਿੰਦੇ ਸਾਂ। ਉਨ੍ਹਾਂ ਦਿਨ੍ਹਾਂ ਵਿਚ ਹੀ ਅੰਮ੍ਰਿਤਾ ਪ੍ਰੀਤਮ ਦਾ ਪਰਚਾ 'ਨਾਗਮਣੀ' ਛਪਦਾ ਹੁੰਦਾ ਸੀ। ਜਿਹੜਾ ਵੀ ਉਹਦੇ ਵਿਚ ਛਪ ਜਾਂਦਾ ਸੀ ਉਹ ਆਪਣੇ ਆਪ ਨੂੰ ਵੱਡਾ ਕਵੀ ਅਤੇ ਕਹਾਣੀਕਾਰ

**ਗੂੜੇ ਮਿੱਤਰ ਸੀਤਲ ਸਿੰਘ ਨਾਲ ਰਸੂਲਪੁਰੀ ਕਨੇਡੇ ਫਲਾਇਟ ਵੇਖਣ ਸਮੇਂ**

**ਕਮਲਜੀਤ ਥਿੰਦ ਦੇ ਸਟੂਡੀਓ ਵਿਖੇ ਮੁਲਾਕਾਤ ਕਰਦੇ ਹੋਏ ਅੰਮ੍ਰਿਤ ਦੀਵਾਨਾ ਨਾਲ ਲੇਖਕ**

ਸਮਝਣ ਲੱਗ ਪੈਂਦਾ ਸੀ।ਉਨ੍ਹਾਂ ਦਿਨ੍ਹਾਂ ਵਿਚ ਹੀ ਅੰਮ੍ਰਿਤ ਦੀਵਾਨਾ ਦੀ ਇਕ ਕਵਿਤਾ 'ਪਾਰਲੀਮੈਂਟ' ਨਾਗਮਣੀ ਦੇ ਪਹਿਲੇ ਪੰਨੇ ਤੇ ਛਪੀ ਸੀ। ਮੈਨੂੰ ਚੇਤੇ ਹੈ ਉਦੋਂ ਉਹ ਜਲੰਧਰ ਦੇ ਬੱਸ ਅੱਡੇ ਤੇ ਮੈਨੂੰ ਤੇ ਦੇਸ ਰਾਜ ਕਾਲੀ ਨੂੰ ਮਿਲਿਆ ਸੀ।ਉਹਦੇ ਹੱਥ ਵਿਚ 'ਨਾਗਮਣੀ' ਦਾ ਪਰਚਾ ਸੀ। ਬੜਾ ਖੁਸ਼ ਸੀ।ਬੜੀ ਖੁਸ਼ੀ ਵਿਚ ਦੱਸ ਰਿਹਾ ਸੀ ਕਿ ਮੇਰੀ ਕਵਿਤਾ ਅੰਮ੍ਰਿਤਾ ਨੇ ਪਹਿਲੇ ਪੰਨੇ ਤੇ ਛਾਪੀ ਹੈ।ਉਥੇ ਹੀ ਸਾਨੂੰ ਖੜਾ ਕਰਕੇ ਦੀਵਾਨਾ ਕਵਿਤਾ ਸੁਣਾਉਣ ਲੱਗ ਪਿਆ-

ਮਨ ਦੀ ਪਾਰਲੀਮੈਂਟ 'ਚ
ਸਦਾ ਸ਼ੋਰ ਸ਼ਰਾਬਾ ਰਹਿੰਦਾ ਹੈ....

ਇਸ ਕਵਿਤਾ ਦੀ ਜਲੰਧਰ ਦੇ ਸਹਿਤਕ ਹਲਕਿਆਂ ਵਿਚ ਕਈ ਦਿਨ ਚਰਚਾ ਚੱਲਦੀ ਰਹੀ।ਬਾਅਦ ਵਿਚ ਜਦੋਂ ਮੇਰੀ ਕਹਾਣੀ ਵੀ 'ਨਾਗਮਣੀ' ਵਿਚ ਛਪੀ ਤਾਂ ਉਹ ਦਾ ਨੋਟਿਸ ਲਿਆ ਗਿਆ। ਮੈਨੂੰ ਕਹਾਣੀਕਾਰ ਦੇ ਤੌਰ ਤੇ ਮਾਨਤਾ ਮਿਲਣ ਲੱਗੀ।ਫਿਰ ਸਾਰਾ ਕੁੱਝ ਛੱਡ ਕੇ ਦੀਵਾਨਾ ਕਨੇਡਾ ਆ ਗਿਆ। ਏਥੇ ਉਹ ਸਾਹਿਤ ਨਾਲ ਬੜੀ ਸਿੱਦਤ ਨਾਲ ਜੁੜਿਆ ਹੋਇਆ ਹੈ। ਕਵਿਤਾ ਵੀ ਲਿਖ ਲੈਂਦਾ ਹੈ। ਸਾਹਿਤਕ ਸਮਾਗਮਾ ਵਿਚ ਹਾਜ਼ਰੀ ਵੀ ਲਗਾ ਲੈਂਦਾ ਹੈ।ਕਮਲਜੀਤ ਥਿੰਦ ਦੇ ਟੀ. ਵੀ. ਪ੍ਰੋਗਰਾਮ ਵਿਚ ਲੇਖਕਾਂ ਦੀਆਂ ਮੁਲਾਕਾਤਾਂ ਵੀ ਕਰ ਲੈਂਦਾ ਹੈ।

ਸੀਤਲ ਸਿੰਘ ਪੂੰਨੀ ਨੇ ਆਪਣੇ 'ਸਬ ਵੇਅ ਤੇ ਉਥੇ ਕੰਮ ਕਰਦੇ ਵਰਕਰਾਂ ਦੀਆਂ ਡਿਊਟੀਆਂ ਲਾ ਕੇ ਸਾਰਾ ਸਮਾਂ ਮੇਰੇ ਲਈ ਕੱਢ ਲਿਆ ਸੀ।ਸਾਮ ਨੂੰ ਅਸੀਂ ਘਰ ਚਲੇ ਗਏ।ਘਰ ਅੰਮ੍ਰਿਤ ਕੌਰ ਉਸ ਦੀ ਪਤਨੀ ਅਤੇ ਬੱਚੇ ਮਿਲੇ।ਘਰ ਦਾ ਮਾਹੌਲ ਇਕ ਦਮ ਖੁੱਲ੍ਹਾ ਸੀ।ਅੰਮ੍ਰਿਤ ਨੂੰ ਮੈਂ ਪਹਿਲਾਂ ਹੀ ਜਾਣਦਾ ਸੀ।ਸੀਤਲ ਨਾਲ ਉਹ ਅਕਸਰ ਹੀ ਜਲੰਧਰ ਮਿਲ ਪੈਂਦੀ ਸੀ। ਦੋਹਾਂ ਦੀ ਜੋੜੀ ਬੜੀ ਖੂਬਸੂਰਤ ਲੱਗੀ। ਦੂਜੇ ਦਿਨ ਸੀਤਲ ਮੈਨੂੰ ਕਨੇਡਾ ਪਲੇਸ ਲੈ ਗਿਆ। ਇਹ ਹੋਟਲ ਸਮੁੰਦਰ ਵਿਚ ਹੈ।ਅਤੇ ਇਹਦਾ ਡਿਜਾਇਨ ਵਿਸ਼ਾਲ ਅਕਾਰ ਦੇ ਸਮੁੰਦਰੀ ਜਹਾਜ ਵਰਗਾ ਹੈ ਜਿਹੜਾ ਦੂਰੋਂ ਦੁੱਧ ਚਿੱਟੇ ਸੰਗਮਰਮਰ ਵਰਗਾ ਲੱਗਦਾ ਹੈ।ਅਸੀਂ ਏਹਦੀ ਛੱਤ ਤੇ ਪਹੁੰਚ ਕੇ ਸਮੁੰਦਰ ਦੀਆਂ ਲਹਿਰਾਂ ਦਾ ਆਨੰਦ ਮਾਣਿਆ।ਸਮੁੰਦਰ ਦੀਆਂ ਲਹਿਰਾਂ ਦਾ ਨ੍ਰਿਤ ਵੇਖਣ ਵਾਲਾ ਸੀ।ਵਿਸ਼ਾਲ ਅਕਾਰ ਦੇ ਸਮੁੰਦਰ ਦਾ ਦ੍ਰਿਸ਼.... ਇਸ ਵਿਚ 'ਫਲਾਈ ਓਵਰ ਕਨੇਡਾ' ਨਾਂ ਦਾ ਥਿਏਟਰ ਹੈ।ਜਿਸ ਵਿਚ ਪੂਰੇ ਕਨੇਡਾ ਦੀ ਸੈਰ ਤੁਹਾਨੂੰ ਅੱਧੇ ਘੰਟੇ ਵਿਚ ਕਰਾ ਦਿੱਤੀ ਜਾਂਦੀ ਹੈ।ਇਹ ਇਸ ਤਕਨੀਕ ਨਾਲ ਤਿਆਰ ਕੀਤਾ ਗਿਆ ਹੈ ਕਿ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਛੱਤ ਤੋਂ ਬਿਨਾ ਵਾਲੇ ਜਹਾਜ'ਚ ਬੈਠੇ ਮੋਹਰਲੀ ਲੋਹੇ ਦੀ ਰਾਡ ਨੂੰ ਫੜੀ ਉੱਡ ਰਹੇ ਹੋ, ਤੇ ਕਨੇਡਾ ਦੇ ਪਹਾੜ, ਝੀਲਾਂ, ਦਰਿਆ, ਸੁੰਦਰ ਫੁੱਲ, ਪੰਛੀ, ਬਰਫ਼ ਨਾਲ ਲੱਦੇ ਪਹਾੜ, ਝਰਨੇ ਵਿਚੋਂ ਦੀ ਲੰਘ ਰਹੇ ਹੁੰਦੇ ਹੋ। ਇਸ ਦੀ ਸ਼ੂਟਿੰਗ ਹੈਲੀਕਾਪਟਰ ਦੇ ਮੋਹਰੇ ਕੈਮਰਾ ਲਗਾ ਕੇ ਤੇ ਹੋਰ ਖ਼ਤਰੇ ਵਾਲੀਆਂ ਵਿਧੀਆਂ ਨਾਲ ਕੀਤੀ ਗਈ ਅਤੇ ਇਸ ਦਾ ਸੰਗੀਤ ਵੈਨਕੂਵਰ ਦੀ ਫਿਲਮੀ ਇੰਡਸਟਰੀ ਦੇ 61 ਮਿਊਜ਼ਿਕ ਕੰਪੋਜ਼ਰਾ ਨੇ ਤਿਆਰ ਕੀਤਾ।ਫਿਲਮ

**ਇਕ ਰੈਸਟੋਰੈਂਟ ਵਿਖੇ ਦੋਸਤਾਂ ਨਾਲ ਲੇਖਕ**

ਅਤਿ ਆਧੁਨਿਕ ਤਰੀਕੇ ਨਾਲ ਤਿਆਰ ਕੀਤੀ ਗਈ ਹੈ। ਇੰਝ ਲੱਗਦਾ ਹੈ ਕਿ ਜਿਵੇਂ ਤੁਹਾਡਾ ਜਹਾਜ ਡੂੰਘੀ ਖੱਡ ਵਿਚੋਂ ਦੀ ਜਾ ਰਿਹਾ ਹੋਵੇ। ਬੜਾ ਭਿਆਨਿਕ ਨਜ਼ਾਰਾ ਦਿਸਦਾ ਹੈ.... ਜਿੱਥੇ ਜਿੱਥੇ ਬਰਫ਼ ਦੇ ਦ੍ਰਿਸ਼ ਆਉਂਦੇ ਹਨ ਤੁਹਾਡੇ ਉੱਤੇ ਪਾਣੀ ਦੀ ਫੁਹਾਰ ਪੈਂਦੀ ਹੈ, ਤੁਹਾਨੂੰ ਅਜਿਹੀ ਫੀਲਿੰਗ ਦੇ ਜਾਂਦੀ ਹੈ ਕਿ ਜਿਵੇਂ ਬਰਫ਼ ਦੇ ਕਿਣਕੇ ਤੁਹਾਡੇ ਉੱਤੇ ਪੈ ਰਹੇ ਹੁੰਦੇ ਹਨ।ਅੱਧੇ ਘੰਟੇ ਦੀ ਇਹ ਫਿਲਮ ਕਨੇਡਾ ਬਾਰੇ ਤੁਹਾਨੂੰ ਭਰਪੂਰ ਜਾਣਕਾਰੀ ਦੇ ਜਾਂਦੀ ਹੈ। ਤੁਸੀਂ ਸਾਰੇ ਕਨੇਡਾ ਨੂੰ ਥੋੜੇ ਸਮੇਂ ਵਿਚ ਵੇਖ ਲੈਂਦੇ ਹੋ।ਫਿਲਮ ਦੀ ਸ਼ੁਰੂਆਤ ਮੈਨੀਟੋਬਾ ਤੋਂ ਹੁੰਦੀ ਹੈ ਜਦੋਂ ਸਵੇਰ ਵੇਲੇ ਦਾ ਸੂਰਜ ਨਿਕਲਦਾ ਹੈ। ਮੈਨੀਟੋਬਾ ਕਨੇਡਾ ਦਾ ਅਜਿਹਾ ਖਿੱਤਾ ਹੈ ਜਿੱਥੇ ਸਰਦੀ ਦੇ ਮੌਸਮ ਵਿਚ ਤਾਪਮਾਨ -50 ਡਿਗਰੀ ਸੈਲਸੀਅਸ ਹੁੰਦਾ ਹੈ।ਏਥੇ 4.30 ਤੇ ਸੂਰਜ ਨਿਕਲ ਆਉਂਦਾ ਹੈ।ਸੂਰਜ ਨਿਕਲਣ ਦਾ ਦ੍ਰਿਸ਼ ਦੁੱਧ ਚਿੱਟੀ ਬਰਫ਼ ਸਮੇਤ ਅਸਮਾਨ ਨੂੰ ਸੁਨਿਹਰੀ ਕਰ ਦਿੰਦਾ ਹੈ। ਫਿਰ ਸਾਡਾ ਜਹਾਜ ਆਇਸਬਰਗ ਐਲੀ ਨਿਊਫਾਊਂਡਲੈਂਡ ਵਿਚ ਜਾਂਦਾ ਹੈ।ਜਿੱਥੇ ਬਰਫ਼ ਤੇ ਝੀਲਾ ਦੇ ਦ੍ਰਿਸ਼ ਮਨ ਮੋਹ ਲੈਂਦੇ ਹਨ।ਏਥੇ 10,000 ਸਾਲ ਪੁਰਾਣੇ ਆਇਸ ਬਰਗ ਵੇਖਣ ਨੂੰ ਮਿਲਦੇ ਹਨ।ਉਪਰੰਤ ਸਾਡਾ ਜਹਾਜ ਨਿਊਫਾਊਂਡਲੈਂਡ ਸਥਿਤ ਨੈਸ਼ਨਲ ਪਾਰਕ ਉੱਪਰ ਉੱਡਦਾ ਹੈ।ਕਿਊਬੈਕ ਵਿਖੇ ਦਰਿਆ ਦਾ ਨਜ਼ਾਰਾ ਵੇਖਣ ਵਾਲਾ ਹੈ ਇਥੇ ਸੰਘਣੇ ਦਰੱਖਤਾਂ ਦੇ ਰੰਗ ਬਰੰਗੇ ਪੱਤੇ ਦੂਰੋਂ ਇਕ ਪੇਟਿੰਗ ਦਾ ਭੁਲੇਖਾ ਪਾਉਂਦੇ ਹਨ। ਦਰਿਆ ਉੱਤੇ ਇਕ ਹੋਰ ਹੈਲੀਕਾਪਟਰ ਉੱਡ ਰਿਹਾ ਦਿਸਦਾ ਹੈ, ਸਾਨੂੰ ਐਂ ਲੱਗਦਾ ਹੈ ਜਿਵੇਂ ਸਾਡਾ ਹੈਲੀਕਾਪਟਰ ਉਹਦੇ ਨਾਲ ਟਕਰਾਉਣ ਵਾਲਾ ਹੋਵੇ, ਇਹ ਬੜਾ ਰੁਮਾਂਚਿਕ ਦ੍ਰਿਸ਼ ਪੇਸ਼ ਕਰਦਾ ਹੈ। ਫਿਰ ਸਾਡੀ ਉਡਾਣ ਓਨਟਾਰੀਓ ਵਿਖੇ ਪਹੁੰਚਦੀ ਹੈ।ਅਸੀਂ ਨਿਆਗਰਾ ਫ਼ਾਲ ਦਾ ਨਜ਼ਾਰਾ ਉਪਰੋਂ ਵੇਖਦੇ ਹਾਂ।ਡਿੱਗ ਰਿਹਾ ਪਾਣੀ ਭਾਫ਼ ਦੀ ਸ਼ਕਲ ਵਿਚ ਆਸਮਾਨ ਵੱਲ ਉੱਡਦਾ ਹੈ ਆਸਮਾਨ 'ਤੇ ਪੰਛੀ ਉੱਡ ਰਹੇ ਹਨ। ਫਿਰ ਦੂਰੋਂ ਹੀ ਓਨਟਾਰੀਓ ਦੀ ਵਿਸ਼ਾਲ ਅਕਾਰ ਦੀ ਮਸਕੋਕਾ ਲੇਕ ਦਿਸਦੀ ਹੈ ਜਿਸ ਵਿਚ ਰਵਾਇਤੀ ਲੱਕੜ ਦੀਆਂ ਬਣੀਆਂ ਕਿਸ਼ਤੀਆਂ ਹੀ ਚਲ ਰਹੀਆਂ ਦਿਸਦੀਆਂ ਹਨ।ਵਿਸ਼ਾਲ ਅਕਾਰ ਦੇ ਅਲਬਰਟਾ ਦੇ ਘੋੜਿਆ ਦੇ ਤਬੇਲੇ ਵੇਖਣ ਵਾਲੇ ਹਨ। ਕਲੋਨਾ, ਵਰਨਨ ਅਤੇ ਬੀ ਸੀ ਦੀ ਵੈਲੀ ਵੇਖਣ ਵਾਲੀ ਹੈ।ਸੇਬਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਅਜਬ ਦਾ ਨਜ਼ਾਰਾ ਪੇਸ਼ ਕਰਦੀਆਂ ਹਨ।

ਵਾਇਟ ਰੌਕ, ਕਪਲੈਨੋ-ਸਸਪੈਨਸਨ ਬਰਿਜ਼ ਵੇਖਣ ਵਾਲੇ ਸਨ।ਅਸੀਂ 'ਸਬ ਵੇਅ' ਦਾ ਫਾਸਟ ਫੂਡ ਦੁਕਾਨ ਤੋਂ ਚੁੱਕ ਲਿਆਏ ਸੀ।ਇਕ ਪਾਰਕ ਵਿਚ ਬੈਠ ਕੇ ਦੁਪਹਿਰ ਨੂੰ ਖਾਧਾ।ਸਟੈਨਲੀ ਪਾਰਕ ਜੋ ਕਈ ਸੌ ਏਕੜਾ ਵਿਚ ਫੈਲਿਆ ਹੋਇਆ ਹੈ। ਗੱਡੀ ਵਿਚ ਘੁੰਮ ਕੇ ਵੇਖਣਾ ਪਿਆ।ਤੁਰ ਕੇ ਵੇਖਣ ਲਈ ਤਾਂ ਤੁਹਾਨੂੰ ਕਈ ਦਿਨ ਚਾਹੀਦੇ ਹਨ।ਇਹ ਪਾਰਕ ਵਿਚ ਸੰਘਣੇ ਦਰੱਖਤ ਅਤੇ ਉਨ੍ਹਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾ ਕੱਢਦੇ ਪੰਛੀ ਮਨ ਵਿਚ ਤਰੰਗਾ ਪੈਦਾ ਕਰਦੇ ਸਨ।ਸੀਤਲ ਨੇ ਉਸ ਥਾਂ ਤੇ ਆਪਣੀ ਗੱਡੀ ਰੋਕ ਲਈ ਜਿੱਥੇ ਗਦਰੀ ਬਾਬਿਆਂ ਦੇ ਕਾਮਾਗਾਟਾ ਮਾਰੂ ਜਹਾਜ ਨੂੰ ਰੋਕਿਆ ਗਿਆ ਸੀ ਅਤੇ ਉਸ ਵਿਚਲੇ

ਵੈਨਕੂਵਰ ਦੇ ਸਟੈਨਲੀ ਪਾਰਕ ਵਿਖੇ ਲੇਖਕ

ਮੁਸਾਫ਼ਰਾ ਨੂੰ ਕਨੇਡਾ ਦੀ ਧਰਤੀ ਉੱਤੇ ਉਤਰਨ ਨਹੀਂ ਦਿੱਤਾ ਗਿਆ ਸੀ। ਉਥੇ ਸਮੁੰਦਰ ਵਿਚ ਕਿਸੇ ਕਲਾਕਾਰ ਨੇ ਔਰਤ ਜਲਪਰੀ ਦਾ ਨਿਰਵਸਤਰ ਸਕੱਲਪੱਚਰ ਤਿਆਰ ਕੀਤਾ ਸੀ।। ਇਹ ਬਹੁਤ ਹੀ ਖ਼ੂਬਸੂਰਤ ਕਲਾ ਦਾ ਪੀਸ ਸੀ। ਇਸ ਨੂੰ ਮੈਂ ਆਪਣੇ ਕੈਮਰੇ ਵਿਚ ਕੈਦ ਕਰ ਲਿਆ। ਦੋ ਤਿੰਨ ਦਿਨਾਂ ਵਿਚ ਸੀਤਲ ਨੇ ਮੈਨੂੰ ਸਰੀ ਅਤੇ ਵੈਨਕੂਵਰ ਦੀਆਂ ਸਾਰੀਆਂ ਖ਼ੂਬਸੂਰਤ ਥਾਵਾਂ ਦੇ ਦਰਸ਼ਨ ਕਰਾ ਦਿੱਤੇ। ਇਕ ਵਾਰ ਗੱਡੀ ਮੋੜ ਕੇ ਉਹ ਅਮਰੀਕਾ ਦੇ ਬਾਰਡਰ ਕੋਲ ਲੈ ਗਿਆ। ਅੱਗੇ ਅਸੀਂ ਖਾਸ ਕਰਕੇ ਮੈਂ ਜਾ ਨਹੀਂ ਸਕਦਾ ਸੀ। ਸੀਤਲ ਨੇ ਦੱਸਿਆ ਕਿ ਸਰੀ, ਅਤੇ ਵੈਨਕੂਵਰ ਦੇ ਲੋਕ ਇਥੋਂ ਲੰਘ ਕੇ ਅਮਰੀਕਾ ਤੋਂ ਗਰੋਸਰੀ ਖਰੀਦ ਕੇ ਲਿਆਂਉਂਦੇ ਹਨ। ਕਿਉਂਕਿ ਅਮਰੀਕਾ ਦੇ ਸਟੋਰਾਂ ਵਿਚ ਗਰੋਸਰੀ ਕਨੇਡਾ ਨਾਲੋਂ ਸਸਤੀ ਮਿਲਦੀ ਹੈ। ਸੀਤਲ ਨੇ ਉਹ ਥਾਵਾਂ ਤੇ ਲੋਕੇਸ਼ਨ ਵੀ ਦਿਖਾਈਆਂ ਜਿੱਥੇ ਪੰਜਾਬੀ ਫਿਲਮਾਂ ਦੀ ਸੂਟਿੰਗ ਹੋਈ ਸੀ। ਉਸ ਨੇ ਮੈਨੂੰ ਫਿਲਮਾ ਦੇ ਨਾਂ ਵੀ ਦੱਸੇ ਸਨ ਪਰ ਮੈਨੂੰ ਯਾਦ ਨਹੀਂ ਰਹੇ।

ਸਰੀ ਵਿਖੇ ਅੰਮ੍ਰਿਤ ਦੀਵਾਨਾ, ਸੀਤਲ ਸਿੰਘ ਪੂੰਨੀ, ਕਮਲਜੀਤ ਥਿੰਦ ਅਤੇ ਹੋਰ ਦੋਸਤਾਂ ਨੇ ਮੇਰੇ ਨਾਲ ਇਕ ਸ਼ਾਮ ਮਨਾਉਣ ਦੀ ਵਿਉਂਤ ਬਣਾ ਲਈ। ਸਰੀ ਦੇ ਮਹਿਫਲ ਇੰਡੀਆ ਰੈਸਟੋਰੈਂਟ ਵਿਚ ਅਸੀਂ ਸਾਰੇ ਦੋਸਤ ਇਕੱਠੇ ਹੋ ਗਏ। ਮੈਂ ਸੀਤਲ ਨਾਲ ਸੀ ਅਸੀਂ ਪਹੁੰਚ ਗਏ। ਉਥੇ ਅੰਮ੍ਰਿਤ ਦੀਵਾਨਾ, ਹਰਪ੍ਰੀਤ ਸੇਖਾ, ਅਵਤਾਰ ਡੱਬ ਆ ਗਿਆ ਅਵਤਾਰ ਨੂੰ ਮੈਂ ਕਾਫੀ ਦੇਰ ਬਾਅਦ ਮਿਲਿਆ ਸੀ। ਉਹਦੀ ਪਿਆਰ ਭਿੱਜੀ ਗਲਵਕੜੀ ਵਿਚ ਆਨੰਦ ਆ ਗਿਆ। ਡਾ. ਸਾਧੂ ਸਿੰਘ, ਸੀਤਲ ਅਨਮੋਲ ਚਿੱਤਰਕਾਰ, ਸਾਧੂ ਬਿਨਿੰਗ, ਸੁਖਵੰਤ ਹੁੰਦਲ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ , ਜੇ ਵਿਰਦੀ ਆਦਿ ਦੋਸਤ ਇਕੱਠੇ ਹੋ ਗਏ। ਅੰਮ੍ਰਿਤ ਦੀਵਾਨਾ ਨੇ ਮੇਰੀਆਂ ਕਹਾਣੀਆਂ ਦੀਆਂ ਕਿਤਾਬਾਂ ਦੁਬਾਰਾ ਪੜ੍ਹ ਲਈਆਂ ਸਨ। ਉਸ ਨੇ ਮੇਰੇ ਬਾਰੇ ਅਤੇ ਮੇਰੀ ਕਹਾਣੀ ਬਾਰੇ ਗੱਲ ਕੀਤੀ। ਬਾਕੀ ਦੋਸਤਾਂ ਨੇ ਵੀ ਮੇਰੀ ਕਹਾਣੀ ਬਾਰੇ ਗੱਲਾਂ ਕੀਤੀਆਂ। ਮੈਂ ਵੀ ਆਪਣੇ ਅਨੁਭਵ ਸਾਂਝੇ ਕੀਤੇ। ਕਿਵੇਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ। ਆਪਣੀ ਕਹਾਣੀ ਦੇ ਵਿਸ਼ਿਆ ਬਾਰੇ, ਉਨ੍ਹਾਂ ਦੀ ਸ਼ਿਲਪ ਬਾਰੇ ਅਤੇ ਪਾਤਰਾਂ ਬਾਰੇ ਖੁੱਲ ਕੇ ਗੱਲਾਂ ਕੀਤੀਆਂ। ਇੰਝ ਅਸੀਂ ਇਕ ਤਰ੍ਹਾਂ ਨਾਲ ਸਾਹਿਤਕ ਮਾਹੌਲ ਬਣਾ ਲਿਆ। ਫਿਰ ਸਰੀ ਦੇ ਲੇਖਕਾਂ ਨੇ ਮੇਰਾ ਸਨਮਾਨ ਚਿੰਨ ਨਾਲ ਸਨਮਾਨ ਕੀਤਾ। ਇਹ ਮੇਰੇ ਬਹੁਤ ਪਿਆਰੇ ਦੋਸਤ ਸਨ। ਮੇਰੀ ਇਹ ਯਾਤਰਾ ਸਫ਼ਲ ਹੋ ਗਈ ਮੈਨੂੰ ਇਸ ਯਾਤਰਾ ਨੇ ਮੇਰੇ ਕਈ ਦੋਸਤ ਜਿਹੜੇ ਕਈ ਸਾਲਾਂ ਤੋਂ ਵਿਛੜੇ ਹੋਏ ਸਨ ਮੈਨੂੰ ਮਿਲਾ ਦਿੱਤੇ ਸਨ। ਜਿਹੜੇ ਪਤਾ ਨਹੀਂ ਮਿਲਣੇ ਵੀ ਸਨ ਕਿ ਨਹੀਂ। ਸਰੀ ਦਾ ਪਿਆਰਾ ਕਹਾਣੀਕਾਰ ਹਰਪ੍ਰੀਤ ਸੇਖਾ ਆਪਣੇ ਕੈਮਰੇ ਨਾਲ ਸਾਡੀਆਂ ਫੋਟੋ ਖਿੱਚੀ ਜਾ ਰਿਹਾ ਸੀ। ਗੱਲਾਂ ਕਰਦਿਆਂ ਪੈੱਗ ਆ ਗਏ। ਜਿਸ ਨਾਲ ਮਹਿਫ਼ਲ ਹੋਰ ਰੰਗੀਨ ਹੋ ਗਈ। ਰੋਟੀ ਖਾ ਕੇ ਅਸੀਂ ਘਰ ਨੂੰ ਤੁਰ ਪਏ।

ਇਕ ਸਵੇਰ ਮੈਂ ਹਰਪ੍ਰੀਤ ਸੇਖਾ ਨੂੰ ਫੋਨ ਮਿਲਾ ਲਿਆ। ਉਹਨੂੰ ਵੀ ਖੁੱਲ੍ਹੇ ਸਮੇਂ ਲਈ ਮਿਲਣਾ ਚਾਹੁੰਦਾ



ਸੀ। ਜਦੋਂ ਉਹ ਕੁੱਝ ਦਿਨ ਪਹਿਲਾਂ ਮਿਲਿਆ ਸੀ ਕਹਿ ਰਿਹਾ ਸੀ ਕਿ 'ਇਕ ਦਿਨ ਮੇਰੇ ਲਈ ਰਸੂਲਪੁਰੀ ਰਾਖਵਾਂ ਰੱਖੀ।' ਪਰ ਮੈਂ ਹਰਪ੍ਰੀਤ ਨਾਲ ਕੁੱਝ ਘੰਟੇ ਬਿਤਾਉਣੇ ਚਾਹੁੰਦਾ ਸਾਂ। ਉਸ ਨੇ ਸਵੇਰੇ ਹੀ ਸੀਤਲ ਦੇ ਘਰੋਂ ਮੈਨੂੰ ਚੁੱਕ ਲਿਆ। ਅਸੀਂ ਗੱਲਾਂ ਕਰਨ ਦੇ ਬਹਾਨੇ ਨਾਲ ਇਕ ਰੈਸਟੋਰੈਂਟ ਵਿਚ ਬੈਠ ਗਏ, ਕੁਝ ਹਲਕਾ ਜਿਹਾ ਖਾਧਾ ਅਤੇ ਏਧਰਲੇ ਪੰਜਾਬ ਦੀ ਕਹਾਣੀ ਬਾਰੇ ਤੇ ਕਹਾਣੀਕਾਰ ਬਾਰੇ ਆਪਣੇ ਵਿਚਾਰ ਦੇਣ ਲੱਗੇ। ਕਾਫ ਦੇਰ ਅਸੀਂ ਸਾਹਿਤਕ ਹਲਚਲ ਬਾਰੇ ਅਤੇ ਆਪਣੇ ਕਹਾਣੀ ਬਾਰੇ ਗੱਲਾਂ ਕਰਦੇ ਰਹੇ। ਪੰਜਾਬ ਵਿਚ ਹੁਣ ਕਿਸ ਕਿਸਮ ਦੀ ਕਹਾਣੀ ਲਿਖੀ ਜਾ ਰਹੀ ਹੈ? ਵਰਗੇ ਮੁੱਦਿਆਂ ਤੇ ਗੱਲਾਂ ਕਰਦੇ ਰਹੇ। ਉਹਦੀ ਇੱਛਾ ਮੈਨੂੰ ਘੁਮਾਉਣ ਦੀ ਸੀ ਪਰ ਸਾਡੇ ਕੋਲ ਸਮਾਂ ਘੱਟ ਸੀ... ਦੁਪਹਿਰ ਨੂੰ ਅੰਮ੍ਰਿਤ ਦੀਵਾਨਾ ਨੇ ਕਮਲਜੀਤ ਥਿੰਦ ਦੇ ਸਟੂਡੀਓ ਵਿਚ ਮੇਰੀ ਰਿਕਾਰਡਿੰਗ ਰੱਖੀ ਹੋਈ ਸੀ। ਉਸ ਨੇ ਮੇਰੀ ਕਹਾਣੀ ਕਲਾ, ਮੇਰੇ ਬਚਪਨ ਬਾਰੇ ਅਤੇ ਮੇਰੇ ਸਾਹਿਤਕ ਕਾਰਜ ਬਾਰੇ ਗੱਲਾਂ ਕਰਨੀਆਂ ਸਨ। ਹਰਪ੍ਰੀਤ ਮੈਨੂੰ ਕਮਲਜੀਤ ਥਿੰਦ ਦੇ ਘਰ ਛੱਡ ਕੇ ਚਲੇ ਗਿਆ। ਅਸੀਂ ਫਿਰ ਮਿਲਣ ਦਾ ਵਾਅਦਾ ਕਰਕੇ ਵਿਛੜ ਗਏ।

ਕਮਲਜੀਤ ਥਿੰਦ ਮੇਰਾ ਉਸ ਵੇਲੇ ਦਾ ਦੋਸਤ ਹੈ ਜਦੋਂ ਮੈਂ ਡੀ. ਏ. ਵੀ. ਕਾਲਜ ਜਲੰਧਰ ਅਜੇ ਦਾਖਲ ਹੋਇਆ ਸੀ ਅਤੇ ਇਹ ਦਵਿੰਦਰ ਮੰਡ, ਅਵਤਾਰ ਡੱਬ ਨਾਲ ਪੰਜਾਬੀ ਦੀ ਐਮ. ਏ. ਕਰਦਾ ਸੀ। ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਕਮਲਜੀਤ ਥਿੰਦ ਦਾ ਸ਼ੁਰੂ ਤੋਂ ਪਿਆਰ ਰਿਹਾ ਹੈ। ਪੜ੍ਹਦਿਆਂ ਹੀ ਪੰਜਾਬੀ ਸਾਹਿਤਕ ਰਸਾਲਾ 'ਕਲਮਾਂ' ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ। ਉਹਦੇ ਵਿਚ ਸੀਤਲ ਸਿੰਘ ਪੂੰਨੀ ਚਿੱਤਰਕਾਰੀ ਕਰਦਾ ਸੀ। ਅਸੀਂ ਕਹਾਣੀਆਂ ਲਿਖਣ ਲੱਗ ਪਏ ਸਨ। ਉਸ ਪਰਚੇ ਵਿਚ ਸਾਡੀਆਂ ਵੀ ਕਹਾਣੀਆਂ ਛਪੀਆਂ। ਪੜ੍ਹਾਈ ਤੋਂ ਬਾਅਦ ਥਿੰਦ ਕਨੇਡਾ ਆ ਗਿਆ। ਪਰ ਉਸ ਨੇ ਏਧਰ ਵੀ ਪੰਜਾਬੀ ਲੇਖਕਾਂ ਨਾਲ ਮਿਲਾਪ, ਤੇ ਪੰਜਾਬੀ ਭਾਸ਼ਾ, ਸਭਿਆਚਾਰ, ਸਾਹਿਤ ਨੂੰ ਪ੍ਰਮੋਟ ਕਰਨ ਵਾਲਾ ਆਪਣਾ ਉਦੇਸ਼ ਮਰਨ ਨਹੀਂ ਦਿੱਤਾ। ਟੀ. ਵੀ. ਉੱਤੇ ਉਹ ਪ੍ਰੋਗਰਾਮ ਕਰਦਾ ਹੈ। ਜਿਸ ਵਿਚ ਪੰਜਾਬੀ ਦੇ ਹਰ ਖੇਤਰ ਬਾਰੇ ਚਰਚਾ ਹੁੰਦੀ ਹੈ। ਆਪਣੇ ਆਲੀਸ਼ਾਨ ਘਰ ਵਿਚ ਉਸ ਨੇ ਪਿਛਲੇ ਪਾਸੇ ਸਟੂਡਿਓ ਬਣਾਇਆ ਹੋਇਆ ਹੈ ਅਤੇ ਨਾਲ ਪੰਜਾਬੀ, ਅੰਗਰੇਜ਼ੀ ਸਾਹਿਤ ਦੀ ਵੱਡੀ ਲਾਇਬਰੇਰੀ ਬਣਾਈ ਹੋਈ ਹੈ। ਅੰਮ੍ਰਿਤ ਦੀਵਾਨਾ ਨੇ ਮੇਰੀ 45 ਮਿੰਟ ਦੀ ਮੁਲਾਕਾਤ ਕੀਤੀ। ਜਿਸ ਵਿਚ ਉਸ ਨੇ ਮੈਨੂੰ ਬਚਪਨ, ਜਵਾਨੀ, ਦਲਿਤ ਵਿਹੜਿਆਂ , ਦਲਿਤ ਕਹਾਣੀ ਅਤੇ ਸਾਹਿਤਕ ਮਸਲਿਆ ਬਾਰੇ ਸਵਾਲ ਕੀਤੇ। ਸਾਡੀ ਇਹ ਮੁਲਾਕਾਤ ਬਹੁਤ ਚੰਗੀ ਰਹੀ। ਉਹ ਮੁਲਾਕਾਤ ਉਸ ਨੇ ਆਪਣੀ ਵੈਬ ਪੇਜ਼ ਉੱਤੇ ਵੀ ਪਾਈ ਹੋਈ ਹੈ। ਪਕੌੜਿਆਂ ਨਾਲ ਚਾਹ ਪੀ ਕੇ ਅਸੀਂ ਕਮਲਜੀਤ ਨਾਲ ਗੱਲਾਂ ਕਰਕੇ ਤੁਰ ਪਏ ਤੇ ਸੀਤਲ ਦੇ 'ਸਬ ਵੇਅ' ਤੇ ਪਹੁੰਚ ਗਏ।

ਕਮਲਜੀਤ ਥਿੰਦ ਦੇ ਘਰ ਰਸੂਲਪੁਰੀ ਤੇ ਅੰਮ੍ਰਿਤ ਦੀਵਾਨਾ

ਰਾਤ ਦਾ ਪ੍ਰੋਗਰਾਮ ਅਸੀਂ ਐਬਸਫੋਰਡ ਰਹਿੰਦੇ ਅਵਤਾਰ ਸਿੰਘ ਡੱਬ ਦੇ ਘਰ ਦਾ ਬਣਾਇਆ ਹੋਇਆ ਸੀ। ਅੰਮ੍ਰਿਤ ਦੀਵਾਨਾ ਟੈਕਸੀ ਦਾ ਫੇਰਾ ਲਾਉਣਾ ਚਾਹੁੰਦਾ ਸੀ, ਇਸ ਲਈ ਉਹ ਕਹਿ ਰਿਹਾ ਸੀ ਕਿ ਤੁਸੀਂ ਜਾ ਆਵੋ। ਸੀਤਲ ਨੇ ਉਹਨੂੰ ਗੱਲਾਂ ਵਿਚ ਲੈ ਕੇ ,

ਵਤਨ ਵਾਲੇ ਸਾਧੂ ਬਿਨਿੰਗ ਨਾਲ ਲੇਖਕ

"ਦੀਵਾਨਾ ਜੀ ਆਪਣਾ ਦੋ ਘੰਟੇ ਰੁੱਕ ਕੇ ਮੁੜ ਆਉਣਾ ਹੈ।" ਕਹਿ ਕੇ ਉਹਨੂੰ ਗੱਡੀ ਵਿਚ ਬਿਠਾ ਲਿਆ। ਸੀਤਲ ਫਿਰ ਕਹਿਣ ਲੱਗਾ, "ਦੀਵਾਨਾ ਜੀ ਆਪਾ ਸਾਰੀ ਉਮਰ ਕੰਮ ਹੀ ਕਰੀ ਜਾਣਾ, ਆਹ ਆਪਣਾ ਭਰਾ ਐਡੀ ਦੂਰੋਂ ਪੰਜਾਬ ਤੋਂ ਆਇਆ... ਕਦੇ ਯਾਰਾਂ ਲਈ ਸਮਾਂ ਕੱਢੀ ਦਾ ਹੁੰਦਾ।"

"ਲੈ ਚੱਲ ਫੇਰ...ਜਿੱਥੇ ਮਰਜ਼ੀ ਲੈ ਚੱਲ...।" ਤੇ ਉਹ ਗੱਡੀ ਵਿਚ ਹੀ ਜੋਰ ਦੀ ਹੱਸਿਆ। ਵਿਆਹ ਸੰਸਥਾ ਅਤੇ ਪਰਿਵਾਰ ਦੀ ਖਿੱਲੀ ਉਡਾਈ ਉਹਦੀ ਗੱਲ ਸੁਣ ਕੇ ਅਸੀਂ ਖੁੱਲ੍ਹ ਕੇ ਹੱਸੇ।

'ਪਰ ਸੀਤਲ ਜੀ ਆਪਾ ਛੇਤੀ ਮੁੜ ਆਉਂਣਾ, ਮੈਂ ਸਵੇਰ ਨੂੰ ਟੈਕਸੀ ਆਪਣੇ ਪਾਰਟਨਰ ਤੋਂ ਫੜਨੀ ਹੈ।" ਦੀਵਾਨਾ ਗੰਭੀਰ ਹੋ ਗਿਆ।

"ਹਾਂ ਹਾਂ, ਆਪਾਂ ਤੁਰ ਪੈਣਾ, ਰਾਤ ਕਿਹਨੇ ਰਹਿਣਾ।" ਜਦੋਂ ਅਵਤਾਰ ਦੇ ਘਰ ਪਹੁੰਚੇ ਤਾਂ ਮੀਂਹ ਪੈਣ ਲੱਗ ਪਿਆ ਸੀ। ਉਹ ਸਾਨੂੰ ਵੇਖ ਕੇ ਬੜਾ ਖੁਸ਼ ਹੋ ਗਿਆ। ਆਪਣੇ ਪਰਿਵਾਰ ਨੂੰ ਮਿਲਾਇਆ। ਚਾਹ ਪੀਤੀ ਤੇ ਬਾਹਰ ਦੀ ਗੇੜੀ ਕੱਢੀ। ਫਿਰ ਸ਼ਾਮ ਨੂੰ ਅਵਤਾਰ ਨੇ ਚਾਰ ਪੰਜ ਤਰ੍ਹਾਂ ਦੀ ਮਹਿੰਗੀ ਵਿਸਕੀ ਕੱਢ ਲਈ। ਉਹ ਆਪ ਤਾਂ ਪੀਂਦਾ ਨਹੀਂ ਸੀ, ਸਾਡੀ ਸੇਵਾ ਪੂਰੀ ਕਰਨੀ ਚਾਹੁੰਦਾ ਸੀ। ਅਸੀਂ ਪਿਛਲੀਆਂ ਗੱਲਾਂ ਕਰਦੇ ਰਹੇ ਨਾਲ ਖਾਂਦੇ ਪੀਂਦੇ ਰਹੇ।

ਮੈਨੂੰ ਕੰਨ ਵਿਚ ਸੀਤਲ ਕਹਿਣ ਲੱਗਾ, "ਹੁਣ ਦੀਵਾਨੇ ਨੇ ਘਰ ਜਾਣ ਦਾ ਨਾਂ ਨੀ ਲੈਣਾ ਅਤੇ ਸਵੇਰ ਨੂੰ ਆਪਾ ਜਲਦੀ ਉੱਠਣਾ ਈ ਨਹੀਂ, ਬਸ ਕੰਬਲ ਲੈ ਕੇ ਘੇਸਲ ਮਾਰ ਕੇ ਲੰਮਾ ਪਿਆ ਰਹੀ।" ਦਾਰੂ ਦੇ ਸਰੂਰ ਨਾਲ ਅਸੀਂ ਸਾਰਾ ਕੁੱਝ ਭੁੱਲ ਗਏ। ਪੰਜਾਬ ਦੇ ਦਿਨਾਂ ਨੂੰ ਚੇਤੇ ਕਰਦੇ ਰਹੇ। ਕਾਲਜ ਦੇ ਦਿਨ੍ਹਾਂ ਵਿਚ ਅਵਤਾਰ ਡੱਬ, ਦਵਿੰਦਰ ਮੰਡ ਹੁਰਾਂ ਨਾਲ ਐਮ ਏ ਪੰਜਾਬੀ ਕਰਦਾ ਸੀ। ਬੇਪ੍ਰਵਾਹ ਤੇ ਹਾਸੇ ਠੱਠੇ ਕਰਨ ਵਾਲਾ। ਉਦੋਂ ਉਹ ਕਹਾਣੀ ਬਹੁਤ ਚੰਗੀ ਲਿਖਦਾ ਸੀ ਅਤੇ ਅਸੀਂ ਵੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ਮੈਂ ਜਿਹੜੀ ਵੀ ਕਹਾਣੀ ਲਿਖਦਾ ਅਤੇ ਅਵਤਾਰ ਨੂੰ ਠੀਕ ਕਰਨ ਨੂੰ ਦੇ ਦਿੰਦਾ। ਉਹ ਬੜੇ ਧਿਆਨ ਨਾਲ ਕਹਾਣੀ ਪੜ੍ਹਦਾ ਅਤੇ ਮੈਨੂੰ ਕਹਾਣੀਆਂ ਦੀਆਂ ਕਮਜ਼ੋਰੀਆਂ ਦੱਸਦਾ। ਮੈਂ ਠੀਕ ਕਰਦਾ ਫਿਰ ਪੜ੍ਹਨ ਨੂੰ ਦਿੰਦਾ। ਅਸੀਂ ਘੰਟਿਆ ਬੱਧੀ ਸਾਹਿਤ ਦੀਆਂ ਗੱਲਾਂ ਕਰਦੇ ਰਹਿੰਦੇ। ਇਕ ਵਾਰ ਅਵਤਾਰ ਡੱਬ ਨੇ ਆਪਣੇ ਪਿੰਡ ਕੁਰਾਲੀ ਵਿਚ ਰਾਤ ਦਾ ਪ੍ਰੋਗਰਾਮ ਰੱਖਿਆ। 'ਦੀਵਾ ਬਲੇ ਸਾਰੀ ਰਾਤ' ਉਥੇ ਪ੍ਰੇਮ ਗੋਰਖੀ ਸਮੇਤ ਅਨੇਕਾਂ ਲੇਖਕ ਆਏ। ਇਕੋ ਕਮਰੇ ਵਿਚ ਕਹਾਣੀਆਂ ਪੜ੍ਹਦੇ ਰਹੇ ਜਾਗਦੇ ਰਹੇ। ਉਹ ਦਿਨ ਯਾਦਗਾਰੀ ਸੀ। ਬੇਰੁਜਗਾਰੀ ਵਿਚ ਕੁਝ ਸਾਲ ਫਿਰ ਕੇ ਉਹ ਵਿਦੇਸ਼ ਤੁਰ ਪਿਆ। ਕਨੇਡਾ ਤੱਕ ਪਹੁੰਚਣ ਦੀ ਉਸ ਨੇ ਆਪਣੀ ਦਰਦ ਨਾਲ ਭਿੱਜੀ ਕਹਾਣੀ ਸੁਣਾਈ। ਮਨ ਉਦਾਸ ਹੋ ਗਿਆ। ਮੈਨੂੰ ਲੱਗਾ ਅੱਜ ਜਿਹੜਾ ਮੇਰੇ ਸਾਹਮਣੇ ਅਵਤਾਰ ਬੈਠਾ ਹੋਇਆ ਹੈ ਇਹ ਉਹ ਅਵਤਾਰ ਨਹੀਂ ਹੈ ਜਿਹੜਾ ਜਲੰਧਰ ਵਿਚ ਮੈਨੂੰ ਮਿਲਦਾ ਹੁੰਦਾ ਸੀ। ਸਮੇਂ, ਹਾਲਾਤ ਨੇ ਅਤੇ ਜ਼ਿੰਦਗੀ ਦੇ ਉਤਰਾਅ ਚੜ੍ਹਾਅ ਨੇ ਉਹਨੂੰ ਬਹੁਤ ਬਦਲ ਦਿੱਤਾ ਹੈ।

ਜ਼ਿੰਦਗੀ ਦੀ ਤੋਰ ਕਿੰਨੀ ਕਰੂਰ ਹੁੰਦੀ ਹੈ। ਬੰਦੇ ਨੂੰ ਜੀਉਣ ਲਈ ਕਿਵੇਂ ਘੁੰਮਣ ਘੇਰੀਆਂ ਵਿਚ ਪਾ ਦਿੰਦੀ ਏ। ਖ਼ੈਰ ਅਵਤਾਰ ਬਹੁਤ ਦਲੇਰ ਹੈ ਜਿਹੜਾ ਐਨੇ ਭਿਆਨਕ ਸਮੇਂ ਨਾਲ ਲੜਦਾ ਹੋਇਆ ਅੱਜ ਚੰਗੀ ਜ਼ਿੰਦਗੀ ਜਿਓ ਰਿਹਾ ਹੈ। ਉਹ ਵਾਰ-ਵਾਰ ਮੈਨੂੰ ਕਹਿ ਰਿਹਾ ਸੀ ਕਿ ਤੂੰ ਐਨੇ ਚਿਰ ਦਾ ਵੈਨਕੂਵਰ ਆਇਆ ਰਿਹਾ ਮੈਨੂੰ ਕਿਉਂ ਨਹੀਂ ਦੱਸਿਆ ਅਤੇ ਨਿਹੋਰਾ ਝਾੜ ਰਿਹਾ ਸੀ ਕਿ ਤੂੰ ਮੇਰੇ ਕੋਲ ਤਿੰਨ ਚਾਰ ਦਿਨ ਕਿਉਂ ਨਹੀਂ ਰਿਹਾ। ਅਵਤਾਰ ਦੀਆਂ ਲਿਖੀਆਂ ਚਿੱਠੀਆਂ ਮੇਰੀਆਂ ਫਾਇਲਾ ਵਿਚ ਅਜੇ ਤੱਕ ਵੀ ਸਾਂਭੀਆਂ ਪਈਆਂ ਹਨ। ਉਹ ਅਤਿ ਦਰਜੇ ਦਾ ਮਿਲਣਸਾਰ ਅਤੇ ਭਾਵੁਕ ਇਨਸਾਨ ਹੈ।

ਮੈਂ ਵਾਰ ਵਾਰ ਕਹਿ ਰਿਹਾ ਸੀ, "ਮੈਂ ਤਾਂ ਕਹਾਣੀਕਾਰ ਅਵਤਾਰ ਡੱਬ ਨੂੰ ਮਿਲਣ ਆਇਆ ਸੀ।"

"ਯਾਰ ਭਗਵੰਤ ! ਹੁਣ ਕਹਾਣੀ ਔਹੁੜਦੀ ਨਹੀਂ, ਕਦੇ ਲਿਖਣ ਨੂੰ ਮਨ ਹੀ ਨਹੀਂ ਕੀਤਾ।" ਉਸ ਵੇਲੇ ਅਵਤਾਰ ਦੀਆਂ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਪਰਚੇ 'ਨਾਗਮਣੀ' ਵਿਚ ਪ੍ਰਕਾਸ਼ਿਤ ਕੀਤੀਆਂ ਸਨ। ਅਸੀਂ ਰਾਤ ਦੇ ਦੋ ਵਜੇ ਤੱਕ ਗੱਲਾਂ ਕਰਦੇ ਰਹੇ। ਇਹ ਦਿਨ ਮੇਰੇ ਲਈ ਯਾਦਗਾਰੀ ਸੀ। ਅੰਮ੍ਰਿਤ ਦੀਵਾਨਾ ਸਵੇਰ ਨੂੰ ਟੈਕਸੀ ਚਲਾਉਣ ਬਾਰੇ ਭੁੱਲ ਚੁੱਕਾ ਸੀ। ਇਕ ਦੋ ਵਾਰ ਉਸਨੂੰ ਆਪਣੀ ਪਤਨੀ ਦਾ ਫੋਨ ਆਇਆ ਸੀ। ਸਵੇਰੇ ਨੂੰ ਕੰਮ ਵੀ ਕਰਨਾ ਹੈ। ਪਰ ਦੀਵਾਨਾ ਅੱਜ ਦੋਸਤਾਂ ਲਈ ਜੀਓ ਰਿਹਾ ਸੀ। ਖ਼ੈਰ ਰਾਤ ਰਹਿ ਕੇ ਸਵੇਰੇ ਅਸੀਂ ਨਹਾ ਕੇ ਤੁਰ ਪਏ। ਮੀਂਹ ਪੈ ਰਿਹਾ ਸੀ। ਪੰਜਾਬ ਵਿਚਲੀ ਬਰਸਾਤ ਵਰਗਾ ਮੌਸਮ ਸੀ।

ਮੇਰੇ ਵਾਪਸੀ ਦੇ ਦਿਨ ਨੇੜੇ ਆ ਗਏ ਸਨ। ਸਮਾਨ ਮੈਂ ਭੋਲੀ ਭੂਆ ਦੇ ਘਰ ਹੀ ਰੱਖਿਆ ਹੋਇਆ ਸੀ। ਵੱਡਾ ਅਟੈਚੀ ਮਨਜੀਤ ਹੁਰਾਂ ਦੇ ਨੌਰਥ ਵੈਨਕੂਵਰ ਵਿਖੇ ਪਿਆ ਸੀ। ਭੋਲੀ ਭੂਆ ਨੂੰ ਜਦੋਂ ਪਤਾ ਲੱਗਾ ਸੀ ਕਿ ਮੈਂ ਕਨੇਡਾ ਆਇਆ ਹੋਇਆ ਹਾਂ ਤਾਂ ਉਹ ਮੇਰੀ ਫੋਨ ਤੇ ਆਵਾਜ਼ ਸੁਣ ਕੇ ਬਹੁਤ ਖੁਸ਼ ਹੋਈ ਸੀ। ਮੈਂ ਉਹਨੂੰ ਟਰਾਂਟੋ ਤੋਂ ਫੋਨ ਕੀਤਾ ਸੀ। ਤੇ ਮੈਂ ਕਿਹਾ ਸੀ ਕਿ ਮੈਂ ਕਲੋਨਾ ਵਿਚ ਚਾਰ ਕੁ ਮਹੀਨੇ ਰੁਕਣਾ ਹੈ। ਤੁਹਾਨੂੰ ਮਿਲ ਕੇ ਜਾਵਾਗਾ। ਇਸ ਤੋਂ ਪਹਿਲਾਂ ਤਿੰਨ ਦਿਨ ਭੂਆ ਕੋਲ ਰਹਿ ਵੀ ਗਿਆ ਸੀ। ਹੁਣ ਵੀ ਦੋ ਕੁ ਦਿਨ ਰਹਿ ਲਿਆ ਸੀ। ਫੁੱਫੜ ਬੌਬੀ ਨੇ ਬਹੁਤ ਮਿਹਨਤ ਕਰਕੇ ਕਨੇਡਾ ਵਿਚ ਪੈਰ ਜਮਾ ਲਏ ਸਨ। ਭੂਆ ਕੋਲੋਂ ਸਮਾਨ ਚੁੱਕ ਕੇ ਮੈਂ ਸੀਤਲ ਨੂੰ ਕਿਹਾ ਕਿ 'ਲੈ ਬਈ ਮਿੱਤਰਾਂ ਹੁਣ ਮੈਨੂੰ ਨੌਰਥ ਵੈਨਕੂਵਰ ਛੱਡ ਆ।' ਦੂਜੇ ਦਿਨ ਮੇਰੀ ਵੈਨਕੂਵਰ ਤੋਂ ਫਲਾਇਟ ਸੀ। ਤੇ ਮੈਂ ਤੀਜੇ ਦਿਨ ਪੰਜਾਬ ਪਹੁੰਚ ਜਾਣਾ ਸੀ। ਮੇਰਾ ਆਹ ਆਖਰੀ ਹਫ਼ਤਾ ਮੇਰੇ ਲਈ ਯਾਦਗਾਰੀ ਸੀ। ਇਸ ਦੌਰਾਨ ਮੈਂ ਬਹੁਤ ਸਾਰੇ ਸਾਹਿਤਕਾਰਾਂ ਨੂੰ ਮਿਲ ਲਿਆ ਸੀ ਅਤੇ ਆਪਣੀ ਸਾਹਿਤਕ ਭੁੱਖ ਪੂਰੀ ਕਰ ਲਈ ਸੀ। ਨੌਰਥ ਵੈਨਕੂਵਰ ਨੂੰ ਜਾਂਦਿਆਂ ਮੈਂ ਸੋਚ ਰਿਹਾ ਸੀ ਕਿ ਦੋਸਤਾਂ ਨੇ ਜਿਵੇਂ ਮੇਰੇ ਲਈ ਸਮਾਂ ਕੱਢ ਲਿਆ ਸੀ ਉਸ ਤਰ੍ਹਾਂ ਰਿਸ਼ਤੇਦਾਰਾਂ ਨੇ ਸਮਾਂ ਨਹੀਂ ਕੱਢਿਆ। ਕੰਮਾਂ ਦੇ ਬੋਝ ਥੱਲੇ ਦੱਬੇ ਬੰਦੇ ਮੈਂ ਕਨੇਡਾ ਆ ਕੇ ਵੇਖੇ ਸਨ। ਉਹ ਵੀਕ ਐਂਡ ਤੇ ਹੀ ਏਧਰ ਉਧਰ ਘੁੰਮਣ ਜਾਂਦੇ ਹਨ। ਮਨਜੀਤ ਹੁਰਾਂ ਦੇ ਘਰ ਆ ਕੇ ਮੈਂ ਸਮਾਨ ਪੈਕ ਕੀਤਾ ਅਤੇ ਦੂਜੇ ਦਿਨ ਸ਼ਾਮ ਨੂੰ ਮਨਜੀਤ ਤੇ ਭਵਨਦੀਪ ਮੈਨੂੰ ਵੈਨਕੂਵਰ ਏਅਰਪੋਰਟ ਤੇ ਛੱਡ ਆਏ। ਮਨਜੀਤ ਦੀ ਨਿੱਕੀ ਬੇਟੀ ਅਵਲੀਨ ਦੇ ਚੋਹਲ ਮੋਹਲ ਮੈਨੂੰ ਏਅਰਪੋਰਟ ਵਿਚ ਚੇਤੇ ਆਏ। ਕਨੇਡਾ ਦੇ ਅਚੰਭੇ ਭਰਪੂਰ ਅਨੁਭਵ ਲੈ ਕੇ ਮੈਂ ਬ੍ਰਿਟਿਸ਼ ਏਅਰਵੇਜ਼ ਦੇ ਜਹਾਜ਼ ਵਿਚ ਬੈਠ ਗਿਆ। ***ਸੰਪਰਕ 94170-64350 (ਲਿਖੇ ਜਾ ਰਹੇ ਸਫ਼ਰਨਾਮੇ ਦੇ ਕੁੱਝ ਟੁੱਕੜੇ)***